ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

2-8 ਸਤੰਬਰ2026

ਸਾਲ 17ਵਾਂ - ਅੰਕ 36

email : info@sadelok.com

510-706-1300

## ਬਕਾਇਆ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਸੜਕਾਂ 'ਤੇ ਉੱਤਰੇ ਕਿਸਾਨ; ਮੁੱਖ ਮਾਰਗ ਜਾਮ ਕਰਕੇ ਕੀਤੀ ਜ਼ੋਰਦਾਰ ਨਾਅਰੇਬਾਜ਼ੀ



(ਦੇਖੋ ਸਫ਼ਾ 37 'ਤੇ)

## ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਦੀਆਂ ਵਧਾਈਆਂ



(ਬਾਕੀ ਸਫ਼ਾ 30-34 'ਤੇ)

## CDL ਤੇ ਟਰੱਕ ਡਰਾਈਵਿੰਗ ਸਿਖਲਾਈ ਪ੍ਰਣਾਲੀ 'ਚ ਵੱਡੇ ਫ਼ਰਜ਼ੀਵਾੜੇ ਦਾ ਪਰਦਾਫ਼ਾਸ਼

## 110 ਤੋਂ ਵੱਧ ਸਕੂਲਾਂ ਦੀ ਸੰਘੀ ਮਾਨਤਾ ਰੱਦ

### 5,000 ਤੋਂ ਵੱਧ ਡਰਾਈਵਰ ਅੰਗਰੇਜ਼ੀ ਦੀ ਲਾਜ਼ਮੀ ਯੋਗਤਾ 'ਚ ਫ਼ੇਲ੍ਹ; 239 ਮੌਤਾਂ ਵਾਲੇ ਹਾਦਸਿਆਂ ਨਾਲ ਜੁੜੇ ਤਾਰ, 160 ਹੋਰ ਸਕੂਲਾਂ ਨੂੰ ਨੋਟਿਸ ਤੇ ਹੋਮਲੈਂਡ ਸਕਿਓਰਿਟੀ ਵੱਲੋਂ ਅਪਰਾਧਿਕ ਜਾਂਚ ਸ਼ੁਰੂ

ਡਿਟਰਾਇਟ/ਵਾਸ਼ਿੰਗਟਨ : ਅਮਰੀਕੀ ਸੰਘੀ ਜਾਂਚ ਏਜੰਸੀਆਂ ਨੇ ਦੇਸ਼ ਭਰ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (CDL) ਪ੍ਰਣਾਲੀ ਅਤੇ ਵਪਾਰਕ ਵਾਹਨ ਚਾਲਕਾਂ ਦੀ ਸਿਖਲਾਈ ਵਿੱਚ ਚੱਲ ਰਹੇ ਇੱਕ ਵੱਡੇ ਫ਼ਰਜ਼ੀਵਾੜੇ ਦਾ ਪਰਦਾਫ਼ਾਸ਼ ਕੀਤਾ ਹੈ। ਇਸ ਦੇ ਤਹਿਤ ਫ਼ੈਡਰਲ ਅਧਿਕਾਰੀਆਂ ਨੇ ਤੁਰੰਤ ਪ੍ਰਭਾਵ ਨਾਲ ਦੇਸ਼ ਭਰ ਦੇ 110 ਤੋਂ

(ਬਾਕੀ ਸਫ਼ਾ 26 'ਤੇ)



(Photo Credit) SADE LOK AI-

## ਲੈਥਰੋਪ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਯਾਦਗਾਰੀ ਸਮਾਗਮ 5 ਸਤੰਬਰ ਨੂੰ

### ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਕਰਨਗੀਆਂ ਸ਼ਿਰਕਤ

ਲੈਥਰੋਪ/ਕੈਲੀਫੋਰਨੀਆ : (ਸਾਡੇ ਲੋਕ) ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਸਰਦਾਰ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਅਤੇ ਪੰਜਾਬ ਵਿੱਚ ਜਬਰੀ ਲਾਪਤਾ ਕੀਤੇ ਗਏ



ਹਜ਼ਾਰਾਂ ਨਿਰਦੋਸ਼ ਨਾਗਰਿਕਾਂ ਦੇ ਦਰਦ ਨੂੰ ਸਮਰਪਿਤ ਵਿਸ਼ੇਸ਼ 'ਜਸਵੰਤ ਸਿੰਘ ਖਾਲੜਾ ਮੈਮੋਰੀਅਲ ਸਮਾਗਮ' (Jaswant Singh Khalra Memorial Event) 5 ਸਤੰਬਰ

(ਦੇਖੋ ਸਫ਼ਾ 4-5 'ਤੇ)

## ਦੱਖਣੀ ਭਾਰਤ 'ਚ 'ਸਰਬੱਤ ਦੇ ਭਲੇ' ਦਾ ਸੁਨੇਹਾ

### ਤਾਮਿਲ ਸਿੱਖ ਸੰਗਤ ਵੱਲੋਂ ਮਦੁਰੈ ਯੂਨੀਵਰਸਿਟੀ ਦੀ 'ਗੁਰੂ ਨਾਨਕ ਚੇਅਰ' ਨੂੰ ਮੁੜ ਚਾਲੂ ਕਰਨ ਦਾ ਹੋਕਾ



(ਬਾਕੀ ਸਫ਼ਾ 23 'ਤੇ)

## ਇੱਕ ਬੇਹੱਦ ਭਾਵੁਕ ਅਤੇ ਮਾਣਮੱਤਾ ਪਲ !

## ਜਦੋਂ ਫ਼ੌਜ 'ਚ ਮੇਜਰ ਦੋ ਧੀਆਂ ਨੇ ਆਪਣੇ ਪਿਤਾ ਲੈਫ਼ਟੀਨੈਂਟ ਜਨਰਲ ਡੀ.ਪੀ. ਸਿੰਘ ਦੇ ਮੋਢਿਆਂ 'ਤੇ ਸਜਾਏ ਸਿਤਾਰੇ ! ਸਿੱਖ ਵਿਰਾਸਤ ਦੀ ਲਾਸਾਨੀ ਮਿਸਾਲ



(ਫ਼ੋਟੋ : ਏਐਨਆਈ)

ਸਿੱਖ ਫ਼ੌਜੀ ਵਿਰਾਸਤ ਦਾ ਸੁਨਹਿਰੀ ਪੰਨਾ : ਭਾਰਤੀ ਫ਼ੌਜ ਦੇ ਇਤਿਹਾਸ ਵਿੱਚ ਅਜਿਹੇ ਦੁਰਲੱਭ ਪਲ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ ਜੋ ਇਕੱਠੇ ਮਾਣ, ਸਤਿਕਾਰ ਅਤੇ ਭਾਵੁਕਤਾ ਦਾ ਪ੍ਰਤੀਕ ਬਣ ਜਾਣ। ਲੈਫ਼ਟੀਨੈਂਟ ਜਨਰਲ ਡੀ.ਪੀ. ਸਿੰਘ ਨੂੰ ਜਦੋਂ ਤਰੱਕੀ ਮਿਲੀ, ਤਾਂ ਇਹ ਰਸਮ (Pipping Ceremony) ਉਨ੍ਹਾਂ ਦੀਆਂ ਦੋਵੇਂ ਧੀਆਂ ਨੇ ਨਿਭਾਈ, ਜੋ ਖ਼ੁਦ ਫ਼ੌਜ ਵਿੱਚ ਬਤੌਰ ਮੇਜਰ ਅਧਿਕਾਰੀ ਸੇਵਾ ਨਿਭਾਅ ਰਹੀਆਂ ਹਨ। ਇਹ ਦ੍ਰਿਸ਼ ਸਿਰਫ਼ ਇੱਕ ਪਰਿਵਾਰਕ ਪ੍ਰਾਪਤੀ ਨਹੀਂ, ਸਗੋਂ ਕੌਮ ਦੀ ਬਹਾਦਰੀ, ਨਾਰੀ ਸ਼ਕਤੀ ਅਤੇ ਸਿੱਖ ਫ਼ੌਜੀ ਪਰੰਪਰਾ ਦੀ ਸ਼ਾਨ ਨੂੰ ਦੁਨੀਆ ਭਰ ਵਿੱਚ ਉਜਾਗਰ ਕਰਦਾ ਹੈ।

(ਦੇਖੋ ਸਫ਼ਾ 26 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.



TSP ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ Political Asylum
Deportation of Defense BIA Appeal
9 Circuit Court Federal Court
ਗਰੀਨਕਾਰਡ ਸਿਟੀਜਨਸ਼ਿਪ
Green Card Citizenship
ਡਾਈਵੋਰਸ ਸਿਵਲ ਐਂਡ ਕਰੀਮੀਨਲ ਕੇਸ
Divorce Civil and Criminal Cases
Family Petition Immigration
Travel document Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸੰਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਅਮਰੀਕਾ ਵਲੋਂ ਜਬਰ ਜਨਾਹ ਦੇ ਦੋਸ਼ੀ ਪੰਜਾਬੀ ਵਿਅਕਤੀ ਦੀ ਨਾਗਰਿਕਤਾ ਰੱਦ, 20 ਸਾਲ ਦੀ ਕੈਦ

## ਗੁਰਮੀਤ ਸਿੰਘ ਨੇ ਜੁਰਮ ਛੁਪਾ ਕੇ ਹਾਸਿਲ ਕੀਤੀ ਸੀ ਨਾਗਰਿਕਤਾ

ਨਿਊਯਾਰਕ : ਨਿਊਯਾਰਕ ਦੀ ਸੰਘੀ ਅਦਾਲਤ ਨੇ ਮਹਿਲਾ ਟੈਕਸੀ ਸਵਾਰੀ ਨਾਲ ਜਬਰ ਜਨਾਹ ਅਤੇ ਅਗਵਾ ਦੇ ਮਾਮਲੇ ਵਿਚ ਦੋਸ਼ੀ ਭਾਰਤੀ ਮੂਲ ਦੇ ਗੁਰਮੀਤ ਸਿੰਘ (55) ਦੀ ਅਮਰੀਕੀ ਨਾਗਰਿਕਤਾ ਰੱਦ ਕਰ ਦਿੱਤੀ ਹੈ। ਅਦਾਲਤ ਮੁਤਾਬਕ ਗੁਰਮੀਤ ਸਿੰਘ ਨੇ ਨਾਗਰਿਕਤਾ ਲਈ ਅਰਜ਼ੀ ਦਿੰਦਿਆਂ ਆਪਣੇ ਗੰਭੀਰ ਅਪਰਾਧ ਦੀ ਜਾਣਕਾਰੀ ਜਾਣਬੁੱਝ ਕੇ ਲੁਕਾਈ ਸੀ।ਗੁਰਮੀਤ ਸਿੰਘ ਫਰਵਰੀ 1992 ਵਿਚ ਛੇ ਮਹੀਨਿਆਂ ਦੇ ਸੈਲਾਨੀ ਵੀਜ਼ੇ 'ਤੇ ਅਮਰੀਕਾ ਆਇਆ ਸੀ। ਵੀਜ਼ੇ ਦੀ ਮਿਆਦ ਖ਼ਤਮ ਹੋਣ ਮਗਰੋਂ ਵੀ ਉਹ ਕਈ ਸਾਲ ਬਿਨਾਂ ਕਾਨੂੰਨੀ ਇਜਾਜ਼ਤ ਦੇਸ਼ ਵਿਚ ਰਹਿੰਦਾ ਰਿਹਾ। ਪਰਿਵਾਰਕ ਆਧਾਰ 'ਤੇ ਦਾਖ਼ਲ ਇਮੀਗ੍ਰੇਸ਼ਨ ਪਟੀਸ਼ਨ ਮਨਜ਼ੂਰ ਹੋਣ ਤੋਂ ਬਾਅਦ ਉਸ ਨੂੰ ਜੂਨ 2000 ਵਿਚ ਪੱਕੀ ਰਿਹਾਇਸ਼ ਮਿਲ ਗਈ ਸੀ।ਮਈ 2011 ਵਿਚ ਗੁਰਮੀਤ ਸਿੰਘ ਨਿਊਯਾਰਕ ਵਿਚ ਟੈਕਸੀ ਚਲਾਉਂਦਾ ਸੀ। ਉਸ ਨੇ ਵਿਲੀਅਮਜ਼ਬਰਗ ਤੋਂ ਇਕ ਨੌਜਵਾਨ ਮਹਿਲਾ ਨੂੰ ਈਸਟ ਵਿਲੇਜ ਸਥਿਤ ਉਸ ਦੇ ਘਰ ਛੱਡਣ ਲਈ ਟੈਕਸੀ ਵਿਚ ਬਿਠਾਇਆ। ਸਫ਼ਰ ਦੌਰਾਨ ਮਹਿਲਾ ਸੌਂ ਗਈ ਤਾਂ ਸਿੰਘ ਉਸ ਨੂੰ ਇਕ ਸੁੰਨਸਾਨ ਥਾਂ 'ਤੇ ਲੈ ਗਿਆ। ਉਥੇ ਉਸ ਨੇ ਚਾਕੂ ਨਾਲ ਧਮਕਾ ਕੇ ਮਹਿਲਾ ਨੂੰ ਬੰਨ੍ਹਿਆ ਅਤੇ ਉਸ ਨਾਲ ਜਬਰ ਜਨਾਹ ਕੀਤਾ। ਪੀੜਤਾ ਬਾਅਦ ਵਿਚ ਟੈਕਸੀ ਵਿਚੋਂ ਨਿਕਲ ਕੇ ਰਾਹਗੀਰਾਂ ਤੋਂ ਮਦਦ ਲੈਣ ਵਿਚ ਸਫਲ ਹੋ ਗਈ ਸੀ। ਇਹ ਘਟਨਾ ਗੁਰਮੀਤ ਸਿੰਘ ਵਲੋਂ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੇਣ ਤੋਂ ਕੁਝ ਹਫ਼ਤੇ ਪਹਿਲਾਂ ਵਾਪਰੀ ਸੀ। ਇਸ ਦੇ ਬਾਵਜੂਦ ਉਸ ਨੇ ਨਾਗਰਿਕਤਾ ਪ੍ਰਕਿਰਿਆ ਦੌਰਾਨ ਅਪਰਾਧ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ ਅਕਤੂਬਰ 2011 ਵਿਚ ਅਮਰੀਕੀ ਨਾਗਰਿਕ ਬਣ ਗਿਆ। ਨਿਊਯਾਰਕ ਦੀ ਅਦਾਲਤ ਨੇ 2014 ਵਿਚ ਗੁਰਮੀਤ ਸਿੰਘ ਨੂੰ ਪਹਿਲੀ ਡਿਗਰੀ ਦੇ ਜਬਰ ਜਨਾਹ ਅਤੇ ਜਿਨਸੀ ਮਕਸਦ ਨਾਲ ਕੀਤੇ ਦੂਜੀ ਡਿਗਰੀ ਦੇ ਅਗਵਾ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਸੀ। ਉਸ ਨੂੰ 20 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਉਹ ਇਸ ਵੇਲੇ ਨਿਊਯਾਰਕ ਦੇ ਵਾਲਕਿਲ ਸਥਿਤ ਸ਼ਾਵਾਂਗੰਕ ਉੱਚ ਸੁਰੱਖਿਆ ਜੇਲ੍ਹ ਵਿਚ ਬੰਦ ਹੈ ਅਤੇ ਉਸ ਦੀ ਸੰਭਾਵਿਤ ਰਿਹਾਈ ਫਰਵਰੀ 2029 ਵਿਚ ਹੋਣੀ ਹੈ। ਨਿਆਂ ਵਿਭਾਗ ਨੇ ਸਿੰਘ ਦੀ ਨਾਗਰਿਕਤਾ ਰੱਦ ਕਰਵਾਉਣ ਲਈ ਪੂਰਬੀ ਨਿਊਯਾਰਕ ਦੀ ਸੰਘੀ ਜ਼ਿਲ੍ਹਾ ਅਦਾਲਤ ਵਿਚ ਮੁਕੱਦਮਾ ਦਾਇਰ ਕੀਤਾ ਸੀ। ਅਦਾਲਤ ਨੇ ਸਬੂਤਾਂ ਦੀ ਸਮੀਖਿਆ ਤੋਂ ਬਾਅਦ ਫ਼ੈਸਲਾ ਸੁਣਾਇਆ ਕਿ ਉਸ ਨੇ ਅਪਰਾਧ ਲੁਕਾ ਕੇ ਗ਼ਲਤ ਢੰਗ ਨਾਲ ਨਾਗਰਿਕਤਾ ਹਾਸਲ ਕੀਤੀ ਸੀ। ਸੰਘੀ ਜੱਜ ਨਿਕੋਲਸ ਗਾਰੌਫਿਸ ਨੇ ਉਸ ਨੂੰ ਆਪਣਾ ਨਾਗਰਿਕਤਾ ਸਰਟੀਫਿਕੇਟ, ਅਮਰੀਕੀ ਪਾਸਪੋਰਟ ਅਤੇ ਹੋਰ ਸੰਬੰਧਿਤ ਦਸਤਾਵੇਜ਼ ਸਰਕਾਰ ਕੋਲ ਜਮ ?ਹਾਂ ਕਰਵਾਉਣ ਦੇ ਹੁਕਮ ਦਿੱਤੇ ਹਨ। ਜੇਲ੍ਹ ਦੀ ਸਜ਼ਾ ਪੂਰੀ ਹੋਣ ਮਗਰੋਂ ਗ੍ਰਹਿ ਸੁਰੱਖਿਆ ਵਿਭਾਗ ਇਹ ਤੈਅ ਕਰੇਗਾ ਕਿ ਗੁਰਮੀਤ ਸਿੰਘ ਨੂੰ ਭਾਰਤ ਭੇਜਣ ਲਈ ਦੇਸ਼ ਨਿਕਾਲੇ ਦੀ ਕਾਰਵਾਈ ਕੀਤੀ ਜਾਵੇ ਜਾਂ ਨਹੀਂ। ਨਾਗਰਿਕਤਾ ਰੱਦ ਹੋਣ ਨਾਲ ਆਪਣੇ ਆਪ ਦੇਸ਼ ਨਿਕਾਲਾ ਨਹੀਂ ਹੁੰਦਾ, ਇਸ ਲਈ ਇਸ ਬਾਰੇ ਵੱਖਰੀ ਇਮੀਗ੍ਰੇਸ਼ਨ ਪ੍ਰਕਿਰਿਆ ਅਪਣਾਈ ਜਾਵੇਗੀ। ਅਮਰੀਕੀ ਅਟਾਰਨੀ ਜਨਰਲ ਟੌਡ ਬਲਾਂਚ ਨੇ ਕਿਹਾ ਕਿ ਨਾਗਰਿਕਤਾ ਅਪਰਾਧੀਆਂ ਲਈ ਸੁਰੱਖਿਆ ਕਵਚ ਨਹੀਂ ਬਣ ਸਕਦੀ। ਨਿਆਂ ਵਿਭਾਗ ਨੇ ਸਪੱਸ਼ਟ ਕੀਤਾ ਕਿ ਝੂਠੀ ਜਾਣਕਾਰੀ ਦੇ ਕੇ ਜਾਂ ਗੰਭੀਰ ਤੱਥ ਲੁਕਾ ਕੇ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਜਾਰੀ ਰਹੇਗੀ।




ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders
We Design, Manufacture & Ship Nationwide
All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences





ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ਰਿਚਮੰਡ ਹਿੱਲ 'ਚ ਕੌਮੀ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ



ਨਿਊਯਾਰਕ : ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ, ਰਿਚਮੰਡ ਹਿੱਲ ਵਿਖੇ ਪੰਥ ਦੇ ਕੌਮੀ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਸਮਾਗਮ ਚੜ੍ਹਦੀ ਕਲਾ ਨਾਲ ਕਰਵਾਇਆ ਗਿਆ। ਸਮਾਗਮ ਦੌਰਾਨ ਭਾਈ ਦਿਲਾਵਰ ਸਿੰਘ ਬੱਬਰ, ਭਾਈ ਅਨੋਖ ਸਿੰਘ ਬੱਬਰ, ਭਾਈ ਬਲਵਿੰਦਰ ਸਿੰਘ ਜਟਾਣਾ, ਭਾਈ ਚਰਨਜੀਤ ਸਿੰਘ ਚੰਨਾ ਅਤੇ ਮਨੁੱਖੀ ਅਧਿਕਾਰ ਕਾਰਕੁਨ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਗਿਆ। ਇਸ ਮੌਕੇ ਪੰਥਕ ਕਥਾਵਾਚਕਾਂ ਅਤੇ ਬੁਲਾਰਿਆਂ ਨੇ ਸ਼ਹੀਦਾਂ ਦੇ ਸੰਘਰਸ਼ਮਈ ਜੀਵਨ, ਕੌਮ ਪ੍ਰਤੀ ਸਮਰਪਣ ਅਤੇ ਕੁਰਬਾਨੀਆਂ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਨਵੀਂ ਪੀੜ੍ਹੀ ਨੂੰ ਆਪਣੇ ਇਤਿਹਾਸ, ਪਛਾਣ ਅਤੇ ਹੱਕਾਂ ਪ੍ਰਤੀ ਜਾਗਰੂਕ ਰਹਿਣ ਦੀ ਪ੍ਰੇਰਨਾ ਦਿੰਦੀਆਂ ਹਨ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਅਮਰੀਕ ਸਿੰਘ ਸੁਨਾਮ ਨੇ ਸ਼ਮੂਲੀਅਤ ਕਰਦਿਆਂ ਕੌਮੀ ਸ਼ਹੀਦਾਂ ਦੀਆਂ ਕੁਰਬਾਨੀਆਂ ਅਤੇ ਪੰਥਕ ਸੰਘਰਸ਼ ਦੇ ਵੱਖ-ਵੱਖ ਪਹਿਲੂਆਂ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਢਾਡੀ ਜਥਿਆਂ ਨੇ ਜੋਸ਼ ਭਰਪੂਰ ਵਾਰਾਂ ਪੇਸ਼ ਕੀਤੀਆਂ, ਜਦਕਿ ਕਵੀਸ਼ਰੀ ਜਥਿਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਇਤਿਹਾਸ ਅਤੇ ਸ਼ਹੀਦਾਂ ਦੀਆਂ ਜੀਵਨ-ਗਾਥਾਵਾਂ ਸੰਗਤਾਂ ਤੱਕ ਪਹੁੰਚਾਈਆਂ। ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਦੀ ਪ੍ਰਬੰਧਕ ਕਮੇਟੀ, ਵੱਖ-ਵੱਖ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਵੱਲੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਬੁਲਾਰਿਆਂ ਨੇ ਸਿੱਖ ਹੱਕਾਂ, ਕੌਮੀ ਪਛਾਣ ਅਤੇ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਜਾਰੀ ਰੱਖਣ ਦਾ ਅਹਿਦ ਵੀ ਦੁਹਰਾਇਆ। ਸਮਾਗਮ ਦੇ ਅਖੀਰ ਵਿੱਚ ਕਿਹਾ ਗਿਆ ਕਿ ਸ਼ਹੀਦ ਕਿਸੇ ਵੀ ਕੌਮ ਦਾ ਅਨਮੋਲ ਸਰਮਾਇਆ ਹੁੰਦੇ ਹਨ। ਉਨ੍ਹਾਂ ਦੀਆਂ ਕੁਰਬਾਨੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਇਤਿਹਾਸ, ਹੱਕਾਂ ਅਤੇ ਭਵਿੱਖ ਪ੍ਰਤੀ ਸੁਚੇਤ ਰਹਿਣ ਲਈ ਹਮੇਸ਼ਾ ਪ੍ਰੇਰਿਤ ਕਰਦੀਆਂ ਰਹਿਣਗੀਆਂ।

# ਵਿੱਤ ਮੰਤਰੀ ਸੀਤਾਰਮਨ ਨੇ ਵਿਸ਼ਵ ਬੈਂਕ ਦੇ ਮੁਖੀ ਅਜੈ ਬੰਗਾ ਨਾਲ ਕੀਤੀ ਮੁਲਾਕਾਤ

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵਿਸ਼ਵ ਬੈਂਕ ਦੇ ਮੁੱਖੀ ਅਜੈ ਬੰਗਾ ਨਾਲ ਮੁਲਾਕਾਤ ਕੀਤੀ ਅਤੇ ਭਾਰਤ ਅਤੇ ਅੰਤਰਰਾਸ਼ਟਰੀ ਵਿੱਤੀ ਸੰਸਥਾ ਵਿਚਕਾਰ ਸਹਿਯੋਗ ਵਧਾਉਣ 'ਤੇ ਚਰਚਾ ਕੀਤੀ। ਸੀਤਾਰਮਨ ਨੇ ਮੰਗਲਵਾਰ ਨੂੰ ਐਸ਼ਵਿਲ ਵਿੱਚ 720 ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਗਵਰਨਰਾਂ (FMCBG) ਦੀ ਮੀਟਿੰਗ ਦੇ ਮੌਕੇ 'ਤੇ ਬੰਗਾ ਨਾਲ ਮੁਲਾਕਾਤ ਕੀਤੀ। ਵਿੱਤ ਮੰਤਰਾਲੇ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ, 'ਕੇਂਦਰੀ ਵਿੱਤ ਮੰਤਰੀ ਨੇ ਵਿਸ਼ਵ ਬੈਂਕ ਸਮੂਹ ਦੇ ਭਾਰਤ ਨਾਲ ਨਿਰੰਤਰ ਸਬੰਧਾਂ ਦੀ ਸ਼ਲਾਘਾ ਕੀਤੀ ਅਤੇ 1.5 ਬਿਲੀਅਨ ਅਮਰੀਕੀ ਡਾਲਰ ਦੇ ਵਿਕਾਸ ਨੀਤੀ ਵਿੱਤ (DPF) ਕਰਜ਼ੇ ਦੀ ਤੇਜ਼ੀ ਨਾਲ ਪ੍ਰਵਾਨਗੀ ਦਾ ਜ਼ਿਕਰ ਕੀਤਾ।'



ਬਿਆਨ ਵਿੱਚ ਕਿਹਾ ਗਿਆ ਹੈ ਕਿ ਸੀਤਾਰਮਨ ਨੇ SIDBI ਰਾਹੀਂ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ (MSMEs) ਨੂੰ ਅੰਤਰਰਾਸ਼ਟਰੀ ਵਿੱਤ ਨਿਗਮ (IFC) ਦੇ ਸਮਰਥਨ ਦੀ ਵੀ ਸ਼ਲਾਘਾ ਕੀਤੀ। ਇਸਨੂੰ ਰਿਕਾਰਡ ਸਮੇਂ ਵਿੱਚ ਮਨਜ਼ੂਰੀ ਦਿੱਤੀ ਗਈ ਸੀ ਅਤੇ ਇਸਦਾ MSME ਖੇਤਰ 'ਤੇ ਸਕਾਰਾਤਮਕ ਪ੍ਰਭਾਵ ਪਿਆ ਹੈ। ਵਿੱਤ ਮੰਤਰਾਲੇ ਨੇ ਕਿਹਾ, 'ਦੋਵਾਂ ਨੇਤਾਵਾਂ ਨੇ ਭਾਰਤ ਅਤੇ ਵਿਸ਼ਵ ਬੈਂਕ ਸਮੂਹ ਵਿਚਕਾਰ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ।' ਇਸ ਵਿੱਚ ਭਾਰਤ ਵਿੱਚ ਬਹੁਪੱਖੀ ਨਿਵੇਸ਼ ਗਰੰਟੀ ਏਜੰਸੀ (MIGA) ਲਈ ਇੱਕ ਵੱਡੀ ਭੂਮਿਕਾ ਦੀ ਭਾਲ ਕਰਨਾ ਸ਼ਾਮਲ ਹੈ ਤਾਂ ਜੋ ਗਾਰੰਟੀਆਂ ਦੀ ਯੋਜਨਾਬੱਧ ਵਰਤੋਂ ਅਤੇ ਨਿੱਜੀ ਪੂੰਜੀ ਦੀ ਵਧਦੀ ਗਤੀਸ਼ੀਲਤਾ ਰਾਹੀਂ ਕਾਰਪੋਰੇਟ, ਬੁਨਿਆਦੀ ਢਾਂਚੇ ਅਤੇ ਸਥਾਨਕ ਬਾਂਡ ਬਾਜ਼ਾਰਾਂ ਨੂੰ ਵਿਵਸਥਿਤ ਕੀਤਾ ਜਾ ਸਕੇ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਚਰਚਾਵਾਂ ਵਿੱਚ ਬੁਨਿਆਦੀ ਢਾਂਚੇ ਦੇ ਖੇਤਰ ਲਈ ਕ੍ਰੈਡਿਟ ਯੋਗਤਾ ਵਧਾਉਣ ਲਈ ਸੈਕਟਰ-ਅਧਾਰਤ ਅਤੇ ਪ੍ਰੋਗਰਾਮ-ਅਧਾਰਤ ਪਹੁੰਚਾਂ 'ਤੇ ਵੀ ਚਰਚਾ ਕੀਤੀ ਗਈ। ਬਿਆਨ ਅਨੁਸਾਰ, ਬੰਗਾ ਨੇ ਭਾਰਤ ਦੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਮਹੱਤਵਪੂਰਨ ਤਬਦੀਲੀਆਂ ਦੀ ਸ਼ਲਾਘਾ ਕੀਤੀ ਅਤੇ ਭਾਰਤ ਦੀਆਂ ਵਿਕਾਸ ਇੱਛਾਵਾਂ ਦਾ ਸਮਰਥਨ ਕਰਨ ਲਈ ਵਿਸ਼ਵ ਬੈਂਕ ਸਮੂਹ ਦੇ ਯੰਤਰਾਂ ਦੀ ਹੋਰ ਵਰਤੋਂ ਦੀ ਸੰਭਾਵਨਾ ਦਾ ਜ਼ਿਕਰ ਕੀਤਾ, ਜਿਸ ਵਿੱਚ ਵਿਦੇਸ਼ਾਂ ਵਿੱਚ ਨਿਵੇਸ਼ ਕਰਨ ਵਾਲੀਆਂ ਭਾਰਤੀ ਕੰਪਨੀਆਂ ਲਈ MIGA ਭਾਗੀਦਾਰੀ ਅਤੇ ਰਾਜਨੀਤਿਕ ਜੋਖਮ ਬੀਮਾ ਸ਼ਾਮਲ ਹੈ।

ਸੀਤਾਰਮਨ ਨੇ ਭਾਰਤ ਵਿੱਚ 'ਗਲੋਬਲ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ ਗਿਆਨ ਹੱਬ' ਸਥਾਪਤ ਕਰਨ ਲਈ ਵਿਸ਼ਵ ਬੈਂਕ ਸਮੂਹ ਨਾਲ ਭਾਰਤ ਦੀ ਸ਼ਮੂਲੀਅਤ ਦਾ ਜ਼ਿਕਰ ਕੀਤਾ। ਉਸਨੇ ਖੇਤੀਬਾੜੀ ਵਰਗੇ ਖੇਤਰਾਂ ਵਿੱਚ ਤਕਨਾਲੋਜੀ ਦੀ ਵਰਤੋਂ ਦੀ ਪੜਚੋਲ ਕਰਨ ਅਤੇ ਇਸਦੀ ਜਲਦੀ ਸ਼ੁਰੂਆਤ ਵੱਲ ਤਰੱਕੀ ਦੀ ਉਮੀਦ ਪ੍ਰਗਟ ਕੀਤੀ। ਕੇਂਦਰੀ ਵਿੱਤ ਮੰਤਰੀ ਨੇ ਨਵੇਂ ਭਾਰਤ-ਵਿਸ਼ਵ ਬੈਂਕ ਸਮੂਹ ਦੇਸ਼ ਭਾਈਵਾਲੀ ਢਾਂਚੇ ਦੇ ਤਹਿਤ ਵਿਸ਼ਵ ਪੱਧਰ 'ਤੇ ਪ੍ਰਤੀਯੋਗੀ ਸੈਰ-ਸਪਾਟਾ ਸਥਾਨਾਂ ਦੇ ਵਿਕਾਸ 'ਤੇ ਵੀ ਚਰਚਾ ਕੀਤੀ, ਜੋ ਕਿ ਅੰਤਰਰਾਸ਼ਟਰੀ ਬੈਂਕ ਫਾਰ ਰੀਕੰਸਟ੍ਰਕਸ਼ਨ ਐਂਡ ਡਿਵੈਲਪਮੈਂਟ (IBRD) ਤੋਂ ਨੀਤੀ ਅਤੇ ਬੁਨਿਆਦੀ ਢਾਂਚੇ ਦੇ ਸਮਰਥਨ, IFC ਤੋਂ ਨਿਵੇਸ਼ ਅਤੇ MIGA ਤੋਂ ਗਰੰਟੀਆਂ ਨੂੰ ਇੱਕ ਤਾਲਮੇਲ ਵਾਲੇ ਪਹੁੰਚ ਵਿੱਚ ਜੋੜੇਗਾ, ਬਿਆਨ ਵਿੱਚ ਕਿਹਾ ਗਿਆ ਹੈ।

# ਲੈਥਰੋਪ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਯਾਦਗਾਰੀ ਸਮਾਗਮ 5 ਸਤੰਬਰ ਨੂੰ, ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਕਰਨਗੀਆਂ ਸ਼ਿਰਕਤ

## 'ਟ੍ਰਿਬਿਊਟ ਟੂ ਦ ਡਿਸਅਪੀਅਰਡ ਆਫ਼ ਪੰਜਾਬ' ਸਿਰਲੇਖ ਹੇਠ ਵਿਸ਼ੇਸ਼ ਇਕੱਠ; ਬੀਬੀ ਪਰਮਜੀਤ ਕੌਰ ਖਾਲੜਾ, ਐਡਵੋਕੇਟ ਸੋਢੀ ਤੇ ਕੈਪਟਨ ਨੌਰੀਨ ਸਿੰਘ ਵੱਲੋਂ ਸੰਬੋਧਨ, ਕੈਂਡਲ ਲਾਈਟ ਮਾਰਚ ਰਹੇਗਾ ਖਿੱਚ ਦਾ ਕੇਂਦਰ



ਲੈਥਰੋਪ/ਕੈਲੀਫੋਰਨੀਆ : (ਸਾਡੇ ਲੋਕ) ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਸਰਦਾਰ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਸ਼ਹਾਦਤ ਅਤੇ ਪੰਜਾਬ ਵਿੱਚ ਜਬਰੀ ਲਾਪਤਾ ਕੀਤੇ ਗਏ ਹਜ਼ਾਰਾਂ ਨਿਰਦੋਸ਼ ਨਾਗਰਿਕਾਂ ਦੇ ਦਰਦ ਨੂੰ ਸਮਰਪਿਤ ਵਿਸ਼ੇਸ਼ 'ਜਸਵੰਤ ਸਿੰਘ ਖਾਲੜਾ ਮੈਮੋਰੀਅਲ ਸਮਾਗਮ' (Jaswant Singh Khalra Memorial Event) 5 ਸਤੰਬਰ 2026, ਦਿਨ ਸ਼ਨੀਵਾਰ ਨੂੰ ਲੈਥਰੋਪ ਕਮਿਊਨਿਟੀ ਸੈਂਟਰ (Lathrop Community Center) ਵਿਖੇ ਬੜੇ ਸਤਿਕਾਰ ਸਹਿਤ ਆਯੋਜਿਤ ਕੀਤਾ ਜਾ ਰਿਹਾ ਹੈ।

ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਸੰਸਥਾ 'ਚੈਲੰਜ ਦ ਡਾਰਕਨੈੱਸ' (Challenge the Darkness) ਵੱਲੋਂ ਉਲੀਕੇ ਗਏ ਇਸ ਯਾਦਗਾਰੀ ਪ੍ਰੋਗਰਾਮ ਦਾ ਮੁੱਖ ਥੀਮ 'ਟ੍ਰਿਬਿਊਟ ਟੂ ਦ ਡਿਸਅਪੀਅਰਡ ਆਫ਼ ਪੰਜਾਬ' (Tribute to the Disappeared of Punjab) ਨਿਰਧਾਰਿਤ ਕੀਤਾ ਗਿਆ ਹੈ। ਸਮਾਗਮ ਵਿੱਚ ਅਮਰੀਕੀ ਕਾਂਗਰਸਮੈਨ ਟੌਮ ਮੈਕਲਿੰਟੌਕ (CA-05) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋ ਕੇ ਪੰਜਾਬ ਵਿੱਚ ਹੋਏ ਮਨੁੱਖੀ ਅਧਿਕਾਰਾਂ ਦੇ ਘਾਣ, ਇਨਸਾਫ਼ ਅਤੇ ਜਵਾਬਦੇਹੀ ਦੇ ਮੁੱਦੇ 'ਤੇ ਆਪਣੇ ਵਿਚਾਰ ਸਾਂਝੇ ਕਰਨਗੇ।

| ਮੁੱਖ ਬੁਲਾਰੇ ਅਤੇ ਸਨਮਾਨਿਤ ਸ਼ਖ਼ਸੀਅਤਾਂ | | |
|---|---|---|
| ਨਾਂ | ਅਹੁਦਾ/ਪਛਾਣ | ਸਮਾਗਮ 'ਚ ਭੂਮਿਕਾ |
| ਬੀਬੀ ਪਰਮਜੀਤ ਕੌਰ ਖਾਲੜਾ | ਧਰਮ ਪਤਨੀ ਸ਼ਹੀਦ ਜਸਵੰਤ ਸਿੰਘ ਖਾਲੜਾ | ਆਨਰੇਰੀ ਗੈਸਟ (Honorary Guest) |
| ਐਡਵੋਕੇਟ ਬ੍ਰਿਜਿੰਦਰ ਸਿੰਘ ਸੋਢੀ | ਖਾਲੜਾ ਕੇਸ ਦੇ ਸੀਨੀਅਰ ਕਾਨੂੰਨੀ ਮਾਹਿਰ | ਆਨਰੇਰੀ ਗੈਸਟ (Honorary Guest) |
| ਕੈਪਟਨ ਨੌਰੀਨ ਸਿੰਘ | ਯੂ.ਐੱਸ. ਏਅਰ ਫੋਰਸ (US Air Force) | ਮੁੱਖ ਬੁਲਾਰਾ (Keynote Speaker) |
| ਬਿਸ਼ਪ ਜੋਸ਼ੂਆ ਲਿਕਟਰ | ਐਂਗਲੀਕਨ ਬਿਸ਼ਪ, ਅਸੈਂਬਲੀ ਫ਼ਾਰ ਹਿਊਮਨ ਰਾਈਟਸ | ਗੈਸਟ ਸਪੀਕਰ |
| ਡਾ. ਗੁਰਿੰਦਰ ਸਿੰਘ ਗਰੇਵਾਲ | ਸੰਸਥਾਪਕ, ਸਿੱਖ ਐਡਵੋਕੇਸੀ ਇੰਸਟੀਚਿਊਟ | ਗੈਸਟ ਸਪੀਕਰ |
| ਬੀਬੀ ਨਵਕਿਰਨ ਕੌਰ ਖਾਲੜਾ | ਉੱਘੀ ਮਨੁੱਖੀ ਅਧਿਕਾਰ ਕਾਰਕੁੰਨ | ਗੈਸਟ ਸਪੀਕਰ |

ਸਮਾਗਮ ਦੀ ਵਿਸਥਾਰਤ ਸਮਾਂ-ਸਾਰਣੀ

ਪ੍ਰੋਗਰਾਮ ਸ਼ਾਮ 4:00 ਵਜੇ ਤੋਂ ਲੈ ਕੇ ਰਾਤ 7:30 ਵਜੇ ਤੱਕ ਵਿਧੀਵਤ ਚਲਾਇਆ ਜਾਵੇਗਾ:

ਸ਼ਾਮ 4:00 ਵਜੇ: ਆਪਸੀ ਮਿਲਣੀ (Meet & Greet), ਮਨੁੱਖੀ ਅਧਿਕਾਰਾਂ ਸੰਬੰਧੀ ਇਤਿਹਾਸਕ ਪ੍ਰਦਰਸ਼ਨੀ ਅਤੇ ਰਿਫਰੈੱਸ਼ਮੈਂਟ।

ਸ਼ਾਮ 5:00 ਵਜੇ: ਮੁੱਖ ਬੁਲਾਰਿਆਂ ਦੇ ਕੁੰਜੀਵਤ ਸੰਬੋਧਨ ਅਤੇ ਮਨੁੱਖੀ ਅਧਿਕਾਰਾਂ 'ਤੇ ਵਿਸ਼ੇਸ਼ ਪੈਨਲ ਵਿਚਾਰ-ਚਰਚਾ।

ਸ਼ਾਮ 7:00 ਵਜੇ: ਸ਼ਹੀਦਾਂ ਤੇ ਜਬਰੀ ਲਾਪਤਾ ਕੀਤੇ ਗਏ ਲੋਕਾਂ ਦੀ ਯਾਦ ਵਿੱਚ ਵਿਸ਼ੇਸ਼ ਕੈਂਡਲ ਲਾਈਟ ਮਾਰਚ ਅਤੇ ਰਾਤ ਦਾ ਭੋਜਨ।

ਅਸਥਾਨ ਅਤੇ ਰਜਿਸਟ੍ਰੇਸ਼ਨ ਵੇਰਵੇ

ਸਥਾਨ: Lathrop Community Center, 15557 Eth St, Lathrop, CA 95330

ਮਿਤੀ ਤੇ ਸਮਾਂ: ਸ਼ਨੀਵਾਰ, 5 ਸਤੰਬਰ 2026 (ਸ਼ਾਮ 4:00 ਤੋਂ ਰਾਤ 7:30 ਵਜੇ ਤੱਕ)

RSVP ਦੀ ਆਖ਼ਰੀ ਮਿਤੀ: 4 ਸਤੰਬਰ 2026

ਸੰਪਰਕ ਸੂਤਰ: ਫ਼ੋਨ: (209) 517-5691, info@challengethedarkness.net, www.challengethedarkness.net

ਪ੍ਰਬੰਧਕੀ ਟੀਮ ਵੱਲੋਂ ਸਮੂਹ ਸੰਗਤਾਂ, ਮਨੁੱਖੀ ਅਧਿਕਾਰ ਕਾਰਕੁੰਨਾਂ ਅਤੇ ਇਨਸਾਫ਼ਪਸੰਦ ਭਾਈਚਾਰੇ ਨੂੰ ਇਸ ਇਤਿਹਾਸਕ ਇਕੱਠ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ।

# ਬੱਚਿਆਂ ਦਾ 'ਪਾਸਪੋਰਟ' ਬਣਾਉਣਾ ਹੋਵੇਗਾ ਔਖਾ ! ਅਮਰੀਕਾ 'ਚ ਜਲਦ ਲਾਗੂ ਹੋਵੇਗਾ ਨਵਾਂ ਨਿਯਮ

ਵਾਸ਼ਿੰਗਟਨ : ਟਰੰਪ ਪ੍ਰਸ਼ਾਸਨ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਸਖ਼ਤ ਕਰਨ ਦੀ ਤਿਆਰੀ ਵਿਚ ਹੈ। ਹੁਣ ਅਮਰੀਕੀ ਵਿਦੇਸ਼ ਵਿਭਾਗ ਅਜਿਹੇ ਨਿਯਮ ਬਣਾ ਰਿਹਾ ਹੈ, ਜਿਨ੍ਹਾਂ ਅਨੁਸਾਰ ਬੱਚਿਆਂ ਦਾ ਪਾਸਪੋਰਟ ਬਣਾਉਣ ਲਈ ਅਰਜ਼ੀ ਦਿੰਦੇ ਸਮੇਂ ਮਾਪਿਆਂ ਜਾਂ ਕਾਨੂੰਨੀ ਸਰਪ੍ਰਸਤਾਂ ਨੂੰ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦਾ ਸਬੂਤ ਦੇਣਾ ਪਵੇਗਾ। ਫਿਲਹਾਲ ਇਹ ਪ੍ਰਸਤਾਵ ਅਜੇ ਲਾਗੂ ਨਹੀਂ ਕੀਤਾ ਗਿਆ ਹੈ ਅਤੇ ਇਸ ਵਿਚ ਬਦਲਾਅ ਹੋ ਸਕਦੇ ਹਨ। ਡਰਾਫਟ ਨਿਯਮਾਂ ਅਨੁਸਾਰ ਵੈਧ ਦਸਤਾਵੇਜ਼ਾਂ ਵਿੱਚ ਇੱਕ ਵੈਧ ਅਮਰੀਕੀ ਪਾਸਪੋਰਟ ਜਾਂ ਜਨਮ ਸਰਟੀਫਿਕੇਟ ਸ਼ਾਮਲ ਹੋ ਸਕਦਾ ਹੈ। ਗੈਰ-ਅਮਰੀਕੀ ਨਾਗਰਿਕਾਂ ਨੂੰ ਇੱਕ ਫਾਰਮ I-94 ਜਾਂ ਵੈਧ ਸਥਾਈ ਨਿਵਾਸੀ ਕਾਰਡ ਜਮ੍ਹਾਂ ਕਰਨ ਦੀ ਲੋੜ ਹੋਵੇਗੀ। ਇਸ ਜਾਣਕਾਰੀ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕੀਤੀ ਜਾਵੇਗੀ ਕਿ ਕੀ ਕੋਈ ਬੱਚਾ ਅਮਰੀਕੀ ਨਾਗਰਿਕਤਾ ਲਈ ਯੋਗ ਹੈ ਜਾਂ ਨਹੀਂ। ਡਰਾਫਟ ਵਿੱਚ ਕਿਹਾ ਗਿਆ ਹੈ, 'ਵਿਦੇਸ਼ ਵਿਭਾਗ ਮਾਪਿਆਂ ਤੋਂ ਜਾਣਕਾਰੀ ਅਤੇ ਉਨ੍ਹਾਂ ਦੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਸਬੂਤ ਦੀ ਬੇਨਤੀ ਕਰੇਗਾ।' ਮੌਜੂਦਾ ਪ੍ਰਕਿਰਿਆ ਦੇ ਉਲਟ, ਜਿਸ ਵਿੱਚ ਅਮਰੀਕਾ ਵਿੱਚ ਜਨਮੇ ਬੱਚਿਆਂ ਦੇ ਮਾਪਿਆਂ ਨੂੰ ਸਿਰਫ ਪਿਤਾ ਹੋਣ ਦਾ ਸਬੂਤ ਦੇਣਾ ਅਤੇ ਫੋਟੋ ਪਛਾਣ ਜਮ੍ਹਾਂ ਕਰਵਾਉਣ ਦੀ ਲੋੜ ਹੁੰਦੀ ਹੈ। ਨਵਾਂ ਪ੍ਰਸਤਾਵ ਮਾਪਿਆਂ ਦੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨ ਦੀ ਲੋੜ ਨੂੰ ਜੋੜਦਾ ਹੈ। ਕਿਉਂਕਿ ਇਹ ਸਾਰੇ ਮਾਪਿਆਂ ਜਾਂ ਸਰਪ੍ਰਸਤਾਂ 'ਤੇ ਲਾਗੂ ਹੁੰਦਾ ਹੈ, ਇਸ ਪ੍ਰਕਿਰਿਆ ਦਾ ਦਾਇਰਾ ਸਰਕਾਰ ਦੁਆਰਾ ÷ਬਰਥ ਟੂਰਿਜ਼ਮ÷ ਵਜੋਂ ਪਰਿਭਾਸ਼ਿਤ ਕੀਤੇ ਗਏ ਮਾਮਲਿਆਂ ਦੇ ਸਮੂਹ ਨਾਲੋਂ ਬਹੁਤ ਵਿਸ਼ਾਲ ਹੈ।




ਪ੍ਰਸਤਾਵ ਦੀ ਵਿਆਖਿਆ ਕਰਦੇ ਹੋਏ ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੌਟ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਸ਼ਾਸਨ ਅਮਰੀਕੀ ਨਾਗਰਿਕਤਾ ਦੇ ਅਰਥ ਅਤੇ ਮੁੱਲ ਦੀ ਰੱਖਿਆ ਕਰੇਗਾ। ਉਨ੍ਹਾਂ ਦੇ ਅਨੁਸਾਰ ਇਹ ਮਿਆਰ ਪਾਸਪੋਰਟ ਅਰਜ਼ੀ ਪ੍ਰਕਿਰਿਆ ਵਿੱਚ ਪੂਰੀ ਤਰ੍ਹਾਂ ਪ੍ਰਤੀਬਿੰਬਤ ਹੋਣਾ ਚਾਹੀਦਾ ਹੈ। ਇਹ ਪ੍ਰਸਤਾਵ ਰਾਸ਼ਟਰਪਤੀ ਟਰੰਪ ਦੇ 6 ਅਗਸਤ ਦੇ ਕਾਰਜਕਾਰੀ ਆਦੇਸ਼ ਨੂੰ ਲਾਗੂ ਕਰਨ ਲਈ ਵਿਕਸਤ ਕੀਤਾ ਗਿਆ ਸੀ, ਜੋ ਉਨ੍ਹਾਂ ਔਰਤਾਂ ਨਾਲ ਸਬੰਧਤ ਮਾਮਲਿਆਂ 'ਤੇ ਕੇਂਦ੍ਰਿਤ ਸੀ ਜੋ ਜਨਮ ਦੇਣ ਲਈ ਅਮਰੀਕਾ ਆਉਂਦੀਆਂ ਹਨ, ਜਿਸਦਾ ਉਦੇਸ਼ ਆਪਣੇ ਬੱਚਿਆਂ ਨੂੰ ਆਪਣੇ ਆਪ ਨਾਗਰਿਕਤਾ ਪ੍ਰਦਾਨ ਕਰਨਾ ਹੈ। ਜਿਨ੍ਹਾਂ ਬੱਚਿਆਂ ਦੇ ਪਿਤਾ ਜਾਂ ਮਾਵਾਂ ਵਿਦੇਸ਼ੀ ਸਰਕਾਰਾਂ ਲਈ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ ਨਾਗਰਿਕਤਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਇਹ ਆਰਡੀਨੈਂਸ ਉਨ੍ਹਾਂ ਮਾਮਲਿਆਂ ਨੂੰ ਵੀ ਨਿਸ਼ਾਨਾ ਬਣਾਉਂਦਾ ਹੈ ਜਿੱਥੇ ਵਿਅਕਤੀਆਂ 'ਤੇ ਨਾਗਰਿਕਤਾ ਪ੍ਰਾਪਤ ਕਰਨ ਲਈ ਧੋਖਾਧੜੀ ਜਾਂ ਵਪਾਰਕ ਲੈਣ-ਦੇਣ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਜਾਂਦਾ ਹੈ, ਨਾਲ ਹੀ 'ਪਰਦੇਸੀ ਦੁਸ਼ਮਣ' ਵਜੋਂ ਸ਼੍ਰੇਣੀਬੱਧ ਕੀਤੇ ਗਏ ਬੱਚਿਆਂ ਦੇ ਬੱਚੇ। ਪਹਿਲਾਂ, ਰਾਸ਼ਟਰਪਤੀ ਟਰੰਪ ਨੇ ਸਿਰਫ਼ ਉਨ੍ਹਾਂ ਬੱਚਿਆਂ ਨੂੰ ਹੀ ਆਪਣੇ ਆਪ ਨਾਗਰਿਕਤਾ ਦੇਣ ਦਾ ਪ੍ਰਸਤਾਵ ਰੱਖਿਆ ਸੀ ਜਿਨ੍ਹਾਂ ਦੇ ਮਾਪੇ ਅਮਰੀਕੀ ਨਾਗਰਿਕ ਜਾਂ ਕਾਨੂੰਨੀ ਸਥਾਈ ਨਿਵਾਸੀ ਹਨ। ਅਮਰੀਕੀ ਸੁਪਰੀਮ ਕੋਰਟ ਨੇ 14ਵੇਂ ਸੋਧ ਦੀ ਉਲੰਘਣਾ ਦੇ ਆਧਾਰ 'ਤੇ 6-3 ਵੋਟਾਂ ਨਾਲ ਇਸ ਆਦੇਸ਼ ਨੂੰ ਰੱਦ ਕਰ ਦਿੱਤਾ। ਹਾਲਾਂਕਿ ਨਵੇਂ ਆਦੇਸ਼ ਦਾ ਦਾਇਰਾ ਸੀਮਤ ਹੈ, ਪਰ ਨਾਗਰਿਕਤਾ ਗੁਆਉਣ ਦੇ ਜੋਖਮ ਵਾਲੇ ਬੱਚਿਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਦੋ ਸੰਘੀ ਜੱਜਾਂ ਨੂੰ ਇਸ ਦੇ ਲਾਗੂ ਕਰਨ ਨੂੰ ਰੋਕਣ ਦੀ ਅਪੀਲ ਕੀਤੀ ਹੈ।


YOU ARE CORDIALLY INVITED TO THE
Jaswant Singh Khalra
MEMORIAL EVENT
Tribute to the Disappeared of Punjab
S. BACHITAR
SPECIAL GUEST
U.S. Congressman Tom McClintock
California's 5th Congressional District
SATURDAY, SEPTEMBER 5, 2026 • 4:00 – 7:30 PM
Lathrop Community Center, 15557 5th St, Lathrop, CA 95330
KINDLY RSVP BY SEPTEMBER 4, 2026
SPEAKERS
HONORARY GUEST
Adv. Brijinder Singh Sodhi
Khalra Case Lawyer
HONORARY GUEST
Paramjit Kaur Khalra
Wife of Jaswant Singh Khalra
KEYNOTE SPEAKER
Capt. Naureen Singh
U.S. Air Force
GUEST SPEAKER
Bishop Joshua Lickter
Anglican Bishop Assembly for Human Rights
GUEST SPEAKER
Dr. Gurinder Singh Grewal
Founder, Sikh Advocacy Institution
GUEST SPEAKER
Navkiran Kaur Khalra
Human Rights Advocate
4:00
Meet & Greet, Exhibition, Tea & Snacks
5:00
Speakers & Panel
7:00
Dinner & Candle Light March
CHALLENGE THE DARKNESS
(209) 517-5691 | info@challengethedarkness.net | www.challengethedarkness.net

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



**All Services Under One Roof**

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਮੱਧਕਾਲੀ ਚੋਣਾਂ 'ਚ ਜ਼ਿਆਦਾਤਰ ਭਾਰਤੀਆਂ ਦਾ ਝੁਕਾਅ ਡੈਮੋਕ੍ਰੇਟਿਕ ਉਮੀਦਵਾਰਾਂ ਵੱਲ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਇਕ ਨਵੇਂ ਰਾਸ਼ਟਰੀ ਸਰਵੇਖਣ ਦੇ ਅਨੁਸਾਰ ਭਾਰਤੀ ਅਮਰੀਕੀ ਵੋਟਰਾਂ 'ਚ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਲਈ ਭਾਰੀ ਉਤਸ਼ਾਹ ਹੈ ਤੇ ਉਹ ਡੈਮੋਕ੍ਰੇਟਿਕ ਉਮੀਦਵਾਰਾਂ ਵੱਲ ਸਪੱਸ਼ਟ ਝੁਕਾਅ ਰਖਦੇ ਹਨ੍ਹ ਏਸ਼ੀਅਨ ਅਮਰੀਕੀ ਵੋਟਰ ਸਰਵੇਖਣ 'ਚ ਪਾਇਆ ਗਿਆ ਕਿ 92 ਫ਼ੀਸਦ ਭਾਰਤੀ ਅਮਰੀਕੀ ਰਜਿਸਟਰਡ ਵੋਟਰਾਂ ਨੇ ਨਵੰਬਰ 'ਚ ਵੋਟ ਪਾਉਣ ਦੀ ਯੋਜਨਾ ਬਣਾਈ ਹੈ੍ਹ ਭਾਰਤੀ ਭਾਈਚਾਰੇ ਨੇ ਸੈਨੇਟ ਤੇ ਪ੍ਰਤੀਨਿੱਧ ਸਦਨ ਦੋਵਾਂ ਮੁਕਾਬਲਿਆਂ 'ਚ ਡੈਮੋਕ੍ਰੇਟਿਕ ਉਮੀਦਵਾਰਾਂ ਪ੍ਰਤੀ ਇਕ ਮਜ਼ਬੂਤ ਤਰਜੀਹ ਦਿਖਾਈ ਹੈ। ਬਹੁਗਿਣਤੀ ਭਾਰਤੀਆਂ ਨੇ ਕਿਹਾ ਕਿ ਉਹ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਵਿਰੁੱਧ ਵੋਟ ਦੇਣਗੇ 'ਤੇ ਸਾਫ ਹੈ ਕਿ ਉਨਾਂ ਦੀ ਤਰਜੀਹ ਡੈਮੋਕਰੇਟਿਕ ਪਾਰਟੀ ਦੇ ਉਮੀਦਵਾਰ ਹਨ। 66 ਫ਼ੀਸਦ ਭਾਰਤੀ-ਅਮਰੀਕੀ ਵੋਟਰਾਂ ਨੇ ਡੈਮੋਕ੍ਰੇਟਿਕ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ ਜਦੋਂ ਕਿ 22 ਫ਼ੀਸਦ ਨੇ ਰਿਪਬਲਿਕਨਾਂ ਨੂੰ ਤਰਜੀਹ ਦਿੱਤੀ ਹੈ ਜਦ ਕਿ 7 ਫ਼ੀਸਦ ਨੇ ਹੋਰ ਉਮੀਦਵਾਰਾਂ ਦਾ ਸਮਰਥਨ ਕੀਤਾ ਹੈ। ਸਰਵੇਖਣ 'ਚ ਭਾਰਤੀ-ਅਮਰੀਕੀ ਵੋਟਰਾਂ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਤੀ ਬਹੁਤ ਹੱਦ ਤੱਕ ਨਕਾਰਾਤਮਕ ਨਜ਼ਰੀਆ ਪਾਇਆ ਗਿਆ ਹੈ੍ਹ 74 ਫ਼ੀਸਦ ਨੇ ਟਰੰਪ ਨੂੰ ਪ੍ਰਤੀਕੂਲ ਨਜ਼ਰ ਨਾਲ ਦੇਖਿਆ, ਜਿਸ ਵਿੱਚੋਂ 56 ਫ਼ੀਸਦ ਨੇ ਬਹੁਤ ਹੀ ਪ੍ਰਤੀਕੂਲ ਰਾਏ ਰੱਖੀ ਹੈ ਜਦ ਕਿ 20 ਫ਼ੀਸਦ ਟਰੰਪ ਪ੍ਰਤੀ ਅਨੁਕੂਲ ਨਜ਼ਰੀਆ ਰੱਖਦੇ ਹਨ। ਸਰਵੇਖਣ ਅਨੁਸਾਰ 55 ਫ਼ੀਸਦ ਨੇ ਕਿਹਾ ਕਿ ਉਨ੍ਹਾਂ ਨੇ ਪੋਲਿੰਗ ਸਥਾਨ 'ਤੇ ਵੋਟ ਪਾਉਣ ਦੀ ਯੋਜਨਾ ਬਣਾਈ ਹੈ, ਜਦੋਂ ਕਿ 34 ਫ਼ੀਸਦ ਨੇ ਡਾਕ ਰਾਹੀਂ ਵੋਟ ਪਾਉਣ ਨੂੰ ਤਰਜੀਹ ਦਿੱਤੀ ਹੈ ਅਤੇ 8 ਫ਼ੀਸਦ ਨੇ ਬੈਲਟ ਡਰਾਪ ਸਥਾਨ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਹੈ। ਤਿੰਨ-ਚੌਥਾਈ ਭਾਰਤੀ-ਅਮਰੀਕੀ ਨਾਗਰਿਕਾਂ ਨੇ ਕਿਹਾ ਕਿ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਰਾਜਨੀਤੀ 'ਤੇ ਚਰਚਾ ਕੀਤੀ ਹੈ। 19 ਫ਼ੀਸਦ ਭਾਰਤੀਆਂ ਨੇ ਟਰੰਪ ਵਿਰੋਧੀ ਪ੍ਰਦਰਸ਼ਨਾਂ, ਮਾਰਚ, ਜਾਂ ਰੈਲੀਆਂ 'ਚ ਵੀ ਹਿੱਸਾ ਲਿਆ ਹੈ। ਵਿਆਪਕ ਸਰਵੇਖਣ ਦੌਰਾਨ ਰਹਿਣ-ਸਹਿਣ ਦੀ ਲਾਗਤ ਤੇ ਮਹਿੰਗਾਈ ਪ੍ਰਮੁੱਖ ਮੁੱਦੇ ਵਜੋਂ ਉਭਰੇ ਹਨ। ਸਰਵੇਖਣ 'ਚ 2,066 ਰਜਿਸਟਰਡ ਵੋਟਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿਨਾਂ 'ਚ 1,896 ਏਸ਼ੀਆਈ ਅਮਰੀਕੀ ਤੇ 170 ਪ੍ਰਸ਼ਾਂਤ ਟਾਪੂ ਵਾਸੀ ਸ਼ਾਮਲ ਹਨ। ਮੱਧਕਾਲੀ ਚੋਣਾਂ ਰਾਸ਼ਟਰਪਤੀ ਦੇ ਚਾਰ ਸਾਲਾਂ ਦੇ ਕਾਰਜਕਾਲ ਦੇ ਅੱਧ ਵਿਚਕਾਰ ਹੁੰਦੀਆਂ ਹਨ ਜਿਨਾਂ ਤੋਂ ਸਰਕਾਰ ਪ੍ਰਤੀ ਲੋਕਾਂ ਦੀ ਸੋਚ ਦਾ ਪਤਾ ਲੱਗਦਾ ਹੈ।

# ਨੇਵਾਡਾ 'ਚ ਲੱਗੀ ਭਿਆਨਕ ਅੱਗ 'ਚ ਹਜ਼ਾਰਾਂ ਏਕੜ ਜੰਗਲ ਸੜਿਆ

## 90 ਹਜਾਰ ਲੋਕਾਂ ਨੂੰ ਇਲਾਕਾ ਖਾਲੀ ਕਰਨ ਲਈ ਕਿਹਾ



ਨੇਵਾਡਾ ਦੇ ਜੰਗਲ 'ਚ ਲੱਗ ਅੱਗ ਦਾ ਇਕ ਦ੍ਰਿਸ਼

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਸ਼ਨੀਵਾਰ ਦੇਰ ਰਾਤ ਨੇਵਾਡਾ ਦੀ ਪਹਾੜੀ ਤੋਂ ਅੱਗ ਦੀਆਂ ਲਪਟਾਂ ਤੇਜ਼ੀ ਨਾਲ ਵਧਦੀਆਂ ਦੇਖੀਆਂ ਗਈਆਂ ਜੋ ਛੇਤੀ ਹੀ ਇੱਕ ਵਿਨਾਸ਼ਕਾਰੀ ਅੱਗ ਵਿਚ ਬਦਲ ਗਈਆਂ ਜਿਸ ਨੇ ਹਜ਼ਾਰਾਂ ਏਕੜ ਜੰਗਲ ਨੂੰ ਸਾੜ ਦਿੱਤਾ ਹੈ ਅਤੇ ਦੱਖਣ-ਪੱਛਮ ਦੇ ਸਾਰੇ ਕਸਬਿਆਂ ਨੂੰ ਖਾਲੀ ਕਰਨ ਲਈ ਮਜਬੂਰ ਕੀਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਉੱਤਰੀ-ਪੱਛਮੀ ਰੇਨੋ ਵਿੱਚ ਬੇਕਾਬੂ ਅੱਗ ਮਨੁੱਖੀ ਗਲਤੀ ਦਾ ਸਿੱਟਾ ਹੈ ਤੇ 90,000 ਨਿਵਾਸੀਆਂ ਨੂੰ ਇਲਾਕਾ ਖਾਲੀ ਕਰਨ ਲਈ ਕਿਹਾ ਗਿਆ ਹੈ। ਹਜਾਰਾਂ ਨਿਵਾਸੀ ਪਹਿਲਾਂ ਹੀ ਆਪਣੇ ਘਰ ਬਾਹਰ ਛੱਡਣ ਲਈ ਮਜਬੂਰ ਹੋ ਗਏ ਹਨ। ਅੱਗ ਬੁਝਾਊ ਅਧਿਕਾਰੀਆਂ ਅਨੁਸਾਰ, ਐਤਵਾਰ ਤੱਕ ਅੱਗ ਲਗਭਗ 13,000 ਏਕੜ ਤੱਕ ਫੈਲ ਗਈ੍ਹ ਟਰੱਕੀ ਮੀਡੋਜ ਫਾਇਰ ਪ੍ਰੋਟੈਕਸ਼ਨ ਡਿਸਟ੍ਰਿਕਟ ਦੇ 3 ਯੂਨੀਫਾਈਡ ਘਟਨਾ ਕਮਾਂਡਰਾਂ ਵਿਚੋਂ ਇਕ ਸ਼ੇਨ ਐਕਰਸਨ ਨੇ ਕਿਹਾ ਕਿ ਅੱਗ ਲੱਗਣ ਨਾਲ ਕਿੰਨੀਆਂ ਇਮਾਰਤਾਂ ਨੁਕਸਾਨੀਆਂ ਗਈਆਂ ਹਨ, ਇਹ ਨਿਰਧਾਰਤ ਕਰਨ ਲਈ ਮੁਲਾਂਕਣ ਚੱਲ ਰਿਹਾ ਹੈ੍ਹ ਉਨਾਂ ਕਿਹਾ ਕਿ ਇਲਾਕੇ ਵਿਚ ਬਿਜਲੀ ਦੀ ਸਪਲਾਈ ਠੱਪ ਹੈ। ਅਜੇ ਤੱਕ ਅੱਗ 'ਤੇ ਮੁਕੰਮਲ ਕਾਬੂ ਨਹੀਂ ਪਾਇਆ ਜਾ ਸਕਿਆ ਤੇ ਅੱਗ ਨਵੇਂ ਇਲਾਕਿਆਂ ਵਿਚ ਫੈਲਦੀ ਹੋਈ ਨਜਰ ਆ ਰਹੀ ਹੈ। ਉੱਤਰ-ਪੱਛਮੀ ਰੇਨੋ ਵਿੱਚ ਇੱਕ ਪਹਾੜੀ ਦੇ ਹੇਠਾਂ ਅੱਗ ਫੈਲ ਰਹੀ ਹੈ। ਰੇਨੋ ਦੀ ਮੇਅਰ ਹਿਲੇਰੀ ਸ਼ੀਵ ਨੇ ਐਕਸ 'ਤੇ ਪੋਸਟ ਕੀਤੇ ਗਏ ਇੱਕ ਸੰਦੇਸ਼ ਵਿੱਚ ਕਿਹਾ ਕਿ ਇਸ ਅੱਗ ਵਿੱਚ ਇਮਾਰਤਾਂ ਪਹਿਲਾਂ ਹੀ ਸੜ ਚੁੱਕੀਆਂ ਹਨ ਪਰੰਤੂ ਤੁਹਾਡੀ ਜ਼ਿੰਦਗੀ ਇੱਕ ਇਮਾਰਤ ਨਾਲੋਂ ਵੱਧ ਮਹੱਤਵਪੂਰਨ ਹੈ। ਨੇਵਾਡਾ ਦੇ ਗਵਰਨਰ ਜੋਅ ਲੋਂਬਾਰਡੋ ਨੇ ਵਾਸ਼ੋ ਕਾਉਂਟੀ ਵਿੱਚ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰ ਦਿੱਤਾ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਜ਼ਮ ਨੇ ਕਿਹਾ ਕਿ ਉਨਾਂ ਦੀ ਟੀਮ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ੍ਹ ਉਨਾਂ ਕਿਹਾ ਕਿ ਅਸੀਂ ਤਾਹੋ ਖੇਤਰ ਅਤੇ ਨੇਵਾਡਾ ਵਿੱਚ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ, ਰਾਜ ਅਤੇ ਸਥਾਨਕ ਭਾਈਵਾਲਾਂ ਨੂੰ ਤਾਇਨਾਤ ਕੀਤਾ ਗਿਆ ਹੈ ਅਤੇ ਜ਼ਮੀਨ ਅਤੇ ਹਵਾ ਵਿੱਚ ਤਾਲਮੇਲ ਕੀਤਾ ਜਾ ਰਿਹਾ ਹੈ੍ਹ ਅਧਿਕਾਰੀਆਂ ਅਨੁਸਾਰ ਲਗਭਗ 800 ਫਾਇਰਫਾਈਟਰ ਅੱਗ 'ਤੇ ਕਾਬੂ ਪਾਉਣ ਵਿੱਚ ਲੱਗੇ ਹੋਏ ਹਨ, ਪਰ ਤੇਜ਼ ਹਵਾਵਾਂ ਕਾਰਨ ਅੱਗ ਉਪਰ ਕਾਬੂ ਪਾਉਣ 'ਚ ਮੁਸ਼ਕਿਲਾਂ ਆ ਰਹੀਆਂ ਹਨ।

# ਭਾਰਤੀ ਤੇ ਬੰਗਲਾਦੇਸ਼ੀ ਦੀ ਹੱਤਿਆ ਦੇ ਦੋਸ਼ੀ ਲਈ ਸਰਕਾਰੀ ਵਕੀਲਾਂ ਨੇ ਮੰਗੀ ਮੌਤ ਦੀ ਸਜ਼ਾ



ਨਿਊਯਾਰਕ : ਅਮਰੀਕਾ ਦੇ ਟੈਨੇਸੀ ਸੂਬੇ 'ਚ ਭਾਰਤੀ ਤੇ ਬੰਗਲਾਦੇਸ਼ੀ ਮੂਲ ਦੇ 2 ਪਰਵਾਸੀਆਂ ਦੀ ਹੱਤਿਆ ਦੇ ਮਾਮਲੇ 'ਚ ਸਰਕਾਰੀ ਵਕੀਲਾਂ ਨੇ ਦੋਸ਼ੀ ਕੋਰੀ ਹੌਗ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਹੈ। ਕੁਝ ਹੀ ਦਿਨਾਂ ਦੇ ਅੰਤਰ ਨਾਲ ਵਾਪਰੀਆਂ ਇਨ੍ਹਾਂ ਦੋ ਲੁੱਟ-ਗੋਲੀਬਾਰੀ ਦੀਆਂ ਘਟਨਾਵਾਂ 'ਚ 62 ਸਾਲਾ ਭਾਰਤੀ ਮੂਲ ਦੇ ਸਟੋਰ ਮਾਲਕ ਸੁਰੇਸ਼ ਪਟੇਲ ਅਤੇ 36 ਸਾਲਾ ਬੰਗਲਾਦੇਸ਼ੀ ਮੂਲ ਦੇ ਗੈਸ ਸਟੇਸ਼ਨ ਕਰਮਚਾਰੀ ਸ਼ਾਹੇਦ ਰਾਣਾ ਮੋਹਸਿਨ ਦੀ ਜਾਨ ਚਲੀ ਗਈ ਸੀ। ਪਹਿਲੀ ਵਾਰਦਾਤ ਜੈਕਸਨ ਸ਼ਹਿਰ ਦੇ 'ਰਿਜਕ੍ਰੈਸਟ ਸੈਲਰਜ਼' ਸਟੋਰ 'ਚ ਵਾਪਰੀ। ਪੁਲਿਸ ਅਨੁਸਾਰ, ਨਕਾਬਪੋਸ਼ ਹਥਿਆਰਬੰਦ ਵਿਅਕਤੀ ਨੇ ਸਟੋਰ 'ਚ ਦਾਖ਼ਲ ਹੋ ਕੇ ਨਕਦੀ ਮੰਗੀ। ਕਰਮਚਾਰੀਆਂ ਵੱਲੋਂ ਬਿਨਾਂ ਵਿਰੋਧ ਪੈਸੇ ਦੇਣ ਦੇ ਬਾਵਜੂਦ ਉਸ ਨੇ ਗੋਲੀਆਂ ਚਲਾ ਦਿੱਤੀਆਂ। ਇਸ ਹਮਲੇ 'ਚ 62 ਸਾਲਾ ਸੁਰੇਸ਼ ਪਟੇਲ ਦੀ ਮੌਤ ਹੋ ਗਈ। ਪਟੇਲ ਨੇ ਕੁਝ ਦਿਨ ਪਹਿਲਾਂ ਹੀ ਇਹ ਕਾਰੋਬਾਰ ਸੰਭਾਲਿਆ ਸੀ। ਇਸ ਤੋਂ ਤਿੰਨ ਦਿਨ ਬਾਅਦ ਬੈਲਜ਼ ਸ਼ਹਿਰ ਦੇ ਹਾਈਵੇਅ 412 'ਤੇ ਸਥਿਤ ਇਕ ਗੈਸ ਸਟੇਸ਼ਨ 'ਤੇ 36 ਸਾਲਾ ਸ਼ਾਹੇਦ ਰਾਣਾ ਮੋਹਸਿਨ ਨੂੰ ਕਥਿਤ ਲੁੱਟ ਦੌਰਾਨ ਗੋਲੀ ਮਾਰ ਦਿੱਤੀ ਗਈ। ਦੋਸ਼ੀ ਕੋਰੀ ਹੌਗ ਖ਼ ?ਲਾਫ਼ ਪਹਿਲੀ ਡਿਗਰੀ ਕਤਲ, ਗੰਭੀਰ ਹਥਿਆਰਬੰਦ ਲੁੱਟ ਤੇ ਅਪਰਾਧ ਦੌਰਾਨ ਹਥਿਆਰ ਵਰਤਣ ਸਮੇਤ ਕਈ ਦੋਸ਼ ਲਗਾਏ ਗਏ ਹਨ। ਦੋਵੇਂ ਮਾਮਲੇ ਵੱਖ-ਵੱਖ ਅਦਾਲਤਾਂ ਵਿਚ ਚੱਲਣਗੇ ਤੇ ਦੋਸ਼ਾਂ ਬਾਰੇ ਅੰਤਿਮ ਫ਼ੈਸਲਾ ਅਦਾਲਤ ਵੱਲੋਂ ਕੀਤਾ ਜਾਵੇਗਾ।

# ਕੈਲੀਫੋਰਨੀਆ ਵਿੱਚ ਕੇਰਲਾ ਰਾਜ ਦੀਆਂ ਦੋ ਭਾਰਤੀ ਔਰਤਾਂ ਦਾ ਉਨ੍ਹਾਂ ਦੀ ਸਹੇਲੀ ਵੱਲੋਂ ਬੇਰਹਿਮੀ ਨਾਲ ਕਤਲ

## ਨੌਕਰੀ ਨੂੰ ਲੈ ਕੇ ਹੋਏ ਝਗੜੇ 'ਚ ਮਾਰੀਆ ਗਈਆਂ ਤਿੰਨੋਂ ਔਰਤਾਂ ਇੱਕੋ ਹੀ ਅਪਾਰਟਮੈਂਟ ਕੰਪਲੈਕਸ 'ਚ ਰਹਿੰਦੀਆਂ ਸਨ



ਨਿਊਯਾਰਕ, (ਰਾਜ ਗੋਗਨਾ/ਸਾਡੇ ਲੋਕ) : ਪਿਛਲੇ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਰਾਜ 'ਚ ਵਾਪਰੀ ਇੱਕ ਘਟਨਾ ਵਿੱਚ ਦੋ ਭਾਰਤੀ ਔਰਤਾਂ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ, ਇੱਕ ਔਰਤ ਨੂੰ ਚਾਕੂ ਮਾਰ ਕੇ ਮਾਰ ਦਿੱਤਾ ਗਿਆ ਜਦੋਂ ਕਿ ਦੂਜੀ ਨੂੰ ਇੱਕ ਕਾਰ ਦੇ ਨਾਲ ਕੁਚਲ ਦਿੱਤਾ। ਦੋਵੇਂ ਮ੍ਰਿਤਕਾਂ ਦੀ ਪਛਾਣ ਹੋ ਗਈ ਹੈ ਅਤੇ ਉਹ ਮੂਲ ਰੂਪ ਵਿੱਚ ਕੇਰਲਾ ਰਾਜ ਦੀਆ ਰਹਿਣ ਵਾਲੀਆਂ ਹਨ। ਉਨ੍ਹਾਂ ਦੇ ਕਤਲ ਦੀ ਦੋਸ਼ੀ ਔਰਤ ਵੀ ਕੇਰਲ ਰਾਜ ਦੀ ਰਹਿਣ ਵਾਲੀ ਹੈ ਅਤੇ ਦੋਵੇਂ ਮ੍ਰਿਤਕ ਔਰਤਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ। ਇੱਕ ਰਿਪੋਰਟ ਦੇ ਅਨੁਸਾਰ, ਮ੍ਰਿਤਕ ਅਤੇ ਦੋਸ਼ੀ ਇੱਕੋ ਅਪਾਰਟਮੈਂਟ ਕੰਪਲੈਕਸ ਵਿੱਚ ਰਹਿੰਦੇ ਸਨ। ਸੈਨ ਹੋਜ਼ੇ ਕੈਲੀਫੋਰਨੀਆ ਦੀ ਸਥਾਨਕ ਪੁਲਿਸ ਦੇ ਅਨੁਸਾਰ, ਦੋਸ਼ੀ ਨੇ ਇੱਕ ਨਿੱਜੀ ਮਾਮਲੇ ਨੂੰ ਲੈ ਕੇ ਲੜਾਈ ਤੋਂ ਬਾਅਦ ਦੋਹਰੀ ਚਾਕੂ ਮਾਰ ਕੇ ਇਹ ਘਟਨਾ ਨੂੰ ਅੰਜਾਮ ਦਿੱਤਾ ਅਤੇ ਉਹਨਾਂ ਨੂੰ ਮੌਤ ਦੇ ਘਰ ਉਤਾਰ ਦਿੱਤਾ। ਇਸ ਘਟਨਾ ਵਿੱਚ ਮਰਨ ਵਾਲੀਆਂ ਔਰਤਾਂ ਵਿੱਚੋਂ ਇੱਕ ਦੀ ਪਛਾਣ ਅੰਜਨਾ ਵਜੋਂ ਹੋਈ ਹੈ, ਜਿਸਦੀ ਉਮਰ 35 ਸਾਲ ਸੀ, ਜਦੋਂ ਕਿ ਦੂਜੀ ਔਰਤ ਦਾ ਨਾਮ ਐਨ ਮੈਰੀ ਮੈਥਿਊ ਹੈ, ਜਿਸਦੀ ਉਮਰ 40 ਸਾਲ ਸੀ। ਮ੍ਰਿਤਕਾਂ ਦੇ ਪਰਿਵਾਰਾਂ ਦਾ ਦਾਅਵਾ ਹੈ ਕਿ ਅੰਜਨਾ ਅਤੇ ਮੈਰੀ ਦਾ ਕਤਲ ਉਨ੍ਹਾਂ ਦੀ ਸਹੇਲੀ ਅਨੀਲਾ ਨੇ ਕੀਤਾ ਸੀ। ਸੈਨ ਹੋਜ਼ੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਦੋਸ਼ੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਭਾਰਤ ਵਿੱਚ ਰਹਿਣ ਵਾਲੇ ਮ੍ਰਿਤਕ ਦੇ ਪਰਿਵਾਰ ਨੂੰ ਜਾਣਨ ਵਾਲੇ ਇੱਕ ਵਿਅਕਤੀ ਨੇ ਟਾਈਮਜ਼ ਆਫ਼ ਇੰਡੀਆ ਨੂੰ ਦੱਸਿਆ ਕਿ ਮੈਰੀ ਦਾ ਅਨੀਲਾ ਨਾਲ ਨੌਕਰੀ ਨੂੰ ਲੈ ਕੇ ਝਗੜਾ ਹੋਇਆ ਸੀ। ਅਮਰੀਕਾ ਦੇ ਸਥਾਨਕ ਮੀਡੀਆ ਰਿਪੋਰਟਾਂ ਦੇ ਅਨੁਸਾਰ, ਸ਼ੁੱਕਰਵਾਰ ਦੁਪਹਿਰ 1:53 ਵਜੇ 911 'ਤੇ ਇੱਕ ਕਾਲ ਆਈ ਕਿ ਲਿੰਡਾ ਵਿਸਟਾ ਸਟਰੀਟ ਦੇ 700 ਬਲਾਕ ਵਿੱਚ ਇੱਕ ਔਰਤ ਦੇ ਘਰ ਵਿੱਚ ਚਾਕੂ ਮਾਰਿਆ ਗਿਆ ਹੈ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ, ਤਾਂ ਔਰਤ ਬੇਹੋਸ਼ ਸੀ ਅਤੇ ਕੋਈ ਜਵਾਬ ਨਹੀਂ ਦੇ ਰਹੀ ਸੀ, ਅਤੇ ਐਮਰਜੈਂਸੀ ਮੈਡੀਕਲ ਟੀਮ ਦੁਆਰਾ ਉਸਨੂੰ ਅਪਰਾਧ ਵਾਲੀ ਥਾਂ 'ਤੇ ਮ੍ਰਿਤਕ ਐਲਾਨ ਦਿੱਤਾ ਗਿਆ।ਅਨੀਲਾ ਨੇ ਮੈਰੀ ਨੂੰ ਆਪਣੇ ਘਰ ਵਿੱਚ ਦਾਖਲ ਹੋਣ ਤੋਂ ਬਾਅਦ ਮਾਰ ਦਿੱਤਾ, ਜਦੋਂ ਕਿ ਅੰਜਨਾ ਦੇ ਪਰਿਵਾਰ ਦਾ ਕਹਿਣਾ ਹੈ ਕਿ ਅਨੀਲਾ ਨੇ ਉਸਨੂੰ ਕਾਰ ਨਾਲ ਟੱਕਰ ਮਾਰ ਕੇ ਮਾਰ ਦਿੱਤਾ। ਦੋਵੇਂ ਕਤਲ ਸ਼ੁੱਕਰਵਾਰ ਦੁਪਹਿਰ, ਅਮਰੀਕੀ ਸਮੇਂ ਅਨੁਸਾਰ ਕੀਤੇ ਗਏ ਸਨ, ਜਿਸਦੀ ਸੂਚਨਾ ਮ੍ਰਿਤਕ ਦੇ ਪਰਿਵਾਰ ਨੂੰ ਸ਼ਨੀਵਾਰ ਨੂੰ ਭਾਰਤ ਵਿੱਚ ਦਿੱਤੀ ਗਈ। ਮੈਰੀ ਪਿਛਲੇ ਦਸ ਸਾਲਾਂ ਤੋਂ ਆਪਣੇ ਪਤੀ ਨਾਲ ਅਮਰੀਕਾ ਵਿੱਚ ਰਹਿ ਰਹੀ ਸੀ ਅਤੇ ਇੱਕ ਇੰਜੀਨੀਅਰ ਵਜੋਂ ਕੰਮ ਕਰਦੀ ਸੀ, ਉਸਦੇ ਮਾਪਿਆਂ ਦੀ ਕੁਝ ਸਾਲ ਪਹਿਲਾਂ ਭਾਰਤ ਵਿੱਚ ਇੱਕ ਹਾਦਸੇ ਵਿੱਚ ਮੌਤ ਹੋ ਗਈ ਸੀ। ਮ੍ਰਿਤਕ ਅੰਜਨਾ ਪਿਛਲੇ ਛੇ ਸਾਲਾਂ ਤੋਂ ਕੈਲੀਫੋਰਨੀਆ ਵਿੱਚ ਅਧਿਆਪਕ ਵਜੋਂ ਕੰਮ ਕਰ ਰਹੀ ਸੀ। ਅੰਜਨਾ ਦਾ ਪਤੀ ਵੀ ਅਮਰੀਕਾ ਵਿੱਚ ਕੰਮ ਕਰਦਾ ਹੈ।

# ਭਾਰਤੀ ਮੂਲ ਦੇ ਕੌਂਸਲ ਪ੍ਰਧਾਨ ਨੇ ਜੂਏ ਦੀ ਕਮਾਈ ਚੋਣ ਫੰਡ 'ਚ ਲਗਾਉਣ ਦਾ ਦੋਸ਼ ਕਬੂਲਿਆ



ਨਿਊਯਾਰਕ : ਨਿਊ ਜਰਸੀ ਦੇ ਪ੍ਰਾਸਪੈਕਟ ਪਾਰਕ ਕੌਂਸਲ ਪ੍ਰਧਾਨ ਭਾਰਤੀ ਮੂਲ ਦੇ ਆਨੰਦ ਸ਼ਾਹ ਨੇ ਲੂਕੇਜ਼ੇ ਅਪਰਾਧੀ ਗਰੋਹ ਨਾਲ ਜੁੜੇ ਗੈਰਕਾਨੂੰਨੀ ਜੂਆ ਨੈੱਟਵਰਕ 'ਚ ਆਪਣੀ ਭੂਮਿਕਾ ਕਬੂਲ ਕਰ ਲਈ ਹੈ। 44 ਸਾਲਾ ਸ਼ਾਹ ਨੇ ਸੰਗਠਿਤ ਅਪਰਾਧ, ਹਵਾਲਾ ਰਾਸ਼ੀ ਅਤੇ ਸਰਕਾਰੀ ਅਹੁਦੇ ਦੀ ਦੁਰਵਰਤੋਂ ਦੇ ਦੋਸ਼ ਮੰਨੇ ਹਨ। ਸਮਝੌਤੇ ਤਹਿਤ ਸਰਕਾਰੀ ਵਕੀਲ ਸ਼ਾਹ ਲਈ 10 ਸਾਲ ਦੀ ਕੈਦ ਦੀ ਸਿਫ਼ਾਰਸ਼ ਕਰਨਗੇ। ਪੈਰੋਲ ਤੋਂ ਪਹਿਲਾਂ ਉਸ ਨੂੰ ਸਜ਼ਾ ਦਾ ਘੱਟੋ-ਘੱਟ 85 ਫ਼ੀਸਦੀ ਸਮਾਂ ਪੂਰਾ ਕਰਨਾ ਪਵੇਗਾ। ਅੰਤਿਮ ਸਜ਼ਾ 4 ਦਸੰਬਰ ਨੂੰ ਸੁਣਾਈ ਜਾਵੇਗੀ। ਦੋਸ਼ ਕਬੂਲਣ ਤੋਂ ਬਾਅਦ ਸ਼ਾਹ ਨੇ ਅਸਤੀਫ਼ਾ ਦੇ ਦਿੱਤਾ ਹੈ ਅਤੇ ਉਸ ਉੱਤੇ ਭਵਿੱਖ 'ਚ ਕੋਈ ਸਰਕਾਰੀ ਅਹੁਦਾ ਸੰਭਾਲਣ ਦੀ ਪੱਕੀ ਪਾਬੰਦੀ ਲੱਗ ਗਈ ਹੈ। ਜਾਂਚ ਅਨੁਸਾਰ ਆਨੰਦ ਸ਼ਾਹ ਗੈਰਕਾਨੂੰਨੀ ਪੋਕਰ ਕਲੱਬਾਂ ਦਾ ਪ੍ਰਬੰਧਕ ਤੇ ਆਨਲਾਈਨ ਖੇਡ ਸੱਟੇਬਾਜ਼ੀ ਦਾ ਏਜੰਟ ਸੀ। ਜਨਵਰੀ 2017 ਤੋਂ ਅਗਸਤ 2023 ਤੱਕ ਉਸ ਨਾਲ 9,00,084 ਡਾਲਰ ਦੀ ਅਪਰਾਧਕ ਕਮਾਈ ਜੋੜੀ ਗਈ। ਉਸ ਨੇ ਮੰਨਿਆ ਕਿ ਜੂਏ ਦਾ ਕਰਜ਼ਾ ਦੇਣ ਵਾਲੇ ਕੁਝ ਲੋਕਾਂ ਤੋਂ ਪੈਸੇ ਵਾਪਸ ਲੈਣ ਦੀ ਥਾਂ ਆਪਣੀ ਚੋਣ ਮੁਹਿੰਮ ਲਈ ਚੰਦਾ ਲਿਆ ਤੇ ਬਦਲੇ ਵਿਚ ਉਨ੍ਹਾਂ ਦਾ ਕਰਜ਼ਾ ਮੁਆਫ਼ ਕੀਤਾ। ਸ਼ਾਹ ਨੂੰ ਅਪ੍ਰੈਲ 2025 'ਚ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਉਹ ਬਾਅਦ 'ਚ 821 ਵੋਟਾਂ ਨਾਲ ਮੁੜ ਕੌਂਸਲ ਮੈਂਬਰ ਚੁਣਿਆ ਗਿਆ। 2 ਸਾਲ ਚੱਲੀ ਜਾਂਚ ਦੌਰਾਨ ਕੁੱਲ 42 ਵਿਅਕਤੀਆਂ ਖ਼ ?ਲਾਫ਼ ਦੋਸ਼ ਲਗਾਏ ਗਏ ਅਤੇ ਕਰੀਬ 47 ਲੱਖ 90 ਹਜ਼ਾਰ ਡਾਲਰ ਦੀ ਸ਼ੱਕੀ ਕਮਾਈ ਦਾ ਪਤਾ ਲੱਗਿਆ। ਹੁਣ ਤੱਕ 38 ਮੁਲਜ਼ਮ ਦੋਸ਼ ਕਬੂਲ ਕਰ ਚੁੱਕੇ ਹਨ।

# ਈਰਾਨ ਦੇ ਇਕ ਹੋਰ ਬੈਂਕ 'ਤੇ ਪਾਬੰਦੀ ਲਾਉਣ ਦੀ ਤਿਆਰੀ 'ਚ ਅਮਰੀਕਾ : ਬੇਸੈਂਟ



ਐਸ਼ਵਿਲ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਈਰਾਨ ਨਾਲ ਵਿੱਤੀ ਲੈਣ-ਦੇਣ 'ਤੇ ਹੋਰ ਸਖ਼ਤੀ ਕਰਨ ਲਈ ਇਸ ਹਫ਼ਤੇ ਇਕ ਹੋਰ ਬੈਂਕ 'ਤੇ ਪਾਬੰਦੀ ਲਾਉਣ ਦੀ ਤਿਆਰੀ ਕਰ ਰਿਹਾ ਹੈ। ਅਮਰੀਕਾ ਦੇ ਵਿੱਤ ਮੰਤਰੀ ਸਕਾਟ ਬੇਸੈਂਟ ਨੇ ਇਹ ਜਾਣਕਾਰੀ ਦਿੱਤੀ ਹੈ। ਉੱਤਰੀ ਕੈਰੋਲੀਨਾ ਦੇ ਐਸ਼ਵਿਲ ਵਿਚ ਹੋਣ ਵਾਲੇ ਜੀ-20 ਸੰਮੇਲਨ ਦੌਰਾਨ ਬੇਸੈਂਟ ਦੁਨੀਆ ਦੀਆਂ ਪ੍ਰਮੁੱਖ ਅਤੇ ਉੱਭਰਦੀਆਂ ਅਰਥਵਿਵਸਥਾਵਾਂ ਦੇ ਆਪਣੇ ਹਮਰੁਤਬਾ ਆਗੂਆਂ ਨਾਲ ਵੱਖ-ਵੱਖ ਮੁਲਾਕਾਤਾਂ ਕਰਨਗੇ ਅਤੇ ਈਰਾਨ ਨੂੰ ਆਰਥਿਕ ਤੌਰ 'ਤੇ ਇਕੱਲਾ ਕਰਨ ਲਈ ਅਮਰੀਕਾ ਦੇ ਯਤਨਾਂ ਵਿਚ ਉਨ੍ਹਾਂ ਦਾ ਸਹਿਯੋਗ ਹਾਸਲ ਕਰਨ ਦੀ ਕੋਸ਼ਿਸ਼ ਕਰਨਗੇ। ਇਨ੍ਹਾਂ ਬੈਠਕਾਂ ਤੋਂ ਪਹਿਲਾਂ ਇਕ ਇੰਟਰਵਿਊ ਵਿਚ ਬੇਸੈਂਟ ਨੇ ਕਿਹਾ, "ਜੇਕਰ ਲੋੜ ਪਈ ਤਾਂ ਵਿੱਤੀ ਮੋਰਚੇ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਅਸੀਂ ਲੋਕਾਂ ਨੂੰ ਇਹ ਦਿਖਾ ਰਹੇ ਹਾਂ ਕਿ ਸਾਨੂੰ ਪਤਾ ਹੈ ਕਿ ਤੁਸੀਂ ਕੌਣ ਹੋ, ਤੁਹਾਨੂੰ ਵੀ ਪਤਾ ਹੈ ਕਿ ਤੁਸੀਂ ਕੌਣ ਹੋ ਅਤੇ ਇਹ ਸਭ ਹੁਣ ਬੰਦ ਹੋਣਾ ਚਾਹੀਦਾ ਹੈ।" ਬੇਸੈਂਟ ਨੇ ਹੁਣੇ ਜਿਹੇ ਇਕ ਨਵੀਂ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ, ਜਿਸ ਦਾ ਉਦੇਸ਼ ਉਨ੍ਹਾਂ ਦੇਸ਼ਾਂ 'ਤੇ ਦਬਾਅ ਬਣਾਉਣਾ ਹੈ, ਜੋ ਪਹਿਲਾਂ ਹੀ ਅਮਰੀਕਾ ਦੀਆਂ ਸਖ਼ਤ ਪਾਬੰਦੀਆਂ ਦਾ ਸਾਹਮਣਾ ਕਰ ਰਹੇ ਈਰਾਨ ਨਾਲ ਹੁਣ ਵੀ ਕਾਰੋਬਾਰ ਕਰ ਰਹੇ ਹਨ। ਅਜਿਹੇ ਦੇਸ਼ਾਂ ਨੂੰ ਈਰਾਨ ਨਾਲੋਂ ਆਪਣੇ ਵਿੱਤੀ ਸਬੰਧ ਤੋੜਨ ਜਾਂ ਫਿਰ ਅਮਰੀਕਾ ਵੱਲੋਂ ਜਵਾਬੀ ਕਾਰਵਾਈ ਦਾ ਸਾਹਮਣਾ ਕਰਨ ਲਈ ਕਿਹਾ ਗਿਆ ਹੈ। ਵਿੱਤ ਵਿਭਾਗ ਨੇ ਇਸ ਮੁਹਿੰਮ ਤਹਿਤ ਸ਼ੁੱਕਰਵਾਰ ਨੂੰ ਆਪਣੀ ਪਹਿਲੀ ਅਧਿਕਾਰਤ ਕਾਰਵਾਈ ਕੀਤੀ ਸੀ।

# ਨਿਪਾਲ ਦੀ ਕੁਦਰਤੀ ਕਰੋਪੀ

ਗੁਆਂਢੀ ਹਿਮਾਲਿਆਈ ਦੇਸ਼ ਨਿਪਾਲ ਵਿਚ ਅਚਾਨਕ ਆਏ ਹੜ੍ਹਾਂ ਨੇ ਭਿਆਨਕ ਤਬਾਹੀ ਮਚਾਈ ਹੈ। ਇਸ ਨਾਲ ਸੈਂਕੜੇ ਹੀ ਲੋਕਾਂ ਦੇ ਮਰਨ ਦੀਆਂ ਅਤੇ ਵੱਡੀ ਗਿਣਤੀ ਵਿਚ ਲਾਪਤਾ ਹੋਣ ਦੀਆਂ ਖ਼ਬਰਾਂ ਆਈਆਂ ਹਨ। ਇਹ ਕੁਦਰਤੀ ਤ੍ਰਾਸਦੀ ਸਿਰਫ਼ ਨਿਪਾਲ ਦੀ ਨਹੀਂ ਹੈ, ਸਗੋਂ ਭਾਰਤ ਦੇ ਨਾਲ ਦੁਨੀਆ ਦੇ ਉਨ੍ਹਾਂ ਦੇਸ਼ਾਂ ਦੀ ਵੀ ਹੈ, ਜਿਨ੍ਹਾਂ ਦੇ ਨਾਗਰਿਕ ਅਚਾਨਕ ਇਨ੍ਹਾਂ ਹੜ੍ਹਾਂ ਦੀ ਲਪੇਟ ਵਿਚ ਆ ਗਏ ਹਨ। ਇਕ ਅੰਦਾਜ਼ੇ ਅਨੁਸਾਰ ਘੱਟੋ-ਘੱਟ 30 ਦੇਸ਼ਾਂ ਦੇ ਸੈਲਾਨੀ ਨਿਪਾਲ ਦੀ ਯਾਤਰਾ 'ਤੇ ਆਏ ਹੋਏ ਸਨ। ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਦਰਜਨਾਂ ਹੀ ਵਿਅਕਤੀ ਕੈਲਾਸ਼-ਮਾਨਸਰੋਵਰ ਦੀ ਯਾਤਰਾ 'ਤੇ ਵੀ ਗਏ ਹੋਏ ਸਨ। ਨਿਪਾਲ ਦੇ ਸੈਰ-ਸਪਾਟਾ ਵਿਭਾਗ ਅਨੁਸਾਰ ਕੁਲ 1500 ਤੋਂ ਵੱਧ ਲੋਕਾਂ ਦੇ ਲਾਪਤਾ ਹੋਣ ਦੀਆਂ ਖ਼ਬਰਾਂ ਹਨ। ਤਿੱਬਤ ਨਾਲ ਲਗਦੇ ਨਿਪਾਲ ਦੇ ਕਈ ਜ਼ਿਲ੍ਹਿਆਂ ਵਿਚ ਵੱਡੀ ਤਬਾਹੀ ਹੋਈ ਹੈ। ਇਸ ਵਿਚ ਕਈ ਪਣਬਿਜਲੀ ਪ੍ਰੋਜੈਕਟਾਂ ਦੇ ਨਾਲ-ਨਾਲ ਘਰ, ਸੜਕਾਂ ਅਤੇ ਬਾਜ਼ਾਰ ਤੱਕ ਰੁੜ੍ਹ ਗਏ ਹਨ। ਨਿਪਾਲ ਪੁਲਿਸ ਨੇ ਇਹ ਸਤਰਾਂ ਲਿਖੇ ਜਾਣ ਤੱਕ 547 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਦੂਜੇ ਪਾਸੇ ਚੀਨ ਨੇ ਆਪਣੇ ਪਾਸੇ ਤਿੱਬਤ ਵਿਚ 5 ਲੋਕਾਂ ਦੇ ਮਾਰੇ ਜਾਣ ਤੇ 558 ਲੋਕਾਂ ਦੇ ਗੁੰਮ ਹੋਣ ਦੀ ਜਾਣਕਾਰੀ ਦਿੱਤੀ ਹੈ। ਨਿਪਾਲ 'ਚ ਗੁੰਮ ਹੋਏ 500 ਵਿਦੇਸ਼ੀ ਲੋਕਾਂ ਵਿਚੋਂ 320 ਭਾਰਤੀ ਦੱਸੇ ਜਾ ਰਹੇ ਹਨ, ਜਿਨ੍ਹਾਂ ਦੀ ਭਾਲ ਜਾਰੀ ਹੈ। ਭਾਰਤ ਵਲੋਂ ਤੁਰੰਤ ਕਾਰਵਾਈ ਕਰਦਿਆਂ ਇਕ ਫ਼ੌਜੀ ਟਰਾਂਸਪੋਰਟ ਜਹਾਜ਼ ਰਾਹੀਂ ਰਾਹਤ ਦੀ ਸਮੱਗਰੀ ਦੀ ਪਹਿਲੀ ਖੇਪ ਵੀ ਭੇਜ ਦਿੱਤੀ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਿਪਾਲੀ ਪ੍ਰਧਾਨ ਮੰਤਰੀ ਬਾਲੇਂਦਰ ਸ਼ਾਹ ਨਾਲ ਗੱਲ ਕਰ ਕੇ ਜਲਦ ਤੋਂ ਜਲਦ ਹਰ ਸੰਭਵ ਸਹਾਇਤਾ ਭੇਜਣ ਦਾ ਯਕੀਨ ਦਿਵਾਇਆ ਹੈ। ਨਿਪਾਲ ਦੀ ਸਰਹੱਦ ਨਾਲ ਲਗਦੇ ਬਿਹਾਰ ਅਤੇ ਉੱਤਰ ਪ੍ਰਦੇਸ਼ ਵਿਚ ਹਾਲੇ ਇਸ ਹੜ੍ਹ ਦਾ ਨੁਕਸਾਨ ਨਹੀਂ ਦੇਖਿਆ ਗਿਆ ਪਰ ਇਸ ਨੇ ਭਾਰਤ ਦੀ ਚਿੰਤਾ ਵਿਚ ਵਾਧਾ ਜ਼ਰੂਰ ਕਰ ਦਿੱਤਾ ਹੈ। ਇਸ ਤਬਾਹੀ ਦਾ ਅੰਦਾਜ਼ਾ ਤਾਂ ਗਲੇਸ਼ੀਅਰ ਦੇ ਕਮਜ਼ੋਰ ਪੈ ਜਾਣ ਨਾਲ ਇਕਦਮ ਪਾਣੀ ਅਤੇ ਚਟਾਨਾਂ ਦੇ ਟੁੱਟਣ ਨਾਲ ਹੋਇਆ ਹੈ। ਨਿਪਾਲ ਵਿਚ ਪਹਿਲਾਂ ਵੀ ਅਜਿਹੇ ਕੁਦਰਤੀ ਹਾਦਸੇ ਵਾਪਰਦੇ ਰਹੇ ਹਨ ਪਰ ਇਸ ਤੋਂ ਪਹਿਲਾਂ ਉੱਥੇ ਏਨੀ ਵੱਡੀ ਤਬਾਹੀ ਦਾ ਮੰਜ਼ਰ ਨਹੀਂ ਸੀ ਦੇਖਿਆ ਗਿਆ। ਇਸ ਦਾ ਵੱਡਾ ਕਾਰਨ ਧਰਤੀ ਦੀ ਤਪਸ਼ ਨਾਲ ਵੀ ਜੋੜਿਆ ਜਾ ਰਿਹਾ ਹੈ। ਨਿਪਾਲ ਵਿਚ ਪਿਛਲੇ ਦਹਾਕਿਆਂ ਵਿਚ ਲਗਾਤਾਰ ਗਲੇਸ਼ੀਅਰਾਂ ਦੇ ਪਿਘਲਣ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ। ਦੁਨੀਆ ਭਰ ਵਿਚ ਪਿਛਲੇ ਲੰਮੇ ਸਮੇਂ ਤੋਂ ਵਾਤਾਵਰਨ ਵਿਗਿਆਨੀਆਂ ਵਿਚ ਗਲੋਬਲ ਵਾਰਮਿੰਗ (ਦੁਨਿਆਵੀ ਤਪਸ਼) ਦੀ ਗੱਲ ਚਲਦੀ ਰਹੀ ਹੈ। ਇਸ ਦਾ ਵੱਡਾ ਕਾਰਨ ਗ੍ਰੀਨ ਹਾਊਸ ਗੈਸਾਂ ਦਾ ਲਗਾਤਾਰ ਫੈਲਣਾ ਵੀ ਕਿਹਾ ਜਾ ਸਕਦਾ ਹੈ। ਇਸੇ ਲਈ ਹੀ ਅੰਤਰਰਾਸ਼ਟਰੀ ਮੰਚਾਂ 'ਤੇ ਹਰ ਸੂਰਤ ਵਿਚ ਇਨ੍ਹਾਂ ਗੈਸਾਂ ਨੂੰ ਸੀਮਤ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ ਰਹੀਆਂ ਹਨ। ਪਹਾੜਾਂ ਵਿਚ ਆਉਂਦੀਆਂ ਅਜਿਹੀਆਂ ਆਫ਼ਤਾਂ ਨੂੰ ਆਧੁਨਿਕ ਜੀਵਨ ਦੀ ਬੇਤਰਤੀਬੀ ਨਾਲ ਵੀ ਜੋੜਿਆ ਜਾਂਦਾ ਹੈ। ਲਗਾਤਾਰ ਉਸਾਰੀਆਂ, ਸੜਕਾਂ, ਘਰਾਂ ਅਤੇ ਬਾਜ਼ਾਰਾਂ ਦੀਆਂ ਉਸਾਰੀਆਂ ਦੀ ਬੇਤਰਤੀਬੀ ਵੀ ਪਹਾੜਾਂ ਲਈ ਇਕ ਵੱਡਾ ਖ਼ਤਰਾ ਬਣਿਆ ਜਾਪਦਾ ਹੈ। ਪਹਾੜਾਂ ਵਿਚ ਹਰ ਤਰ੍ਹਾਂ ਦੀਆਂ ਉਸਾਰੀਆਂ ਦੀ ਵੀ ਇਕ ਸੀਮਾ ਹੋਣੀ ਜ਼ਰੂਰੀ ਹੈ। ਜੰਗਲਾਂ ਦੀ ਲਗਾਤਾਰ ਕਟਾਈ ਵੀ ਹੜ੍ਹਾਂ ਦਾ ਕਾਰਨ ਬਣਦੀ ਹੈ।

ਵੱਡੀ ਗਿਣਤੀ ਵਿਚ ਸੈਲਾਨੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਘੜੀਆਂ ਜਾ ਰਹੀਆਂ ਯੋਜਨਾਵਾਂ ਦੀ ਬਹੁਤਾਤ ਅਕਸਰ ਕੁਦਰਤੀ ਆਫ਼ਤ ਦਾ ਰੂਪ ਧਾਰਨ ਕਰ ਲੈਂਦੀ ਹੈ। ਅੱਜ ਤਕਨੀਕ ਦੇ ਯੁਗ ਵਿਚ ਸੈਟੇਲਾਈਟਾਂ ਰਾਹੀਂ ਲਗਾਤਾਰ ਗਲੇਸ਼ੀਅਰਾਂ ਦੀ ਨਿਗਰਾਨੀ ਬੇਹੱਦ ਜ਼ਰੂਰੀ ਹੈ, ਜਿਸ ਨਾਲ ਆਉਣ ਵਾਲੀ ਕੁਦਰਤੀ ਆਫ਼ਤ ਦਾ ਪਤਾ ਲਗਾਇਆ ਜਾਣਾ ਸੰਭਵ ਹੋ ਸਕਦਾ ਹੈ। ਅਜਿਹੀਆਂ ਤਕਨੀਕਾਂ ਨਾਲ ਵੱਡੀ ਗਿਣਤੀ ਵਿਚ ਮਨੁੱਖੀ ਜਾਨਾਂ ਨੂੰ ਬਚਾਉਣ ਵਿਚ ਸਹਾਇਤਾ ਮਿਲ ਸਕਦੀ ਹੈ। ਇਹ ਭਿਆਨਕ ਹੜ੍ਹ ਇਕ ਅਜਿਹੀ ਚਿਤਾਵਨੀ ਜ਼ਰੂਰ ਹਨ, ਜੋ ਪਹਾੜਾਂ ਵਿਚ ਹੋ ਰਹੇ ਹਰ ਤਰ੍ਹਾਂ ਦੇ ਨਿਰਮਾਣ ਪ੍ਰਤੀ ਸੁਚੇਤ ਯੋਜਨਾਬੰਦੀ ਦੀ ਲੋੜ ਵੱਲ ਇਸ਼ਾਰਾ ਕਰਦੀ ਹੈ। ਵਿਸ਼ਾਲ ਹਿਮਾਲਿਆ ਦੀ ਸ਼ਰਨ ਵਿਚ ਬੈਠੇ ਏਸ਼ੀਆ ਦੇ ਇਸ ਵੱਡੇ ਖਿੱਤੇ ਉੱਪਰ ਵਧ ਰਹੇ ਵਾਤਾਵਰਨ ਅਸੰਤੁਲਨ ਦੇ ਪੈਣ ਵਾਲੇ ਪ੍ਰਭਾਵਾਂ ਨੂੰ ਲੈ ਕੇ ਹੋਰ ਵੀ ਸੁਚੇਤ ਹੋ ਕੇ ਸੋਚਣ ਦੀ ਜ਼ਰੂਰਤ ਹੋਵੇਗੀ।

# ਨ.ਫਰਤ ਦੇ ਬਾਜ਼ਾਰ 'ਚ ਪਸ਼ੇਮਾਨ ਮਨੁੱਖਤਾ



ਭਾਰਤ ਸਮੇਤ ਦੁਨੀਆ ਭਰ ਵਿੱਚ ਅੱਜ ਅਜਿਹਾ ਮਾਹੌਲ ਬਣ ਚੁੱਕਿਆ ਹੈ, ਜਿਸ ਦੀ ਸ਼ਾਇਦ ਕੁਝ ਸਾਲ ਪਹਿਲਾਂ ਤੱਕ ਅਸੀਂ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਪਿਛਲੇ ਲਗਪਗ ਡੇਢ ਦਹਾਕੇ ਦੌਰਾਨ ਦੇਸ਼-ਦੁਨੀਆ ਵਿੱਚ ਜਿੰਨੀ ਉਥਲ-ਪੁਥਲ ਹੋਈ ਹੈ, ਉਸ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਕਿ ਜੇਕਰ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਆਉਣ ਵਾਲਾ ਸਮਾਂ ਹੋਰ ਵੀ ਚੁਣੌਤੀਪੂਰਨ ਹੋ ਸਕਦਾ ਹੈ। ਅਸੀਂ ਆਪਣੇ ਸਮਿਆਂ ਦੌਰਾਨ ਕਈ ਮੁਲਕਾਂ ਵਿੱਚ ਜੰਗਾਂ ਲੱਗਦੀਆਂ ਵੇਖੀਆਂ ਹਨ। ਕਈ ਦੇਸ਼ਾਂ ਵਿੱਚ ਸਰਕਾਰਾਂ ਬਦਲਦੀਆਂ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸੱਤਾ ਤੋਂ ਲਾਂਭੇ ਹੁੰਦੇ ਅਤੇ ਲੋਕਾਂ ਦੇ ਹੱਥੋਂ ਰੋਟੀ, ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਖੋਹੇ ਜਾਂਦੇ ਵੀ ਵੇਖੇ ਹਨ। ਸਵਾਲ ਇਹ ਹੈ ਕਿ ਇਸ ਸਾਰੀ ਉਥਲ-ਪੁਥਲ ਦਾ ਅਸਲ ਖਮਿਆਜ਼ਾ ਕੌਣ ਭੁਗਤਦਾ ਹੈ? ਜਵਾਬ ਸਾਫ਼ ਹੈ, ਆਮ ਲੋਕ।

ਪਿਛਲੇ ਦੋ-ਤਿੰਨ ਸਾਲਾਂ ਤੋਂ ਫ਼ਲਸਤੀਨ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੇ ਟਕਰਾਅ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉੱਥੇ ਵੱਡੀ ਗਿਣਤੀ ਵਿੱਚ ਬੇਗੁਨਾਹ ਲੋਕ, ਜਿਨ੍ਹਾਂ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਿਲ ਹਨ, ਇਸ ਦੀ ਭੇਟ ਚੜ੍ਹੇ ਹਨ। ਹਰ ਪਾਸੇ ਗੋਲਾ-ਬਾਰੂਦ, ਬੰਬਾਂ ਦੇ ਧਮਾਕੇ, ਢਹਿ ਚੁੱਕੀਆਂ ਸਕੂਲਾਂ ਤੇ ਹਸਪਤਾਲਾਂ ਦੀਆਂ ਇਮਾਰਤਾਂ ਨਜ਼ਰ ਆਉਂਦੇ ਹਨ। ਇਸ ਤਬਾਹੀ ਦੇ ਵਿਚਕਾਰ ਸਭ ਤੋਂ ਵੱਡੀ ਕਮੀ ਰੋਟੀ ਦੀ ਹੈ। ਜਿੱਥੇ ਬੋਰੀਆਂ, ਬਸਤਿਆਂ ਅਤੇ ਵੱਡੇ-ਵੱਡੇ ਟਰੱਕਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਪਹੁੰਚਣੀਆਂ ਚਾਹੀਦੀਆਂ ਹਨ, ਉੱਥੇ ਹਥਿਆਰ ਅਤੇ ਗੋਲਾ-ਬਾਰੂਦ ਪਹੁੰਚ ਰਿਹਾ ਹੈ। ਸਵਾਲ ਇਹ ਹੈ ਕਿ ਕੀ ਇਨਸਾਨ ਗੋਲੇ-ਬਾਰੂਦ ਖਾ ਕੇ ਜਿਊਂਦਾ ਰਹਿ ਸਕਦਾ ਹੈ?

ਜਿਸ ਮਨੁੱਖ ਨੂੰ ਰੋਟੀ ਦੀ ਲੋੜ ਹੈ, ਜੇਕਰ ਉਸ ਦੇ ਪੱਲੇ ਹਥਿਆਰ ਪਾ ਦਿੱਤੇ ਜਾਣ ਤਾਂ ਉਸ ਦੀ ਜ਼ਿੰਦਗੀ ਕਿਵੇਂ ਬਦਲੇਗੀ? ਦਰਅਸਲ, ਅੱਜ ਸਾਡੇ ਸਮਾਜ ਅਤੇ ਦੁਨੀਆ ਵਿੱਚ ਕੁਝ ਅਜਿਹਾ ਹੀ ਹੋ ਰਿਹਾ ਹੈ। ਦੁਨੀਆ ਦੇ ਬਹੁਤ ਘੱਟ ਮੁਲਕ ਹੋਣਗੇ ਜਿੱਥੇ ਕਿਸੇ ਨਾ ਕਿਸੇ ਰੂਪ ਵਿੱਚ ਨਫ਼ਰਤ ਜਾਂ ਹਿੰਸਾ ਦੀ ਅੱਗ ਨਾ ਫੈਲੀ ਹੋਵੇ। ਵਿਸ਼ਵ ਦੀਆਂ ਵੱਡੀਆਂ ਤਾਕਤਾਂ ਅਮਨ-ਸ਼ਾਂਤੀ ਦੀਆਂ ਗੱਲਾਂ ਤਾਂ ਕਰਦੀਆਂ ਹਨ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਕਾਰਵਾਈਆਂ ਅਕਸਰ ਇਸ ਦੇ ਉਲਟ ਤਸਵੀਰ ਪੇਸ਼ ਕਰਦੀਆਂ ਹਨ। ਇਹ ਸਵਾਲ ਵੀ ਵਾਰ-ਵਾਰ ਉੱਠਦਾ ਹੈ ਕਿ ਜੰਗਾਂ ਦੇ ਪਿੱਛੇ ਅਸਲ ਕਾਰਨ ਕੀ ਹੁੰਦੇ ਹਨ? ਕੀ ਸੱਚਮੁੱਚ ਸਿਰਫ਼ ਸਰਹੱਦਾਂ, ਵਿਚਾਰਧਾਰਾਵਾਂ ਜਾਂ ਸੁਰੱਖਿਆ ਹੀ ਇਸ ਦਾ ਕਾਰਨ ਹੈ ਜਾਂ ਫਿਰ ਇਸ ਦੇ ਪਿੱਛੇ ਤੇਲ, ਖਣਿਜ ਪਦਾਰਥ, ਕੁਦਰਤੀ ਸਰੋਤ, ਵਪਾਰਕ ਹਿੱਤ ਅਤੇ ਹਥਿਆਰਾਂ ਦਾ ਬਾਜ਼ਾਰ ਵੱਡੀ ਭੂਮਿਕਾ ਨਿਭਾਉਂਦਾ ਹੈ।

ਅਸਲ ਗੱਲ ਤਾਂ ਇਹ ਹੈ ਕਿ ਕੁਦਰਤੀ ਸਰੋਤਾਂ ਨਾਲ ਭਰਪੂਰ ਖੇਤਰਾਂ ਵਿੱਚ ਚੱਲ ਰਹੇ ਸੰਘਰਸ਼ਾਂ ਪਿੱਛੇ ਵੱਡੇ ਆਰਥਿਕ ਹਿੱਤ ਕੰਮ ਕਰਦੇ ਹਨ। ਜਦੋਂ ਕਿਸੇ ਮੁਲਕ ਵਿੱਚ ਜੰਗ ਲੱਗਦੀ ਹੈ ਤਾਂ ਆਮ ਲੋਕ ਮਰਦੇ ਹਨ, ਘਰ ਤਬਾਹ ਹੁੰਦੇ ਹਨ, ਬੱਚਿਆਂ ਦੀ ਪੜ੍ਹਾਈ ਰੁਕਦੀ ਹੈ, ਹਸਪਤਾਲ ਬੰਦ ਹੁੰਦੇ ਹਨ ਅਤੇ ਰੁਜ਼ਗਾਰ ਦੇ ਮੌਕੇ ਖ਼ਤਮ ਹੋ ਜਾਂਦੇ ਹਨ। ਹਾਲਾਂਕਿ ਹਥਿਆਰ ਬਣਾਉਣ ਅਤੇ ਵੇਚਣ ਵਾਲੀਆਂ ਕੰਪਨੀਆਂ ਲਈ ਇਹੀ ਜੰਗ ਇੱਕ ਵੱਡਾ ਬਾਜ਼ਾਰ ਬਣ ਜਾਂਦੀ ਹੈ। ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬ, ਕਲਮ ਅਤੇ ਰੁਜ਼ਗਾਰ ਦੀ ਥਾਂ ਜਦੋਂ ਬੰਦੂਕ ਫੜਾ ਦਿੱਤੀ ਜਾਂਦੀ ਹੈ ਤਾਂ ਕਿਸੇ ਵੀ ਮੁਲਕ ਦਾ ਭਵਿੱਖ ਹਨੇਰੇ ਵੱਲ ਚਲਾ ਜਾਂਦਾ ਹੈ। ਨੌਜਵਾਨਾਂ ਦੇ ਮਨਾਂ ਵਿੱਚ ਨਫ਼ਰਤ ਭਰ ਕੇ ਉਨ੍ਹਾਂ ਨੂੰ ਆਪਣੇ ਹੀ ਲੋਕਾਂ ਵਿਰੁੱਧ ਖੜ੍ਹਾ ਕਰ ਦੇਣਾ ਮਨੁੱਖਤਾ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਬੰਦੂਕ ਕਿਸੇ ਸਮੱਸਿਆ ਦਾ ਸਥਾਈ ਹੱਲ ਨਹੀਂ ਹੋ ਸਕਦੀ, ਇਹ ਸਿਰਫ਼ ਇੱਕ ਹੋਰ ਮੌਤ, ਇੱਕ ਹੋਰ ਜ਼ਖ਼ਮ ਅਤੇ ਇੱਕ ਹੋਰ ਪਰਿਵਾਰ ਦੀ ਤਬਾਹੀ ਲਿਆ ਸਕਦੀ ਹੈ।

ਪਹਿਲੀ ਅਤੇ ਦੂਜੀ ਆਲਮੀ ਜੰਗ ਦੌਰਾਨ ਦੁਨੀਆ ਨੇ ਬਹੁਤ ਕੁਝ ਦੇਖਿਆ, ਪਰ ਅਫ਼ਸੋਸ ਕਿ ਜੰਗਾਂ ਤੋਂ ਕੋਈ ਸਬਕ ਨਹੀਂ ਸਿੱਖਿਆ ਗਿਆ। ਅਸੀਂ ਜਾਣਦੇ ਹਾਂ ਕਿ ਜੰਗ ਕਿਸੇ ਵੀ ਮਸਲੇ ਦਾ ਸਥਾਈ ਹੱਲ ਨਹੀਂ। ਇਸ ਦੇ ਬਾਵਜੂਦ ਛੋਟੀਆਂ-ਵੱਡੀਆਂ ਜੰਗਾਂ ਅਤੇ ਹਿੰਸਕ ਟਕਰਾਅ ਲਗਾਤਾਰ ਜਾਰੀ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਸਾਲ ਹੋਏ ਫ਼ੌਜੀ ਟਕਰਾਅ ਨੇ ਵੀ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵਧਾਇਆ। ਭਾਵੇਂ ਇਹ ਟਕਰਾਅ ਬਹੁਤ ਲੰਮਾ ਨਹੀਂ ਚੱਲਿਆ, ਪਰ ਇਸ ਨੇ ਨਫ਼ਰਤ ਅਤੇ ਬੇਭਰੋਸਗੀ ਦੀਆਂ ਕੰਧਾਂ ਹੋਰ ਉੱਚੀਆਂ ਕਰ ਦਿੱਤੀਆਂ। ਜੰਗ ਖ਼ਤਮ ਹੋਣ ਤੋਂ ਬਾਅਦ ਵੀ ਉਸ ਦਾ ਅਸਰ ਲੰਮੇ ਸਮੇਂ ਤੱਕ ਰਹਿੰਦਾ ਹੈ। ਲੋਕਾਂ ਨੂੰ ਅਕਸਰ ਇਹ ਪਤਾ ਵੀ ਨਹੀਂ ਹੁੰਦਾ ਕਿ ਜੰਗਾਂ ਦੀ ਅਸਲ ਜੜ੍ਹ ਕੀ ਹੈ; ਉਨ੍ਹਾਂ ਨੂੰ ਸਿਰਫ਼ ਇਹ ਦੱਸਿਆ ਜਾਂਦਾ ਹੈ ਕਿ ਦੁਸ਼ਮਣ ਕੌਣ ਹੈ ਅਤੇ ਉਸ ਨਾਲ ਲੜਨਾ ਕਿਉਂ ਜ਼ਰੂਰੀ ਹੈ? ਪਰ ਜੇਕਰ ਅਸੀਂ ਜੰਗਾਂ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਕਈ ਵਾਰ ਸੱਤਾ, ਆਰਥਿਕ ਹਿੱਤ, ਸਰੋਤਾਂ 'ਤੇ ਕਬਜ਼ਾ ਅਤੇ ਵੋਟਾਂ ਦੀ ਸਿਆਸਤ ਵਰਗੇ ਕਾਰਕ ਵੀ ਸਾਹਮਣੇ ਆਉਂਦੇ ਹਨ।

ਹਾਕਮਾਂ ਨੂੰ ਸੱਤਾ ਦੀ ਭੁੱਖ ਹੁੰਦੀ ਹੈ ਅਤੇ ਸੱਤਾ ਹਾਸਲ ਕਰਨ ਲਈ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ। ਚੋਣਾਂ ਸਮੇਂ ਨਫ਼ਰਤ ਅਤੇ ਡਰ ਨੂੰ ਹਵਾ ਦੇਣਾ ਸਭ ਤੋਂ ਸੁਖਾਲਾ ਸਿਆਸੀ ਹਥਿਆਰ ਬਣ ਜਾਂਦਾ

ਗੁਰਪ੍ਰੀਤ ਲਾਹੌਰੀ

ਹੈ। ਜੇਕਰ ਇਸ ਦੇ ਨਤੀਜੇ ਵਜੋਂ ਸੈਂਕੜੇ ਜਾਂ ਹਜ਼ਾਰਾਂ ਲੋਕ ਮਰ ਵੀ ਜਾਣ ਤਾਂ ਸੱਤਾ ਦੇ ਖਿਡਾਰੀਆਂ ਲਈ ਇਹ ਸਿਰਫ਼ ਇੱਕ ਅੰਕੜਾ ਹੁੰਦਾ ਹੈ। ਇਸ ਦੇ ਉਲਟ, ਅੱਜ ਦੀ ਨਵੀਂ ਪੀੜ੍ਹੀ, ਖ਼ਾਸ ਕਰਕੇ ਜੈੱਨ-ਜ਼ੀ ਕਈ ਦੇਸ਼ਾਂ ਵਿੱਚ ਰਵਾਇਤੀ ਰਾਜਨੀਤੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਉਠਾਉਂਦੀ ਨਜ਼ਰ ਆ ਰਹੀ ਹੈ। ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਹੋਰ ਦੇਸ਼ਾਂ ਵਿੱਚ ਉੱਠੀਆਂ ਨੌਜਵਾਨਾਂ ਦੀਆਂ ਲਹਿਰਾਂ ਨੇ ਇੱਕ ਬਹੁਤ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਮਹਿਜ਼ ਸੱਤਾ ਦੇ ਚਿਹਰੇ ਬਦਲਣ ਨਾਲ ਹਾਲਾਤ ਸੁਧਰ ਸਕਦੇ ਹਨ ਜਾਂ ਪੂਰੇ ਸਿਸਟਮ ਨੂੰ ਹੀ ਮੂਲੋਂ ਬਦਲਣ ਦੀ ਲੋੜ ਹੈ? ਅੱਜ ਦਾ ਪੜ੍ਹਿਆ-ਲਿਖਿਆ ਨੌਜਵਾਨ ਰਵਾਇਤੀ ਨਾਅਰਿਆਂ ਦੇ ਝਾਂਸੇ ਵਿੱਚ ਆਉਣ ਦੀ ਬਜਾਏ ਡੂੰਘਾਈ ਨਾਲ ਇਹ ਸਮਝਣਾ ਚਾਹੁੰਦਾ ਹੈ ਕਿ ਜਮਹੂਰੀਅਤ ਅਸਲ ਵਿੱਚ ਕਿਵੇਂ ਕੰਮ ਕਰਦੀ ਹੈ, ਜਮਹੂਰੀ ਸੰਸਥਾਵਾਂ ਨੂੰ ਮਜ਼ਬੂਤ ਕਿਵੇਂ ਬਣਾਇਆ ਜਾ ਸਕਦਾ ਹੈ, ਭ੍ਰਿਸ਼ਟਾਚਾਰ ਦੀ ਜੜ੍ਹ ਨੂੰ ਕਿਵੇਂ ਕੱਟਿਆ ਜਾ ਸਕਦਾ ਹੈ ਅਤੇ ਸਿੱਖਿਆ, ਸਿਹਤ ਤੇ ਰੁਜ਼ਗਾਰ ਵਰਗੇ ਬੁਨਿਆਦੀ ਖੇਤਰਾਂ ਵਿੱਚ ਠੋਸ ਸੁਧਾਰ ਕਿਵੇਂ ਲਿਆਂਦੇ ਜਾ ਸਕਦੇ ਹਨ। ਇਹ ਨੌਜਵਾਨ ਪੀੜ੍ਹੀ ਇਸ ਸਚਾਈ ਤੋਂ ਪੂਰੀ ਤਰ੍ਹਾਂ ਜਾਣੂ ਹੈ ਕਿ ਕਿਸੇ ਵੀ ਦੇਸ਼ ਦੀ ਅਸਲ ਤਾਕਤ ਬਾਰੂਦ ਅਤੇ ਹਥਿਆਰਾਂ ਦੇ ਜ਼ਖ਼ੀਰਿਆਂ ਵਿੱਚ ਨਹੀਂ ਸਗੋਂ ਉਸ ਦੀ ਮਿਆਰੀ ਸਿੱਖਿਆ, ਮਜ਼ਬੂਤ ਸਿਹਤ ਸੇਵਾਵਾਂ, ਵਿਕਸਿਤ ਅਰਥਵਿਵਸਥਾ ਅਤੇ ਮਨੁੱਖੀ ਸਰੋਤਾਂ ਵਿੱਚ ਲੁਕੀ ਹੁੰਦੀ ਹੈ।

ਹੁਣ ਮੁੱਦੇ 'ਤੇ ਵਾਪਸ ਆਉਂਦੇ ਹਾਂ। ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੀ ਤਲਖ਼ੀ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਵੀ ਸਵਾਲ ਖੜ੍ਹੇ ਹੁੰਦੇ ਰਹੇ ਹਨ। ਸੁਰੱਖਿਆ ਕਿਸੇ ਵੀ ਦੇਸ਼ ਲਈ ਸਭ ਤੋਂ ਅਹਿਮ ਮਾਮਲਾ ਹੈ, ਜਿਸ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਸਵਾਲ ਇਹ ਹੈ ਕਿ ਜੇਕਰ ਸਰਹੱਦਾਂ ਪਾਰ ਗੋਲੇ-ਬਾਰੂਦ ਅਤੇ ਬੰਬਾਂ ਦੀ ਆਵਾਜਾਈ ਹੋ ਸਕਦੀ ਹੈ ਤਾਂ ਆਮ ਲੋਕਾਂ ਵਿਚਕਾਰ ਆਲੂ, ਗੰਢੇ, ਦਾਲਾਂ, ਅਨਾਜ ਅਤੇ ਪਿਆਰ ਦੀ ਆਵਾਜਾਈ ਕਿਉਂ ਨਹੀਂ ਹੋ ਸਕਦੀ? ਜੇਕਰ ਦੋਵਾਂ ਦੇਸ਼ਾਂ ਦੇ ਆਮ ਲੋਕ ਇੱਕ-ਦੂਜੇ ਨਾਲ ਵਪਾਰ ਕਰ ਸਕਣ, ਇੱਕ-ਦੂਜੇ ਦੇ ਸੁੱਖ-ਦੁੱਖ ਵਿੱਚ ਸ਼ਾਮਿਲ ਹੋ ਸਕਣ ਅਤੇ ਧਾਰਮਿਕ ਤੇ ਸੱਭਿਆਚਾਰਕ ਸਾਂਝ ਵਧਾ ਸਕਣ ਤਾਂ ਕੀ ਇਸ ਨਾਲ ਨਫ਼ਰਤ ਘੱਟ ਨਹੀਂ ਹੋਵੇਗੀ? ਅਸਲ ਵਿੱਚ ਦੁਨੀਆ ਨੂੰ ਅੱਜ ਗੋਲੇ-ਬਾਰੂਦ ਨਾਲੋਂ ਵੱਧ ਰੋਟੀ ਦੀ ਲੋੜ ਹੈ। ਲੋਕਾਂ ਨੂੰ ਬੰਦੂਕਾਂ ਨਾਲੋਂ ਵੱਧ ਸਕੂਲਾਂ ਦੀ ਲੋੜ ਹੈ। ਹਥਿਆਰਾਂ ਦੀਆਂ ਫੈਕਟਰੀਆਂ ਨਾਲੋਂ ਵੱਧ ਹਸਪਤਾਲਾਂ ਦੀ ਲੋੜ ਹੈ। ਜੰਗੀ ਜਹਾਜ਼ਾਂ ਨਾਲੋਂ ਵੱਧ ਰੁਜ਼ਗਾਰ ਦੇ ਮੌਕਿਆਂ ਦੀ ਲੋੜ ਹੈ। ਜੇਕਰ ਮਹਿੰਗਾਈ ਵਧਦੀ ਰਹੀ, ਮੁਲਕਾਂ 'ਤੇ ਕਰਜ਼ਾ ਚੜ੍ਹਦਾ ਰਿਹਾ ਅਤੇ ਹਥਿਆਰਾਂ 'ਤੇ ਖਰਬਾਂ ਰੁਪਏ ਖਰਚ ਹੁੰਦੇ ਰਹੇ ਤਾਂ ਆਮ ਆਦਮੀ ਦਾ ਲੱਕ ਹੋਰ ਟੁੱਟੇਗਾ। ਸਰਕਾਰੀ ਖ਼ਰਚੇ ਵਧਣਗੇ, ਲੋਕਾਂ 'ਤੇ ਟੈਕਸਾਂ ਦਾ ਬੋਝ ਵਧੇਗਾ ਅਤੇ ਵਿਕਾਸ ਦੇ ਨਾਮ 'ਤੇ ਕੀਤੇ ਜਾਣ ਵਾਲੇ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿਚਕਾਰ ਫ਼ਰਕ ਹੋਰ ਵੱਡਾ ਹੁੰਦਾ ਰਹੇਗਾ।

ਅਖ਼ਬਾਰਾਂ ਵਿੱਚ ਅਸੀਂ ਅਕਸਰ ਪੜ੍ਹਦੇ ਹਾਂ ਕਿ ਫਲਾਣੇ ਮੁਲਕ ਨੇ ਇੰਨੀ ਵੱਡੀ ਇਮਾਰਤ ਬਣਾ ਲਈ, ਇੰਨੇ ਟਾਵਰ ਖੜ੍ਹੇ ਕਰ ਦਿੱਤੇ ਜਾਂ ਇੰਨੇ ਕਰੋੜ ਰੁਪਏ ਦਾ ਨਿਵੇਸ਼ ਆ ਗਿਆ। ਪਰ ਜ਼ਮੀਨ 'ਤੇ ਕਿਸਾਨ, ਨੌਜਵਾਨ, ਬੇਰੁਜ਼ਗਾਰ, ਛੋਟਾ ਵਪਾਰੀ ਅਤੇ ਆਮ ਮੁਲਾਜ਼ਮ ਜੇਕਰ ਆਪਣੀ ਰੋਟੀ, ਸਿੱਖਿਆ, ਸਿਹਤ ਅਤੇ ਰੁਜ਼ਗਾਰ ਲਈ ਸੰਘਰਸ਼ ਕਰ ਰਿਹਾ ਹੈ ਤਾਂ ਫਿਰ ਵਿਕਾਸ ਦੀ ਪਰਿਭਾਸ਼ਾ 'ਤੇ ਸਵਾਲ ਕਰਨਾ ਵੀ ਜ਼ਰੂਰੀ ਹੈ। ਇਸ ਲਈ ਅੱਜ ਸਵਾਲ ਸਿਰਫ਼ ਭਾਰਤ ਜਾਂ ਪਾਕਿਸਤਾਨ ਦਾ ਨਹੀਂ, ਸਗੋਂ ਪੂਰੀ ਮਨੁੱਖਤਾ ਦਾ ਹੈ। ਜੇਕਰ ਨਫ਼ਰਤ ਦੀ ਅੱਗ ਵਿੱਚ ਗੋਲੇ-ਬਾਰੂਦ ਵੰਡੇ ਜਾ ਸਕਦੇ ਹਨ ਤਾਂ ਭੁੱਖੇ ਢਿੱਡ ਭਰਨ ਲਈ ਅਨਾਜ ਕਿਉਂ ਨਹੀਂ ਵੰਡਿਆ ਜਾ ਸਕਦਾ? ਜੇਕਰ ਜੰਗ ਲਈ ਸਰਹੱਦਾਂ ਖੋਲ੍ਹੀਆਂ ਜਾ ਸਕਦੀਆਂ ਹਨ ਤਾਂ ਅਮਨ ਲਈ ਦਿਲਾਂ ਦੇ ਦਰਵਾਜ਼ੇ ਕਿਉਂ ਨਹੀਂ ਖੋਲ੍ਹੇ ਜਾ ਸਕਦੇ? ਅਸੀਂ ਕਿਸ ਦੇ ਦੁਸ਼ਮਣ ਹਾਂ, ਇੱਕ-ਦੂਜੇ ਦੇ ਜਾਂ ਆਪਣੇ ਹੀ ਭਵਿੱਖ ਦੇ? ਜਵਾਬ ਸ਼ਾਇਦ ਸਾਡੇ ਸਾਰਿਆਂ ਕੋਲ ਹੈ। ਨਫ਼ਰਤ ਦੀ ਅੱਗ ਕਿਸੇ ਇੱਕ ਘਰ ਨੂੰ ਨਹੀਂ ਸਾੜਦੀ, ਇਹ ਪੂਰੇ ਸਮਾਜ ਨੂੰ ਰਾਖ ਕਰ ਦਿੰਦੀ ਹੈ। ਇਸ ਲਈ ਅੱਜ ਲੋੜ ਹੈ ਕਿ ਗੋਲੇ-ਬਾਰੂਦ ਦੀ ਥਾਂ ਕਿਤਾਬਾਂ, ਬੰਦੂਕਾਂ ਦੀ ਥਾਂ ਰੁਜ਼ਗਾਰ, ਜੰਗ ਦੀ ਥਾਂ ਗੱਲਬਾਤ ਅਤੇ ਨਫ਼ਰਤ ਦੀ ਥਾਂ ਮਨੁੱਖਤਾ ਨੂੰ ਤਰਜੀਹ ਦਿੱਤੀ ਜਾਵੇ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਟਰੰਪ ਨੇ ਤੀਜੇ ਕਾਰਜਕਾਲ ਲਈ ਚੋਣ ਲੜਨ ਦੀ ਜਤਾਈ ਇੱਛਾ



ਵਾਸ਼ਿੰਗਟਨ : ਡੌਨਾਲਡ ਟਰੰਪ, ਜਿਸਨੇ ਵਾਰ-ਵਾਰ ਅਮਰੀਕੀ ਰਾਸ਼ਟਰਪਤੀ ਵਜੋਂ ਤੀਜੀ ਵਾਰ ਚੋਣ ਲੜਨ ਦੀ ਇੱਛਾ ਪ੍ਰਗਟਾਈ ਹੈ, ਨੇ ਹਾਲ ਹੀ ਵਿੱਚ ਦਿੱਤੇ ਬਿਆਨਾਂ ਤੋਂ ਸੰਕੇਤ ਮਿਲਦਾ ਹੈ ਕਿ ਉਹ ਖੁਦ ਇਸ ਸੰਭਾਵਨਾ ਬਾਰੇ ਅਨਿਸ਼ਚਿਤ ਹਨ। ਹਾਲ ਹੀ ਦੇ ਭਾਸ਼ਣਾਂ ਵਿੱਚ ਰਿਪਬਲਿਕਨ ਨੇਤਾ ਨੇ ਜਨਵਰੀ 2029 ਵਿੱਚ ਆਪਣੇ ਕਾਰਜਕਾਲ ਦੇ ਖਤਮ ਹੋਣ ਤੋਂ ਬਾਅਦ ਜੀਵਨ ਦਾ ਹਵਾਲਾ ਦਿੰਦੇ ਹੋਏ ਕਿਹਾ ਹੈ ਕਿ ਉਹ ਘਰ ਬੈਠ ਕੇ ਆਪਣੇ ਉੱਤਰਾਧਿਕਾਰੀ ਨੂੰ ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਲੈਂਦੇ ਦੇਖਣਾ ਮੁਸ਼ਕਲ ਹੋਵੇਗਾ। ਟਰੰਪ ਨੇ ਇਸ ਮਹੀਨੇ ਨਿਊਯਾਰਕ ਦੇ ਲੌਂਗ ਆਈਲੈਂਡ ਵਿੱਚ ਇੱਕ ਸਮਾਗਮ ਵਿੱਚ ਕਿਹਾ, 'ਤੁਹਾਡਾ ਅਗਲਾ ਰਾਸ਼ਟਰਪਤੀ ਕਹੇਗਾ', 'ਮੈਂ ਕਿੰਨਾ ਸ਼ਾਨਦਾਰ ਕੰਮ ਕੀਤਾ ਹੈ।'।

ਇੱਕ ਮੌਜੂਦਾ ਰਾਸ਼ਟਰਪਤੀ ਲਈ ਆਪਣੇ ਸਾਬਕਾ ਰਾਸ਼ਟਰਪਤੀ ਬਣਨ ਬਾਰੇ ਗੱਲ ਕਰਨਾ ਹਮੇਸ਼ਾ ਰਾਜਨੀਤਿਕ ਤੌਰ 'ਤੇ ਸੰਵੇਦਨਸ਼ੀਲ ਹੁੰਦਾ ਹੈ, ਪਰ ਮੱਧਕਾਲੀ ਚੋਣਾਂ ਵਿਚ ਸਿਰਫ਼ ਨੌਂ ਹਫ਼ਤੇ ਬਾਕੀ ਰਹਿੰਦੇ ਹੋਏ, ਟਰੰਪ ਆਪਣੇ ਦੂਜੇ ਕਾਰਜਕਾਲ ਦੇ ਇੱਕ ਪੜਾਅ ਵਿੱਚ ਦਾਖਲ ਹੋ ਰਹੇ ਹਨ ਜਦੋਂ ਇਹ ਅਟਕਲਾਂ ਵਧ ਰਹੀਆਂ ਹਨ ਕਿ ਉਨ੍ਹਾਂ ਦਾ ਪ੍ਰਭਾਵ ਜਲਦੀ ਹੀ ਘੱਟਦਾ ਜਾਵੇਗਾ। ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦਾ ਸਰਕਾਰੀ ਨਿਵਾਸ ਅਤੇ ਦਫਤਰ) ਦੀ ਕਲਪਨਾ ਕਰਨ 'ਤੇ ਟਰੰਪ ਦਾ ਰੁਖ਼ ਇੱਕ ਮਹੱਤਵਪੂਰਨ ਤਬਦੀਲੀ ਹੈ। ਉਸਨੇ ਆਪਣੇ ਪਹਿਲੇ ਕਾਰਜਕਾਲ ਤੋਂ ਲੈ ਕੇ ਅਤੇ ਦੂਜਾ ਕਾਰਜਕਾਲ ਜਿੱਤਣ ਤੋਂ ਤੁਰੰਤ ਬਾਅਦ ਅੱਠ ਸਾਲਾਂ ਤੋਂ ਵੱਧ ਸਮੇਂ ਤੱਕ ਸੱਤਾ ਵਿੱਚ ਰਹਿਣ ਦੀ ਸੰਭਾਵਨਾ ਨੂੰ ਖੁੱਲ੍ਹਾ ਰੱਖਿਆ ਹੈ। ਮਿਸ਼ੀਗਨ ਸਟੇਟ ਯੂਨੀਵਰਸਿਟੀ ਦੇ ਸੰਵਿਧਾਨਕ ਕਾਨੂੰਨ ਦੇ ਪ੍ਰੋਫੈਸਰ ਬ੍ਰਾਇਨ ਕਾਲਟ ਨੇ ਕਿਹਾ, 'ਉਹ ਵੱਖੋ-ਵੱਖਰੀਆਂ ਗੱਲਾਂ ਕਹਿੰਦੇ ਹਨ ਤੇ ਇਹ ਉਹਨਾਂ ਨੂੰ ਬਾਅਦ ਵਿੱਚ ਆਪਣੇ ਬਿਆਨਾਂ ਦਾ ਹਵਾਲਾ ਦੇ ਕੇ ਵਿਰੋਧੀ ਦਾਅਵਿਆਂ ਨੂੰ ਜਾਇਜ਼ ਠਹਿਰਾਉਣ ਦਾ ਮੌਕਾ ਦਿੰਦਾ ਹੈ।' ਕਾਲਟ ਨੇ ਕਿਹਾ ਕਿ ਟਰੰਪ ਬਾਅਦ ਵਿੱਚ ਕਹਿ ਸਕਦੇ ਸਨ, 'ਮੈਂ ਸਪੱਸ਼ਟ ਕਰ ਦਿੱਤਾ ਸੀ ਕਿ ਮੈਂ ਚੋਣ ਨਹੀਂ ਲੜਾਂਗਾ' ਅਤੇ ਜੇਕਰ ਉਹ ਚੋਣ ਲੜਨ ਦਾ ਫੈਸਲਾ ਕਰਦਾ ਹੈ, ਤਾਂ ਉਹ ਇਹ ਵੀ ਕਹਿ ਸਕਦੇ ਸਨ, 'ਮੈਂ ਕਦੇ ਨਹੀਂ ਕਿਹਾ ਕਿ ਮੈਂ ਨਹੀਂ ਲੜਾਂਗਾ।'

ਟਰੰਪ ਨੇ ਹਾਲ ਹੀ ਵਿੱਚ ਪੈਨਸਿਲਵੇਨੀਆ ਵਿੱਚ ਇੱਕ ਰੈਲੀ ਵਿੱਚ ਕਿਹਾ ਸੀ, 'ਅਗਲਾ ਰਾਸ਼ਟਰਪਤੀ ਜੋ ਵੀ ਹੋਵੇ, ਉਹ ਇਸ ਬਾਰੇ ਗੱਲ ਕਰਨ ਜਾ ਰਹੇ ਹਨ ਕਿ ਉਨ੍ਹਾਂ ਨੇ ਕਿੰਨਾ ਵਧੀਆ ਕੰਮ ਕੀਤਾ ਹੈ ਅਤੇ ਮੈਂ ਘਰ ਬੈਠ ਕੇ ਕਹਿਣ ਜਾ ਰਿਹਾ ਹਾਂ, 'ਇਸ ਬੰਦੇ ਨੂੰ ਦੇਖੋ,' ਕਿਉਂਕਿ ਅਸੀਂ ਅਸਲ ਕੰਮ ਕੀਤਾ ਹੈ।' ਇੱਕ ਹਫ਼ਤੇ ਬਾਅਦ ਜਾਰਜੀਆ ਵਿੱਚ, ਟਰੰਪ ਨੇ ਕਿਹਾ ਕਿ ਰਾਸ਼ਟਰਪਤੀ ਅਹੁਦਾ ਛੱਡਣ ਤੋਂ ਬਾਅਦ, 'ਮੈਂ ਘਰ ਬੈਠਣ ਜਾ ਰਿਹਾ ਹਾਂ', ਉਸਨੇ ਕਿਹਾ, 'ਮੈਂ ਸ਼ਾਇਦ ਰੋ ਰਿਹਾ ਹੋਵਾਂਗਾ।' ਟਰੰਪ ਨੇ ਫਿਰ ਮਿਸ਼ੀਗਨ ਵਿੱਚ ਇਹ ਸੰਕੇਤ ਦੇ ਕੇ ਦੁਬਾਰਾ ਅਨਿਸ਼ਚਿਤਤਾ ਪੈਦਾ ਕਰ ਦਿੱਤੀ ਕਿ ਉਹ ਓਵਲ ਦਫਤਰ ਛੱਡਣ ਅਤੇ ਫਲੋਰੀਡਾ ਵਾਪਸ ਜਾਣ ਲਈ ਤਿਆਰ ਨਹੀਂ ਹੋ ਸਕਦਾ। 'ਸ਼ਾਇਦ' ਸ਼ਬਦ 'ਤੇ ਜ਼ੋਰ ਦਿੰਦੇ ਹੋਏ, ਉਸਨੇ ਕਿਹਾ, 'ਢਾਈ ਸਾਲਾਂ ਵਿੱਚ,ਤੁਹਾਡੇ ਕੋਲ ਸ਼ਾਇਦ ਇੱਕ ਹੋਰ ਰਾਸ਼ਟਰਪਤੀ ਹੋਵੇਗਾ- ਸ਼ਾਇਦ।' ਪਿਛਲੇ ਮਹੀਨੇ ਵ ?ਹਾਈਟ ਹਾਊਸ ਕੌਰਸਪੌਂਡੈਂਟਸ ਐਸੋਸੀਏਸ਼ਨ ਦੇ ਡਿਨਰ ਨੂੰ ਸੰਬੋਧਨ ਕਰਦੇ ਹੋਏ, ਟਰੰਪ ਨੇ ਮਜ਼ਾਕ ਕੀਤਾ, 'ਰਾਸ਼ਟਰਪਤੀ ਵਜੋਂ ਮੇਰੇ ਕਾਰਜਕਾਲ ਵਾਂਗ, ਦੂਜਾ ਕਾਰਜਕਾਲ ਹਮੇਸ਼ਾ ਬਿਹਤਰ ਹੁੰਦਾ ਹੈ ਅਤੇ ਤੀਜਾ ਕਾਰਜਕਾਲ ਹੋਰ ਵੀ ਬਿਹਤਰ ਹੋਵੇਗਾ। ਮੈਂ ਸਿਰਫ਼ ਮਜ਼ਾਕ ਕਰ ਰਿਹਾ ਹਾਂ।' ਫਿਰ ਉਸਨੇ ਆਪਣੇ ਭਾਸ਼ਣ ਦੇ ਅੰਤ ਵਿੱਚ '2028' ਲਿਖਿਆ ਹੋਇਆ ਇੱਕ ਮੁਹਿੰਮ ਟੋਪੀ ਪਹਿਨੀ। ਅਮਰੀਕੀ ਸੰਵਿਧਾਨ ਦੇ 22ਵੇਂ ਸੋਧ ਦੇ ਤਹਿਤ, ਕੋਈ ਵੀ ਵਿਅਕਤੀ ਦੋ ਵਾਰ ਤੋਂ ਵੱਧ ਰਾਸ਼ਟਰਪਤੀ ਨਹੀਂ ਚੁਣਿਆ ਜਾ ਸਕਦਾ। ਇਸ ਸੋਧ ਨੂੰ 1951 ਵਿੱਚ ਪ੍ਰਵਾਨਗੀ ਦਿੱਤੀ ਗਈ ਸੀ, ਰਾਸ਼ਟਰਪਤੀ ਫ੍ਰੈਂਕਲਿਨ ਡੇਲਾਨੋ ਰੂਜ਼ਵੈਲਟ ਦੇ ਚੌਥੇ ਕਾਰਜਕਾਲ ਵਿੱਚ ਮਰਨ ਤੋਂ ਛੇ ਸਾਲ ਬਾਅਦ।

# ਯੂਐਸ ਟਰਾਂਸਪੋਰਟੇਸ਼ਨ ਸੈਕਟਰੀ ਡੱਫੀ ਨੇ ਟਰੱਕਿੰਗ ਧੋਖਾਧੜੀ ਦੀ ਵੱਡੀ ਕਾਰਵਾਈ ਵਿੱਚ 270 ਸੀਡੀਐਲ ਸਕੂਲਾਂ ਨੂੰ ਐਮਰਜੈਂਸੀ ਬੰਦ ਕਰਨ ਦੀ ਘੋਸ਼ਣਾ ਕੀਤੀ



ਵਾਸ਼ਿੰਗਟਨ, (ਰਾਜ ਗੋਗਨਾ/ਸਾਡੇ ਲੋਕ) : ਯੂਐਸ ਟਰਾਂਸਪੋਰਟੇਸ਼ਨ ਸੈਕਟਰੀ ਸੀਨ ਪੀ. ਡੱਫੀ ਨੇ ਸੋਮਵਾਰ ਨੂੰ 5,000 ਤੋਂ ਵੱਧ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਦੀ ਉਲੰਘਣਾ ਨਾਲ ਜੁੜੇ 110 ਵਪਾਰਕ ਡਰਾਈਵਰ ਲਾਇਸੈਂਸ (ਸੀਡੀਐਲ) ਸਿਖਲਾਈ ਸਕੂਲਾਂ ਨੂੰ ਐਮਰਜੈਂਸੀ ਤੌਰ 'ਤੇ ਬੰਦ ਕਰਨ ਦੀ ਘੋਸ਼ਣਾ ਕੀਤੀ, ਟਰੱਕਿੰਗ ਉਦਯੋਗ ਵਿੱਚ ਧੋਖਾਧੜੀ ਨੂੰ ਜੜ੍ਹੋਂ ਪੁੱਟਣ ਦੀ ਵਿਆਪਕ ਅੰਤਰ-ਏਜੰਸੀ ਕੋਸ਼ਿਸ਼ ਦੇ ਹਿੱਸੇ ਵਜੋਂ, ਸਹੂਲਤਾਂ ਅਤੇ ਇੰਸ੍ਰਕਟਰ ਸਮੱਸਿਆਵਾਂ ਲਈ ਹੋਰ 160 ਸਕੂਲਾਂ ਵਿਰੁੱਧ ਕਾਰਵਾਈ ਦੇ ਨਾਲ।

ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ, ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ ਦੇ ਪ੍ਰਸ਼ਾਸਕ ਡੇਰੇਕ ਬਰਸ, ਫੈਡਰਲ ਪ੍ਰੋਸੀਕਿਊਟਰ, ਵ੍ਹਾਈਟ ਹਾਊਸ ਫਰਾਡ ਟਾਸਕ ਫੋਰਸ ਦੇ ਅਧਿਕਾਰੀਆਂ ਅਤੇ ਘਾਤਕ ਹਾਦਸਿਆਂ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਖੜ੍ਹੇ ਹੋਏ, ਡੱਫੀ ਨੇ ਅਮਰੀਕੀ ਸੜਕਾਂ 'ਤੇ ਸੁਰੱਖਿਆ ਬਹਾਲ ਕਰਨ ਲਈ ਲੋੜੀਂਦੇ ਕਦਮ ਚੁੱਕੇ, ਡੱਫੀ ਨੇ ਕਿਹਾ, 'ਅੱਜ, ਅਸੀਂ ਜੋ ਐਲਾਨ ਕਰ ਰਹੇ ਹਾਂ ਉਹ ਹੈ 110 ਡਰਾਈਵਿੰਗ ਸਕੂਲਾਂ ਦੀ ਐਮਰਜੈਂਸੀ ਕਾਰਜਕਾਰੀ ਸ਼ਟਡਾਉਨ।' 'ਇਹ ਡਰਾਈਵਿੰਗ ਸਕੂਲ ਹਨ ਜੋ ਅੰਗਰੇਜ਼ੀ ਦੀ ਮੁਹਾਰਤ ਲਈ 5,000 ਉਲੰਘਣਾਵਾਂ ਲਈ ਜ਼ਿੰਮੇਵਾਰ ਹਨ।' ਉਸਨੇ ਅੱਗੇ ਕਿਹਾ ਕਿ ਸਕੂਲ 'ਨਿਯਮਾਂ ਨੂੰ ਜਾਣਦੇ ਹਨ, ਅਤੇ ਅਜੇ ਵੀ ਉਨ੍ਹਾਂ ਦੇ ਸਕੂਲ ਦੇ ਲੋਕਾਂ ਵਿੱਚੋਂ ਲੰਘਦੇ ਹਨ ਜੋ ਭਾਸ਼ਾ ਨਹੀਂ ਬੋਲ ਸਕਦੇ।' ਵਪਾਰਕ ਡਰਾਈਵਰਾਂ ਲਈ ਅੰਗਰੇਜ਼ੀ ਮੁਹਾਰਤ ਦੀ ਜ਼ਰੂਰਤ ਵਾਲੇ ਸੰਘੀ ਨਿਯਮ ਦਹਾਕਿਆਂ ਤੋਂ ਲਾਗੂ ਹਨ. ਜਾਂਚਕਰਤਾਵਾਂ ਨੇ ਲਗਭਗ 400 ਪ੍ਰਦਾਤਾਵਾਂ ਦੀ ਜਾਂਚ ਕਰਨ ਅਤੇ ਲਗਭਗ 160% ਬੁਨਿਆਦੀ ਜ਼ਰੂਰਤਾਂ ਦੇ ਲਗਭਗ 160% ਅਸਫਲ ਹੋਣ ਤੋਂ ਬਾਅਦ ਵਾਧੂ 400 ਸਕੂਲਾਂ ਨੂੰ ਪ੍ਰਸਤਾਵਿਤ ਜਾਂ ਤੁਰੰਤ ਹਟਾਉਣ ਦਾ ਸਾਹਮਣਾ ਕਰਨਾ ਪਿਆ। ਆਮ ਮੁੱਦਿਆਂ ਵਿੱਚ ਨਾਕਾਫ਼ੀ ਸਹੂਲਤਾਂ (ਕੈਲੀਫੋਰਨੀਆ ਦੇ ਇੱਕ ਸਕੂਲ ਦਾ 'ਕਲਾਸਰੂਮ' ਕਥਿਤ ਤੌਰ 'ਤੇ ਇੱਕ ਖੁੱਲੇ ਅਰਧ-ਟਰੇਲਰ ਦੇ ਪਿੱਛੇ ਸੀ), ਬਿਨਾਂ ਲਾਇਸੈਂਸ ਜਾਂ ਅਯੋਗ ਇੰਸਟ੍ਰਕਟਰ (ਕੁਝ ਸਹੀ ਸੀਡੀਐਲ ਤੋਂ ਬਿਨਾਂ), ਅਤੇ ਸਹੀ ਪਹੀਏ ਦੇ ਪਿੱਛੇ ਸਿਖਲਾਈ ਪ੍ਰਦਾਨ ਕਰਨ ਵਿੱਚ ਅਸਫਲਤਾ ਸ਼ਾਮਲ ਸਨ। ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ ਨੇ 110 ਸਕੂਲਾਂ ਨੂੰ ਐਮਰਜੈਂਸੀ ਐਕਸਪੰਜਮੈਂਟ ਜਾਰੀ ਕੀਤਾ, ਉਨ੍ਹਾਂ ਨੂੰ ਤੁਰੰਤ ਕੰਮ ਬੰਦ ਕਰਨ ਦਾ ਆਦੇਸ਼ ਦਿੱਤਾ, ਜਿਸ ਵਿੱਚ ਕਲਾਸਰੂਮ ਦੀ ਸਿੱਖਿਆ ਅਤੇ ਪਹੀਏ ਦੇ ਪਿੱਛੇ ਦੀ ਸਿਖਲਾਈ ਸ਼ਾਮਲ ਹੈ। ਅਧਿਕਾਰੀਆਂ ਨੇ ਨੋਟ ਕੀਤਾ ਕਿ ਡੇਟਾ ਵਿਸ਼ਲੇਸ਼ਣ ਨੇ ਇਨ੍ਹਾਂ ਨੂੰ ਚੋਟੀ ਦੇ ਅਪਰਾਧੀਆਂ ਵਜੋਂ ਪਛਾਣਿਆ, ਹਰ ਇੱਕ ਨੇ ਘੱਟੋ ਘੱਟ 10 ਡਰਾਈਵਰਾਂ ਨੂੰ ਪ੍ਰਮਾਣਿਤ ਕੀਤਾ ਜਿਨ੍ਹਾਂ ਨੂੰ ਬਾਅਦ ਵਿੱਚ ਸੜਕ ਕਿਨਾਰੇ ਨਿਰੀਖਣਾਂ ਵਿੱਚ ਈਐਲਪੀ ਅਸਫਲਤਾਵਾਂ ਦਾ ਹਵਾਲਾ ਦਿੱਤਾ ਗਿਆ ਸੀ। ਉਦਾਹਰਣਾਂ ਵਿੱਚ ਉਹ ਸਕੂਲ ਸ਼ਾਮਲ ਸਨ ਜਿਨ੍ਹਾਂ ਨੇ ਘਾਤਕ ਹਾਦਸਿਆਂ ਵਿੱਚ ਸ਼ਾਮਲ ਡਰਾਈਵਰਾਂ ਨੂੰ ਫਨਲ ਕੀਤਾ। ਘੋਸ਼ਣਾ ਪਹਿਲਾਂ ਲਾਗੂ ਕਰਨ ਦਾ ਵਿਸਥਾਰ ਕਰਦੀ ਹੈ। ਟਰੰਪ ਪ੍ਰਸ਼ਾਸਨ ਦੇ ਅਧੀਨ ਪਿਛਲੇ ਡੇਢ ਸਾਲ ਦੌਰਾਨ, ਡੀਓਟੀ ਨੇ ਹਜ਼ਾਰਾਂ ਗੈਰ-ਪਾਲਣਾ ਸਿਖਲਾਈ ਪ੍ਰਦਾਤਾਵਾਂ ਨੂੰ ਰਾਸ਼ਟਰੀ ਰਜਿਸਟਰੀ ਤੋਂ ਹਟਾ ਦਿੱਤਾ ਹੈ, ਹਜ਼ਾਰਾਂ ਡਰਾਈਵਰਾਂ ਨੂੰ ਈਐਲਪੀ ਜਾਂ ਲਾਇਸੈਂਸ ਦੇ ਮੁੱਦਿਆਂ ਲਈ ਸੇਵਾ ਤੋਂ ਬਾਹਰ ਕਰ ਦਿੱਤਾ ਹੈ ਅਤੇ ਗਲਤ ਤਰੀਕੇ ਨਾਲ ਜਾਰੀ ਕੀਤੇ ਗਏ ਗੈਰ-ਨਿਵਾਸੀ ਸੀਡੀਐਲ ਨੂੰ ਰੱਦ ਕਰਨ ਲਈ ਰਾਜਾਂ ਨਾਲ ਕੰਮ ਕੀਤਾ ਹੈ। ਡੀਐਚਐਸ 23 ਰਾਜਾਂ ਵਿੱਚ 200 ਤੋਂ ਵੱਧ ਡਰਾਈਵਿੰਗ ਸਕੂਲਾਂ ਵਿੱਚ ਸਮਕਾਲੀ ਨਿਰੀਖਣ ਕਰ ਰਿਹਾ ਹੈ, ਜਦੋਂ ਕਿ ਇੱਕ ਨਵੀਂ ਨਿਆਂ ਵਿਭਾਗ ਦੀ ਟਾਸਕ ਫੋਰਸ ਮਿਡਵੈਸਟ ਵਿੱਚ ਟਰੱਕਿੰਗ ਨਾਲ ਸਬੰਧਤ ਧੋਖਾਧੜੀ ਨੂੰ ਨਿਸ਼ਾਨਾ ਬਣਾਉਂਦੀ ਹੈ। ਤੀਜੀ ਧਿਰ ਦੇ ਸੀਡੀਐਲ ਹੁਨਰ ਟੈਸਟਰਾਂ ਦਾ ਦੇਸ਼ ਵਿਆਪੀ ਆਡਿਟ ਵੀ ਚੱਲ ਰਿਹਾ ਹੈ; ਡੱਫੀ ਨੇ ਪ੍ਰੀਖਿਅਕਾਂ ਦੇ ਮਾਮਲਿਆਂ ਨੂੰ ਉਜਾਗਰ ਕੀਤਾ ਜਿਨ੍ਹਾਂ ਨੇ ਉਨ੍ਹਾਂ ਵਿਅਕਤੀਆਂ ਨੂੰ ਹਜ਼ਾਰਾਂ ਲਾਇਸੈਂਸ ਜਾਰੀ ਕੀਤੇ ਜੋ ਬਾਅਦ ਵਿੱਚ ਅੰਗਰੇਜ਼ੀ ਦੀ ਮੁਹਾਰਤ ਦਾ ਪ੍ਰਦਰਸ਼ਨ ਨਹੀਂ ਕਰ ਸਕੇ।

## ਨਿਊਯਾਰਕ ਦੇ ਟਾਈਮਜ਼ ਸਕੁਏਅਰ 'ਚ ਖ਼ੂਨੀ ਖੇਡ

# ਔਰਤ ਨੇ 2 ਲੋਕਾਂ 'ਤੇ ਕੀਤਾ ਹਮਲਾ, ਪੁਲਿਸ ਨੇ ਹਮਲਾਵਰ ਕੀਤਾ ਢੇਰ

ਨਿਊਯਾਰਕ : ਅਮਰੀਕਾ ਦੇ ਸਭ ਤੋਂ ਵਿਅਸਤ ਅਤੇ ਮਸ਼ਹੂਰ ਇਲਾਕਿਆਂ ਵਿੱਚੋਂ ਇੱਕ ਨਿਊਯਾਰਕ ਦੇ ਟਾਈਮਜ਼ ਸਕੁਏਅਰ ਵਿੱਚ ਸੋਮਵਾਰ ਦੁਪਹਿਰ ਨੂੰ ਇੱਕ ਦਿਲ ਕੰਬਾਊ ਵਾਰਦਾਤ ਸਾਹਮਣੇ ਆਈ, ਜਿੱਥੇ ਇੱਕ ਔਰਤ ਨੇ ਅਚਾਨਕ 2 ਲੋਕਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਇਸ ਖ਼ੂਨੀ ਹਮਲੇ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਹੈ, ਜਦੋਂ ਕਿ ਇੱਕ ਪੁਰਸ਼ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਪੁਲਸ ਅਧਿਕਾਰੀਆਂ ਨਾਲ ਕਰੀਬ 4 ਮਿੰਟ ਤੱਕ ਚੱਲੀ ਤਣਾਅਪੂਰਨ ਝੜਪ ਤੋਂ ਬਾਅਦ ਪੁਲਸ ਨੇ ਹਮਲਾਵਰ ਔਰਤ ਨੂੰ ਗੋਲੀ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਅਨੁਸਾਰ ਇਹ ਹਮਲਾ ਬਿਲਕੁਲ ਅਚਾਨਕ ਅਤੇ ਬਿਨਾਂ ਕਿਸੇ ਸਪੱਸ਼ਟ ਵਜ੍ਹਾ ਦੇ ਕੀਤਾ ਗਿਆ ਸੀ।

**ਮਹਿਜ਼ 20 ਸੈਕਿੰਡਾਂ 'ਚ ਦਿੱਤਾ ਵਾਰਦਾਤ ਨੂੰ ਅੰਜਾਮ :** ਪੁਲਸ ਮੁਤਾਬਕ ਇਹ ਘਟਨਾ ਸੋਮਵਾਰ ਦੁਪਹਿਰ ਕਰੀਬ 4:36 ਵਜੇ ਟਾਈਮਜ਼ ਸਕੁਏਅਰ ਦੇ ਸਭ ਤੋਂ ਭੀੜ-ਭੜੱਕੇ ਵਾਲੇ ਇਲਾਕੇ ਵਿੱਚ ਵਾਪਰੀ, ਜਿੱਥੇ ਉਸ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਸੈਲਾਨੀ, ਆਮ ਲੋਕ ਅਤੇ ਪਰਿਵਾਰ ਮੌਜੂਦ ਸਨ। ਹਮਲਾਵਰ ਔਰਤ ਨੇ ਬਹੁਤ ਤੇਜ਼ੀ ਨਾਲ, ਮਹਿਜ਼ 20 ਸੈਕਿੰਡ ਦੇ ਅੰਦਰ-ਅੰਦਰ ਦੋਹਾਂ ਪੀੜਤਾਂ ਦੇ ਪੇਟ ਵਿੱਚ ਚਾਕੂ ਮਾਰ ਦਿੱਤੇ।





**ਪੀੜਤਾਂ ਦੀ ਪਛਾਣ :** ਨਿਊਯਾਰਕ ਪੁਲਸ ਵਿਭਾਗ (NYPD) ਨੇ ਦੱਸਿਆ ਕਿ ਹਮਲੇ ਦੀ ਸ਼ਿਕਾਰ ਹੋਈ 32 ਸਾਲਾ ਔਰਤ ਦੇ ਪੇਟ ਵਿੱਚ ਚਾਕੂ ਲੱਗਿਆ ਸੀ, ਜਿਸ ਦੀ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਦੂਜਾ ਪੀੜਤ ਇੱਕ 68 ਸਾਲਾ ਪੁਰਸ਼ ਹੈ, ਜਿਸ ਦੇ ਪੇਟ ਵਿੱਚ ਵੀ ਚਾਕੂ ਵੱਜਿਆ ਸੀ। ਸ਼ੁਰੂਆਤ ਵਿੱਚ ਉਸ ਦੀ ਹਾਲਤ ਬੇਹੱਦ ਨਾਜ਼ੁਕ ਦੱਸੀ ਗਈ ਸੀ, ਪਰ ਹੁਣ ਉਸ ਦੀ ਹਾਲਤ ਸਥਿਰ ਹੈ।

**ਪੁਲਸ ਨਾਲ ਤਣਾਅਪੂਰਨ ਮੁਕਾਬਲਾ :** ਹਮਲਾਵਰ ਔਰਤ ਦੀ ਪਛਾਣ 49 ਸਾਲਾ ਪਾਮੇਲਾ ਸਿਸਨੇਰੋਸ ਵਜੋਂ ਹੋਈ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਵੀਡੀਓ ਵਿੱਚ ਉਹ ਗੁਲਾਬੀ ਸ਼ਰਟ ਅਤੇ ਜੀਨਸ ਪਾਈ ਹੱਥ ਵਿੱਚ ਚਾਕੂ ਫੜ ਕੇ ਪੁਲਸ ਅਧਿਕਾਰੀਆਂ ਸਾਹਮਣੇ ਖੜ੍ਹੀ ਦਿਖਾਈ ਦੇ ਰਹੀ ਹੈ। ਪੁਲਸ ਕਮਿਸ਼ਨਰ ਅਨੁਸਾਰ ਸਿਸਨੇਰੋਸ ਨੇ ਪੁਲਸ ਅਧਿਕਾਰੀਆਂ ਨੂੰ ਚਾਕੂ ਸੁੱਟਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਪੁਲਸ ਨੇ ਉਸ ਨੂੰ ਨਿਹੱਥਾ ਕਰਨ ਲਈ ਟੇਜ਼ਰ (Taser) ਦੀ ਵਰਤੋਂ ਵੀ ਕੀਤੀ, ਪਰ ਉਹ ਬੇਅਸਰ ਰਹੀ। ਜਦੋਂ ਉਹ ਚਾਕੂ ਲਹਿਰਾਉਂਦੀ ਹੋਈ ਅੱਗੇ ਵਧਣ ਲੱਗੀ, ਤਾਂ ਪੁਲਸ ਨੇ ਗੋਲੀ ਚਲਾ ਦਿੱਤੀ। ਜ਼ਖਮੀ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

# ਅਮਰੀਕੀ ਫੌਜ ਦੇ ਸਕੱਤਰ 'ਡ੍ਰਿਸਕਾਲ' ਨੇ ਦਿੱਤਾ ਅਸਤੀਫ਼ਾ



ਵਾਸ਼ਿੰਗਟਨ : ਫੌਜ ਦੇ ਆਧੁਨਿਕੀਕਰਨ ਅਤੇ ਸੀਨੀਅਰ ਫੌਜੀ ਲੀਡਰਸ਼ਿਪ ਨੂੰ ਲੈ ਕੇ ਰੱਖਿਆ ਮੰਤਰੀ ਪੀਟ ਹੈਗਸੇਥ ਨਾਲ ਤਣਾਅ ਕਾਰਨ ਡੈਨੀਅਲ ਡ੍ਰਿਸਕਾਲ ਨੇ ਅਮਰੀਕੀ ਫੌਜ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਵ੍ਹਾਈਟ ਹਾਊਸ ਨੇ ਡ੍ਰਿਸਕਾਲ ਦੇ ਅਸਤੀਫ਼ੇ ਦੀ ਰਿਪੋਰਟ 'ਤੇ ਕੋਈ ਇਤਰਾਜ਼ ਨਹੀਂ ਪ੍ਰਗਟਾਇਆ ਪਰ ਇਹ ਸਾਫ਼ ਨਹੀਂ ਹੈ ਕਿ ਉਨ੍ਹਾਂ ਦਾ ਅਸਤੀਫ਼ਾ ਰਸਮੀ ਤੌਰ 'ਤੇ ਪ੍ਰਵਾਨ ਕੀਤਾ ਗਿਆ ਹੈ ਜਾਂ ਨਹੀਂ।

ਵ੍ਹਾਈਟ ਹਾਊਸ ਦੀ ਇਕ ਬੁਲਾਰਨ ਨੇ ਡ੍ਰਿਸਕਾਲ ਦੇ ਕਾਰਜਕਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਫੌਜ ਨੂੰ ਮਜ਼ਬੂਤ ਕੀਤਾ ਅਤੇ ਰੂਸ-ਯੂਕ੍ਰੇਨ ਜੰਗ ਨੂੰ ਖ਼ਤਮ ਕਰਨ ਦੇ ਯਤਨਾਂ ਵਿਚ ਯੋਗਦਾਨ ਪਾਇਆ। ਉੱਥੇ ਹੀ ਫੌਜ ਨੇ ਇਸ ਘਟਨਾਕ੍ਰਮ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

# ਨਿਵੇਸ਼ਕਾਂ ਦੇ ਕਰੋੜਾਂ ਡਾਲਰ ਖੁਰਦ-ਬੁਰਦ ਕਰਨ ਵਾਲੇ ਭਾਰਤੀ ਨੂੰ 11 ਸਾਲ 4 ਮਹੀਨੇ ਦੀ ਸਜ਼ਾ

ਨਿਊਯਾਰਕ : ਦੱਖਣੀ ਫਲੋਰੀਡਾ ਦੇ ਉੱਘੇ ਭਾਰਤੀ ਮੂਲ ਦੇ ਰੀਅਲ ਅਸਟੇਟ ਡਿਵੈਲਪਰ ਰਿਸ਼ੀ ਕਪੂਰ ਨੂੰ ਨਿਵੇਸ਼ਕਾਂ ਦੀ ਰਕਮ ਦੀ ਦੁਰਵਰਤੋਂ, ਟੈਕਸਾਂ ਨਾਲ ਜੁੜੀ ਸਾਜ਼ਿਸ਼ ਅਤੇ ਹਵਾਲਾ ਰਾਸ਼ੀ ਮਾਮਲੇ 'ਚ 11 ਸਾਲ 4 ਮਹੀਨੇ (136 ਮਹੀਨੇ) ਦੀ ਸੰਘੀ ਕੈਦ ਸੁਣਾਈ ਗਈ ਹੈ। ਰਿਸ਼ੀ ਕਪੂਰ ਨੇ ਲਗਜ਼ਰੀ ਕੰਡੋ ਪ੍ਰਾਜੈਕਟਾਂ ਦੇ ਨਾਂਅ 'ਤੇ ਨਿਵੇਸ਼ਕਾਂ ਤੋਂ 85 ਮਿਲੀਅਨ ਡਾਲਰ ਤੋਂ ਵੱਧ ਇਕੱਠੇ ਕੀਤੇ, ਪਰ ਰਕਮ ਦਾ ਕੁਝ ਹਿੱਸਾ ਹੋਰ ਪ੍ਰਾਜੈਕਟਾਂ, ਕਾਰੋਬਾਰੀ ਖ਼ਰਚਿਆਂ ਤੇ ਨਿੱਜੀ ਐਸ਼ੋ-ਆਰਾਮ ਲਈ ਵਰਤਿਆ। ਉਹ ਕਰੀਬ 2 ਮਿਲੀਅਨ ਡਾਲਰ ਦੇ ਕਰਮਚਾਰੀ ਟੈਕਸ ਸਰਕਾਰ ਕੋਲ ਜਮ ?ਹਾਂ ਨਾ ਕਰਵਾਉਣ ਦੀ ਸਾਜ਼ਿਸ਼ ਦਾ ਵੀ ਦੋਸ਼ੀ ਮੰਨਿਆ ਗਿਆ। ਉਸ 'ਤੇ 50 ਤੋਂ ਵੱਧ ਨਿਵੇਸ਼ਕਾਂ ਦੇ ਘੱਟੋ-ਘੱਟ 70 ਮਿਲੀਅਨ ਡਾਲਰ ਬਕਾਇਆ ਦੱਸੇ ਗਏ ਹਨ। ਅਦਾਲਤ ਵਿੱਚ ਕਪੂਰ ਨੇ ਆਪਣੇ ਅਪਰਾਧਾਂ ਦੀ ਜ਼ਿੰਮੇਵਾਰੀ ਸਵੀਕਾਰ ਕਰਦਿਆਂ ਮੁਆਫ਼ੀ ਮੰਗੀ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਣ) ਅੰਤ ਕੜਾਹ ਪ੍ਰਸਾਦ ਵਰਤੇ। ਜਹਾਜ਼ ਚੜ੍ਹੋ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦ ਰਲ ਕੇ ਛਕਣ।

੩ ਤਨਖਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿੱਖ ਪਾਸੋਂ ਕੋਈ ਰਹਿਤ ਦੀ ਭੁੱਲ ਹੋ ਜਾਵੇ, ਤਾਂ ਉਹ ਨੇੜੇ ਦੇ ਗੁਰ ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜ੍ਹੇ ਕੇ ਆਪਣੀ ਭੁੱਲ ਮੰਨੇ।

(ਅ) ਗੁਰਸੰਗਤ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖਸ਼ਣ ਵੇਲੇ ਕਰਨਗੇ। ਕਰਨ ਚਾਹੀਦਾ। ਨਾ ਹੀ ਤਨਖਾਹ ਲੱਗਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ 'ਅਰਦਾਸ' ਹੋਵੇ।

੪ ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ 'ਤੇ ਹੀ ਹੋ ਸਕਦਾ ਹੈ, ਜੋ ਸਿੱਖ ਧਰਮ ਦੀ ਮੁਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗ੍ਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ ਬਹਿਤ, ਪੰਥ ਦੀ ਬਣਾਵਟ ਆਦਿ ਨੂੰ ਕਾਇਮ ਰੱਖਣ ਬਾਬਤ। ਹੋਰ ਕਿਸੇ ਕਿਸਮ ਦੇ ਸਾਧਾਰਣ (ਧਾਰਮਿਕ, ਵਿਦਿਅਕ, ਸਮਾਜਿਕ, ਪੁਲੀਟੀਕਲ) ਸਵਾਲ 'ਤੇ ਕੇਵਲ ਮਤਾ ਹੋ ਸਕਦਾ ਹੈ।

(ਅ) ਇਏ ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠਾ ਹੀ ਕਰ ਸਕਦਾ ਹੈ।

੫. ਸਥਾਨਕ ਫੈਸਲਿਆਂ ਦੀ ਅਪੀਲ

ਸਥਾਨਕ ਗੁਰ ਸੰਗਤਾਂ ਦੇ ਫੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖਤ ਪਾਸ ਹੋ ਸਕਦੀ ਹੈ।

੧ੴ ਸਤਿਗੁਰ ਪ੍ਰਸਾਦਿ ॥

ਅਗਲੇ ਸਫ਼ਿਆਂ ਤੇ ਜੋ ਰਹਿਤ ਮਰਯਾਦਾ ਦਿੱਤੀ ਗਈ ਹੈ, ਉਸ ਦਾ ਖਰੜਾ ਸ਼੍ਰੋਮਣੀ ਕਮੇਟੀ ਦੀ ਰਹੁ-ਰੀਤੀ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਵਿਚ ਜਿਸ ਰਿਪੋਰਟ ਸਹਿਤ ਪੁੱਜਿਆ ਸੀ, ਉਹ ਹੇਠ ਦਿੱਤੀ ਜਾਂਦੀ ਹੈ :

ਰਪੋਟ ਰਹੁਰੀਤੀ ਸਬ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ)

ਸੇਵਾ ਵਿਚ ਸ੍ਰੀਮਾਨ ਸਕੱਤਰ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਸ੍ਰੀਮਾਨ ਜੀ,

ਸ਼੍ਰੋਮਣੀ ਗੁ. ਪ੍ਰ. ਕਮੇਟੀ ਨੇ ਗੁਰਦੁਆਰਿਆਂ ਵਿਚ ਗੁਰ-ਮਰਯਾਦਾ ਨੂੰ ਠੀਕ ਤਰ੍ਹਾਂ ਨੀਅਤ ਕਰਨ ਹਿੱਤ ਇਕ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਲਈ ਹੇਠ ਲਿਖੇ ਸੱਜਣਾਂ ਦੀ ਸਬ ਕਮੇਟੀ ਬਣਾਈ ਸੀ :-

ਗਿਆਨੀ ਠਾਕਰ ਸਿੰਘ ਜੀ ਅੰਮ੍ਰਿਤਸਰ, ਗਿਆਨੀ ਸ਼ੇਰ ਸਿੰਘ ਜੀ, ਭਾਈ ਬੁੱਧ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਸੰਤ ਸੰਗਤ ਸਿੰਘ ਜੀ ਕਮਾਲੀਆ, ਭਾਈ ਕਾਹਨ ਸਿੰਘ ਜੀ ਨਾਭਾ, ਸੰਤ ਗੁਲਾਬ ਸਿੰਘ ਜੀ ਘੋਲੀਆ, ਭਾਈ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਭਾਈ ਹਜ਼ੂਰਾ ਸਿੰਘ ਜੀ ਹਜ਼ੂਰ ਸਾਹਿਬ (ਜਾਂ ਉਨ੍ਹਾਂ ਦਾ ਭੇਜਿਆ ਹੋਇਆ ਕੋਈ ਪ੍ਰਤੀਨਿਧ), ਪੰਡਤ ਬਸੰਤ ਸਿੰਘ ਜੀ ਪਟਿਆਲਾ, ਭਾਈ ਵੀਰ ਸਿੰਘ ਜੀ ਅੰਮ੍ਰਿਤਸਰ, ਗਿਆਨੀ ਹੀਰਾ ਸਿੰਘ ਜੀ 'ਦਰਦ', ਬਾਵਾ




ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ ਗੁ. ਨਾ. ਕਾਲਜ ਗੁਜਰਾਂਵਾਲਾ, ਭਾਈ ਤ੍ਰਿਲੋਚਨ ਸਿੰਘ ਜੀ (ਸੁਰ ਸਿੰਘ ਜ਼ਿਲ੍ਹਾ ਲਾਹੌਰ), ਗਿਆਨੀ ਹਮੀਰ ਸਿੰਘ ਜੀ ਅੰਮ੍ਰਿਤਸਰ, ਪੰਡਤ ਕਰਤਾਰ ਸਿੰਘ ਜੀ ਦਾਖਾ ਜ਼ਿਲ੍ਹਾ ਲੁਧਿਆਣਾ, ਜਥੇਦਾਰ ਸਾਹਿਬ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ, ਜਥੇਦਾਰ ਸਾਹਿਬ ਤਖਤ ਸ੍ਰੀ ਪਟਨਾ ਸਾਹਿਬ ਜੀ, ਪ੍ਰੋਫੈਸਰ ਗੰਗਾ ਸਿੰਘ ਜੀ, ਪ੍ਰੋਫੈਸਰ ਜੋਧ ਸਿੰਘ ਜੀ, ਸੰਤ ਮਾਨ ਸਿੰਘ ਜੀ ਕਨਖਲ, ਜਥੇਦਾਰ ਤੇਜਾ ਸਿੰਘ ਜੀ, ਭਾਈ ਰਣਧੀਰ ਸਿੰਘ ਜੀ, ਪ੍ਰੋਫੈਸਰ ਤੇਜਾ ਸਿੰਘ (ਕਨਵੀਨਰ)

ਇਸ ਸਬ ਕਮੇਟੀ ਦੇ ਸਮਾਗਮ ੪-੫ ਅਕਤੂਬਰ ੧੯੩੧, ੩ ਜਨਵਰੀ ੧੯੨੨ ਅਤੇ ੩੧ ਜਨਵਰੀ ੯੩੨ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ, ਜਿਨ੍ਹਾਂ ਵਿਚ ਹੇਠ ਲਿਖੇ ਮੈਂਬਰ ਦਰਸ਼ਨ ਦੇ ਕੇ ਵਿਚਾਰ ਵਿਚ ਹਿੱਸਾ ਲੈਂਦੇ ਰਹੇ :

ਅਕਾਲੀ ਕੌਰ ਸਿੰਘ ਜੀ, ਗਿਆਨੀ ਸ਼ੇਰ ਸਿੰਘਘ ਜੀ, ਸੰਤ ਮਾਨ ਸਿੰਘ ਜੀ ਨਿਰਮਲੇ, ਪ੍ਰੋਫੈਸਰ ਗੰਗਾ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ, ਗਿਆਨੀ ਹੀਰਾ ਸਿੰਘ ਜੀ 'ਦਰਦ', ਭਾਈ ਲਾਭ ਸਿੰਘ ਜੀ ਗ੍ਰੰਥੀ, ਗਿਆਨੀ ਠਾਕਰ ਸਿੰਘਘ ਜੀ, ਗਿਆਨੀ ਹਮੀਰ ਸਿੰਘ ਜੀ, ਬਾਵਾ ਹਰਕਿਸ਼ਨ ਸਿੰਘਘ ਜੀ ਐਮ.ਏ., ਜਥੇਦਾਰ ਤੇਜਾ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ ਅਤੇ ਦਾਸ ਕਨਵੀਨਰ।

ਇਨ੍ਹਾਂ ਤੋਂ ਇਲਾਵਾ ਹੇਠ ਲਿਖੇ ਸੱਜਣ ਕਦੀ ਕਦੀ ਦਰਸ਼ਨ ਦਿੰਦੇ ਰਹੇ :-

ਸ. ਧਰਮ ਅਨੰਦ ਸਿੰਘ ਜੀ ਪ੍ਰਿੰਸੀਪਲ ਸਿੱਖ ਮਿਸ਼ਨਰੀ ਕਾਲਜ, ਸ. ਭਾਗ ਸਿੰਘ ਜੀ ਵਕੀਲ ਗੁਰਦਾਸਪੁਰ, ਸ. ਵਸਾਵਾ ਸਿੰਘ ਜੀ ਸਕੱਤਰ ਸ਼੍ਰੋਮਣੀ ਕਮੇਟੀ, ਸ. ਤਾਰਾ ਸਿੰਘ ਜੀ (ਪ੍ਰੈਜ਼ੀਡੈਂਟ ਸ਼੍ਰੋ. ਅਕਾਲੀ ਦਲ) ਆਦਿ

ਇਹ ਖਰੜਾ ਇਸ ਰਹੁਰੀਤ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦੀ ਸੇਵਾ ਵਿਚ ਪੇਸ਼ ਕੀਤਾ ਜਾਂਦਾ ਹੈ; ਆਸ਼ਾ ਹੈ, ਆਪ ਇਸ ਖਰੜੇ ਨੂੰ ਪੰਥ ਦੀ ਰਾਇ ਲੈਣ ਲਈ ਛਪਵਾ ਕੇ ਪ੍ਰਕਾਸ਼ਤ ਕਰੋਗੇ ਅਤੇ ਰਾਵਾਂ ਆਵਣ ਤੇ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਅੰਤਮ ਪ੍ਰਵਾਨਗੀ ਲਈ ਪੇਸ਼ ਕਰੋਗੇ।

(ਚਲਦਾ)

# ਮੱਧਕਾਲੀ ਚੋਣ ਨਹੀਂ ਲੜਾਂਗਾ : ਰਾਜ ਕ੍ਰਿਸ਼ਨਾਮੂਰਤੀ

## ਪਾਰਟੀ ਉਮੀਦਵਾਰਾਂ ਲਈ ਇਕ ਲੱਖ ਡਾਲਰ ਫੰਡ ਦੇਣ ਦਾ ਐਲਾਨ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਦਾ ਰਾਜਨੀਤਿਕ ਸੰਗਠਨ ਡੈਮੋਕ੍ਰੇਟਿਕ ਉਮੀਦਵਾਰਾਂ ਅਤੇ ਪਾਰਟੀ ਦੇ ਕੰਮਾਂ ਲਈ 100,000 ਡਾਲਰ ਦਾ ਯੋਗਦਾਨ ਪਾ ਰਿਹਾ ਹੈ ਤੇ ਉਹ ਲਗਭਗ ਇੱਕ ਦਹਾਕੇ ਵਿੱਚ ਪਹਿਲੀ ਵਾਰ ਨਵੰਬਰ 'ਚ ਮੱਧਕਾਲੀ ਚੋਣ ਨਹੀਂ ਲੜੇਗਾ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਪੈਸੇ ਨੂੰ ਇਲੀਨੋਇਸ ਅਤੇ ਅਮਰੀਕਾ ਵਿੱਚ ਹੋਰ ਥਾਵਾਂ 'ਤੇ ਉਮੀਦਵਾਰਾਂ ਅਤੇ ਪਾਰਟੀ ਦੇ ਰਾਜਨੀਤਿਕ ਸਮੂਹਾਂ ਨੂੰ ਭੇਜੇਗਾ। ਇਹ ਸੰਗਠਨ ਰਜਿਸਟਰਡ ਨਾਮ 'ਰੀਵਾਈਵਿੰਗ ਅਮੈਰਕੀਨ ਜੌਬਜ ਅਗੇਨ ਪੀ ਏ ਸੀ' ਦੇ ਤਹਿਤ ਕੰਮ ਕਰਦਾ ਹੈ, ਜਿਸ ਨੂੰ ਰਾਜਾ ਪੀ ਏ ਸੀ ਵੀ ਕਿਹਾ ਜਾਂਦਾ ਹੈ। ਕ੍ਰਿਸ਼ਨਾਮੂਰਤੀ ਨੇ ਫੰਡ ਇਕੱਠਾ ਕਰਨ ਵਾਲੇ ਇਕ ਸੰਦੇਸ਼ ਵਿੱਚ ਕਿਹਾ ਹੈ ਕਿ ਉਹ ਲਗਭਗ ਇੱਕ ਦਹਾਕੇ ਵਿੱਚ ਪਹਿਲੀ ਵਾਰ ਨਵੰਬਰ ਵਿੱਚ ਬੈਲਟ 'ਤੇ ਨਹੀਂ ਹੋਵੇਗਾ। ਸੁਨੇਹੇ ਵਿੱਚ ਇਹ ਨਹੀਂ ਦੱਸਿਆ ਕਿ ਉਹ ਨਵੰਬਰ ਚੋਣ ਕਿਉਂ ਨਹੀਂ ਲੜਣਗੇ। ਉਸ ਨੇ ਕਿਹਾ ਹੈ ਕਿ ਫੰਡ ਨੂੰ ਡੈਮੋਕ੍ਰੇਟਿਕ ਉਮੀਦਵਾਰਾਂ ਦੀ ਨਵੀਂ ਪੀੜੀ ਦਾ ਸਮਰਥਨ ਕਰਨ ਅਤੇ ਪਾਰਟੀ ਲਈ ਕਾਂਗਰਸ ਅਤੇ



ਹੋਰ ਚੋਣਾਂ ਵਿੱਚ ਵਰਤਿਆ ਜਾਵੇਗਾ। ਉਨ੍ਹਾਂ ਸਦੇਸ਼ ਵਿਚ ਡੈਮੋਕ੍ਰੇਟਸ ਦੀ ਅਗਲੀ ਪੀੜੀ ਨੂੰ ਚੁਣਨ ਦੀ ਅਪੀਲ ਕੀਤੀ ਹੈ ਤਾਂ ਜੋ ਨਵੀਂ ਪੀੜੀ ਕੰਮਕਾਜੀ ਪਰਿਵਾਰਾਂ ਲਈ ਕੰਮ ਕਰ ਸਕੇ। ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਉਹ ਬਿਨਾਂ ਚੋਣ ਲੜੇ ਵੀ ਰਾਜਨੀਤਿਕ ਤੌਰ 'ਤੇ ਸਰਗਰਮ ਰਹਿਣਗੇ੍ਹ ਇਲੀਨੋਇਸ ਡੈਮੋਕ੍ਰੇਟ ਆਗੂ ਜਨਵਰੀ 2017 ਤੋਂ ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਆਪਣੇ ਕਾਂਗਰਸ ਜ਼ਿਲੇ ਦੀ ਨੁਮਾਇੰਦਗੀ ਕਰ ਰਹੇ ਹਨ ਅਤੇ ਉਨਾਂ ਨੇ ਖੁਫੀਆ ਜਾਣਕਾਰੀ, ਰਾਸ਼ਟਰੀ ਸੁਰੱਖਿਆ, ਆਰਥਿਕ ਨੀਤੀ ਅਤੇ ਚੀਨ ਨਾਲ ਰਣਨੀਤਕ ਮੁਕਾਬਲੇ ਨਾਲ ਸਬੰਧਤ ਕਾਰਜਾਂ ਨੂੰ ਸਫਲਤਾਪੂਰਵਕ ਸੰਭਾਲਿਆ ਹੈ। ਨਵੰਬਰ ਦੀਆਂ ਮੱਧਕਾਲੀ ਚੋਣਾਂ ਸਦਨ ਅਤੇ ਸੈਨੇਟ 'ਤੇ ਨਿਯੰਤਰਣ ਨੂੰ ਨਿਰਧਾਰਤ ਕਰਨਗੀਆਂ।

# ਨਿਊਯਾਰਕ 'ਚ ਮੋਹਨ ਭਾਗਵਤ ਦਾ 'ਏਕਤਾ' ਸੰਦੇਸ਼ ਵੱਖ-ਵੱਖ ਜਥੇਬੰਦੀਆਂ ਵਲੋਂ ਵਿਰੋਧ

ਨਿਊਯਾਰਕ : ਮੈਨਹੈਟਨ ਦੇ ਮੈਡੀਸਨ ਸਕੁਏਅਰ ਗਾਰਡਨ 'ਚ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੇ ਸਮਾਗਮ ਮੌਕੇ ਅੰਦਰ 'ਏਕਤਾ ਤੇ ਵਿਭਿੰਨਤਾ' ਦਾ ਸੰਦੇਸ਼ ਦਿੱਤਾ ਗਿਆ। 'ਅਮੈਰਿਕਨ ਹਿੰਦੂਜ਼ ਫਾਰ ਐਂਗੇਜਮੈਂਟ ਐਂਡ ਡਾਇਲਾਗ' ਵੱਲੋਂ ਕਰਵਾਏ 'ਯੂਨੀਵਰਸਲ ਔਨਨੈੱਸ ਸੈਲੀਬ੍ਰੇਸ਼ਨ' ਵਿਚ ਪ੍ਰਬੰਧਕਾਂ ਅਨੁਸਾਰ ਕਰੀਬ 5000 ਹਜ਼ਾਰ ਲੋਕ ਸ਼ਾਮਲ ਹੋਏ। ਮੋਹਨ ਭਾਗਵਤ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਅਮਰੀਕਾ ਦੀ ਪਛਾਣ ਬਹੁਲਤਾਵਾਦ ਨਾਲ ਹੈ, ਜਦਕਿ ਭਾਰਤ 'ਵਿਭਿੰਨਤਾ ਵਿਚ ਏਕਤਾ' ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਮੁਤਾਬਕ ਭਾਰਤ ਦਾ ਫ਼ਰਜ਼ ਆਪਣੀ ਏਕਤਾ ਨੂੰ ਸਮਝਣਾ ਤੇ ਸਮੇਂ-ਸਮੇਂ 'ਤੇ ਦੁਨੀਆ ਨੂੰ ਵੀ ਇਸ ਦਾ ਅਹਿਸਾਸ ਕਰਵਾਉਣਾ ਹੈ। ਭਾਗਵਤ ਨੇ ਕਿਹਾ ਕਿ ਹਰ ਧਰਮ ਦਾ ਰਾਹ ਵੱਖਰਾ ਹੋ ਸਕਦਾ ਹੈ, ਪਰ ਮਨੁੱਖਤਾ ਇਕ ਹੈ ਤੇ ਹਰ ਮਨੁੱਖ ਦੀ ਆਪਣੀ ਮਰਿਆਦਾ ਹੈ। ਉਨ੍ਹਾਂ ਆਖਿਆ ਕਿ ਜੇ ਕੋਈ ਹਿੰਦੂ ਇਹ ਸੋਚਦਾ ਹੈ ਕਿ ਭਾਰਤ 'ਚ ਮੁਸਲਮਾਨਾਂ ਲਈ ਥਾਂ ਨਹੀਂ ਹੋਣੀ ਚਾਹੀਦੀ ਤਾਂ ਉਹ ਹਿੰਦੂ ਧਰਮ ਦੀ ਮੂਲ ਭਾਵਨਾ ਤੋਂ ਦੂਰ ਹੋ ਜਾਂਦਾ ਹੈ। ਉਨ੍ਹਾਂ ਨੇ ਧਾਰਮਿਕ ਵੱਖਰੇਵਿਆਂ ਨੂੰ ਸਵੀਕਾਰ ਕਰਨ, ਸਤਿਕਾਰ ਦੇਣ ਤੇ ਉਨ੍ਹਾਂ ਦੀ ਰੱਖਿਆ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਦੇ ਉਲਟ ਮੈਡੀਸਨ ਸਕੁਏਅਰ ਗਾਰਡਨ ਦੇ ਬਾਹਰ ਵੱਖ-ਵੱਖ ਜਥੇਬੰਦੀਆਂ ਵਲੋਂ ਆਰ.ਐਸ.ਐਸ. ਦਾ ਵਿਰੋਧ ਕੀਤਾ ਗਿਆ। ਪ੍ਰਦਰਸ਼ਨਕਾਰੀਆਂ ਨੇ ਭਾਗਵਤ ਦੇ ਏਕਤਾ ਵਾਲੇ ਸੰਦੇਸ਼ ਅਤੇ ਆਰ.ਐਸ.ਐਸ. ਦੀ ਕਥਿਤ ਕਾਰਜਸ਼ੈਲੀ ਵਿਚਕਾਰ ਵੱਡਾ ਫ਼ਰਕ ਹੋਣ ਦਾ ਦੋਸ਼ ਲਾਇਆ। ਮੁਜ਼ਾਹਰੇ ਦੌਰਾਨ ਖਾਲਿਸਤਾਨ ਦੇ ਝੰਡੇ ਲਹਿਰਾਏ ਗਏ ਤੇ ਪੰਜਾਬ ਦੇ ਸਵੈ-ਨਿਰਣੇ ਤੇ ਆਜ਼ਾਦੀ ਦੇ ਹੱਕ 'ਚ ਨਾਅਰੇ ਲਗਾਏ ਗਏ। ਇਸ ਰੋਸ ਮੁਜ਼ਾਹਰੇ ਦੀ ਕਾਲ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਵੱਲੋਂ ਦਿੱਤੀ ਗਈ ਸੀ। ਪ੍ਰਦਰਸ਼ਨ 'ਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖਸ ਫਾਰ ਜਸਟਿਸ, ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਸਿੱਖ ਸੁਸਾਇਟੀ, ਖਾਲਿਸਤਾਨ ਅਫੇਅਰਜ਼ ਸੈਂਟਰ, ਕਾਉਂਸਿਲ ਆਫ ਖਾਲਿਸਤਾਨ, ਸਿੱਖ ਕਾਕਸ ਕਮੇਟੀ, ਸ਼ਹੀਦ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ, ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ, ਗੁਰਦੁਆਰਾ ਸਿੱਖ ਸੈਂਟਰ ਆਫ ਨਿਊਯਾਰਕ ਤੇ ਵਰਲਡ ਸਿੱਖ ਪਾਰਲੀਮੈਂਟ ਨਾਲ ਜੁੜੇ ਆਗੂਆਂ, ਕਾਰਕੁਨਾਂ ਅਤੇ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸਿੱਖ ਜਥੇਬੰਦੀਆਂ ਦੇ ਨਾਲ ਹਿੰਦੂਜ਼ ਫਾਰ ਹਿਊਮਨ ਰਾਈਟਸ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ, ਸੇਵ ਅਮਰੀਕਾ ਫਰਾਮ ਹਿੰਦੂਤਵਾ, ਨਿਊਯਾਰਕ ਸਿੱਖ ਕੌਂਸਲ ਤੇ ਈਸਾਈ ਤੇ ਦਲਿਤ ਹੱਕਾਂ ਨਾਲ ਜੁੜੇ ਸਮੂਹਾਂ ਨੇ ਵੀ ਵਿਰੋਧੀ ਮੁਹਿੰਮ ਵਿਚ ਹਿੱਸਾ ਲਿਆ। ਨਿਊਯਾਰਕ ਸਿਟੀ ਦੇ ਸਾਬਕਾ ਕੰਪਟਰੋਲਰ ਤੇ ਨਿਊਯਾਰਕ ਦੇ 10ਵੇਂ ਕਾਂਗਰਸੀ ਹਲਕੇ ਤੋਂ ਡੈਮੋਕ੍ਰੇਟਿਕ ਉਮੀਦਵਾਰ ਬ੍ਰੈਡ ਲੈਂਡਰ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਹਿੰਦੂਜ਼ ਫਾਰ ਹਿਊਮਨ ਰਾਈਟਸ ਨਾਲ ਜੁੜੀ ਕਾਇਲੀ ਮਾਧਵ, ਇੰਡੀਅਨ ਅਮਰੀਕਨ ਮੁਸਲਿਮ ਕੌਂਸਲ ਦੀ ਬੋਰਡ ਮੈਂਬਰ ਸਫ਼ਾ ਅਹਿਮਦ ਤੇ ਸੰਸਥਾ ਦੇ ਐਸੋਸੀਏਟ ਡਾਇਰੈਕਟਰ ਅਮੀਨ ਜ਼ਮਾ ਦੇ ਨਾਲ ਨਾਲ 'ਸੇਵ ਅਮਰੀਕਾ ਫਰਾਮ ਹਿੰਦੂਤਵਾ' ਨਾਲ ਜੁੜੀ ਸਰਿਤਾ ਪਾਂਡੇ, ਈਸਾਈ ਆਗੂ ਰੈਵਰੈਂਡ ਪੀਟਰ ਕੂਕ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ, ਸਿੱਖ ਆਗੂ ਡਾ. ਅਮਰਜੀਤ ਸਿੰਘ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਮੀਡੀਆ ਬੁਲਾਰੇ ਹਰਜਿੰਦਰ ਸਿੰਘ, ਸੁਰਜੀਤ ਸਿੰਘ ਕਲਾਰ, ਡਾ. ਬਖਸ਼ੀਸ਼ ਸਿੰਘ, ਬਲਵਿੰਦਰ ਸਿੰਘ ਚੱਠਾ, ਸੰਤੋਖ ਸਿੰਘ ਇੰਡਿਆਨਾ, ਹਰਮਿੰਦਰ ਸਿੰਘ ਆਲੂਵਾਲੀਆ, ਬਲਾਕਾ ਸਿੰਘ, ਜੱਗਪ੍ਰੀਤ ਸਿੰਘ ਜੈਗ ਬਾਬਾ, ਜੋਗਾ ਸਿੰਘ ਨਿਊਜਰਸੀ, ਰਜਿੰਦਰ ਸਿੰਘ, ਨੌਜਵਾਨ ਸਿੱਖ ਆਗੂ ਜਪਨੀਤ ਸਿੰਘ ਤੇ ਗੁਰਪ੍ਰਤਾਪ ਸਿੰਘ ਨੇ ਵੀ ਸੰਗਤ ਤੇ ਮੀਡੀਆ ਨੂੰ ਸੰਬੋਧਨ ਕੀਤਾ। ਅੰਤ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨੇ ਵੱਖ-ਵੱਖ ਸਟੇਟਾਂ ਤੋਂ ਪਹੁੰਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ, ਸਿੱਖ ਨੌਜਵਾਨਾਂ, ਮਨੁੱਖੀ ਅਧਿਕਾਰ ਕਾਰਕੁਨਾਂ, ਮੀਡੀਆ ਕਰਮੀਆਂ ਅਤੇ ਸਮੂਹ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਗੁਰਦੁਆਰਾ ਸਾਹਿਬ ਦੀ ਉਸਾਰੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਅੱਸੂ ਮਹੀਨੇ ਵਿੱਚ ਕਰਵਾਏ ਅਖੰਡ ਪਾਠ ਸਾਹਿਬ ਦੇ ਸਮਾਗਮ ਤੋਂ ਅਗਲੇ ਦਿਨ ੩੦ ਕੁ ਪ੍ਰੇਮੀ ਗੁਰੂ ਦੇ ਲੜ ਲੱਗਣ ਵਾਸਤੇ ਤਿਆਰ ਹੋ ਗਏ। ਪੰਜਾਂ ਪਿਆਰਿਆਂ ਨੂੰ ਸੱਦ ਕੇ ਪਿੰਡ ਬਾਹਲਿਆਂ ਦੇ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਅਤੇ ਜੀਵਨ ਸਫ਼ਲਾ ਕਰਨ ਦੀ ਜਾਚ ਦੱਸੀ ਗਈ।

ਬਾਬਾ ਜੀ ਨੇ ਮਨ ਵਿੱਚ ਵਿਚਾਰ ਕੀਤੀ ਕਿ ਗੁਰੂ ਪਾਤਸ਼ਾਹ ਜੀ ਨੇ ਜਿਸ ਸੇਵਾ ਲਈ ਇਸ ਅਸਥਾਨ 'ਤੇ ਮੈਨੂੰ ਭੇਜਿਆ ਹੈ, ਉਸ ਦੀ ਪੂਰਤੀ ਲਈ ਸਤਿਗੁਰੂ ਜੀ ਆਪ ਹੀ ਸੰਗਤਾਂ ਨੂੰ ਪ੍ਰੇਰਨਾ ਦੇ ਕੇ ਇਹ ਕਾਰਜ ਕਰਵਾ ਰਹੇ ਹਨ। ਇਸੇ ਅੱਸੂ ਦੇ ਪਹਿਲੇ ਅਖੰਡ ਪਾਠ ਸਾਹਿਬ ਤੋਂ ਬਾਅਦ ਗੁਫ਼ਾ ਵਿੱਚ ਹੀ ਸਤਿਗੁਰੂ ਜੀ ਦਾ ਪ੍ਰਕਾਸ਼ ਕਰਕੇ ਹਰ ਐਤਵਾਰ ਦੀ ਰਾਤ ਨੂੰ, ਰਾਤ ਦੇ ਬਾਰ੍ਹਾਂ ਵਜੇ ਤੱਕ ਕੀਰਤਨ ਦਾ ਪ੍ਰੋਗਰਾਮ ਅਰੰਭ ਹੋ ਗਿਆ। ਕੀਰਤਨੀਏ ਸਿੰਘ ਕੋਈ ਬਾਹਰੋਂ ਨਹੀਂ ਸੱਦੇ ਜਾਂਦੇ ਸਨ। ਇੱਕ ਬਾਬਾ ਜੀ ਦੇ ਵੱਡੇ ਭਾਈ ਸਾਹਿਬ ਭਾਈ ਤਾਰਾ ਸਿੰਘ ਜੀ ਅਤੇ ਧੁੱਗਿਆਂ ਤੋਂ ਹੀ ਸ. ਗੁਰਬਖ਼ਸ਼ ਸਿੰਘ ਤੇ ਸ. ਬਲਵੰਤ ਸਿੰਘ ਜੀ ਆ ਜਾਂਦੇ। ਪਿੰਡ ਬਾਹਲੇ ਤੋਂ ਦਾਸ ਅਤੇ ਦਾਸ ਦਾ ਪਰਿਵਾਰ, ਸ. ਲਾਭ ਸਿੰਘ ਜੀ, ਦੋ-ਤਿੰਨ ਪ੍ਰੇਮੀ ਹੋਰ ਅਤੇ ਮਾਸਟਰ ਕਾਬਲ ਸਿੰਘ ਜੀ। ਇਹ ਛੋਟੀ ਜਿਹੀ ਸੰਗਤ ਗੁਰੂ ਕੇ ਹਜ਼ੂਰ ਬੈਠ, ਬੜੇ ਪਿਆਰ ਨਾਲ ਸਿੱਧੀਆਂ ਧਾਰਨਾਂ ਵਿੱਚ ਬਿਨਾਂ ਵਾਜੇ ਤੋਂ ਕੇਵਲ ਢੋਲਕੀ ਅਤੇ ਚਿਮਟੇ ਨਾਲ ਹੀ 'ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ' ਦੇ ਵਾਕਾਂ ਅਨੁਸਾਰ ਪ੍ਰਭੂ-ਉਸਤਤੀ ਗਾ ਕੇ ਆਪਣੇ ਜੀਵਨ ਦੀਆਂ ਘੜੀਆਂ ਨੂੰ ਸਫ਼ਲ ਕਰਨ ਦਾ ਯਤਨ ਕਰਦੀ।

**ਪੂਰਨਮਾਸ਼ੀ ਦਾ ਰਾਤਰੀ ਸਮਾਗਮ**

ਹੋਰ ਲਾਹਾ ਲੈਣ ਵਾਸਤੇ ਹਰ ਪੂਰਨਮਾਸ਼ੀ ਦੀ ਰਾਤ ਨੂੰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਸ੍ਰੀ ਜਪੁਜੀ ਸਾਹਿਬ ਜੀ ਦੇ ਪਾਠ ਵਾਰੀ-ਵਾਰੀ ਸਾਰੀ ਸੰਗਤ ਕਰਦੀ। ਇੱਕ ਸਿੰਘ ਪਾਠ ਕਰਦਾ, ਬਾਕੀ ਸੁਣਦੇ; ਫਿਰ ਦੂਸਰਾ ਆਪਣੀ ਵਾਰੀ ਨਾਲ ਪਾਠ ਦਾ ਉਚਾਰਣ ਕਰਦਾ। ਇਹ ਪਾਠ ਪੂਰੇ ਕਰ ਲੈਣ ਉਪਰੰਤ ਇੱਕ ਮਾਲਾ ਹੇਠ ਲਿਖੇ ਸਹਸਕ੍ਰਿਤੀ ਸਲੋਕ ਦੀ ਸਾਰੀ ਹੀ ਸੰਗਤ ਕਰਦੀ :

ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥
ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੯॥
(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੫)

ਇਹ ਸਾਰੇ ਪਾਠ ਪੂਰੇ ਕਰਨ ਤੱਕ ਅੰਮ੍ਰਿਤ ਵੇਲਾ ਹੋ ਜਾਂਦਾ। ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਵਾਸਤੇ ਨਿੱਤਨੇਮ (ਪੰਜਾਂ ਬਾਣੀਆਂ ਦਾ), ਉਪ੍ਰੰਤ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਜਾਂਦਾ। ਫਿਰ ਕੜਾਹ ਪ੍ਰਸ਼ਾਦ ਦੀ ਦੇਗ ਸਜਾ ਕੇ ਸਤਿਗੁਰ ਜੀ ਦੇ ਹਜ਼ੂਰ ਅਰਦਾਸ ਕਰਕੇ ਚਾਹ ਦਾ ਲੰਗਰ ਛਕਣ ਉਪ੍ਰੰਤ ਸਾਰੀ ਸੰਗਤ ਆਪੋ ਆਪਣੇ ਘਰਾਂ ਨੂੰ ਚਾਲੇ ਪਾ ਦਿੰਦੀ। ਇੱਕ ਸਾਲ ਭਰ ਇਹ ਨਿਯਮ ਚੱਲਦਾ ਰਿਹਾ। ਸੰਗਤ ਦੀ ਗਿਣਤੀ ਵੀ ਵਧਣੀ ਸ਼ੁਰੂ ਹੋ ਗਈ। ਕਈ ਵਾਰ ਬਾਰਸ਼ ਦਾ ਮੌਸਮ ਹੋਣ ਕਾਰਨ ਜਾਂ ਠੰਢ ਕਾਰਨ ਸੰਗਤ ਨੂੰ ਔਖ ਹੁੰਦੀ, ਇਸ ਮਨੋਰਥ ਦੀ ਪੂਰਤੀ ਲਈ ਛੱਪਰੀ ਅਤੇ ਗੁਫ਼ਾ ਤੋਂ ਚੜ੍ਹਦੇ ਪਾਸੇ ਇੱਕ ਵੱਡੀ ਛੰਨ ਸੰਗਤ ਦੇ ਉੱਦਮ ਨਾਲ ਹੋਂਦ ਵਿੱਚ ਆ ਗਈ।




**ਰੈਣ ਸਬਾਈ ਕੀਰਤਨ**

ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਸ ਛੰਨ ਵਿੱਚ ਹੋਣਾ ਅਰੰਭ ਹੋ ਗਿਆ। ਛੋਟਾ ਦੀਵਾਨ ਜੋ ਹਫ਼ਤਾਵਾਰੀ ਸੀ, ਉਹ ਵੀ ਜਾਰੀ ਰਿਹਾ ਅਤੇ ਪੂਰਨਮਾਸ਼ੀ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਵੀ ਸੰਗਤ ਦੇ ਉੱਦਮ ਨਾਲ ਅਰੰਭ ਹੋ ਗਿਆ, ਜਿਸ ਵਿੱਚ ਬਾਹਰੋਂ ਪਿੰਡਾਂ ਦੀ ਕਾਫ਼ੀ ਸੰਗਤ ਆ ਹਾਜ਼ਰੀ ਭਰਦੀ। ਕੀਰਤਨ ਦੀ ਸੇਵਾ ਭਾ: ਸੰਤੋਖ ਸਿੰਘ ਜੀ ਉਸਮਾਨ ਸ਼ਹੀਦ, ਡਾ: ਪ੍ਰੀਤਮ ਸਿੰਘ ਜੀ ਰਸੂਲਪੁਰ, ਸ. ਜਗਤ ਸਿੰਘ ਜੀ ਅਤੇ ਸ. ਬਲਜੀਤ ਸਿੰਘ ਜੀ ਦਸੂਹੇ ਵਾਲੇ ਤਥਾ ਹੋਰ ਪ੍ਰੇਮੀ, ਜੋ ਇਹਨਾਂ ਦੇ ਨਾਲ ਆ ਜਾਣ, ਉਹ ਕਰਿਆ ਕਰਦੇ। ਬੜਾ ਹੀ ਅਨੰਦ ਬਣਦਾ। ਸੰਗਤ ਦੀ ਗਿਣਤੀ ਦਿਨੋ-ਦਿਨ ਵਧਦੀ ਗਈ, ਜਿਸ ਕਾਰਨ ਜਲਦੀ ਹੀ ਇਸ ਛੰਨ ਦੇ ਅੱਗੇ ਇੱਕ ਹੋਰ ਛੰਨ ਬਨਾਉਣੀ ਪਈ। ਸੰਗਤ ਵਾਸਤੇ ਲੰਗਰ ਪਕਾਉਣ ਲਈ ਵੀ ਬਾਲੇ-ਛਤੀਰ ਪਾ ਕੇ ਛੇ-ਸੱਤ ਖਾਨੇ ਲੰਗਰ ਦੀ ਉਸਾਰੀ ਹੋ ਗਈ। ਸੰਗਤਾਂ ਸੁੱਕੀਆਂ ਰਸਦਾਂ ਲੈ ਆਉਂਦੀਆਂ ਅਤੇ ਆਪਣੇ ਹੱਥੀਂ ਸੇਵਾ ਕਰਕੇ ਲੰਗਰ ਤਿਆਰ ਕਰ ਲੈਂਦੀਆਂ। ਸਾਰੀ ਰਾਤ ਵੀ ਲੰਗਰ ਚਲਦਾ ਅਤੇ ਰੈਣ-ਸਬਾਈ ਦੇ ਭੋਗ ਤੇ ਵੀ ਪ੍ਰਸ਼ਾਦ ਵਰਤਾਉਣ ਉਪ੍ਰੰਤ ਸਾਰੀ ਸੰਗਤ ਨੂੰ ਲੰਗਰ ਛਕਾਇਆ ਜਾਂਦਾ।

ਹੁਣ ਜ਼ਰੂਰੀ ਹੋ ਗਿਆ ਕਿ ਸੰਗਤ ਦੇ ਬੈਠਣ, ਲੰਗਰ ਛਕਣ ਅਤੇ ਹੋਰ ਵਰਤੋਂ ਲਈ ਥਾਂ ਸਾਫ਼ ਕੀਤੀ ਜਾਵੇ ਪਰ ਜਗ੍ਹਾ ਓਨੀਂ ਦੇਰ ਸਾਫ਼ ਨਹੀਂ ਹੋ ਸਕਦੀ ਸੀ ਜਿੰਨਾ ਚਿਰ ਉਪਰਲੇ ਦਰਖ਼ਤ ਨਾ ਵੱਢੇ ਜਾਂਦੇ। ਪਰ ਇਹਨਾਂ ਬੋਹੜਾਂ-ਪਿੱਪਲਾਂ ਦੇ ਦਰਖ਼ਤਾਂ ਪ੍ਰਤੀ ਅਜੇ ਵੀ ਲੋਕਾਂ ਦੇ ਮਨ ਵਿੱਚ ਬਹੁਤ ਭੈਅ ਸੀ, ਜਿਨ੍ਹਾਂ ਨੂੰ ਕੋਈ ਵੀ ਵੱਢਣ ਵਾਸਤੇ ਤਿਆਰ ਨਹੀਂ ਸੀ ਅਤੇ ਨਾ ਹੀ ਕੋਈ ਵਪਾਰੀ ਖ਼ਰੀਦਣ ਨੂੰ ਤਿਆਰ ਹੋਇਆ।

**ਬੋਹੜਾਂ ਅਤੇ ਪਿੱਪਲਾਂ ਦੀ ਕਟਾਈ**

ਇੱਕ ਦਿਨ ਤਿੰਨ ਕੁ ਵਜੇ ਸ਼ਾਮ ਨੂੰ ਪਿੰਡ ਗੋਂਦਪੁਰ ਤੋਂ ਇੱਕ ਸਿੰਘ, ਜਿਸ ਨੇ ਬਾਬਾ ਜੀ ਪਾਸੋਂ ਹੀ ਅੰਮ੍ਰਿਤ ਛਕਿਆ ਸੀ ਅਤੇ ਬੜੇ ਹੌਂਸਲੇ ਵਾਲਾ ਸੀ, ਆਇਆ। ਬਾਬਾ ਜੀ ਨੇ ਉਸ ਨੂੰ ਕਿਹਾ ਕਿ ਉਜਾਗਰ ਸਿੰਘ! ਜੇ ਤੂੰ ਸਾਡੇ ਨਾਲ ਥੋੜ੍ਹੀ ਮਦਦ ਕਰਾਵੇਂ ਤਾਂ ਸੰਗਤ ਦੀ ਸਹੂਲਤ ਵਾਸਤੇ ਇਨ੍ਹਾਂ ਬੋਹੜਾਂ ਦੇ ਡਾਹਲੇ ਵੱਢ ਸੁੱਟੀਏ। ਉਜਾਗਰ ਸਿੰਘ ਇੱਕ ਵਾਰੀ ਤਾਂ ਡਰਿਆ ਅਤੇ ਬਾਬਾ ਜੀ ਨੂੰ ਕਹਿਣ ਲੱਗਾ ਕਿ ਸਾਡੇ ਪਿੰਡ ਦੇ ਦੋ ਬੰਦੇ ਜਿਨ੍ਹਾਂ ਨੇ ਇਸ ਜਗ੍ਹਾ ਤੋਂ ਪਿੱਪਲ ਵੱਢਣ ਦਾ ਯਤਨ ਕੀਤਾ ਸੀ, ਇੱਕ ਤਾਂ ਪਿੱਪਲ ਤੋਂ ਡਿਗ ਕੇ ਚੂਲਾ ਟੁੱਟ ਜਾਣ ਕਾਰਨ ਮਰ ਗਿਆ ਹੈ ਅਤੇ ਦੂਸਰਾ ਦਿਮਾਗ਼ੀ ਸੰਤੁਲਨ ਗਵਾ ਬੈਠਾ ਹੈ। ਆਪ ਜੀ ਦਾ ਹੁਕਮ ਮੈਂ ਮੋੜ ਤਾਂ ਨਹੀਂ ਸਕਦਾ ਪਰ ਮੈਂ ਸਰੀਰ ਕਰਕੇ ਔਖਾ ਨਾ ਹੋ ਜਾਵਾਂ, ਨਾਲੇ ਕਿਤੇ ਲੋਕਾਂ ਵੱਲੋਂ ਹਾਸੋ-ਹੀਣੀ ਨਾ ਹੋਵੇ। ਦਾਸ ਕੋਲ ਹੀ ਬੈਠਾ ਸੀ, ਬਾਬਾ ਜੀ ਨੇ ਉਸ ਨੂੰ ਚੰਗੀ ਤਰ੍ਹਾਂ ਸਮਝਾਇਆ ਕਿ ਹੁਣ ਅੱਗੇ ਵਾਲੀ ਗੱਲ ਨਹੀਂ ਹੈ। ਇੱਥੇ ਹੁਣ ਬਾਣੀ ਪੜ੍ਹ ਹੁੰਦੀ ਹੈ, ਭੈੜੀਆਂ ਰੂਹਾਂ ਜੋ ਸਨ, ਉਹ ਤਾਂ ਸਾਡੇ ਇੱਥੇ ਭਜਨ ਕਰਨ ਉਪ੍ਰੰਤ ਹੀ ਇਸ ਜਗ੍ਹਾ ਨੂੰ ਖਾਲੀ ਕਰ ਗਈਆਂ ਸਨ, ਹੁਣ ਤਾਂ ਐਵੇਂ ਵਹਿਮ-ਭਰਮ ਹੀ ਬਾਕੀ ਹਨ। ਨਾਲੇ ਜਦੋਂ ਬੋਹੜ ਦੇ ਡਾਹਲੇ ਵੱਢਣੇ ਹਨ ਤਾਂ ਮੈਂ ਤੇਰੇ ਪਾਸ ਹੀ ਹੋਣਾ ਹੈ। ਸਾਰੀ ਜ਼ਿੰਮੇਵਾਰੀ ਤੂੰ ਮੇਰੇ ਉੱਪਰ ਛੱਡ ਦੇਹ, ਪਰ ਘਰ ਨਾ ਦੱਸੀਂ ਕਿਉਂਕਿ ਜੇ ਘਰ ਵਾਲਿਆਂ ਨੂੰ ਤੂੰ ਦੱਸ ਦਿੱਤਾ ਤਾਂ ਉਹਨਾਂ ਨੇ ਤੈਨੂੰ ਆਉਣ ਨਹੀਂ ਦੇਣਾ।

(ਚਲਦਾ)

## ਸਰੀ ਵਾਸੀਆਂ ਲਈ ਮੈਡੀਕਲ ਕਲੀਨਿਕ ਖੋਲ੍ਹਿਆ



ਵੈਨਕੂਵਰ : ਸਰੀ ਸਿਟੀ ਕੌਂਸਲ ਵੱਲੋਂ 10,362 ਕਿੰਗ ਜੋਰਜ ਬੁਲੇਵਾੜ ਵਿਚ ਸ਼ਹਿਰ ਵਾਸੀਆਂ ਲਈ ਇਕ ਨਵਾਂ ਕਲੀਨਿਕ ਖੋਲਿਆ ਗਿਆ। ਮੇਅਰ ਬਰੈਂਡਾ ਲੌਕ ਤੇ ਸਿਟੀ ਕੌਂਸਲ ਦੇ ਮੈਂਬਰ ਸਰੀ ਦੇ ਪਹਿਲੇ ਸਿਟੀ-ਸਹਾਇਤਾ ਪ੍ਰਾਪਤ ਮੈਡੀਕਲ ਕਲੀਨਿਕ ਦੇ ਉਦਘਾਟਨ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ । ਇਹ ਕਲੀਨਿਕ ਸਰੀ ਦੇ ਵਸਨੀਕਾਂ ਦੀ ਡਾਕਟਰਾਂ ਤੱਕ ਪਹੁੰਚ ਨੂੰ ਹੋਰ ਬਿਹਤਰ ਬਣਾਉਣ ਵਿਚ ਮਦਦ ਕਰੇਗਾ। ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਅਸੀਂ ਭਾਈਵਾਲਾਂ ਨੂੰ ਇਕੱਠਾ ਕੀਤਾ ਤਾਂ ਜੋ ਪਰਿਵਾਰਿਕ ਡਾਕਟਰਾਂ ਲਈ ਇੱਥੇ ਪ੍ਰੈਕਟਿਸ ਕਰਨਾ ਆਸਾਨ ਬਣਾਇਆ ਜਾ ਸਕੇ। ਉਨਾਂ ਇਹ ਵੀ ਦੱਸਿਆ ਕਿ ਇਸ ਕਲੀਨਿਕ ਵਿਚ 10 ਡਾਕਟਰ ਨਿਯੁਕਤ ਕਰਨ ਦਾ ਟੀਚਾ ਹੈ। ਹਰ ਡਾਕਟਰ ਘੱਟੋ-ਘੱਟ 1,250 ਸਰੀ ਵਸਨੀਕਾਂ ਨੂੰ ਆਪਣੇ ਮਰੀਜ਼ਾ ਵਜੋਂ ਸੇਵਾਵਾਂ ਦੇਵੇਗਾ ਕਾਰਪੋਰੇਟ ਸਰਵਿਸਿਜ਼ ਦੇ ਜਨਰਲ ਮੈਨੇਜਰ ਜੋਏ ਬਰਾੜ ਨੇ ਕਿਹਾ ਇਹ ਪਹਿਲਾ ਕਲੀਨਿਕ ਸਾਡੇ ਲਈ ਇਕ ਮਜ਼ਬੂਤ ਨੀਂਹ ਪ੍ਰਦਾਨ ਕਰੇਗਾ ਜਿਸ ਦੇ ਆਧਾਰ 'ਤੇ ਅਸੀਂ ਸਰੀ ਭਰ ਵਿੱਚ 10 ਕਲੀਨਿਕਾਂ ਤੱਕ ਸਹਾਇਤਾ ਦੇਣ ਵੱਲ ਕੰਮ ਕਰ ਸਕਦੇ ਹਾਂ। ਹੋਰਨਾ ਤੋਂ ਇਲਾਵਾ ਇਸ ਮੌਕੇ 'ਤੇ ਕੌਂਸਲਰ ਹੈਰੀ ਬੈਂਸ, ਪ੍ਰਦੀਪ ਕੂਨਰ, ਰੌਬ ਸਟੱਡ, ਡਾ. ਅਡੋਲ ਹੇਲਮੀ, ਡਾ. ਲੈਗਜੈਂਡਰ ਵਾਈਨਬਰਗ, ਡਾ. ਕਰਨ ਗਰੇਵਾਲ ਅਤੇ ਡਾ. ਸਮੂਏਲ ਹਾਜ਼ਰ ਸਨ।

## ਮਸ਼ਹੂਰ ਕੰਪਨੀ 'ਚ ਹੋਰ ਵੱਡੀ ਛਾਂਟੀ ਲਈ ਤਿਆਰੀ: ਭਾਰਤ 'ਤੇ ਵੀ ਦਿਖੇਗਾ ਅਸਰ

ਅਮਰੀਕੀ ਤਕਨੀਕੀ ਦਿੱਗਜ ਓਰੇਕਲ ਵਿੱਚ ਵੱਡੇ ਪੱਧਰ 'ਤੇ ਛਾਂਟੀ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਰਿਪੋਰਟਾਂ ਅਨੁਸਾਰ, ਕੰਪਨੀ ਆਪਣੇ ਗਲੋਬਲ ਵਰਕਫੋਰਸ ਤੋਂ ਲਗਭਗ 7,000 ਤੋਂ 10,000 ਕਰਮਚਾਰੀਆਂ ਨੂੰ ਛਾਂਟਣ ਦੀ ਯੋਜਨਾ ਬਣਾ ਰਹੀ ਹੈ। ਜਦੋਂ ਕਿ ਅਧਿਕਾਰਤ ਪੁਸ਼ਟੀ ਅਜੇ ਬਾਕੀ ਹੈ, ਕੰਪਨੀ ਦੇ ਗਲੋਬਲ ਦਫਤਰਾਂ ਵਿੱਚ ਅੰਦਰੂਨੀ 'ਹਲਚਲ' ਅਤੇ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਗਏ ਕਰਮਚਾਰੀਆਂ ਦੇ ਤਜ਼ਰਬਿਆਂ ਨੇ ਇਸ ਖ਼ਬਰ ਦੀ ਗੰਭੀਰਤਾ ਨੂੰ ਵਧਾ ਦਿੱਤਾ ਹੈ। ਸਰੋਤਾਂ ਮੁਤਾਬਕ ਛਾਂਟੀ ਦਾ ਪ੍ਰਭਾਵ ਅਮਰੀਕਾ ਤੱਕ ਸੀਮਿਤ ਨਹੀਂ ਹੋਵੇਗਾ, ਸਗੋਂ ਭਾਰਤ ਸਮੇਤ ਦੁਨੀਆ ਭਰ ਦੇ ਕੇਂਦਰਾਂ 'ਤੇ ਵਿਆਪਕ ਪ੍ਰਭਾਵ ਪਾਵੇਗਾ।

**ਸੰਚਾਲਨ ਲਾਗਤਾਂ ਅਤੇ ਬਜਟ** : ਕੰਪਨੀ ਦੇ ਅੰਦਰੂਨੀ ਵਿੱਤੀ ਪ੍ਰਬੰਧਨ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਓਰੇਕਲ ਵਲੋਂ ਸੀਨੀਅਰ ਪ੍ਰਬੰਧਨ ਨੇ ਵੱਖ-ਵੱਖ ਟੀਮਾਂ ਨੂੰ ਆਪਣੇ ਬਜਟ ਵੰਡ ਨੂੰ ਬਹੁਤ ਘੱਟ ਕਰਨ ਲਈ ਸਪੱਸ਼ਟ ਨਿਰਦੇਸ਼ ਜਾਰੀ ਕੀਤੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਕੰਪਨੀ ਨੇ ਇਸ ਨਵੀਨਤਮ ਛਾਂਟੀ ਚੱਕਰ ਤੋਂ ਠੀਕ ਪਹਿਲਾਂ ਹੀ ਕਈ ਟੀਮਾਂ ਅਤੇ ਕਰਮਚਾਰੀਆਂ ਦੀਆਂ ਭੂਮਿਕਾਵਾਂ ਦੇ ਢਾਂਚੇ ਵਿੱਚ ਵਿਆਪਕ ਬਦਲਾਅ ਕੀਤੇ ਸਨ। ਇਹ ਨਵੀਂ ਬਜਟ ਕਟੌਤੀ ਉਸ ਪੁਨਰਗਠਨ ਪ੍ਰਕਿਰਿਆ ਦਾ ਇੱਕ ਵਧੇਰੇ ਹਮਲਾਵਰ ਵਿਸਥਾਰ ਜਾਪਦੀ ਹੈ। ਇਸ ਕਦਮ ਦਾ ਉਦੇਸ਼ ਮਾਲੀਆ ਵਾਧੇ ਅਤੇ ਮੁਨਾਫੇ ਨੂੰ ਸੰਤੁਲਿਤ ਕਰਨਾ ਹੈ, ਸਿੱਧੇ ਤੌਰ 'ਤੇ ਕਰਮਚਾਰੀਆਂ 'ਤੇ ਪ੍ਰਭਾਵ ਪਾਵੇਗਾ।




ਬਜਟ ਸੰਬੰਧੀ ਸਖ਼ਤੀ ਦੇ ਇਸ ਮਾਹੌਲ ਵਿੱਚ ਤਬਦੀਲੀਆਂ ਪਹਿਲਾਂ ਹੀ ਸ਼ੁਰੂ ਹੋ ਚੁੱਕੀਆਂ ਹਨ:

'ਇੱਕ ਵਿਅਕਤੀ, ਬਹੁਤ ਸਾਰੀਆਂ ਭੂਮਿਕਾਵਾਂ' ਰਣਨੀਤੀ ਅਪਣਾਉਂਦੇ ਹੋਏ ਕਰਮਚਾਰੀਆਂ ਦੀਆਂ ਜ਼ਿੰਮੇਵਾਰੀਆਂ ਨੂੰ ਮੁੜ ਪਰਿਭਾਸ਼ਿਤ ਕੀਤਾ ਗਿਆ ਹੈ।

ਸੰਚਾਲਨ ਲਾਗਤਾਂ ਨੂੰ ਘਟਾਉਣ ਲਈ ਪ੍ਰੋਜੈਕਟ ਬਜਟ ਨੂੰ ਘੱਟੋ-ਘੱਟ ਪੱਧਰ ਤੱਕ ਘਟਾ ਦਿੱਤਾ ਗਿਆ ਹੈ।

ਲਾਗਤ-ਪ੍ਰਭਾਵਸ਼ਾਲੀ ਕਾਰਜਾਂ ਲਈ ਕਈ ਕਾਰਜਸ਼ੀਲ ਖੇਤਰਾਂ ਨੂੰ ਮਿਲਾਇਆ ਗਿਆ ਹੈ। ਬਜਟ ਸਖ਼ਤੀ ਦੇ ਇਸ ਮਾਹੌਲ ਨੂੰ ਸਮਝਣ ਲਈ ਪਿਛਲੇ ਕੁਝ ਮਹੀਨਿਆਂ ਦੀਆਂ ਘਟਨਾਵਾਂ ਦੀ ਸਮੀਖਿਆ ਕਰਨਾ ਜ਼ਰੂਰੀ ਹੈ।

**ਮਈ 2026 ਵਿੱਚ ਕੀਤੀ ਸੀ ਵੱਡੀ ਛਾਂਟੀ**

ਓਰੇਕਲ ਵਿਖੇ ਛਾਂਟੀ ਦੀ ਇਹ ਪ੍ਰਕਿਰਿਆ ਅਚਾਨਕ ਨਹੀਂ ਹੈ; ਸਗੋਂ, ਇਹ ਇੱਕ ਚੱਲ ਰਹੀ ਲਾਗਤ ਪ੍ਰਬੰਧਨ ਰਣਨੀਤੀ ਦਾ ਹਿੱਸਾ ਜਾਪਦੀ ਹੈ। ਪਿਛਲੇ ਛਾਂਟੀ ਚੱਕਰਾਂ ਦੇ ਅੰਕੜਿਆਂ ਨੂੰ ਦੇਖਦੇ ਹੋਏ, ਇਹ ਸਪੱਸ਼ਟ ਹੁੰਦਾ ਹੈ ਕਿ ਕੰਪਨੀ ਸਮੇਂ-ਸਮੇਂ 'ਤੇ ਆਪਣੇ ਕਰਮਚਾਰੀਆਂ ਦੀ ਗਿਣਤੀ ਘਟਾਉਂਦੀ ਰਹੀ ਹੈ। ਮਈ 2026 ਵਿੱਚ, ਓਰੇਕਲ ਨੇ ਤਕਨਾਲੋਜੀ ਦੀ ਦੁਨੀਆ ਵਿੱਚ ਸਭ ਤੋਂ ਵੱਡੀ ਛਾਂਟੀ ਕੀਤੀ।

ਕੁੱਲ ਕਰਮਚਾਰੀ: 1.41 ਲੱਖ ਕਰਮਚਾਰੀ।

ਛਾਂਟੀ ਦਾ ਪ੍ਰਤੀਸ਼ਤ: ਕੁੱਲ ਕਰਮਚਾਰੀਆਂ ਦਾ ਲਗਭਗ 13%।

ਪ੍ਰਭਾਵਿਤ ਕਰਮਚਾਰੀਆਂ ਦੀ ਗਿਣਤੀ: ਲਗਭਗ 21,000।

ਇਹ ਇਤਿਹਾਸਕ ਡੇਟਾ ਦਰਸਾਉਂਦਾ ਹੈ ਕਿ ਓਰੇਕਲ ਆਪਣੀ ਕਾਰਜਸ਼ੀਲ ਕੁਸ਼ਲਤਾ ਨੂੰ ਬਿਹਤਰ ਬਣਾਉਣ ਲਈ ਮਹੱਤਵਪੂਰਨ ਕਰਮਚਾਰੀਆਂ ਦੀ ਗਿਣਤੀ ਵਿੱਚ ਕਟੌਤੀ ਕਰਨ ਦੇ ਵਿਰੁੱਧ ਨਹੀਂ ਹੈ। ਮੌਜੂਦਾ ਅਨੁਮਾਨਿਤ ਅੰਕੜੇ ਵੀ ਇਸ ਰੁਝਾਨ ਦਾ ਹਿੱਸਾ ਜਾਪਦੇ ਹਨ।

ਅੱਗੇ ਦਾ ਰਸਤਾ

ਓਰੇਕਲ ਵਿਖੇ ਛਾਂਟੀਆਂ ਦੀ ਇਹ ਲਹਿਰ ਤਕਨਾਲੋਜੀ ਖੇਤਰ ਵਿੱਚ ਚੱਲ ਰਹੇ ਇੱਕ ਵਿਸ਼ਾਲ 'ਲਾਗਤ ਅਨੁਕੂਲਨ' ਯਤਨ ਦਾ ਹਿੱਸਾ ਹੈ। ਹਾਲਾਂਕਿ ਇਹਨਾਂ ਰਿਪੋਰਟਾਂ ਦੀ ਅਜੇ ਤੱਕ ਕੰਪਨੀ ਦੁਆਰਾ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ, ਕਰਮਚਾਰੀਆਂ ਦੇ ਤਜ਼ਰਬੇ ਅਤੇ ਅੰਦਰੂਨੀ ਵਿੱਤੀ ਮਾਰਗਦਰਸ਼ਨ ਇਸ ਸੰਕਟ ਦੀ ਪੁਸ਼ਟੀ ਕਰਦੇ ਹਨ।

## ਲੂਇਸਵਿਲ ਪੋਰਟ 'ਤੇ ਨਕਲੀ ਲਗਜ਼ਰੀ ਘੜੀਆਂ ਤੇ ਜੁੱਤਿਆਂ ਦੀ ਵੱਡੀ ਖੇਪ ਜ਼ਬਤ




ਨਿਊਯਾਰਕ : ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਕੈਂਟਕੀ ਦੇ ਲੂਇਸਵਿਲ ਪੋਰਟ 'ਤੇ ਨਕਲੀ ਲਗਜ਼ਰੀ ਘੜੀਆਂ ਤੇ ਜੁੱਤਿਆਂ ਦੀ ਵੱਡੀ ਖੇਪ ਜ਼ਬਤ ਕੀਤੀ ਹੈ। ਦੱਖਣੀ ਕੋਰੀਆ ਤੋਂ ਆਇਆ ਇਹ ਪਾਰਸਲ ਅਮਰੀਕੀ ਸੂਬੇ ਜਾਰਜੀਆ ਭੇਜਿਆ ਜਾ ਰਿਹਾ ਸੀ। ਅਧਿਕਾਰੀਆਂ ਨੇ ਸ਼ੱਕ ਦੇ ਆਧਾਰ 'ਤੇ ਪਾਰਸਲ ਦੀ ਜਾਂਚ ਕੀਤੀ ਤਾਂ ਉਸ ਵਿੱਚੋਂ ਰੋਲੈਕਸ ਤੇ ਲੂਈ ਵੁਇਟੋਨ ਦੇ ਨਾਂਅ ਵਾਲੀਆਂ 152 ਘੜੀਆਂ ਤੇ ਗੁੱਚੀ ਦੇ ਟਰੇਡਮਾਰਕ ਵਾਲੇ 32 ਜੋੜੇ ਜੁੱਤੇ ਬਰਾਮਦ ਹੋਏ। ਸੀ.ਬੀ.ਪੀ. ਦੇ ਵਪਾਰਕ ਮਾਹਿਰਾਂ ਨੇ ਜਾਂਚ ਮਗਰੋਂ ਸਾਰੇ ਉਤਪਾਦਾਂ ਨੂੰ ਨਕਲੀ ਕਰਾਰ ਦਿੱਤਾ। ਵਿਭਾਗ ਅਨੁਸਾਰ ਜੇ ਇਹ ਸਾਮਾਨ ਅਸਲੀ ਹੁੰਦਾ ਤਾਂ ਇਸ ਦੀ ਅਨੁਮਾਨਿਤ ਪ੍ਰਚੂਨ ਕੀਮਤ 9.3 ਮਿਲੀਅਨ ਡਾਲਰ, ਭਾਵ 93 ਲੱਖ ਡਾਲਰ ਤੋਂ ਵੱਧ ਹੋਣੀ ਸੀ। ਇਹ ਰਕਮ ਨਕਲੀ ਸਾਮਾਨ ਦੀ ਅਸਲ ਕੀਮਤ ਨਹੀਂ, ਸਗੋਂ ਉਸ ਦੇ ਅਸਲੀ ਹੋਣ ਦੀ ਸਥਿਤੀ ਵਿਚ ਬਣਨ ਵਾਲਾ ਅਨੁਮਾਨਿਤ ਮੁੱਲ ਹੈ। ਲੂਇਸਵਿਲ ਪੋਰਟ ਦੇ ਡਾਇਰੈਕਟਰ ਫਿਲਿਪ ਓਨਕਨ ਨੇ ਕਿਹਾ ਕਿ ਨਕਲੀ ਉਤਪਾਦ ਖਪਤਕਾਰਾਂ ਨਾਲ ਧੋਖਾ ਕਰਨ ਦੇ ਨਾਲ ਅਮਰੀਕੀ ਕਾਰੋਬਾਰਾਂ, ਰੁਜ਼ਗਾਰ ਅਤੇ ਟੈਕਸ ਆਮਦਨ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਅਧਿਕਾਰੀਆਂ ਮੁਤਾਬਕ ਸਮੇਂ ਸਿਰ ਕੀਤੀ ਕਾਰਵਾਈ ਨਾਲ ਇਹ ਖੇਪ ਬਾਜ਼ਾਰ ਤੇ ਗਾਹਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਰੋਕ ਲਈ ਗਈ।

## ਪੰਜਾਬੀ ਮੂਲ ਦੀ ਜੱਜ ਨੇ ਟਰੰਪ ਦੀ 'ਡਾਕ ਰਾਹੀਂ ਵੋਟ' ਯੋਜਨਾ 'ਤੇ ਲਾਈ ਰੋਕ

ਨਿਊਯਾਰਕ : ਅਮਰੀਕਾ ਵਿਚ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਡਾਕ ਰਾਹੀਂ ਵੋਟਿੰਗ ਲਈ ਨਵੀਆਂ ਸ਼ਰਤਾਂ ਲਾਗੂ ਕਰਨ ਦੀ ਟਰੰਪ ਪ੍ਰਸ਼ਾਸਨ ਦੀ ਯੋਜਨਾ ਨੂੰ ਪੰਜਾਬੀ ਮੂਲ ਦੀ ਸੰਘੀ ਜੱਜ ਇੰਦਰਾ ਤਲਵਾਨੀ ਨੇ ਘੱਟੋ-ਘੱਟ 14 ਦਿਨਾਂ ਲਈ ਰੋਕ ਦਿੱਤਾ ਹੈ। ਜੱਜ ਨੇ ਨਿਯਮ ਨੂੰ ਸੰਵਿਧਾਨ ਦੇ ਉਲਟ ਹੋਣ ਦੀ ਸੰਭਾਵਨਾ ਵਾਲਾ ਦੱਸਦਿਆਂ ਕਿਹਾ ਕਿ ਚੋਣਾਂ ਵਿਚ ਬਹੁਤ ਘੱਟ ਸਮਾਂ ਬਚਣ ਕਾਰਨ ਰਾਜਾਂ ਲਈ ਇਸ ਦੀ ਪਾਲਣਾ ਕਰਨਾ ਲਗਭਗ ਅਸੰਭਵ ਹੈ। ਜ਼ਿਕਰਯੋਗ ਹੈ ਕਿ ਡਾਕ ਸੇਵਾ ਵੱਲੋਂ ਅੰਤਿਮ ਨਿਯਮ ਲਾਗੂ ਕਰਨ ਦਾ ਐਲਾਨ ਹੁੰਦਿਆਂ ਹੀ 25 ਰਾਜਾਂ ਤੇ ਵੋਟਿੰਗ ਅਧਿਕਾਰ ਜਥੇਬੰਦੀਆਂ ਨੇ ਨਵੀਆਂ ਪਟੀਸ਼ਨਾਂ ਦਾਇਰ ਕਰ ਦਿੱਤੀਆਂ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਨਿਯਮ ਰਾਜਾਂ ਦੇ ਸੰਵਿਧਾਨਕ ਚੋਣ ਅਧਿਕਾਰਾਂ 'ਚ ਦਖ਼ਲ ਦਿੰਦਾ ਹੈ ਅਤੇ ਤਕਨੀਕੀ ਖ਼ਰਾਬੀ, ਪ੍ਰਸ਼ਾਸਕੀ ਗ਼ਲਤੀ ਜਾਂ ਦੇਰੀ ਕਾਰਨ ਯੋਗ ਵੋਟਰ ਬੈਲਟ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਸਕਦੇ ਹਨ। ਜੱਜ ਤਲਵਾਨੀ ਨੇ ਕਿਹਾ ਕਿ ਸਰਕਾਰ ਨੇ ਡਾਕ ਜਾਂ ਗੈਰਹਾਜ਼ਰ ਵੋਟਿੰਗ ਵਿਚ ਵਿਆਪਕ ਧੋਖਾਧੜੀ ਹੋਣ ਦਾ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ। ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਨਵੇਂ ਪ੍ਰਬੰਧ ਨਾਲ ਬੈਲਟਾਂ ਦੀ ਨਿਗਰਾਨੀ ਅਤੇ ਸੁਰੱਖਿਆ ਬਿਹਤਰ ਹੋਵੇਗੀ। ਡਾਕ ਸੇਵਾ ਨੇ ਵੀ ਸਪੱਸ਼ਟ ਕੀਤਾ ਹੈ ਕਿ ਉਹ ਵੋਟਰ ਦੀ ਯੋਗਤਾ ਤੈਅ ਕਰਨ ਜਾਂ ਵੋਟਾਂ ਦੀ ਗਿਣਤੀ 'ਚ ਕੋਈ ਭੂਮਿਕਾ ਨਹੀਂ ਨਿਭਾਏਗੀ। ਪ੍ਰਸ਼ਾਸਨ ਵੱਲੋਂ ਇਸ ਫ਼ੈਸਲੇ ਖ਼ਿਲਾਫ਼ ਉੱਚ ਅਦਾਲਤ ਵਿਚ ਅਪੀਲ ਕੀਤੇ ਜਾਣ ਦੀ ਸੰਭਾਵਨਾ ਹੈ।

## 9/11 ਮਾਮਲਾ : ਜੱਜ ਨੇ ਖਾਲਿਦ ਸ਼ੇਖ ਮੁਹੰਮਦ ਦੇ ਇਕਬਾਲੀਆ ਬਿਆਨ ਕੀਤੇ ਰੱਦ



ਨਿਊਯਾਰਕ : ਅਮਰੀਕੀ ਫ਼ੌਜੀ ਅਦਾਲਤ ਨੇ 9/11 ਸਾਜਿਸ਼ ਦੇ ਮੁੱਖ ਦੋਸ਼ੀ ਖਾਲਿਦ ਸ਼ੇਖ ਮੁਹੰਮਦ ਵਲੋਂ 2007 ਵਿਚ ਐਫ.ਬੀ.ਆਈ. ਅਧਿਕਾਰੀਆਂ ਨੂੰ ਦਿੱਤੇ ਇਕਬਾਲੀਆ ਬਿਆਨਾਂ ਨੂੰ ਮੁਕੱਦਮੇ ਵਿਚ ਸਬੂਤ ਵਜੋਂ ਵਰਤਣ 'ਤੇ ਰੋਕ ਲਾ ਦਿੱਤੀ ਹੈ। ਫ਼ੌਜੀ ਜੱਜ ਲੈਫਟੀਨੈਂਟ ਕਰਨਲ ਮਾਈਕਲ ਨੇ ਕਿਹਾ ਕਿ ਇਹ ਬਿਆਨ ਪੂਰੀ ਤਰ੍ਹਾਂ ਆਪਣੀ ਇੱਛਾ ਨਾਲ ਨਹੀਂ ਦਿੱਤੇ ਗਏ । ਜੱਜ ਨੇ ਜਨਵਰੀ 2007 ਵਿੱਚ ਗੁਆਂਤਾਨਾਮੋ ਬੇ ਵਿੱਚ ਚਾਰ ਦਿਨਾਂ ਦੌਰਾਨ ਐਫ.ਬੀ.ਆਈ. ਵਲੋਂ ਕੀਤੀ ਪੁੱਛਗਿੱਛ ਦੇ ਬਿਆਨਾਂ ਨੂੰ ਅਦਾਲਤ ਵਿਚ ਕਬੂਲਯੋਗ ਨਹੀਂ ਮੰਨਿਆ। ਰਿਪੋਰਟਾਂ ਮੁਤਾਬਕ ਅਦਾਲਤ ਨੇ ਪਾਇਆ ਕਿ ਸੀ.ਆਈ.ਏ. ਦੀ ਹਿਰਾਸਤ ਦੌਰਾਨ ਮੁਹੰਮਦ ਨਾਲ ਕੀਤੇ ਗਏ ਸਖ਼ਤ ਪੁੱਛਗਿੱਛ ਤਰੀਕਿਆਂ ਦਾ ਉਸ ਦੀ ਮਾਨਸਿਕ ਸਥਿਤੀ 'ਤੇ ਲੰਬੇ ਸਮੇਂ ਤੱਕ ਪ੍ਰਭਾਵ ਰਿਹਾ । ਇਸ ਕਾਰਨ ਉਸ ਵਿਚ ਇਹ ਡਰ ਪੈਦਾ ਹੋ ਗਿਆ ਸੀ ਕਿ ਜੇਕਰ ਉਹ ਜਾਂਚਕਾਰਾਂ ਨਾਲ ਸਹਿਯੋਗ ਨਾ ਕਰੇ ਤਾਂ ਉਸ ਨਾਲ ਮੁੜ ਸਖ਼ਤ ਵਿਵਹਾਰ ਕੀਤਾ ਜਾ ਸਕਦਾ ਹੈ । ਮੁਹੰਮਦ ਨੂੰ ਮਾਰਚ 2003 ਵਿਚ ਪਾਕਿਸਤਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ । ਇਸ ਤੋਂ ਬਾਅਦ ਉਸ ਨੂੰ ਸੀ.ਆਈ.ਏ. ਦੀਆਂ ਗੁਪਤ ਹਿਰਾਸਤੀ ਥਾਵਾਂ 'ਤੇ ਰੱਖਿਆ ਗਿਆ, ਜਿੱਥੇ ਉਸ 'ਤੇ ਵਾਟਰਬੋਰਡਿੰਗ ਸਮੇਤ ਕਈ ਸਖ਼ਤ ਪੁੱਛਗਿੱਛ ਤਰੀਕੇ ਵਰਤੇ ਗਏ । ਜੱਜ ਨੇ ਇਹ ਵੀ ਕਿਹਾ ਕਿ ਪੁੱਛਗਿੱਛ ਦੌਰਾਨ ਮੁਹੰਮਦ ਨੂੰ ਉਸ ਦੇ ਚੁੱਪ ਰਹਿਣ ਦੇ ਅਧਿਕਾਰ ਬਾਰੇ ਮਿਰਾਂਡਾ ਚਿਤਾਵਨੀ ਨਹੀਂ ਦਿੱਤੀ ਗਈ ਸੀ ਅਤੇ ਉਸ ਨੂੰ ਵਕੀਲ ਨਾਲ ਗੱਲ ਕਰਨ ਦੀ ਇਜਾਜ਼ਤ ਨਾ ਹੋਣ ਬਾਰੇ ਵੀ ਦੱਸਿਆ ਗਿਆ ਸੀ । 9/11 ਹਮਲਿਆਂ ਵਿਚ ਲਗਭਗ 3,000 ਲੋਕ ਮਾਰੇ ਗਏ ਸਨ। ਮੁਹੰਮਦ ਅਤੇ ਤਿੰਨ ਹੋਰ ਮੁਲਜ਼ਮਾਂ ਖ਼ਿਲਾਫ਼ ਮੁਕੱਦਮੇ ਦੀ ਸੁਣਵਾਈ 5 ਜੂਨ 2028 ਤੋਂ ਗੁਆਂਤਾਨਾਮੋ ਬੇ ਵਿਚ ਸ਼ੁਰੂ ਹੋਣੀ ਤੈਅ ਹੈ। ਸਰਕਾਰੀ ਵਕੀਲ ਰੀਅਰ ਐਡਮਿਰਲ ਐਰੋਨ ਸੀ. ਰੁਗ ਨੇ ਕਿਹਾ ਹੈ ਕਿ ਸਰਕਾਰ ਜਲਦ ਹੀ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰਨ ਬਾਰੇ ਫ਼ੈਸਲਾ ਕਰੇਗੀ।

## ਅਮਰੀਕਾ ਨੇ ਨੇਪਾਲ ਲਈ 3.6 ਮਿਲੀਅਨ ਡਾਲਰ ਤੋਂ ਵੱਧ ਦੀ ਸਹਾਇਤਾ ਦਾ ਕੀਤਾ ਐਲਾਨ



ਵਾਸ਼ਿੰਗਟਨ : ਅਮਰੀਕਾ ਨੇ ਨੇਪਾਲ-ਤਿੱਬਤ ਸਰਹੱਦ ਨੇੜੇ ਗਲੇਸ਼ੀਅਰ ਫਟਣ ਕਾਰਨ ਆਏ ਭਿਆਨਕ ਹੜ੍ਹ ਤੋਂ ਬਾਅਦ ਨੇਪਾਲ ਲਈ 3.6 ਮਿਲੀਅਨ ਡਾਲਰ ਤੋਂ ਵੱਧ ਦੀ ਮਨੁੱਖੀ ਸਹਾਇਤਾ ਦਾ ਐਲਾਨ ਕੀਤਾ ਹੈ। ਇਸ ਆਫ਼ਤ ਵਿੱਚ ਹੁਣ ਤੱਕ ਘੱਟੋ-ਘੱਟ 675 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਲਗਭਗ 3,000 ਅਜੇ ਵੀ ਲਾਪਤਾ ਹਨ। ਅਮਰੀਕਾ ਦੁਆਰਾ ਐਲਾਨੀ ਗਈ ਸਹਾਇਤਾ ਵਿੱਚ ਆਫ਼ਤ ਤੋਂ ਪ੍ਰਭਾਵਿਤ 10,000 ਪਰਿਵਾਰਾਂ ਲਈ ਐਮਰਜੈਂਸੀ ਭੋਜਨ ਸਹਾਇਤਾ ਸ਼ਾਮਲ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਕਿਹਾ ਕਿ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਉਸਦੀ ਸਭ ਤੋਂ ਵੱਡੀ ਤਰਜੀਹ ਹੈ। ਵਿਭਾਗ ਦੇ ਅਨੁਸਾਰ ਨੇਪਾਲ ਅਤੇ ਚੀਨ ਵਿੱਚ ਅਮਰੀਕੀ ਦੂਤਾਵਾਸ ਅਮਰੀਕੀ ਨਾਗਰਿਕਾਂ ਦੀ ਸਹਾਇਤਾ ਅਤੇ ਰਾਹਤ ਕਾਰਜ ਪ੍ਰਦਾਨ ਕਰਨ ਲਈ ਸਥਾਨਕ ਅਧਿਕਾਰੀਆਂ ਨਾਲ ਕੰਮ ਕਰ ਰਹੇ ਹਨ। ਇਹ ਆਫ਼ਤ ਬੁੱਧਵਾਰ ਨੂੰ ਹਿਮਾਲਿਆ ਵਿੱਚ ਇੱਕ ਗਲੇਸ਼ੀਅਰ ਦੇ ਇੱਕ ਹਿੱਸੇ ਦੇ ਟੁੱਟਣ ਤੋਂ ਬਾਅਦ ਵਾਪਰੀ। ਗਲੇਸ਼ੀਅਰ ਫਟਣ ਨਾਲ ਭਾਰੀ ਮਾਤਰਾ ਵਿੱਚ ਪਾਣੀ ਅਤੇ ਮਲਬਾ ਵਾਦੀਆਂ ਵਿੱਚ ਵਹਿ ਗਿਆ, ਜਿਸ ਨਾਲ ਨੇਪਾਲ-ਤਿੱਬਤ ਸਰਹੱਦ ਦੇ ਨਾਲ ਲੱਗਦੇ ਖੇਤਰਾਂ ਵਿੱਚ ਵਿਆਪਕ ਤਬਾਹੀ ਹੋਈ। ਵਿਦੇਸ਼ੀ ਸੈਲਾਨੀ ਵੀ ਆਫ਼ਤ ਤੋਂ ਪ੍ਰਭਾਵਿਤ ਹੋਏ ਹਨ। ਅਮਰੀਕੀ ਅਧਿਕਾਰੀਆਂ ਦੇ ਅਨੁਸਾਰ ਲਾਪਤਾ ਲੋਕਾਂ ਵਿੱਚ ਲਗਭਗ 100 ਅਮਰੀਕੀ ਨਾਗਰਿਕ ਸ਼ਾਮਲ ਹਨ। ਨੇਪਾਲ ਦੀ ਆਫ਼ਤ ਪ੍ਰਬੰਧਨ ਏਜੰਸੀ ਦੇ ਅਨੁਸਾਰ ਦੇਸ਼ ਵਿੱਚ ਕੁੱਲ 589 ਵਿਦੇਸ਼ੀ ਨਾਗਰਿਕਾਂ ਦੇ ਲਾਪਤਾ ਹੋਣ ਦੀ ਰਿਪੋਰਟ ਕੀਤੀ ਗਈ ਹੈ। ਨੇਪਾਲ ਟੂਰਿਜ਼ਮ ਬੋਰਡ ਦੇ ਅਨੁਸਾਰ, ਹੁਣ ਤੱਕ 261 ਵਿਦੇਸ਼ੀ ਨਾਗਰਿਕਾਂ ਨੂੰ ਬਚਾਇਆ ਗਿਆ ਹੈ। ਲਾਪਤਾ ਲੋਕਾਂ ਨੂੰ ਲੱਭਣ ਲਈ ਇੱਕ ਵਿਸ਼ਾਲ ਰਾਹਤ ਅਤੇ ਬਚਾਅ ਕਾਰਜ ਚੱਲ ਰਿਹਾ ਹੈ। ਸੁਰੱਖਿਆ ਬਲ, ਹੈਲੀਕਾਪਟਰਾਂ ਅਤੇ ਐਮਰਜੈਂਸੀ ਟੀਮਾਂ ਦੇ ਨਾਲ, ਕਾਰਜ ਵਿੱਚ ਲੱਗੇ ਹੋਏ ਹਨ। ਹਾਲਾਂਕਿ ਮੁਸ਼ਕਲ ਪਹਾੜੀ ਇਲਾਕਾ, ਖ਼ਰਾਬ ਮੌਸਮ ਅਤੇ ਨੁਕਸਾਨੇ ਗਏ ਬੁਨਿਆਦੀ ਢਾਂਚੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਕਾਫ਼ੀ ਰੁਕਾਵਟ ਪਾ ਰਹੇ ਹਨ। ਆਫ਼ਤ ਤੋਂ ਬਾਅਦ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਭੋਜਨ, ਆਸਰਾ, ਡਾਕਟਰੀ ਸਹਾਇਤਾ ਅਤੇ ਹੋਰ ਜ਼ਰੂਰੀ ਸਪਲਾਈ ਦੀ ਤੁਰੰਤ ਲੋੜ ਹੈ। ਅਮਰੀਕੀ ਸਹਾਇਤਾ ਨੇਪਾਲ ਨੂੰ ਦਰਪੇਸ਼ ਮਨੁੱਖੀ ਸੰਕਟ ਨੂੰ ਹੱਲ ਕਰਨ ਲਈ ਅੰਤਰਰਾਸ਼ਟਰੀ ਯਤਨਾਂ ਦਾ ਹਿੱਸਾ ਹੈ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

VISIT US NOW!

DR. RAJESH MAHESHWARI, MD

SAN RAMON
San Ramon
URGENT CARE & CLINIC

9140 Alcosta Boulevard Ste D
San Ramon, CA 94583
(925) 361-5959

LATHROP
Lathrop
URGENT CARE

15810 Harlan Road #A
Lathrop, CA 95330
(209) 983-9000

MAIN STREET
Main Street
URGENT CARE

1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਧਰਮ ਬਦਲੀ ਜਾਂ ਫ਼ਿਰਕੂ ਥਾਂ ਬਦਲਣ ਵਾਂਗ (ਇਕ) ਕਿਰਿਆ ਦਾ ਸਵਾਲ ਰਾਜਨੀਤੱਕ ਸ਼ਤਰੰਜ ਬੋਰਡ ਤੇ ਚਾਲ ਦੇ ਤੌਰ 'ਤੇ ਦੱਖਣ ਭਾਰਤ ਵਿਚ ਸਾਨੂੰ ਜ਼ਿਆਦਾ ਪਰੇਸ਼ਾਨ ਕਰਦਾ ਹੈ। ਪੂਨਾ ਪੈਕਟ ਦੇ ਹਿੱਸੇਦਾਰੀ ਦੇ ਤੌਰ 'ਤੇ ਇਕ ਵੱਖਰੇ ਚੋਣ ਖੇਤਰ ਅਤੇ ਸਾਂਝੇ ਚੋਣ ਖੇਤਰਾਂ ਵਿੱਚ ਹਿੱਸੇਦਾਰੀ ਨਾਲ ਦਰਜਾ ਸੁਰੱਖਿਅਤ ਰੱਖਦਿਆਂ ਦੋਵੇਂ ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਹਿੰਦੂਆਂ ਵਜੋਂ ਆਪਣੀ ਹੈਸੀਅਤ ਸੁਰੱਖਿਅਤ ਰੱਖਦਿਆਂ ਕੰਮ ਕਰਨ ਨੂੰ ਮਜਬੂਰ ਹਾਂ। ਇਸ ਕਰਕੇ ਮੈਂ ਰਾਜਨੀਤੱਕ ਛਲ ਕਰਨ ਵਿਚ ਹਿੱਸੇਦਾਰ ਨਹੀਂ ਜਿਹੜੇ ਤੁਹਾਡੀ ਚਿੱਠੀ ਵਿਚ ਸੁਝਾਅ ਦਿੱਤੇ ਗਏ ਹਨ। ਮੈਂ ਹਿੰਦੂ ਮਹਾਂਸਭਾ ਨੂੰ ਬੇਨਤੀ ਕਰਾਂਗਾ ਕਿ ਦੱਬੀਆਂ ਕੁਚਲੀਆਂ ਜਾਤਾਂ ਦੇ ਹਿੰਦੂਵਾਦ 'ਚ ਰਹਿਣ ਦੇ ਕੰਮ ਨੂੰ ਆਸਾਨ ਬਣਾਉਣ ਲਈ ਇਹ ਆਪਣੇ-ਆਪ ਨੂੰ ਮੁਖ਼ਾਤਬ ਹੋਣ ਅਤੇ ਹਿੰਦੂ ਸਮਾਜ ਬਜਾਏ ਇਸ ਦੇ ਉਨ੍ਹਾਂ ਨੂੰ ਕਿਸੇ ਦੂਰ ਦੀ ਮੰਜ਼ਿਲ 'ਚ ਦਾਖਲ ਹੋਣ ਲਈ ਇਕ ਟਿਕਟ ਦਾ ਇੰਤਜ਼ਾਮ ਕਰਕੇ ਦੇਣ। ਕਿਉਂਕਿ ਤੁਸੀਂ ਪ੍ਰਸ਼ਨ ਵਜੋਂ ਉਠਾਉਂਦੇ ਹੋ ਕੇ ਇਕ ਵੱਡੀ ਬਹਿਸ ਦੇ ਤੌਰ 'ਤੇ ਜਗਾਉਣ ਦੇ ਯੋਗ ਹੈ? ਮੈਂ ਆਪਣੇ ਤੌਰ 'ਤੇ ਆਪਣਾ ਹੱਕ ਰਿਜ਼ਰਵ (ਰਾਖਵਾਂ) ਰੱਖਦਾ ਹਾਂ ਕਿ ਮੇਰਾ ਜਵਾਬ ਛਾਇਆ ਕੀਤਾ ਜਾਵੇ ਜਦ ਮੌਕਾ ਮੰਗ ਕਰਦਾ ਹੈ।

**ਸ਼੍ਰੀ ਸੀ. ਰਾਜਗੋਪਾਲਾਚਾਰੀਆ ਦੁਆਰਾ ਰਾਓ ਬਹਾਦਰ ਐਮ.ਸੀ. ਰਾਜਾ ਦੀ ਪਿੱਠ ਪੂਰੀ**

ਸ੍ਰੀ ਸੀ. ਰਾਜਗੋਪਾਲਾਚਾਰੀਆ ਨੇ ਰਾਓ ਬਹਾਦਰ ਰਾਜਾ ਨੂੰ ਲਿਖਦਿਆਂ ਕਿਹਾ: ਤੁਹਾਡਾ ਛੋਟਾ ਪੱਤਰ ਅਤੇ ਨੱਥੀ ਕਾਗ਼ਜ਼ ਮੇਰੇ ਪਾਸ ਹਨ। ਮੈਂ ਲਿਖਤ ਪੜ੍ਹਤ ਰਾਹੀਂ ਪੜ੍ਹਿਆ। ਸਾਰੀ ਚੀਜ਼ ਨੂੰ ਸ਼ੈਤਾਨੀ ਸੁਝਾਅ ਆਖਣਾ ਇਹ ਬਹੁਤੀ ਸਖ਼ਤ ਜ਼ੁਬਾਨ ਨਹੀਂ ਹੋਵੇਗੀ। ਮੈਂ ਖ਼ੁਸ਼ ਹਾਂ ਕਿ ਤੁਸੀਂ ਮਹਾਤਮਾ ਗਾਂਧੀ ਨੂੰ ਲਿਖਤ ਪੜ੍ਹਤ ਭੇਜ ਚੁੱਕੇ ਹੋ! ਮੈਂ ਖ਼ੁਸ਼ ਹਾਂ, ਤੁਸੀਂ ਸ਼ਰਤਾਂ 'ਚ ਜਵਾਬ ਦੇ ਚੁੱਕੇ ਹੋ ਜੋ ਤੁਸੀਂ ਰੱਖੀਆਂ ਸਨ ਅਤੇ ਗਰਮਾਹਟ ਨਾਲ (ਡਾ. ਭੀਮ ਰਾਓ ਅੰਬੇਡਕਰ ਦੇ) ਵਿਚਾਰ ਨੂੰ ਵੱਡ ਦਿੱਤਾ ਹੈ। (ਪੰਨਾ-150) Source Material Vol.One

**Source Material Vol. I**

**ਮਹਾਤਮਾ ਗਾਂਧੀ ਦਾ ਮਿਸਟਰ ਰਾਜਾ ਨੂੰ ਮਿਤੀ 26 ਜੁਲਾਈ 1936 ਦਾ ਪੱਤਰ**

'ਮੈਨੂੰ ਕੋਈ ਮੁਸ਼ਕਿਲ ਨਹੀਂ ਹੈ ਤੁਹਾਡੀ ਚਿੱਠੀ ਦੇ ਹੇਠਾਂ ਜਾਂ ਪਿੱਛੇ ਡਾ. ਮੌਜੇ ਨੂੰ ਲਿਖ ਕੇ ਪੁਸ਼ਟੀ ਕਰਾਂ। ਮੈਂ ਡਾ. ਮੰਜੇ ਜਾਂ ਡਾ. ਅੰਬੇਡਕਰ ਦੀ ਹੈਸੀਅਤ ਬਿਲਕੁਲ ਨਹੀਂ ਸਮਝਦਾ। ਮੇਰੇ ਲਈ ਛੂਤ-ਛਾਤ ਦਾ ਹਟਾਉਣਾ ਸਭ ਇਹਦੇ ਆਪਣੇ ਨਾਚ ਵਿਚ ਪੈਰ ਚੁੱਕਣ 'ਚ ਖੜੀ ਹੁੰਦੀ ਹੈ। ਮੇਰੇ ਲਈ ਇਹ ਡੂੰਘਾਈ 'ਚ ਧਾਰਮਿਕ ਸਵਾਲ ਹੈ। ਸਵਰਨ ਹਿੰਦੂਆਂ ਦੁਆਰਾ ਸਾਡੇ ਧਰਮ ਦੀ ਸੱਚੀ-ਹੋਂਦ ਰੂਹਾਂ ਦੇ ਪਛਤਾਵੇ ਅਤੇ ਇਹਦੀ ਮਰਜ਼ੀ ਨਾਲ ਹਟ ਸਕਦੀ ਹੈ ਤੇ ਸਵੈ ਇੱਛਾ ਨਾਲ ਹਟਾਉਣ 'ਤੇ ਨਿਰਭਰ ਹੈ।




ਇਹ ਮੇਰੇ ਲਈ ਮਾਲ ਦੇ ਵਟਾਂਦਰੇ ਕਰਨ ਦਾ ਪ੍ਰਸ਼ਨ ਕਦੇ ਵੀ ਨਹੀਂ ਹੋ ਸਕਦਾ। ਅਤੇ ਮੈਂ ਖ਼ੁਸ਼ ਹਾਂ ਕਿ ਤੁਸੀਂ ਲਗਪਗ ਉਹ ਹੀ ਦ੍ਰਿਸ਼ਟੀਕੋਣ ਲਿਆ ਹੈ ਜੋ ਮੇਰਾ ਹੈ।

ਪੰਡਿਤ ਮਦਨ ਮੋਹਨ ਮਾਲਵੀਆ ਦੀ ਰਾਓ ਬਹਾਦਰ ਐਮ.ਸੀ. ਰਾਜਾ ਨੂੰ ਮਿਤੀ 30 ਜੁਲਾਈ 1936 ਦੇ ਤਾਰ.-'ਤੁਹਾਡੇ ਪੱਤਰ ਦੀ ਡਾ. ਮੁੰਜੇ ਨੂੰ ਕਾਪੀ (ਨਕਲ) ਲਈ ਧੰਨਵਾਦ। ਮੈਂ ਤੁਹਾਡੇ ਨਾਲ ਸਹਿਮਤ ਹਾਂ।'

-ਏ.ਪੀ.

**ਡਾਕਟਰ ਅੰਬੇਡਕਰ ਦਾ ਮਹਾਤਮਾ ਗਾਂਧੀ ਅਤੇ ਮਾਲਵੀਆ 'ਤੇ ਦੋਸ਼**

'ਉਹ ਪੂਨਾ ਪੈਕਟ ਦੇ ਸਮੇਂ ਕੀਤੇ ਵਾਅਦਿਆਂ ਨੂੰ ਨਿਭਾਉਣ 'ਚ ਅਸਫਲ ਹੋ ਚੁੱਕੇ ਹਨ' ਰਾਜਾ-ਮੌਜੇ ਦੇ ਪੱਤਰ ਵਿਹਾਰ ਦੀ ਪ੍ਰਕਾਸ਼ਨ 'ਤੇ ਧਮਾਕਾ

Bombay, August 7, 1936)

ਹਵਾਲਾ (ਪੰਨਾ-150/169) Source Material Vol.One

**ਜਜ਼ਬਾਤ ਦਾ ਤੂਫ਼ਾਨ**

ਡਾਕਟਰ ਅੰਬੇਡਕਰ ਨੇ ਐਸੋਸੀਏਟਿਡ ਪ੍ਰੈੱਸ ਨੂੰ ਹੇਠ ਲਿਖਿਆ ਬਿਆਨ ਦਿੱਤਾ-

ਮੈਂ ਪੱਤਰ ਵਿਹਾਰ ਪੜ੍ਹ ਚੁੱਕਾ ਹਾਂ, ਜੋ ਰਾਓ ਬਹਾਦਰ ਐਮ.ਸੀ. ਰਾਜਾ ਅਤੇ ਡਾ. ਮੁੰਜੇ ਦਰਮਿਆਨ ਦੱਬੀਆਂ ਕੁਚਲੀਆਂ ਜਾਤਾਂ ਦੇ ਸਿੱਖਇਜ਼ਮ 'ਚ ਦਾਖਲ ਹੋਣ ਦੀ ਸੰਭਾਵਨਾ ਬਾਰੇ-ਇਸ ਸ਼ਾਮ ਪ੍ਰੈੱਸ ਵਿਚ ਪ੍ਰਗਟ ਹੋ ਚੁੱਕਾ ਹੈ। ਸ਼ੁਰੂਆਤ ਵਿਚ ਮੈਂ ਪ੍ਰੈੱਸ ਨਾਲ ਸਬੰਧਿਤ ਪੱਤਰ ਵਿਹਾਰ ਦੀ ਪ੍ਰਕਾਸ਼ਨਾਂ ਲਈ ਮਿਸਟਰ ਰਾਜਾ ਦੀ ਕਾਰਵਾਈ ਦੀ ਵਿਸ਼ੇਸ਼ਤਾ ਜ਼ਰੂਰ ਦਸਾਂ ਕਿ ਇਹ ਅਤਿਅੰਤ ਇਤਰਾਜ਼ਯੋਗ ਹੈ। ਉਹ ਧਿਆਨ ਦੇਵੇ ਕਿ ਉਹ ਭੁੱਲ ਚੁੱਕਾ ਨਹੀਂ ਹੋ ਸਕਦਾ ਕਿ ਡਾਕਟਰ ਮੌਜੇ ਆਪਣੇ ਪੱਤਰ ਵਿਚ ਅਖੀਰ ਤੇਜ਼ੀ ਨਾਲ ਮਿਸਟਰ ਰਾਜਾ ਨੂੰ ਦਸ ਚੁੱਕਾ ਸੀ ਕਿ ਜਦ ਵਿਸ਼ੇ ਵਸਤੂ ਦਾ ਫ਼ੈਸਲਾ ਕੀਤਾ ਗਿਆ ਸੀ ਕਿ ਇਕ ਰਾਹ ਜਾਂ ਦੂਜਾ ਰਾਹ ਅਪਣਾਉਣ ਤੱਕ ਪੱਤਰ ਨੂੰ ਪੂਰੀ ਤਰ੍ਹਾਂ ਨਿੱਜੀ ਤੇ ਗੁਪਤ ਰੱਖਿਆ ਜਾਣਾ ਚਾਹੀਦਾ। ਇਮਾਨਦਾਰੀ ਨਾਲ ਮਿਸਟਰ ਰਾਜਾ ਚਿੱਠੀ ਪੱਤਰ ਪ੍ਰੈੱਸ ਨੂੰ ਪ੍ਰਕਾਸ਼ਨਾਂ ਲਈ ਜਾਰੀ ਕਰਨ ਵਾਸਤੇ ਡਾ. ਮੁੰਜੇ ਤੋਂ ਅਗਾਂਊਂ ਆਗਿਆ ਪ੍ਰਾਪਤ ਕਰਨ ਦਾ ਪਾਬੰਦ ਸੀ।

**(ਚਲਦਾ)**

# ਲਿਬਰਲ ਸਰਕਾਰ ਦੀਆਂ ਮਾੜੀਆਂ ਨੀਤੀਆਂ ਨੇ ਕੈਨੇਡਾ ਦਾ ਬੇੜਾ ਗਰਕ ਕੀਤਾ : ਪੀਅਰ ਪੌਲੀਐਵ

ਟੋਰਾਂਟੋ : ਕੈਨੇਡਾ ਸਰਕਾਰ ਵਿਚ ਵਿਰੋਧੀ ਧਿਰ ਦੇ ਨੇਤਾ, ਕੰਨਜ਼ਰਵਟਿਵ ਪਾਰਟੀ ਦੇ ਆਗੂ ਅਤੇ ਪਾਰਟੀ ਵਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਪੀਅਰ ਪੌਲੀਐਵ ਨੇ ਬਰੈਂਪਟਨ ਸ਼ਹਿਰ ਨੂੰ ਜ਼ੁਰਮਾਂ ਦਾ ਗੜ੍ਹ ਦੱਸਿਆ ਹੈ। ਉਨ੍ਹਾਂ ਆਖਿਆ ਕਿ ਪੂਰੇ ਕੈਨੇਡਾ ਵਿਚ ਜੇਕਰ ਕੋਈ ਵੀ ਜ਼ੁਰਮ ਹੁੰਦਾ



ਹੈ ਜਾਂ ਸਰੱਹਦ ਉਤੇ ਨਸ਼ਾ ਜਾਂ ਹਥਿਆਰ ਬਰਾਮਦ ਹੁੰਦੇ ਹਨ ਤਾਂ ਉਸ ਦੇ ਤਾਰ ਬਰੈਂਪਟਨ ਨਾਲ ਜ਼ਰੂਰ ਜੁੜਦੇ ਹਨ ਅਤੇ ਇਹ ਸਭ ਹੁਣ ਪੂਰੇ ਕੈਨੇਡਾ ਵਿਚ ਫੈਲ ਰਿਹਾ ਹੈ, ਜਿਸ ਦੀ ਜ਼ਿੰਮੇਵਾਰ ਇਸ ਸਮੇਂ ਕੈਨੇਡਾ ਦੀ ਲਿਬਰਲ ਸਰਕਾਰ ਹੈ। ਪਹਿਲਾਂ ਜਸਟਿਨ ਟਰੂਡੋ ਅਤੇ ਹੁਣ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀਆਂ ਮਾੜੀਆਂ ਨੀਤੀਆਂ ਨੇ ਕੈਨੇਡਾ ਦਾ ਬੇੜਾ ਹੀ ਗਰਕ ਕਰ ਦਿੱਤਾ ਹੈ। ਪੀਅਰ ਪੌਲੀਐਵ ਬਰੈਂਪਟਨ ਵਿਖੇ ਸੰਸਦ ਮੈਂਬਰਪ ਅਮਰਜੀਤ ਸਿੰਘ ਗਿੱਲ ਦੀ ਬਾਰਬਿਕਿਉ (ਕਮਿਉਨਿਟੀ ਬਾਰਬੀਕਿਉ) ਪਾਰਟੀ ਮੌਕੇ ਲੋਕਾਂ ਦੇ ਇਕ ਭਾਰੀ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਮੌਜੂਦਾ ਲਿਬਰਲ ਸਰਕਾਰ ਦੇ ਸਮੇਂ ਕੈਨੇਡਾ ਦੇ ਵਿਗੜ ਰਹੇ ਹਲਾਤਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਮਾਰਕ ਕਾਰਨੀ ਦੀ ਸਰਕਾਰ ਹਰ ਫਰੰਟ 'ਤੇ ਫੇਲ ਹੋਈ ਹੈ। ਦਿਨੋਂ-ਦਿਨ ਵਧ ਰਿਹਾ ਜ਼ੁਰਮ, ਨੌਕਰੀਆਂ ਦੀ ਘਾਟ, ਛੋਟੇ ਅਤੇ ਵੱਡੇ ਵਪਾਰਾਂ ਦਾ ਬੰਦ ਹੋਣਾ ਅਤੇ ਸਿੱਧੀਆਂ ਗੋਲੀਆਂ ਚਲਾ ਕੇ ਜ਼ਬਰੀ ਵਸੂਲੀ ਦੇ ਮਾਮਲੇ ਪੂਰੇ ਕੈਨੇਡਾ ਲਈ ਖ਼ਤਰਨਾਲ ਸਾਬਤ ਹੋ ਰਹੇ ਹਨ। ਪੀਅਰ ਪੌਲੀਐਵ ਨੇ ਬਿਸ਼ਨੋਈ ਗਰੋਹ ਬਾਰੇ ਆਖਿਆ ਕਿ ਉਸ ਗਰੋਹ ਦੇ ਬੰਦਿਆਂ ਦੀਆਂ ਤਾਰਾਂ ਕੈਨੇਡਾ ਨਾਲ ਕਿਵੇਂ ਜੁੜ ਰਹੀਆਂ ਹਨ, ਇਹ ਸਭ ਸਰਕਾਰ ਦੀ ਜ਼ਿੰਮੇਵਾਰੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡਾ ਦੀ ਵੱਡੀ ਨਦੀ 'ਲੇਕ ਓਂਟਾਰੀਓ' ਬਾਰੇ ਦਿੱਤੇ ਬਿਆਨ ਕਿ ਇਸ ਨਦੀ ਦਾ ਨਾਂਅ ਬਦਲ ਕੇ 'ਲੇਕ ਅਮਰੀਕਾ' ਰੱਖ ਦਿੱਤਾ ਜਾਵੇਗਾ, ਬਾਰੇ ਆਖਿਆ ਕਿ ਇਹ ਨਦੀ ਕੈਨੇਡਾ ਦੀ ਸ਼ਾਨ ਹੈ, ਇਸ ਦਾ ਨਾਂਅ 'ਲੇਕ ਓਂਟਾਰੀਓ' ਹੈ ਅਤੇ 'ਲੇਕ ਓਂਟਾਰੀਓ' ਹੀ ਰਹੇਗਾ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਆਉਂਣ 'ਤੇ ਉਹ ਇਹਨਾਂ ਸਾਰੇ ਮੁੱਦਿਆਂ ਉਤੇ ਗੰਭੀਰਤਾ ਨਾਲ ਕੰਮ ਕਰਨਗੇ ਅਤੇ ਅਪਰਾਧੀਆਂ ਨੂੰ ਲੰਮਾ ਸਮਾਂ ਜੇਲ੍ਹਾਂ ਵਿਚ ਰੱਖਣ ਅਤੇ ਜੁਰਮਾਂ ਨੂੰ ਮੁੱਢੋਂ ਖਤਮ ਕਰਨ ਲਈ ਕਾਨੂੰਨ ਬਣਾਉਣਗੇ ਅਤੇ ਅਪਰਾਧਿਕ ਘਟਨਾਵਾਂ ਲਈ ਜ਼ਿੰਮੇਵਾਰ ਦੋਸ਼ੀਆਂ ਲਈ 'ਸਿਰਫ ਜੇਲ੍ਹ-ਨੋ ਬੇਲ' ਵਾਲੀ ਨੀਤੀ 'ਤੇ ਕੰਮ ਕਰਨਗੇ। ਇਸ ਮੌਕੇ ਅਮਰਜੀਤ ਸਿੰਘ ਗਿੱਲ, ਸੰਸਦ ਮੈਂਬਰ ਰੌਮਨ ਬਾਬਰ, ਵਿਧਾਇਕ ਅਮਰਜੋਤ ਸਿੰਘ ਸੰਧੂ ਅਤੇ ਹੋਰ ਆਗੂਆਂ ਵਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ।

# ਕਿਸਾਨ ਮਜ਼ਦੂਰ ਮੋਰਚਾ ਨੇ 14 ਸਤੰਬਰ ਤੋਂ ਪੰਜਾਬ ਦੇ ਮੰਤਰੀਆਂ ਦੇ ਘਰਾਂ ਬਾਹਰ ਧਰਨੇ ਦੇਣ ਦਾ ਕੀਤਾ ਐਲਾਨ

## ਮੰਗਾਂ ਹੱਲ ਕਰਨ ਵਿੱਚ ਅਸਫ਼ਲ ਰਹਿਣ 'ਤੇ ਅੰਦੋਲਨ ਨੂੰ ਤੇਜ਼ ਕਰਨ ਦੀ ਚਿਤਾਵਨੀ

ਚੰਡੀਗੜ੍ਹ : ਕਿਸਾਨ ਮਜ਼ਦੂਰ ਮੋਰਚਾ (ਕੇ ਐੱਮ ਐੱਮ) ਨੇ ਬੁੱਧਵਾਰ ਨੂੰ ਕਿਹਾ ਕਿ ਉਹ ਖੇਤੀ ਕਰਜ਼ਾ ਮੁਆਫ਼ੀ ਅਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) 'ਤੇ ਫ਼ਸਲਾਂ ਦੀ ਖ਼ਰੀਦ ਸਮੇਤ ਆਪਣੀਆਂ ਮੰਗਾਂ ਮਨਵਾਉਣ ਲਈ 14 ਸਤੰਬਰ ਤੋਂ ਪੰਜਾਬ ਦੇ ਮੰਤਰੀਆਂ ਦੇ ਘਰਾਂ ਬਾਹਰ ਧਰਨੇ ਦੇਵੇਗਾ।

ਇਸ ਸਬੰਧੀ ਫ਼ੈਸਲਾ ਕਿਸਾਨ ਆਗੂਆਂ ਜਸਵਿੰਦਰ ਸਿੰਘ ਲੌਂਗੋਵਾਲ ਅਤੇ ਬਲਦੇਵ ਸਿੰਘ ਜ਼ੀਰਾ ਦੀ ਪ੍ਰਧਾਨਗੀ ਹੇਠ ਇੱਥੇ ਹੋਈ ਮੋਰਚੇ ਦੀ ਮੀਟਿੰਗ ਵਿੱਚ ਲਿਆ ਗਿਆ।

ਮੀਟਿੰਗ ਤੋਂ ਬਾਅਦ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੰਗਾਂ ਹੱਲ ਕਰਨ ਵਿੱਚ ਅਸਫ਼ਲ ਰਹੀ ਤਾਂ ਅੰਦੋਲਨ ਨੂੰ ਤੇਜ਼ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜੇਕਰ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਸਥਿਤੀ ਦਾ ਜਾਇਜ਼ਾ ਲੈਣ ਅਤੇ ਅੰਦੋਲਨ ਨੂੰ ਤੇਜ਼ ਕਰਨ ਬਾਰੇ ਫ਼ੈਸਲਾ ਲੈਣ ਲਈ 16 ਸਤੰਬਰ ਨੂੰ ਇੱਕ ਮੀਟਿੰਗ ਬੁਲਾਈ ਜਾਵੇਗੀ।

ਇਸ ਮੌਕੇ ਸਰਵਣ ਸਿੰਘ ਪੰਧੇਰ, ਓਂਕਾਰ ਸਿੰਘ ਅਤੇ ਮਨਜੀਤ ਸਿੰਘ ਰਾਏ ਸਮੇਤ ਕਈ ਕਿਸਾਨ ਆਗੂ ਵੀ ਹਾਜ਼ਰ ਸਨ।

ਆਪਣੀਆਂ ਮੁੱਖ ਮੰਗਾਂ ਵਿੱਚ ਕੇ ਐੱਮ ਐੱਮ ਆਗੂਆਂ ਨੇ ਬਾਸਮਤੀ, ਮੱਕੀ, ਮੂੰਗੀ, ਸਰ੍ਹੋਂ ਅਤੇ ਆਲੂ ਦੀ ਸਰਕਾਰੀ ਖ਼ਰੀਦ ਐੱਮ ਐੱਸ ਪੀ 'ਤੇ ਕਰਨ ਦੀ ਮੰਗ ਕੀਤੀ ਅਤੇ ਦੋਸ਼ ਲਾਇਆ ਕਿ ਕਿਸਾਨਾਂ ਨੂੰ ਇਹ ਫ਼ਸਲਾਂ ਲਾਹੇਵੰਦ ਭਾਅ ਤੋਂ ਘੱਟ 'ਤੇ ਵੇਚਣ ਲਈ ਮਜਬੂਰ ਕੀਤਾ ਜਾ ਰਿਹਾ ਹੈ।



ਉਨ੍ਹਾਂ ਕਿਸਾਨਾਂ ਅਤੇ ਮਜ਼ਦੂਰਾਂ ਦਾ ਕਰਜ਼ਾ ਪੂਰੀ ਤਰ੍ਹਾਂ ਮੁਆਫ਼ ਕਰਨ ਦੀ ਵੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਅਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਣੀ ਚਾਹੀਦੀ ਹੈ।

ਮੋਰਚੇ ਦੇ ਆਗੂਆਂ ਨੇ ਪੰਜਾਬ ਵਿੱਚ ਵਾਰ-ਵਾਰ ਆਉਣ ਵਾਲੇ ਹੜ੍ਹਾਂ, ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਅਤੇ ਵਧਦੇ ਹਵਾ ਤੇ ਪਾਣੀ ਪ੍ਰਦੂਸ਼ਣ ਨੂੰ ਹੱਲ ਕਰਨ ਲਈ ਇੱਕ ਪ੍ਰਭਾਵਸ਼ਾਲੀ ਨੀਤੀ ਦੀ ਮੰਗ ਕੀਤੀ।

ਕੇ ਐੱਮ ਐੱਮ ਆਗੂਆਂ ਨੇ ਬੀਜ ਬਿੱਲ 2025, ਮਨਰੇਗਾ ਨੂੰ ਤਬਦੀਲ ਕਰਨ ਨਾਲ ਸਬੰਧਤ ਕੇਂਦਰ ਸਰਕਾਰ ਦੇ ਕਾਨੂੰਨ ਅਤੇ ਬਿਜਲੀ ਸੋਧ ਬਿੱਲ 2025 ਨੂੰ ਰੱਦ ਕਰਨ ਲਈ ਪੰਜਾਬ ਵਿਧਾਨ ਸਭਾ ਵਿੱਚ ਮਤੇ ਪਾਸ ਕਰਨ ਦੀ ਮੰਗ ਕੀਤੀ।

ਮੋਰਚੇ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕਰਨ ਵਾਲਾ ਮਤਾ ਵੀ ਸੂਬਾ ਵਿਧਾਨ ਸਭਾ ਵਿੱਚ ਲਿਆਉਣ ਦੀ ਮੰਗ ਕੀਤੀ।

ਇਸ ਤੋਂ ਇਲਾਵਾ ਕਿਸਾਨਾਂ ਅਤੇ ਮਜ਼ਦੂਰਾਂ ਦੇ ਅੰਦੋਲਨਾਂ ਦੌਰਾਨ ਪੁਲੀਸ ਅਤੇ ਰੇਲਵੇ ਅਧਿਕਾਰੀਆਂ ਵੱਲੋਂ ਦਰਜ ਕੀਤੇ ਗਏ ਕੇਸਾਂ ਦੇ ਨਾਲ-ਨਾਲ ਪਰਾਲੀ ਸਾੜਨ ਨਾਲ ਸਬੰਧਤ ਕੇਸਾਂ ਨੂੰ ਰੱਦ ਕਰਨ ਦੀ ਵੀ ਮੰਗ ਕੀਤੀ।

ਕਿਸਾਨ ਆਗੂਆਂ ਨੇ ਲੈਂਡ ਪੂਲਿੰਗ ਨੀਤੀ ਦੀ ਵੀ ਵਿਰੋਧਤਾ ਕੀਤੀ ਅਤੇ ਮੰਗ ਕੀਤੀ ਕਿ ਭਾਰਤਮਾਲਾ ਪ੍ਰਾਜੈਕਟ ਲਈ ਕਿਸਾਨਾਂ ਦੀ ਜ਼ਮੀਨ ਦੀ ਜ਼ਬਰਦਸਤੀ ਪ੍ਰਾਪਤੀ ਬੰਦ ਕੀਤੀ ਜਾਵੇ।

ਮੋਰਚੇ ਨੇ ਸੂਬੇ ਵਿੱਚ ਡੀ ਏ ਪੀ ਅਤੇ ਯੂਰੀਆ ਖਾਦਾਂ ਦੀ ਕਥਿਤ ਘਾਟ 'ਤੇ ਵੀ ਚਿੰਤਾ ਪ੍ਰਗਟ ਕੀਤੀ ਅਤੇ ਪੰਜਾਬ ਸਰਕਾਰ ਨੂੰ ਆਖਿਆ ਕਿ ਉਹ ਲੋੜੀਂਦੀ ਸਪਲਾਈ ਯਕੀਨੀ ਬਣਾਉਣ ਲਈ ਇਸ ਮਾਮਲੇ ਨੂੰ ਕੇਂਦਰ ਕੋਲ ਉਠਾਏ।

ਉਨ੍ਹਾਂ ਕਿਹਾ ਕਿ 14 ਸਤੰਬਰ ਤੋਂ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਮੰਤਰੀਆਂ ਅਤੇ ਆਗੂਆਂ ਦੇ ਘਰਾਂ ਬਾਹਰ ਧਰਨੇ ਦਿੱਤੇ ਜਾਣਗੇ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

2. ਆਪਣੇ ਪੈਰਾਂ ਤੋਂ ਸ਼ੁਰੂ ਕਰੋ ਅਤੇ ਹੌਲੀ-ਹੌਲੀ ਸਿਰ ਤੱਕ ਪਹੁੰਚੋ।

**ਮਨ ਨੂੰ ਤਣਾਓ-ਰਹਿਤ ਕਰਨ ਦੀ ਵਿਧੀ :**

1. ਜਦੋਂ ਆਰਾਮ ਕਰ ਰਹੇ ਹੋਵੋ ਤਾਂ ਉਸ ਸਥਾਨ ਜਾਂ ਕੰਮ ਬਾਰੇ ਸੋਚੋ ਜੋ ਤੁਹਾਨੂੰ ਬਹੁਤ ਜ਼ਿਆਦਾ ਵਧੀਆ ਲੱਗਦਾ ਹੈ। ਇਸਦੀ ਤਸਵੀਰ ਆਪਣੇ ਦਿਮਾਗ਼ ਵਿੱਚ ਬਣਾਓ। ਉਸ ਬਾਰੇ ਸੋਚੋ ਜੋ ਤੁਹਾਨੂੰ ਦੇਖਣ, ਸੁਣਨ ਜਾਂ ਮਹਿਸੂਸ ਕਰਨਾ ਚੰਗਾ ਲੱਗਦਾ।
2. ਜਦੋਂ ਵੀ ਤੁਸੀਂ ਤਣਾਓ ਮਹਿਸੂਸ ਕਰਦੇ ਹੋ ਤਾਂ ਉੱਪਰ ਲਿਖੇ ਅਨੁਸਾਰ ਆਪਣੇ ਮਨ ਨੂੰ ਆਰਾਮ ਦੀ ਸਥਿਤੀ ਵਿੱਚ ਲਿਆਓ।

**ਉਨੀਂਦਰਾ**

**(ਨੀਂਦ ਨਾ ਆਉਣਾ)**

ਹਰ ਵਿਅਕਤੀ ਦੀ ਸੌਣ ਦੇ ਸਮੇਂ ਦੀ ਜ਼ਰੂਰਤ ਅਲੱਗ ਅਲੱਗ ਹੈ, ਇੱਕ ਆਮ ਵਿਅਕਤੀ ਨੂੰ 6-8 ਘੰਟੇ ਦੀ ਨੀਂਦ ਦੀ ਜ਼ਰੂਰਤ ਹੈ, ਪਰ ਕੁਝ ਲੋਕਾਂ ਨੂੰ ਚੰਗਾ ਮਹਿਸੂਸ ਕਰਨ ਲਈ ਸਿਰਫ਼ 3-4 ਘੰਟੇ ਨੀਂਦ ਦੀ ਹੀ ਜ਼ਰੂਰਤ ਹੁੰਦੀ ਹੈ। ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਹੈ, ਸੌਣ ਦਾ ਸਮਾਂ ਘਟਦਾ ਜਾਂਦਾ ਹੈ। ਬੱਚੇ ਜ਼ਿਆਦਾ ਸੌਂਦੇ ਹਨ ਅਤੇ ਬਜ਼ੁਰਗ ਘੱਟ ਸੌਂਦੇ ਹਨ। ਘੱਟ ਸੌਣਾ ਉਦੋਂ ਸਮੱਸਿਆ ਬਣਦੀ ਹੈ ਜਦੋਂ ਤੁਸੀਂ ਦਿਨ ਸਮੇਂ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ।

**ਕਿਸਮਾਂ :**

1. ਸੌਣ ਦੇ ਸ਼ੁਰੂ ਵਿੱਚ ਮੁਸ਼ਕਲ ਨਾਲ ਨੀਂਦ ਆਉਣੀ (ਸੌਣ ਲਈ 45 ਮਿੰਟਾਂ ਤੋਂ ਵੱਧ ਦਾ ਸਮਾਂ ਲੈਣਾ)।




2. ਸਵੇਰ ਸਮੇਂ ਬਹੁਤ ਜਲਦੀ ਜਾਗ ਆ ਜਾਣੀ।
3. ਵਾਰ ਵਾਰ ਜਾਗਣਾ ਅਤੇ ਦੁਬਾਰਾ ਸੌਣ ਲਈ ਮੁਸ਼ਕਲ ਆਉਣੀ।

**ਕਾਰਨ :**

1. ਚਿੰਤਾ, ਸਟ੍ਰੈੱਸ ਅਤੇ ਨਿਰਾਸ਼ਾ।
2. ਸਰੀਰ ਵਿੱਚ ਲਗਾਤਾਰ ਦਰਦ।
3. ਕੁਝ ਦਵਾਈਆਂ।
4. ਸੌਣ ਸਮੇਂ ਸਾਹ ਦੇ ਰੁਕਣ ਦੀ ਤਕਲੀਫ਼ (ਸਲੀਪ ਐਪਨੀਆ)।
5. ਕਿਸੇ ਕਿਸਮ ਦਾ ਸੋਗ।

**ਘਰੇਲੂ ਇਲਾਜ :**

1. ਨੀਂਦ ਦੀਆਂ ਗੋਲੀਆਂ ਤੋਂ ਪਰਹੇਜ਼ ਕਰੋ ਕਿਉਂਕਿ ਤੁਸੀਂ ਇਸਦੇ ਆਦੀ ਹੋ ਸਕਦੇ ਹੋ ਅਤੇ ਇਨ੍ਹਾਂ ਦਾ ਅਸਰ ਵੀ ਹੌਲੀ ਹੌਲੀ ਘੱਟ ਜਾਂਦਾ ਹੈ।
2. ਸੌਣ ਤੋਂ ਦੋ ਘੰਟੇ ਪਹਿਲਾਂ ਹਲਕੀ ਕਸਰਤ ਕਰੋ।
3. ਰਾਤ ਦਾ ਖਾਣਾ ਸੌਣ ਤੋਂ ਲਗਭਗ ਦੋ ਘੰਟੇ ਪਹਿਲਾਂ ਖਾਓ।
4. ਸ਼ਰਾਬ ਨਾ ਪੀਓ।
5. ਆਪਣਾ ਬਿਸਤਰਾ ਸਿਰਫ਼ ਸੌਣ ਲਈ ਵਰਤੋ। ਆਪਣੇ ਬਿਸਤਰੇ ਵਿੱਚ ਖਾਣਾ ਨਾ ਖਾਓ ਅਤੇ ਟੀ.ਵੀ. ਨਾ ਦੇਖੋ।
6. ਦਿਨ ਸਮੇਂ ਸੌਣ ਤੋਂ ਬਚੋ।
7. ਤਕਰੀਬਨ ਇੱਕ ਹੀ ਨਿਯਮਤ ਸਮੇਂ 'ਤੇ ਸੌਂਵੋ ਅਤੇ ਇੱਕ ਹੀ ਸਮੇਂ 'ਤੇ ਉੱਠੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਕੋਈ ਦਵਾਈ ਸੌਣ ਵਿੱਚ ਸਮੱਸਿਆ ਪੈਦਾ ਕਰਦੀ ਹੈ।
2. ਜੇਕਰ ਨੀਂਦ ਨਾ ਆਉਣ ਦਾ ਕਾਰਨ ਚਿੰਤਾ ਜਾਂ ਸਟ੍ਰੈੱਸ ਹੈ।
3. ਜੇਕਰ ਸੌਣ ਸਮੇਂ ਤੁਹਾਡਾ ਸਾਹ ਰੁਕਦਾ ਹੈ (ਸਲੀਪ ਐਪਨੀਆ)।

**ਚਿੰਤਾ ਰੋਗ**

ਜ਼ਿਆਦਾ ਸੋਚਣਾ ਜਾਂ ਫ਼ਿਕਰ ਕਰਨਾ, ਕਿਸੇ ਦੇ ਵਿਅਕਤੀਤੱਵ ਦਾ ਹਿੱਸਾ ਵੀ ਹੋ ਸਕਦਾ ਹੈ ਅਤੇ ਇਸ ਨਾਲ ਰੋਜ਼ਾਨਾ ਦੇ ਕੰਮਾਂ-ਕਾਰਾਂ ਵਿੱਚ ਕੋਈ ਰੁਕਾਵਟ ਨਹੀਂ ਹੁੰਦੀ। ਚਿੰਤਾ ਉਦੋਂ ਇੱਕ ਬਿਮਾਰੀ ਬਣ ਜਾਂਦੀ ਹੈ ਜਦੋਂ ਇਸ ਨਾਲ ਰੋਜ਼ਾਨਾ ਦੀ ਜ਼ਿੰਦਗੀ 'ਤੇ ਅਸਰ ਪਵੇ ਜਾਂ ਕੰਮਾਂ-ਕਾਰਾਂ ਵਿੱਚ ਰੁਕਾਵਟ ਪਵੇ।

ਕਿਸੇ ਵਿਸ਼ੇਸ਼ ਕਾਰਨ ਕਰਕੇ ਕੋਈ ਚਿੰਤਾ ਕੁਝ ਸਮੇਂ ਲਈ ਹੁੰਦੀ ਹੈ ਅਤੇ ਜਿਵੇਂ ਜਿਵੇਂ ਇਹ ਹਾਲਾਤ ਠੀਕ ਹੁੰਦੇ ਹਨ, ਉਵੇਂ ਉਵੇਂ ਇਹ ਚਿੰਤਾ ਘਟਦੀ ਜਾਂਦੀ ਹੈ। ਪਰ ਚਿੰਤਾ ਜਦੋਂ ਬਿਨਾਂ ਕਿਸੇ ਵਿਸ਼ੇਸ਼ ਕਾਰਨ ਦੇ ਹੋਵੇ ਤਾਂ ਇਹ ਇੱਕ ਬਿਮਾਰੀ ਦੀ ਹਾਲਤ ਹੈ। ਚਿੰਤਾ ਨੂੰ ਠੀਕ ਜਾਂ ਕਾਬੂ ਕੀਤਾ ਜਾ ਸਕਦਾ ਹੈ, ਜੇਕਰ ਤੁਸੀਂ ਇਸ ਮੁਸ਼ਕਲ ਨੂੰ ਸਮਝਦੇ ਹੋ ਅਤੇ ਇਸਨੂੰ ਠੀਕ ਕਰਨ ਲਈ ਲੋੜੀਂਦੀ ਸਹਾਇਤਾ ਲੈਂਦੇ ਹੋ।

**ਲੱਛਣ :**

1. ਨੀਂਦ ਨਾ ਆਉਣਾ।
2. ਦਿਲ ਦੀ ਧੜਕਣ ਦਾ ਤੇਜ਼ ਹੋਣਾ।
3. ਹੱਥ ਪੈਰ ਕੰਬਣੇ।
4. ਥਕਾਵਟ।
5. ਪਸੀਨਾ ਆਉਣਾ ਜਾਂ ਹੱਥ ਠੰਡੇ ਹੋਣੇ।
6. ਕੁਝ ਬੁਰਾ ਹੋਣ ਬਾਰੇ ਵਿਚਾਰ ਆਉਂਦੇ ਰਹਿਣਾ।
7. ਕਿਸੇ ਵੀ ਕੰਮ ਵਿੱਚ ਮਨ ਦਾ ਨਾ ਲੱਗਣਾ।
8. ਖਿਝਣਾ ਅਤੇ ਗ਼ੁੱਸਾ ਆਉਣਾ।
9. ਉਦਾਸ ਰਹਿਣਾ।

**(ਚਲਦਾ)**

**ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।**


ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE

ANY TYPE OF LADIES & GENTS PROBLEM

Healing Herbs & Healing Massage

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਨਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110

ਪਤਾ: 3038 Castro Valley Blvd, Castro Valley, CA 94546

# ਨਾਸਾ ਦੀ ਨਵੀਂ ਪੁਲਾੜ ਦੂਰਬੀਨ 16 ਲੱਖ ਕਿਲੋਮੀਟਰ ਲੰਬੇ ਸਫ਼ਰ ’ਤੇ ਰਵਾਨਾ

ਕੇਪ ਕੈਨਾਵੇਰਲ : ਨਾਸਾ ਦੀ ਸਭ ਤੋਂ ਨਵੀਂ ਅਤੇ ਅਤਿ-ਆਧੁਨਿਕ ਪੁਲਾੜ ਦੂਰਬੀਨ ਐਤਵਾਰ ਨੂੰ ਪੁਲਾੜ ਲਈ ਰਵਾਨਾ ਹੋ ਗਈ। ਇਸ ਦਾ ਉਦੇਸ਼ ਦੂਜੇ ਤਾਰਿਆਂ ਦੇ ਆਸ-ਪਾਸ ਮੌਜੂਦ ਗ੍ਰਹਿਆਂ ਦੀ ਖੋਜ ਕਰਨਾ, ਰਹੱਸਮਈ ‘ਡਾਰਕ ਐਨਰਜੀ’ ਦਾ ਅਧਿਐਨ ਕਰਨਾ ਅਤੇ ਬ੍ਰਹਿਮੰਡ ਦਾ ਹੁਣ ਤੱਕ ਦਾ ਸਭ ਤੋਂ ਵਿਆਪਕ ਸਰਵੇਖਣ ਕਰਨਾ ਹੈ।

‘ਨੈਸ਼ਨਲ ਐਰੋਨੌਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ’ (ਨਾਸਾ) ’ਚ ਵਿਗਿਆਨ ਮਿਸ਼ਨ ਨਿਰਦੇਸ਼ਕ ਨਿੱਕੀ ਫੌਕਸ ਨੇ ਕਿਹਾ, “ਇਹ ਦੂਰਬੀਨ ਹਜ਼ਾਰਾਂ ਸੁਪਰਨੋਵਾ, ਗ੍ਰਹਿਆਂ, ਅਰਬਾਂ ਆਕਾਸ਼ਗੰਗਾਵਾਂ ਅਤੇ ਖਰਬਾਂ ਤਾਰਿਆਂ ਦੀ ਖੋਜ ਕਰਨ ’ਚ ਸਮਰੱਥ ਹੋਵੇਗੀ। ਆਪਣੇ ਵਿਸ਼ਾਲ ਦ੍ਰਿਸ਼ ਖੇਤਰ ਕਾਰਨ ਇਹ ਅਜਿਹੇ ਕੰਮ ਕਰ ਸਕੇਗੀ ਜੋ ਅਸੀਂ ਪਹਿਲਾਂ ਕਦੇ ਨਹੀਂ ਕਰ ਸਕੇ।” ਸਪੇਸਐਕਸ ਨੇ ਕੈਨੇਡੀ ਸਪੇਸ ਸੈਂਟਰ ਤੋਂ ਸਵੇਰੇ 4.3 ਅਰਬ ਡਾਲਰ ਦੀ ਲਾਗਤ ਵਾਲੇ ‘ਰੋਮਨ ਸਪੇਸ ਟੈਲੀਸਕੋਪ’ ਨੂੰ ਬਹੁਤ ਸ਼ਕਤੀਸ਼ਾਲੀ ਫਾਲਕਨ ਹੈਵੀ ਰੌਕਿਟ ਰਾਹੀਂ ਲਾਂਚ ਕੀਤਾ।

ਇਹ ਦੂਰਬੀਨ 16 ਲੱਖ ਕਿਲੋਮੀਟਰ ਦੂਰ ਉਸ ਥਾਂ ਲਈ ਰਵਾਨਾ ਹੋਈ, ਜਿਥੇ ਨਾਸਾ ਦੀ ਇਕ ਹੋਰ ਮੁੱਖ ਪੁਲਾੜ ਦੂਰਬੀਨ ‘ਜੇਮਜ਼ ਵੈੱਬ ਸਪੇਸ



ਟੈਲੀਸਕੋਪ’ ਪਹਿਲਾਂ ਤੋਂ ਮੌਜੂਦ ਹੈ। ਬੱਸ ਦੇ ਆਕਾਰ ਵਾਲੀ ਇਸ ਦੂਰਬੀਨ ਦਾ ਨਾਂ ਨਾਸਾ ਦੀ ਪਹਿਲੀ ਮੁੱਖ ਖਗੋਲ-ਵਿਗਿਆਨੀ ਸਵਰਗੀ ਨੈਂਸੀ ਗ੍ਰੇਸ ਰੋਮਨ ਦੇ ਨਾਂ ’ਤੇ ਰੱਖਿਆ ਗਿਆ ਹੈ। ਇਸ ਨੂੰ ਆਪਣੇ ਨਿਸ਼ਾਨੇ ’ਤੇ ਪਹੁੰਚਣ ’ਚ 3 ਮਹੀਨਿਆਂ ਤੋਂ ਵੱਧ ਦਾ ਸਮਾਂ ਲੱਗੇਗਾ। ਉਥੇ ਪਹੁੰਚਣ ਤੋਂ ਬਾਅਦ ਇਹ ਪੁਲਾੜ ਦੇ ਲੁਕੇ ਹੋਏ ਹਿੱਸਿਆਂ ਦੀ ਹੁਣ ਤੱਕ ਦੀ ਸਭ ਤੋਂ ਵਿਆਪਕ ਤਸਵੀਰ ਪੇਸ਼ ਕਰੇਗੀ ਅਤੇ ਬ੍ਰਹਿਮੰਡ ਦੇ ਅਣਜਾਣ ਰਹੱਸਾਂ ਦਾ ਪਤਾ ਲਗਾਏਗੀ।

# ਸੰਸਾਰ ਦੀ ਪਹਿਲੀ ਫ਼ਰੀ ਯੂਨੀਵਰਸਿਟੀ ਸਥਾਪਿਤ ਕਰਨ ਵਾਲੇ ਉਬਰਾਏ ਦਾ ਕੈਨੇਡਾ ਪੁੱਜਣ ’ਤੇ ਸ਼ਾਨਦਾਰ ਸਵਾਗਤ

## ਉਬਰਾਏ ਦੇ ਮਨੁੱਖਵਾਦੀ ਭਾਸ਼ਣ ’ਤੇ ਕੈਨੇਡਾ ਵਾਸੀ ਹੋਏ ਭਾਵੁਕ

ਬਰੈਂਪਟਨ : ਵਿਸ਼ਵ ਪੰਜਾਬੀ ਸਭਾ ਵੱਲੋਂ ਪੰਜਾਬੀ ਭਵਨ ਬਰੈਂਪਟਨ ਵਿਖੇ ਉੱਘੇ ਸਮਾਜ ਸੇਵੀ ਐੱਸ. ਪੀ. ਸਿੰਘ ਉਬਰਾਏ ਦਾ ਕੈਨੇਡਾ ਪੁੱਜਣ ’ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਕੈਨੇਡਾ ਦੇ ਸਾਬਕਾ ਐੱਮ.ਪੀ. ਗੁਰਬਖਸ਼ ਸਿੰਘ ਮੱਲੀ, ਜਗੀਰ ਸਿੰਘ ਕਾਹਲੋਂ, ਦਰਸ਼ਨਦੀਪ ਅਰੋੜਾ, ਅਜਾਇਬ ਸਿੰਘ ਸੰਘਾ, ਹਰਜੀਤ ਸਿੰਘ ਬਾਜਵਾ, ਚੌਧਰੀ ਮਕਸੂਦ, ਗਿਆਨ ਸਿੰਘ ਘਈ, ਪ੍ਰਿੰਸੀਪਲ ਡਾ. ਜਗਦੀਪ ਕੌਰ, ਇਕਬਾਲ ਸਿੰਘ ਬਰਾੜ, ਰਾਜਿੰਦਰ ਪਾਲ ਧਾਲੀਵਾਲ, ਕੰਵਲਜੀਤ ਕੌਰ ਢਿੱਲੋਂ, ਸੁਰਜੀਤ ਕੌਰ ਕੁਦੋਵਾਲ, ਗਿਆਨ ਸਿੰਘ ਕੰਗ, ਸੁਰਿੰਦਰ ਪਾਲ ਕੌਰ ਰਾਜਾਸਾਂਸੀ, ਪਾਲ ਸਿੰਘ ਨੌਲੀ ਆਦਿ ਸ਼ਖ਼ਸੀਅਤਾਂ ਉਚੇਚੇ ਤੌਰ ’ਤੇ ਮੌਜੂਦ ਸਨ।

ਸਭਾ ਦੇ ਚੇਅਰਮੈਨ ਦਲਬੀਰ ਸਿੰਘ ਕਥੂਰੀਆ ਨੇ ਉਬਰਾਏ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਪੰਜਾਬੀ ਭਵਨ ਵਿੱਚ ਅੱਜ ਸੱਚਮੁੱਚ ਇਨਸਾਨੀ ਜਾਮੇ ਵਾਲਾ ਫ਼ਰਿਸ਼ਤਾ ਆਇਆ ਹੈ। ਉਨ੍ਹਾਂ ਦਾ ਪੁੱਜਣਾ ਸਭਾ ਦੇ ਧੰਨਭਾਗ ਹਨ। ਉਨ੍ਹਾਂ ਨੂੰ ਸਨਮਾਨ ਦੇ ਕੇ ਅਸੀਂ ਅੱਜ ਖ਼ੁਦ ਵੱਡੇ ਹੋਣ ਜਾ ਰਹੇ ਹਾਂ। ਕਥੂਰੀਆ ਨੇ ਕਿਹਾ ਕਿ ਉਬਰਾਏ ਸਾਹਿਬ ਨੇ ਪੰਜਾਬ ਅੰਦਰ ਫ਼ਰੀ ਹੈਲਥ ਸੇਵਾ ਅਤੇ ਐਜੂਕੇਸ਼ਨ ਸੇਵਾਵਾਂ ਪ੍ਰਦਾਨ ਕਰਕੇ ਲਾਸਾਨੀ ਕਾਰਜਾਂ ਦੀ ਨੀਂਹ ਹੀ ਨਹੀਂ ਰੱਖੀ, ਸਗੋਂ ਸੇਵਾ ਦਾ ਵੱਡ-ਆਕਾਰੀ ਭਵਨ ਉਸਾਰ ਦਿੱਤਾ ਹੈ।

ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਕਿਹਾ ਕਿ ਉਬਰਾਏ ਜੀ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ, ਉਨ੍ਹਾਂ ਵੱਲੋਂ ਕੀਤੇ ਜਾ ਰਹੇ ਕਾਰਜ ਪੰਜਾਬ ਦੀ ਤਵਾਰੀਖ਼ ਦਾ ਇੱਕ ਹਿੱਸਾ ਬਣਦੇ ਜਾ ਰਹੇ ਹਨ। ਕੈਨੇਡਾ ਦੇ ਉਹ ਦੋ ਦਿਨ ਦੇ ਦੌਰੇ ’ਤੇ ਆਏ ਹਨ। ਘੱਟ ਸਮੇਂ ਵਿੱਚ ਉਨ੍ਹਾਂ ਸਾਡੇ ਵਿੱਚ ਬੈਠਣ ਦੀ ਸਹਿਮਤੀ ਦਿੱਤੀ ਹੈ, ਇਹ ਉਨ੍ਹਾਂ ਦੀ ਦਰਿਆਦਿਲੀ ਹੈ। ਅੱਜ ਅਸੀਂ ਸਾਰੇ ਉਨ੍ਹਾਂ ਦੇ ਨਿੱਘੇ ਸਵਾਗਤ ਵਿੱਚ ਇਕੱਠੇ ਹੋਏ ਹਾਂ ਅਤੇ ਉਨ੍ਹਾਂ ਨੂੰ ਸੁਣਨ ਆਏ ਹਾਂ। ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸ਼ਾਲ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਸ਼੍ਰੀ ਉਬਰਾਏ ਨੇ ਦੱਸਿਆ ਕਿ 14 ਸਾਲ ਪਹਿਲਾਂ ਉਨ੍ਹਾਂ ਨੇ ਪਟਿਆਲਾ ਵਿੱਚ ਵੱਡੇ ਪੈਮਾਨੇ ’ਤੇ ਅੱਖਾਂ ਦਾ ਕੈਂਪ ਲਗਾਇਆ, ਜਿਸ ਵਿੱਚ ਮਾਹਰ ਡਾਕਟਰਾਂ ਦੀਆਂ ਟੀਮਾਂ ਨੂੰ ਸ਼ਾਮਲ ਕੀਤਾ ਗਿਆ। ਕੈਂਪ ਵਿੱਚ ਅੰਮ੍ਰਿਤਸਰ ਅਤੇ ਗੁਰਦਾਸਪੁਰ ਤੱਕ ਦੇ ਮਰੀਜ਼ ਵੀ ਪਹੁੰਚੇ ਸਨ। ਫਿਰ ਇਹ ਕੈਂਪ




ਲਗਾਤਾਰ ਸਾਲੋ-ਸਾਲ ਲਗਾਏ ਗਏ। ਉਨ੍ਹਾਂ ਦੱਸਿਆ ਕਿ ਗ਼ਰੀਬ ਪਰਿਵਾਰਾਂ ਨੂੰ ਪੈਨਸ਼ਨਾਂ, ਲੋੜਵੰਦਾਂ ਦੀ ਮੁਫ਼ਤ ਪੜ੍ਹਾਈ, ਅਤੇ 150 ਲੈਬਾਰਟਰੀਆਂ ਦਾ ਨੈੱਟਵਰਕ ਚਲਾਇਆ ਜਾ ਰਹਾ ਹੈ।

ਉਨ੍ਹਾਂ ਦੱਸਿਆ ਕਿ ’ਸਰਬੱਤ ਦਾ ਭਲਾ ਟਰੱਸਟ’ ਅਧੀਨ ਹੁਣ ਪੰਜਾਬ ਵਿੱਚ ਦੋ ਵੱਡੇ ਪ੍ਰੋਜੈਕਟ ਦਿੱਤੇ ਜਾ ਰਹੇ ਹਨ। ਅਨੰਦਪੁਰ ਸਾਹਿਬ ਵਿੱਚ ਫ਼ਰੀ ਯੂਨੀਵਰਸਿਟੀ ਸਥਾਪਿਤ ਕੀਤੀ ਜਾ ਰਹੀ ਹੈ, ਜਿਸ ਵਿੱਚ 105 ਕੋਰਸ ਕਰਵਾਏ ਜਾਣਗੇ। ਜਿਨ੍ਹਾਂ ਵਿੱਚੋਂ 27 ਕੋਰਸ ਆਰੰਭ ਹੋ ਚੁੱਕੇ ਹਨ। ਪਤੇ ਦੀ ਗੱਲ ਦੱਸੀ ਕਿ ਜਿਸ ਦਿਨ ਦਾਖ਼ਲੇ ਦੀ ਨੈੱਟ ਐਡ ਕੀਤੀ ਗਈ, ਤਾਂ ਪਹਿਲੇ ਦੋ ਘੰਟਿਆਂ ਵਿੱਚ ਹੀ ਦਾਖ਼ਲੇ ਹੋ ਗਏ ਅਤੇ ਪ੍ਰਕਿਰਿਆ ਰੋਕਣੀ ਪਈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਵਿੱਚ ਵਿੱਦਿਆ, ਹੋਸਟਲ ਅਤੇ ਮੈਡੀਕਲ ਦੀ ਸਹੂਲਤ ‘ਸਰਬੱਤ ਦਾ ਭਲਾ ਟਰੱਸਟ’ ਵੱਲੋਂ ਮੁਫ਼ਤ ਦਿੱਤੀ ਜਾਵੇਗੀ। ਇਨ੍ਹਾਂ ਵਿੱਚ ਸਕਿਲਡ ਅਤੇ ਪ੍ਰੋਫੈਸ਼ਨਲ ਦੇ ਨਾਲ-ਨਾਲ ਸੰਸਾਰ ਪੱਧਰ ਦੇ ਕੋਰਸ ਰੱਖੇ ਗਏ ਹਨ।

ਸ੍ਰੀ ਉਬਰਾਏ ਨੇ ਦੱਸਿਆ ਕਿ ਅਗਲਾ ਪ੍ਰੋਜੈਕਟ ਹੈਲਥ ਦਾ ਹੈ, ਜੋ ਪਟਿਆਲਾ-ਸਰਹੰਦ ਰੋਡ ’ਤੇ ਪਿੰਡ ਫੱਗਣ ਮਾਜਰਾ ਵਿੱਚ 14 ਏਕੜ ਵਿੱਚ ਉਸਾਰਿਆ ਜਾ ਰਿਹਾ ਹੈ, ਜਿਸ ਵਿੱਚ ਹੈਲਥ ਨਾਲ ਸੰਬੰਧਤ ਸਾਰੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ। ਹਸਪਤਾਲ ਦਾ ਡਿਜ਼ਾਈਨ ਅਮਰੀਕਾ ਦੇ ਮਾਹਰਾਂ ਵੱਲੋਂ ਤਿਆਰ ਕਰਵਾਇਆ ਗਿਆ ਹੈ। ਹੈਲਥ ਨਾਲ ਸਬੰਧਤ ਮਸ਼ੀਨਾਂ ਇੰਪੋਰਟ ਕਰਵਾਈਆਂ ਜਾ ਰਹੀਆਂ ਹਨ। ਮਰੀਜ਼ਾਂ ਦੇ ਰੁਕਣ ਲਈ ਸਰਾਂਵਾਂ ਅਤੇ ਹੋਰ ਸਾਮਾਨ ਖ਼ਰੀਦੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਸੰਸਾਰ ਵਿੱਚ ਅਨੰਦਪੁਰ ਅਤੇ ਫੱਗਣ ਮਾਜਰਾ ਵਾਲੇ ਦੋਵੇਂ ਪ੍ਰੋਜੈਕਟ ਪਹਿਲੇ ਹੋਣਗੇ ਜਿੱਥੇ ਸਭ ਕੁਝ ਫ਼ਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਫ਼ਰੀ ਹੈਲਥ ਅਤੇ ਐਜੂਕੇਸ਼ਨ ਨਾਲ ਪੰਜਾਬ ਦੇ ਗ਼ਰੀਬ ਵਰਗ ਦੀ ਤੌਰ ਬਦਲੇਗੀ।

ਉਨ੍ਹਾਂ ਗ਼ਰੀਬ ਵਿਦਿਆਰਥੀਆਂ ਅਤੇ ਮਰੀਜ਼ਾਂ ਦੀਆਂ ਬਹੁਤ ਸਾਰੀਆਂ ਅਨੁਭਵ ਵਿੱਚ ਆਈਆਂ ਕਹਾਣੀਆਂ ਸੁਣਾਈਆਂ, ਜਿਸ ਨਾਲ ਹਾਲ ਵਿੱਚ ਬੈਠੇ ਲੋਕ ਬਹੁਤ ਭਾਵੁਕ ਹੋ ਗਏ। ਇੱਕ ਸਵਾਲ ਜੋ ਹਾਲ ਵਿੱਚ ਤੈਰ ਰਿਹਾ ਸੀ ਕਿ ਐਨੇ ਫੰਡ ਕਿੱਥੋਂ ਆਉਣਗੇ ? ਇਸ ਦਾ ਜਵਾਬ ਉਨ੍ਹਾਂ ਇਹ ਕਹਿ ਕੇ ਦਿੱਤਾ ਕਿ ਪਰਮਾਤਮਾ ਦੀ ਮਿਹਰ ਨਾਲ ਇਹ ਪ੍ਰੋਜੈਕਟ ਪੂਰੇ ਹੋਣਗੇ, ਤੁਸੀਂ ਕੇਵਲ ਦੁਆ ਕਰੋ। ਲੋਕਾਂ ਨੇ ਕੁਝ ਸਵਾਲ ਕੀਤੇ, ਜਿਨ੍ਹਾਂ ਦੇ ਉਨ੍ਹਾਂ ਇੱਕ-ਇੱਕ ਕਰਕੇ ਪੂਰੇ ਤਹੰਮੁਲ (ਸਬਰ) ਵਿੱਚ ਜਵਾਬ ਦਿੱਤੇ।

ਸਭਾ ਵੱਲੋਂ ਇਸ ਮੌਕੇ ਪੰਜਾਬ ਤੋਂ ਆਏ ਪੱਤਰਕਾਰ ਪਾਲ ਸਿੰਘ ਨੌਲੀ ਅਤੇ ਰਾਜਿੰਦਰ ਪਾਲ ਸਿੰਘ ਧਾਲੀਵਾਲ ਦਾ ਵੀ ਸਨਮਾਨ ਕੀਤਾ ਗਿਆ। ਕੈਨੇਡਾ ਦੇ ਸਾਬਕਾ ਮੈਂਬਰ ਪਾਰਲੀਮੈਂਟ ਸ. ਗੁਰਬਖਸ਼ ਸਿੰਘ ਮੱਲੀ ਨੇ ਐੱਸ. ਪੀ. ਸਿੰਘ ਉਬਰਾਏ ਸਮੇਤ ਵੱਡੀ ਗਿਣਤੀ ਵਿੱਚ ਸਵਾਗਤੀ ਸਮਾਰੋਹ ਵਿੱਚ ਆਏ ਲੋਕਾਂ ਦਾ ਧੰਨਵਾਦ ਕੀਤਾ।

# ਕੈਨੇਡਾ ਦੀਆਂ ਜ਼ਿਮਨੀ ਚੋਣਾਂ ਵਿੱਚ ਲਿਬਰਲ ਪਾਰਟੀ ਦੀ ਜਿੱਤ

## ਤਿੰਨੇ ਸੀਟਾਂ ਜਿੱਤ ਕੇ ਸੰਸਦ ਵਿੱਚ ਪੂਰਨ ਬਹੁਮਤ ਹਾਸਲ ਕੀਤਾ



ਵੈਨਕੂਵਰ : ਕੈਨੇਡਾ ਸੰਸਦ ਦੀਆਂ ਤਿੰਨ ਖ਼ਾਲੀ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿੱਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਹੇਠਲੀ ਸੱਤਾਧਾਰੀ ਲਿਬਰਲ ਪਾਰਟੀ ਨੇ ਤਿੰਨੇ ਸੀਟਾਂ ’ਤੇ ਹੂੰਝਾਫੇਰ ਜਿੱਤ ਦਰਜ ਕੀਤੀ ਹੈ। ਇਸ ਸ਼ਾਨਦਾਰ ਜਿੱਤ ਦੇ ਨਾਲ ਹੀ ਪਾਰਟੀ ਨੇ ਸੰਸਦ ਵਿੱਚ ਬਹੁਮਤ ਦਾ ਅੰਕੜਾ ਪਾਰ ਕਰ ਲਿਆ ਹੈ।

ਵੈਨਕੂਵਰ, ਟੋਰਾਂਟੋ ਅਤੇ ਕਿਊਬੈਕ ਹਲਕਿਆਂ ਵਿੱਚ ਵੋਟਾਂ ਪੈਣ ਦਾ ਅਮਲ ਸਵੇਰ ਤੋਂ ਲੈ ਕੇ ਸ਼ਾਮ ਤੱਕ ਜਾਰੀ ਰਿਹਾ। ਵੋਟਿੰਗ ਖ਼ਤਮ ਹੋਣ ਤੋਂ ਤੁਰੰਤ ਬਾਅਦ ਗਿਣਤੀ ਸ਼ੁਰੂ ਹੋ ਗਈ ਸੀ ਅਤੇ ਮੁੱਢਲੇ ਰੁਝਾਨਾਂ ਤੋਂ ਹੀ ਲਿਬਰਲ ਪਾਰਟੀ ਦੀ ਜਿੱਤ ਯਕੀਨੀ ਲੱਗ ਰਹੀ ਸੀ।

ਇਨ੍ਹਾਂ ਤਿੰਨਾਂ ਵਿੱਚੋਂ ਦੋ ਸੀਟਾਂ ਪਹਿਲਾਂ ਵੀ ਲਿਬਰਲ ਪਾਰਟੀ ਕੋਲ ਹੀ ਸਨ, ਜਦਕਿ ਇੱਕ ਸੀਟ ਉੱਤੇ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਦਾ ਕਬਜ਼ਾ ਸੀ। ਲਿਬਰਲ ਪਾਰਟੀ ਨੇ ਵਿਰੋਧੀ ਧਿਰ ਦੇ ਗੜ੍ਹ ਵਿੱਚ ਵੀ ਸੰਨ੍ਹ ਲਾਉਂਦਿਆਂ ਇਹ ਸੀਟ ਆਪਣੇ ਨਾਂ ਕਰ ਲਈ ਹੈ। ਹੁਣ 343 ਮੈਂਬਰੀ ਹਾਊਸ ਵਿੱਚ ਲਿਬਰਲ ਪਾਰਟੀ ਕੋਲ 173 ਮੈਂਬਰ ਹੋ ਗਏ ਹਨ, ਜੋ ਬਹੁਮਤ ਤੋਂ ਇੱਕ ਵੱਧ ਹੈ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਦੇ 141, ਬਲਾਕ ਕਿਊਬਕਵਾ ਦੇ 22, ਐੱਨ ਡੀ ਪੀ ਦੇ 6 ਅਤੇ ਗਰੀਨ ਪਾਰਟੀ ਦਾ ਇੱਕ ਮੈਂਬਰ ਹੈ।

ਪਿਛਲੇ ਤਿੰਨ ਮਹੀਨਿਆਂ ਤੋਂ ਦੋ ਸੀਟਾਂ ਘਟਣ ਕਾਰਨ ਸਰਕਾਰ ਨੂੰ ਵਿੱਤੀ ਬਿੱਲ ਪਾਸ ਕਰਵਾਉਣ ਲਈ ਹੋਰਨਾਂ ਪਾਰਟੀਆਂ ਦੀ ਹਮਾਇਤ ਲੈਣੀ ਪੈ ਰਹੀ ਸੀ, ਪਰ ਹੁਣ ਬਹੁਮਤ ਮਿਲਣ ਨਾਲ ਸਰਕਾਰ ਦਾ ਰਾਹ ਪੱਧਰਾ ਹੋ ਗਿਆ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਨਤੀਜਿਆਂ ਮਗਰੋਂ ਕਿਹਾ ਕਿ ਇਸ ਅਹਿਮ ਸਮੇਂ ਵਿੱਚ ਦੇਸ਼ ਵਾਸੀਆਂ ਨੇ ਸਰਕਾਰ ਦੀਆਂ ਨੀਤੀਆਂ ’ਤੇ ਭਰੋਸਾ ਪ੍ਰਗਟਾਇਆ ਹੈ।

# ਸ਼ਿਕਾਗੋ ਵਿਚ ਗ਼ਦਰੀ ਬਾਬਿਆਂ ਦੀ ਯਾਦ ’ਚ ਕਰਵਾਇਆ ਪਹਿਲਾ ਸੈਮੀਨਾਰ ਯਾਦਗਾਰੀ ਹੋ ਨਿਬੜਿਆ

ਸ਼ਿਕਾਗੋ : ਸ਼ਿਕਾਗੋ ਦੁਨੀਆਂ ਭਰ ਦੇ ਮਜ਼ਦੂਰਾਂ ਦੇ ਮੱਕੇ ਵਜੋਂ ਜਾਣਿਆ ਜਾਂਦਾ ਹੈ। ਪਹਿਲੀ ਮਈ 1846 ਵਾਲੇ ਦਿਨ ਕਰੀਬ ਚਾਲੀ ਹਜ਼ਾਰ ਕਾਮਿਆਂ ਨੇ ਅੱਠ ਘੰਟੇ ਦੀ ਦਿਹਾੜੀ ਨੂੰ ਲੈ ਕੇ ਹੜਤਾਲ ਕੀਤੀ ਸੀ । ਪੁਲਿਸ ਦੀਆਂ ਗੋਲੀਆਂ ਨਾਲ ਬਹੁਤ ਸਾਰੇ ਮਜ਼ਦੂਰ ਸ਼ਹੀਦ ਅਤੇ ਵੱਡੀ ਗਿਣਤੀ ਵਿਚ ਫੱਟੜ ਹੋਏ ਸਨ ਪਰ ਉਨ੍ਹਾਂ ਦੀਆਂ ਕੁਰਬਾਨੀਆਂ ਰੰਗ ਲਿਆਈਆਂ। ਗਲੋਬਲ ਪੰਜਾਬ ਮਿਲਾਪ ਅਤੇ ਅਮਰੀਕਨ ਸਿੱਖ ਕਮਿਊਨਿਟੀ ਵਲੋਂ ਸਾਂਝੇ ਤੌਰ ’ਤੇ ਕਰਵਾਏ ਪ੍ਰੋਗਰਾਮ ਵਿਚ ਬੁਲਾਰਿਆਂ ਰਾਕਿੰਦ ਕੌਰ, ਗੁਰਲੀਨ ਕੌਰ, ਰਜਿੰਦਰ ਮਾਗੋ, ਸਰਵਣ ਸਿੰਘ ਰਾਜੂ, ਅਮਰਦੇਵ ਸਿੰਘ ਬੰਦੇਸ਼ਾ, ਡਾ. ਸਵਰਨਜੀਤ ਸਿੰਘ, ਡਾ. ਇੰਦਰਬੀਰ ਸਿੰਘ, ਜਨਾਬ ਸਾਜਿਦ ਚੌਧਰੀ, ਠਾਕੁਰ ਸਿੰਘ ਬਸਾਤੀ, ਪ੍ਰੀਤਮ ਸਿੰਘ, ਸੁਰਿੰਦਰ ਕੌਰ, ਰਵਿੰਦਰ ਸਿੰਘ ਸਹਿਰਾਅ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬੀ ਸਕੂਲ ਕਰਾਊਨ ਪੁਆਇੰਟ (ਇੰਡਿਆਨਾ) ਦੇ ਬੱਚਿਆਂ ਸੰਜਮ ਕੌਰ, ਨਿਮਰਤ



ਕੌਰ ਅਤੇ ਗੁਰਏਕ ਸਿੰਘ ਨੇ ਗ਼ਦਰੀ ਬਾਬਿਆਂ ਵਾਰੇ ਕਵਿਤਾਵਾਂ ਸੁਣਾ ਕੇ ਹਾਜ਼ਰੀਨ ਦਾ ਦਿਲ ਜਿੱਤ ਲਿਆ। ਪ੍ਰਬੰਧਕਾਂ ਵਲੋਂ ਬੱਚਿਆਂ ਨੂੰ ਨਕਦ ਇਨਾਮ ਵੀ ਦਿੱਤੇ ਗਏ। ਪ੍ਰਸਿੱਧ ਨਾਟਕਕਾਰ ਡਾ. ਆਤਮਜੀਤ ਨੇ ਬਹੁਤ ਹੀ ਜਾਣਕਾਰੀ ਭਰਪੂਰ ਅਤੇ ਭਾਵੁਕ ਤਕਰੀਰ ਦਿੱਤੀ । ਠਾਕੁਰ ਸਿੰਘ ਬਸਾਤੀ ਅਤੇ ਸਾਜਿਦ ਚੌਧਰੀ ਨੇ ਜੀ ਆਇਆਂ ਅਤੇ ਰਵਿੰਦਰ ਸਹਿਰਾਅ ਨੇ ਧੰਨਵਾਦੀ ਸ਼ਬਦ ਕਹੇ। ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਵਰਿਆਮ ਸਿੰਘ ਸੰਧੂ ਦੀ ਗ਼ਦਰੀ ਬਾਬੇ ਕੌਣ ਸਨ, ਬਾਰੇ ਵੀਡੀਓ ਦਿਖਾਈ ਗਈ ਅਤੇ ਲੁਧਿਆਣਾ ਤੋਂ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਵੀਡੀਓ ਸੁਨੇਹਾ ਵੀ ਵਿਸ਼ੇਸ਼ ਤੌਰ ’ਤੇ ਦਿਖਾਇਆ ਗਿਆ । ਡਾ. ਆਤਮਜੀਤ ਨੇ ਦੱਸਿਆ ਕਿ 15 ਸਾਲ ਪਹਿਲਾਂ ਉਨ੍ਹਾਂ ਗ਼ਦਰ ਲਹਿਰ ਉਤੇ ਨਾਟਕ ‘ਗ਼ਦਰ ਐਕਸਪ੍ਰੈੱਸ’ ਲਿਖਿਆ ਸੀ, ਜੋ ਕਿ ਸੈਕਰਾਮੈਂਟੋ ਵਿਚ ਜਾ ਕੇ ਖੇਡਿਆ ਗਿਆ। ਇਸ ਲਹਿਰ ਵਿਚ ਲਗਭਗ ਡੇਢ ਸੌ ਫਾਂਸੀ ਲੱਗਣ ਵਾਲੇ ਸ਼ਹੀਦਾਂ ਅਤੇ ਵੱਖ-ਵੱਖ ਅਰਸੇ ਦੀਆਂ ਕੈਦਾਂ ਭੁਗਤਣ ਵਾਲੇ ਲਗਭਗ ਸਾਢੇ ਚਾਰ ਸੌ ਕੈਦੀਆਂ ਨੇ ਤਨ, ਮਨ ਅਤੇ ਧਨ ਨਾਲ ਹਿੱਸਾ ਲਿਆ ਕੁਝ ਲੋਕ ਅਜਿਹੇ ਹਨ, ਜਿਨ੍ਹਾਂ ਦਾ ਅਸੀਂ ਕਦੇ ਜ਼ਿਕਰ ਨਹੀਂ ਕਰਦੇ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ, ਰਾਮ ਸਿੰਘ ਧਲੇਤਾ, ਮੇਵਾ ਸਿੰਘ ਲੋਪੋਕੇ, ਲਾਲਾ ਹਰਦਿਆਲ, ਬਾਬਾ ਵਿਸਾਖਾ ਸਿੰਘ, ਕਰਤਾਰ ਸਿੰਘ ਸਰਾਭਾ, ਗੁਲਾਬ ਕੌਰ ਆਦਿਕ ਬਹੁਤ ਮਹੱਤਵਪੂਰਨ ਹਨ ਪਰ ਸਾਨੂੰ ਉਨ੍ਹਾਂ ਬਾਰੇ ਵੀ ਜਾਣਨਾ ਪਵੇਗਾ, ਜਿਹੜੇ ਪਹਿਲੀ ਕਤਾਰ ਵਿਚ ਨਹੀਂ ਆਉਂਦੇ।

# ਸਿਲੀਕੋਨ ਵੈਲੀ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਅਥਾਹ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ



















ਸਿਲੀਕੋਨ ਵੈਲੀ/ ਕੈਲੀਫੋਰਨੀਆ, (ਸਾਡੇ ਲੋਕ) : ਕੈਲੀਫੋਰਨੀਆ ਦੇ ਪ੍ਰਮੁੱਖ ਧਾਰਮਿਕ ਅਸਥਾਨ ਗੁਰਦੁਆਰਾ ਸਾਹਿਬ ਸਿਲੀਕੋਨ ਵੈਲੀ (ਸੰਗਤ ਦਾ ਗੁਰਦੁਆਰਾ) ਵਿਖੇ ਜੁਗੋ-ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸੰਪੂਰਨਤਾ ਦਿਵਸ ਸਮੂਹ ਸੰਗਤਾਂ ਅਤੇ ਪ੍ਰਬੰਧਕਾਂ ਦੇ ਭਰਪੂਰ ਸਹਿਯੋਗ ਨਾਲ ਬੜੀ ਸ਼ਰਧਾ, ਭਾਵਨਾ ਅਤੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਇਸ ਪਵਿੱਤਰ ਦਿਹਾੜੇ ਦੀ ਖੁਸ਼ੀ ਵਿੱਚ ਗੁਰੂਘਰ ਵਿਖੇ ਤਿੰਨ ਦਿਨ ਲਗਾਤਾਰ ਦੀਵਾਨ ਸਜਾਏ ਗਏ ਅਤੇ ਸੰਗਤਾਂ ਵੱਲੋਂ ਅਖੰਡ ਸੇਵਾ ਨਿਭਾਈ ਗਈ।

ਇਸ ਮੌਕੇ ਵਿਸ਼ੇਸ਼ ਧਾਰਮਿਕ ਦੀਵਾਨਾਂ ਦੌਰਾਨ ਪੰਥ ਪ੍ਰਸਿੱਧ ਕੀਰਤਨੀਏ ਭਾਈ ਸਾਹਿਬ ਭਾਈ ਦਵਿੰਦਰ ਸਿੰਘ, ਜੀਵਨਜੋਤ ਸਿੰਘ, ਗੁਰਜੀਤ ਸਿੰਘ, ਹਰਵਿੰਦਰ ਸਿੰਘ, ਜੋਤਸਰੂਪ ਸਿੰਘ ਅਤੇ ਨਿਰਮਲ ਸਿੰਘ ਵੱਲੋਂ ਗੁਰਬਾਣੀ ਦਾ ਰਸਭਿੰਨਾ ਤੇ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਕਥਾ ਵਾਚਕਾਂ ਵੱਲੋਂ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦੇ ਲਾਸਾਨੀ ਇਤਿਹਾਸ, ਗੁਰੂ ਸਾਹਿਬਾਨ ਦੀ ਪਾਵਨ ਜੀਵਨੀ ਅਤੇ ਗੁਰਬਾਣੀ ਫ਼ਲਸਫ਼ੇ ਤੋਂ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ।

ਇਸ ਤਿੰਨ ਰੋਜ਼ਾ ਜੋੜ ਮੇਲੇ ਦੌਰਾਨ ਸੰਗਤਾਂ ਅਤੇ ਸੇਵਾਦਾਰਾਂ ਵਿੱਚ ਅਥਾਹ ਸ਼ਰਧਾ ਅਤੇ ਉਤਸ਼ਾਹ ਦੇਖਣ ਨੂੰ ਮਿਲਿਆ। ਪਰਿਵਾਰਾਂ ਦੇ ਪਰਿਵਾਰ ਗੁਰੂ ਕੇ ਲੰਗਰਾਂ ਅਤੇ ਜੋੜਿਆਂ ਦੀ ਸੇਵਾ ਵਿੱਚ ਦਿਨ-ਰਾਤ ਜੁਟੇ ਰਹੇ। ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਬਲਕਾਰ ਸਿੰਘ ਅਤੇ ਸੈਕਟਰੀ ਹਰਪ੍ਰੀਤ ਸਿੰਘ ਵੱਲੋਂ ਸਮਾਗਮ ਨੂੰ ਸਫ਼ਲ ਬਣਾਉਣ ਲਈ ਪੁੱਜੀਆਂ ਸਮੂਹ ਗੁਰੂ ਕੀਆਂ ਸੰਗਤਾਂ, ਰਾਗੀ ਜਥਿਆਂ ਅਤੇ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਇਸ ਸਮਾਗਮ ਦੀ ਸਫ਼ਲਤਾ ਅਤੇ ਪ੍ਰਬੰਧਾਂ ਵਿੱਚ ਮੁੱਖ ਸਹਿਯੋਗ ਦੇਣ ਵਾਲਿਆਂ ਵਿੱਚ ਸ. ਸੁਖਵਿੰਦਰ ਸਿੰਘ ਗੋਗੀ, ਸ. ਗੁਰਦਿਆਲ ਸਿੰਘ, ਸ. ਅਮਰਜੀਤ ਸਿੰਘ, ਗੁਰਪ੍ਰੀਤ ਸਿੰਘ, ਸ. ਸੁਖਵਿੰਦਰ ਸਿੰਘ, ਸ. ਜੁਗਰਾਜ ਸਿੰਘ, ਸ. ਸਰਬਣ ਸਿੰਘ, ਸ. ਅੰਮ੍ਰਿਤਪਾਲ ਸਿੰਘ, ਸ. ਬੂਟਾ ਸਿੰਘ, ਸ. ਜਗਰੂਪ ਸਿੰਘ, ਸ. ਜੇ.ਜੇ. ਸਿੰਘ, ਬਾਠ ਸਾਬ੍ਹ, ਸ. ਪ੍ਰਭਜੀਤ ਸਿੰਘ,






ਸ. ਮਨਪ੍ਰੀਤ ਸਿੰਘ, ਸ. ਸਿਮਰਨਜੀਤ ਸਿੰਘ, ਸ. ਹਰਪ੍ਰੀਤ ਸਿੰਘ, ਸ. ਪਰਵੀਰ ਸਿੰਘ, ਸ. ਫ਼ੌਜੀ ਸਿੰਘ ਅਤੇ ਸ. ਸੰਧੂ ਸਾਬ੍ਹ ਸ਼ਾਮਲ ਸਨ।

ਇਸੇ ਤਰ੍ਹਾਂ ਬੀਬੀਆਂ ਵੱਲੋਂ ਵੀ ਸੇਵਾਵਾਂ ਵਿੱਚ ਮੋਹਰੀ ਭੂਮਿਕਾ ਨਿਭਾਈ ਗਈ, ਜਿਨ੍ਹਾਂ ਵਿੱਚ ਬੀਬੀ ਹਰਮਿੰਦਰ ਕੌਰ, ਬੀਬੀ ਜਸਵੀਰ ਕੌਰ, ਬੀਬੀ ਰਜਿੰਦਰ ਕੌਰ, ਬੀਬੀ ਸੁਖਵਿੰਦਰ ਕੌਰ, ਬੀਬੀ ਗੁਰਪ੍ਰੀਤ ਕੌਰ, ਬੀਬੀ ਹਰਪ੍ਰੀਤ ਕੌਰ, ਬੀਬੀ ਸਰਬਜੀਤ ਕੌਰ, ਬੀਬੀ ਕੋਮਲਜੀਤ ਕੌਰ ਅਤੇ ਬੀਬੀ ਗੁਰਜੀਤ ਕੌਰ ਦੇ ਨਾਂ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।

ਸਮੁੱਚਾ ਸਮਾਗਮ ਅਲੌਕਿਕ ਰੰਗਤ ਅਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਗਗਨ-ਗੁੰਜਾਊ ਜੈਕਾਰਿਆਂ ਨਾਲ ਸੰਪਨ ਹੋਇਆ।


COMPLETE SOLAR & BATTERY
STARTING AT $23,000
For a standard 5kW Solar & 14kWh Battery system
Price is for installation on code-compliant homes.
Electrical panel or roof upgrades are extra.
TSP
ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਨੂੰ ਸ਼ਰਧਾਂਜਲੀ ਦੇਣ ਵਾਲੇ ਭਾਜਪਾ ਆਗੂਆਂ ਖਿਲਾਫ਼ 'ਆਪ' ਦਾ ਪੂਰੇ ਪੰਜਾਬ 'ਚ ਪ੍ਰਦਰਸ਼ਨ

## ਭਾਜਪਾ ਸੰਸਦ ਮੈਂਬਰਾਂ ਵੱਲੋਂ ਸੱਜਣ ਕੁਮਾਰ ਨੂੰ ਦਿੱਤੀ ਸ਼ਰਧਾਂਜਲੀ ਸਿੱਖ ਭਾਈਚਾਰੇ ਲਈ ਬੇਹੱਦ ਦੁਖਦਾਈ: ਆਮ ਆਦਮੀ ਪਾਰਟੀ






ਚੰਡੀਗੜ੍ਹ: ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਲੁਧਿਆਣਾ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਤਿੰਨ ਸੰਸਦ ਮੈਂਬਰਾਂ ਰਾਮਵੀਰ ਬਿਧੂੜੀ, ਯੋਗੇਂਦਰ ਚੰਦੋਲੀਆ ਅਤੇ ਕਮਲਜੀਤ ਸਹਿਰਾਵਤ ਵੱਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ ਵਿੱਚ ਸ਼ਮੂਲੀਅਤ ਕਰਨ ਦੇ ਵਿਰੋਧ ਵਿੱਚ ਜ਼ਬਰਦਸਤ ਪ੍ਰਦਰਸ਼ਨ ਕੀਤਾ। ਭਾਜਪਾ ਸੰਸਦ ਮੈਂਬਰਾਂ ਦੀ ਇਸ ਸ਼ਮੂਲੀਅਤ ਦੀ ਕਰੜੀ ਨਿੰਦਾ ਕਰਦਿਆਂ 'ਆਪ' ਆਗੂਆਂ ਨੇ ਕਿਹਾ ਕਿ 1984 ਦਾ ਕਤਲੇਆਮ ਸਿੱਖ ਪਰਿਵਾਰਾਂ ਲਈ ਇੱਕ ਕਦੇ ਨਾ ਭਰਣ ਵਾਲਾ ਜ਼ਖ਼ਮ ਹੈ ਅਤੇ ਸੱਜਣ ਕੁਮਾਰ ਨੂੰ ਸ਼ਰਧਾਂਜਲੀ ਦੇਣ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ ਹੈ।

'ਆਪ' ਨੇ ਮੰਗ ਕੀਤੀ ਕਿ ਭਾਜਪਾ ਆਪਣੇ ਤਿੰਨਾਂ ਸੰਸਦ ਮੈਂਬਰਾਂ ਖ਼ਿਲਾਫ਼ ਕਾਰਵਾਈ ਕਰੇ। ਪਾਰਟੀ ਨੇ ਸਵਾਲ ਕੀਤਾ ਕਿ ਜ਼ਿੰਮੇਵਾਰ ਜਨਤਕ ਅਹੁਦਿਆਂ 'ਤੇ ਬੈਠੇ ਚੁਣੇ ਹੋਏ ਨੁਮਾਇੰਦੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀ ਵਿਅਕਤੀ ਦੇ ਘਰ ਜਾ ਕੇ ਉਸ ਨੂੰ ਸ਼ਰਧਾਂਜਲੀ ਕਿਵੇਂ ਦੇ ਸਕਦੇ ਹਨ?

ਅੰਮ੍ਰਿਤਸਰ ਵਿੱਚ 'ਆਪ' ਵਰਕਰਾਂ ਨੇ ਰਾਜ ਸਭਾ ਮੈਂਬਰ ਤਰੁਣ ਚੁੱਘ ਦੀ ਰਿਹਾਇਸ਼ ਬਾਹਰ ਧਰਨਾ ਦਿੱਤਾ ਅਤੇ ਉਨ੍ਹਾਂ ਦੇ ਘਰ ਦਾ ਘਿਰਾਓ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਵੱਲੋਂ ਭਾਰੀ ਬੈਰੀਕੇਡਿੰਗ ਅਤੇ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਸਨ, ਜਿਸ ਕਾਰਨ ਪ੍ਰਦਰਸ਼ਨਕਾਰੀਆਂ ਨੂੰ ਰਿਹਾਇਸ਼ ਤੱਕ ਪਹੁੰਚਣ ਤੋਂ ਰੋਕ ਦਿੱਤਾ ਗਿਆ।

ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ 'ਆਪ' ਵਿਧਾਇਕਾ ਜੀਵਨ ਜੋਤ ਕੌਰ ਨੇ ਕਿਹਾ, '1984 ਦਾ ਕਤਲੇਆਮ ਸਿੱਖ ਪਰਿਵਾਰਾਂ ਲਈ ਇੱਕ ਡੂੰਘਾ ਅਤੇ ਅਣਸੁੱਕਾ ਜ਼ਖ਼ਮ ਹੈ। ਭਾਜਪਾ ਅਤੇ ਕਾਂਗਰਸ ਦੋਵਾਂ ਨੇ ਹੀ ਵਾਰ-ਵਾਰ ਪੰਜਾਬ ਅਤੇ ਸਿੱਖ ਭਾਈਚਾਰੇ ਦੇ ਹਿੱਤਾਂ ਦੇ ਵਿਰੁੱਧ ਕੰਮ ਕੀਤਾ ਹੈ। ਭਾਜਪਾ ਨੇਤਾ ਉਸ ਵਿਅਕਤੀ ਦਾ ਸਨਮਾਨ ਕਿਵੇਂ ਕਰ ਸਕਦੇ ਹਨ ਜਿਸ ਦਾ ਨਾਂ 1984 ਦੇ ਕਤਲੇਆਮ ਨਾਲ ਜੁੜਿਆ ਹੋਇਆ ਹੈ?'

ਜੀਵਨ ਜੋਤ ਕੌਰ ਨੇ ਅੱਗੇ ਕਿਹਾ, 'ਸੱਜਣ ਕੁਮਾਰ ਦੇ ਸ਼ਰਧਾਂਜਲੀ ਸਮਾਗਮ ਵਿੱਚ ਭਾਜਪਾ ਆਗੂਆਂ ਦੀ ਸ਼ਮੂਲੀਅਤ ਪੀੜਤ ਪਰਿਵਾਰਾਂ ਲਈ ਬੇਹੱਦ ਦੁਖਦਾਈ ਹੈ। ਜਿਨ੍ਹਾਂ ਪਰਿਵਾਰਾਂ ਨੇ ਆਪਣੇ ਪਿਆਰਿਆਂ ਨੂੰ ਗੁਆਇਆ ਹੈ, ਉਹ ਅੱਜ ਵੀ ਉਸ ਤ੍ਰਾਸਦੀ ਦਾ ਦਰਦ ਹੰਢਾ ਰਹੇ ਹਨ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ।'

ਜਲੰਧਰ ਵਿੱਚ 'ਆਪ' ਵਿਧਾਇਕ ਬਲਕਾਰ ਸਿੰਘ ਨੇ ਕਿਹਾ, '1984 ਦੇ ਘੱਲੂਘਾਰੇ ਨੇ ਸਿੱਖ ਭਾਈਚਾਰੇ ਦੇ ਮਨਾਂ 'ਤੇ ਬਹੁਤ ਦਰਦਨਾਕ ਯਾਦਾਂ ਛੱਡੀਆਂ ਹਨ। ਬੇਗੁਨਾਹ ਸਿੱਖਾਂ ਦਾ ਬੇਰਹਮੀ ਨਾਲ ਕਤਲ ਕੀਤਾ ਗਿਆ ਸੀ ਅਤੇ ਉਨ੍ਹਾਂ ਦੇ ਪਰਿਵਾਰ ਦਹਾਕਿਆਂ ਤੋਂ ਇਹ ਦਰਦ ਹੰਢਾ ਰਹੇ ਹਨ। ਅਜਿਹੇ ਸਮੇਂ ਵਿੱਚ ਭਾਜਪਾ ਦੇ ਸੀਨੀਅਰ ਆਗੂਆਂ ਦਾ ਸੱਜਣ ਕੁਮਾਰ ਦੀ ਸ਼ਰਧਾਂਜਲੀ ਸਭਾ ਵਿੱਚ ਸ਼ਾਮਲ ਹੋਣਾ ਇਹ ਦਰਸਾਉਂਦਾ ਹੈ ਕਿ ਭਾਜਪਾ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੇ ਮੁੱਦੇ 'ਤੇ ਕਿੱਥੇ ਖੜ੍ਹੀ ਹੈ।'

'ਆਪ' ਵਿਧਾਇਕ ਨੇ ਕਿਹਾ, 'ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੇ ਜ਼ਖ਼ਮਾਂ 'ਤੇ ਰਾਜਨੀਤੀ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। 1984 ਦੇ ਸਿੱਖ ਵਿਰੋਧੀ ਦੰਗਿਆਂ ਤੋਂ ਪੀੜਤ ਪਰਿਵਾਰਾਂ ਦੇ ਦਰਦ ਨੂੰ ਰਾਜਨੀਤਿਕ ਲਾਹੇ ਲਈ ਵਰਤਿਆ ਨਹੀਂ ਜਾ ਸਕਦਾ।'

ਲੁਧਿਆਣਾ ਵਿੱਚ 'ਆਪ' ਆਗੂਆਂ, ਵਿਧਾਇਕਾਂ, ਕੌਂਸਲਰਾਂ, ਚੇਅਰਮੈਨਾਂ, ਡਾਇਰੈਕਟਰਾਂ ਅਤੇ ਪਾਰਟੀ ਅਹੁਦੇਦਾਰਾਂ ਨੇ ਸੱਜਣ ਕੁਮਾਰ ਦੇ ਅੰਤਿਮ ਸੰਸਕਾਰ/ਸ਼ਰਧਾਂਜਲੀ ਸਮਾਗਮ ਵਿੱਚ ਤਿੰਨ ਭਾਜਪਾ ਸੰਸਦ ਮੈਂਬਰਾਂ ਦੀ ਸ਼ਮੂਲੀਅਤ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ।

ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ ਨੇ ਕਿਹਾ, 'ਪੰਜਾਬ ਗੁਰੂਆਂ, ਸੰਤਾਂ ਅਤੇ ਸ਼ਹੀਦਾਂ ਦੀ ਧਰਤੀ ਹੈ। 1984 ਦੇ ਕਤਲੇਆਮ ਤੋਂ ਪੀੜਤ ਸਿੱਖ ਪਰਿਵਾਰਾਂ ਦੇ ਦਰਦ ਨੂੰ ਠੇਸ ਪਹੁੰਚਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਪੰਜਾਬੀ ਬਰਦਾਸ਼ਤ ਨਹੀਂ ਕਰਨਗੇ।' ਦਲਜੀਤ ਸਿੰਘ ਗਰੇਵਾਲ ਨੇ ਕਿਹਾ, 'ਸੱਜਣ ਕੁਮਾਰ ਨੂੰ ਸ਼ਰਧਾਂਜਲੀ ਦੇਣ ਵਿੱਚ ਭਾਜਪਾ ਸੰਸਦ ਮੈਂਬਰਾਂ ਦੀ ਸ਼ਮੂਲੀਅਤ ਨੇ ਪੀੜਤ ਪਰਿਵਾਰਾਂ ਦੇ ਹਿਰਦਿਆਂ ਨੂੰ ਹੋਰ ਵਲੂੰਧਰਿਆ ਹੈ। ਭਾਜਪਾ ਅਤੇ ਕਾਂਗਰਸ ਨੇ ਪੰਜਾਬ ਦੇ ਖ਼ਿਲਾਫ਼ ਸਿਆਸੀ ਹੱਥ ਮਿਲਾ ਲਿਆ ਹੈ, ਪਰ ਪੰਜਾਬ ਦੇ ਲੋਕ ਅਜਿਹੀ ਰਾਜਨੀਤੀ ਨੂੰ ਕਦੇ ਵੀ ਪ੍ਰਵਾਨ ਨਹੀਂ ਕਰਨਗੇ।'

ਬਠਿੰਡਾ ਵਿੱਚ 'ਆਪ' ਵਰਕਰਾਂ ਨੇ ਰੋਸ ਪ੍ਰਦਰਸ਼ਨ ਕੀਤਾ ਅਤੇ 1984 ਦੇ ਕਤਲੇਆਮ ਨਾਲ ਜੁੜੇ ਲੋਕਾਂ ਨਾਲ ਪਾਰਟੀ ਦੀ ਨੇੜਤਾ ਦੇ ਦੋਸ਼ ਲਾਉਂਦਿਆਂ ਭਾਜਪਾ ਖ਼ ?ਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

'ਆਪ' ਵਰਕਰਾਂ ਨੇ ਮੰਗ ਕੀਤੀ ਕਿ ਭਾਜਪਾ ਰਾਮਵੀਰ ਬਿਧੂੜੀ, ਯੋਗੇਂਦਰ ਚੰਦੋਲੀਆ ਅਤੇ ਕਮਲਜੀਤ ਸਹਿਰਾਵਤ ਖ਼ਿਲਾਫ਼ ਸਖ਼ਤ ਕਾਰਵਾਈ ਕਰੇ ਅਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ।

'ਆਪ' ਆਗੂਆਂ ਨੇ ਕਿਹਾ, '1984 ਦੇ ਸਿੱਖ ਵਿਰੋਧੀ ਦੰਗੇ ਹਜ਼ਾਰਾਂ ਪਰਿਵਾਰਾਂ ਲਈ ਅਣਸੁੱਕੇ ਜ਼ਖ਼ਮ ਬਣੇ ਹੋਏ ਹਨ। ਆਮ ਆਦਮੀ ਪਾਰਟੀ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇਨਸਾਫ਼ ਅਤੇ ਅਣਖ ਦੀ ਆਵਾਜ਼ ਬੁਲੰਦ ਕਰਦੀ ਰਹੇਗੀ। ਉਨ੍ਹਾਂ ਦੇ ਦਰਦ ਅਤੇ ਭਾਵਨਾਵਾਂ ਨੂੰ ਅਣਗੌਲਿਆ ਕਰਨ ਦੀ ਕਿਸੇ ਵੀ ਕੋਸ਼ਿਸ਼ ਦਾ ਪੂਰਨ ਵਿਰੋਧ ਕੀਤਾ ਜਾਵੇਗਾ।'

'ਆਪ' ਪੰਜਾਬ ਦੇ ਆਗੂਆਂ ਨੇ ਦੁਹਰਾਇਆ ਕਿ ਪਾਰਟੀ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਚਟਾਨ ਵਾਂਗ ਖੜ੍ਹੀ ਰਹੇਗੀ ਅਤੇ ਇਨਸਾਫ਼, ਕਰਾਮਾਤ ਅਤੇ ਜਵਾਬਦੇਹੀ ਲਈ ਲੜਾਈ ਜਾਰੀ ਰੱਖੇਗੀ।

# ਸੱਜਣ ਕੁਮਾਰ ਦੇ ਘਰ ਭਾਜਪਾ ਸੰਸਦ ਮੈਂਬਰਾਂ ਦੇ ਜਾਣ 'ਤੇ ਭੜਕੀ 'ਆਪ'

## ਜਲੰਧਰ 'ਚ ਸਤੀਸ਼ ਪੂਨੀਆ ਦੀ ਬੈਠਕ ਬਾਹਰ ਜ਼ੋਰਦਾਰ ਪ੍ਰਦਰਸ਼ਨ




ਜਲੰਧਰ : ਦਿੱਲੀ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰਾਂ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਘਰ ਜਾ ਕੇ ਦੁੱਖ ਸਾਂਝਾ ਕਰਨ ਦੇ ਮੁੱਦੇ 'ਤੇ ਆਮ ਆਦਮੀ ਪਾਰਟੀ (ਆਪ) ਨੇ ਤਿੱਖਾ ਰੋਖ ਅਖ਼ਤਿਆਰ ਕਰ ਲਿਆ ਹੈ। ਮੰਗਲਵਾਰ ਨੂੰ ਜਲੰਧਰ ਵਿਖੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸਤੀਸ਼ ਪੂਨੀਆ ਦੀ ਮੀਟਿੰਗ ਵਾਲੀ ਥਾਂ ਦੇ ਬਾਹਰ 'ਆਪ' ਵਰਕਰਾਂ ਅਤੇ ਆਗੂਆਂ ਨੇ ਭਾਰੀ ਇਕੱਠ ਕਰਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਹੱਥਾਂ ਵਿੱਚ ਤਖ਼ਤੀਆਂ ਫੜੀ ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਭਾਜਪਾ ਦਾ ਸਿੱਖ ਵਿਰੋਧੀ ਚਿਹਰਾ ਇੱਕ ਵਾਰ ਫਿਰ ਬੇਨਕਾਬ ਹੋ ਗਿਆ ਹੈ, ਕਿਉਂਕਿ ਇੱਕ ਪਾਸੇ ਪਾਰਟੀ ਸਿੱਖਾਂ ਦੀ ਹਮਦਰਦ ਬਣਨ ਦਾ ਦਾਅਵਾ ਕਰਦੀ ਹੈ ਅਤੇ ਦੂਜੇ ਪਾਸੇ ਕਤਲੇਆਮ ਦੇ ਦੋਸ਼ੀਆਂ ਦੀ ਹਮਾਇਤ ਕਰ ਰਹੀ ਹੈ। ਪੁਲਿਸ ਨੇ ਮੌਕੇ 'ਤੇ ਬੈਰੀਕੇਡਿੰਗ ਕਰਕੇ ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕਿਆ, ਜਿਸ ਦੌਰਾਨ ਮਾਹੌਲ ਕਾਫ਼ੀ ਤਣਾਅਪੂਰਨ ਰਿਹਾ।

# ਬੇਅੰਤ ਸਿੰਘ ਕਤਲ ਕਾਂਡ: 31 ਸਾਲਾਂ ਬਾਅਦ ਪੰਜਾਬ ਦੀ ਰਾਜਨੀਤੀ 'ਚ ਫਿਰ ਗਰਮਾਇਆ ਪੰਥਕ ਮੁੱਦਾ: ਰਾਜੋਆਣਾ ਵੱਲੋਂ ਦਿਲਾਵਰ ਸਿੰਘ ਨੂੰ 'ਕੌਮੀ ਸ਼ਹੀਦ' ਵਜੋਂ ਸ਼ਰਧਾਂਜਲੀ

## ਭੈਣ ਰਾਹੀਂ ਇਸ਼ਤਿਹਾਰ ਜਾਰੀ ਕਰਕੇ ਰਾਜੋਆਣਾ ਨੇ ਸਪੱਸ਼ਟ ਕੀਤਾ ਆਪਣਾ ਸਟੈਂਡ

ਚੰਡੀਗੜ੍ਹ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਕਰੀਬ 31 ਸਾਲਾਂ ਬਾਅਦ, ਫਾਂਸੀ ਦੀ ਸਜ਼ਾ ਯਾਫ਼ਤਾ ਬਲਵੰਤ ਸਿੰਘ ਰਾਜੋਆਣਾ ਵੱਲੋਂ ਆਪਣੀ ਭੈਣ ਰਾਹੀਂ ਅਖ਼ਬਾਰੀ ਇਸ਼ਤਿਹਾਰ ਦੇ ਕੇ ਆਪਣੇ ਸਾਥੀ ਦਿਲਾਵਰ ਸਿੰਘ ਨੂੰ 'ਕੌਮੀ ਸ਼ਹੀਦ' ਵਜੋਂ ਸ਼ਰਧਾਂਜਲੀ ਦੇਣ ਦੇ ਮਾਮਲੇ ਨੇ ਪੰਜਾਬ ਦੇ ਇਤਿਹਾਸਿਕ ਅਤੇ ਗੰਭੀਰ ਪੰਥਕ ਮੁੱਦਿਆਂ ਨੂੰ ਇੱਕ ਵਾਰ ਫਿਰ ਸਿਆਸੀ ਕੇਂਦਰ ਵਿੱਚ ਲਿਆ ਖੜ੍ਹਾ ਕੀਤਾ ਹੈ। ਪਟਿਆਲਾ ਸੈਂਟਰਲ ਜੇਲ੍ਹ ਵਿੱਚ ਬੰਦ ਰਾਜੋਆਣਾ ਨੂੰ 1995 ਦੇ ਬੇਅੰਤ ਸਿੰਘ ਕਤਲ ਕੇਸ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿੱਚ ਪੰਜਾਬ ਪੁਲੀਸ ਦੇ ਸਾਬਕਾ ਕਾਂਸਟੇਬਲ ਦਿਲਾਵਰ ਸਿੰਘ ਨੇ ਮਨੁੱਖੀ ਬੰਬ ਵਜੋਂ ਭੂਮਿਕਾ ਨਿਭਾਈ ਸੀ।

ਰਾਜੋਆਣਾ ਦਾ ਇਹ ਸੁਨੇਹਾ ਅਜਿਹੇ ਸਮੇਂ ਆਇਆ ਹੈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਰਾਜੋਆਣਾ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਤੇਜ਼ ਕੀਤੇ ਗਏ ਹਨ ਅਤੇ ਦੋ ਦਿਨ ਪਹਿਲਾਂ ਹੀ ਪੰਜਾਬ ਭਰ ਦੇ ਗੁਰਦੁਆਰਿਆਂ ਵਿੱਚ ਰਿਹਾਈ ਲਈ ਅਰਦਾਸ ਕੀਤੀ ਗਈ ਹੈ। ਇਸ ਦੇ ਨਾਲ ਹੀ ਸਰਵਉੱਚ ਅਦਾਲਤ (ਸੁਪਰੀਮ ਕੋਰਟ) ਵੀ ਸਜ਼ਾ ਵਿੱਚ ਦੇਰੀ ਦੇ ਆਧਾਰ 'ਤੇ ਰਾਜੋਆਣਾ ਦੀ ਰਹਿਮ ਦੀ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤ ਹੋਈ ਹੈ। ਇਹ ਸ਼ਰਧਾਂਜਲੀ ਸਿਰਫ਼ ਇੱਕ ਸਾਲਾਨਾ ਬਿਆਨ ਨਹੀਂ ਹੈ, ਸਗੋਂ ਰਾਜੋਆਣਾ ਦੇ ਉਸ ਪੁਰਾਣੇ ਸਟੈਂਡ ਦੀ ਪੁਸ਼ਟੀ ਹੈ ਜਿਸ 'ਤੇ ਉਹ ਅੱਜ ਵੀ ਕਾਇਮ ਹੈ। ਇਹ ਬਿਆਨ ਉਸ ਸਮੇਂ ਹੋਰ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਇਸੇ ਕੇਸ ਦੇ ਇੱਕ ਹੋਰ ਦੋਸ਼ੀ ਜਗਤਾਰ ਸਿੰਘ ਹਵਾਰਾ ਦੀ ਬਜ਼ੁਰਗ ਅਤੇ ਬੀਮਾਰ ਮਾਤਾ ਦੀ ਹਾਲਤ ਦਾ ਹਵਾਲਾ ਦਿੰਦਿਆਂ 10 ਦਿਨਾਂ ਦੀ ਪੈਰੋਲ ਲਈ ਪਹਿਲਕਦਮੀ ਕੀਤੀ ਹੈ। ਆਮ ਆਦਮੀ ਪਾਰਟੀ ਦੇ ਇਸ ਕਦਮ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖ ਵੋਟਰਾਂ ਤੱਕ ਪਹੁੰਚ ਬਣਾਉਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਾਰ-ਬਾਰ ਮਿਲ ਰਹੀ ਪੈਰੋਲ ਦੇ ਮੁਕਾਬਲੇ ਬੰਦੀ ਸਿੰਘਾਂ ਦੀ ਲੰਮੀ ਹਿਰਾਸਤ ਨੂੰ ਲੈ ਕੇ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਅਸਮਾਨ ਵਿਵਹਾਰ ਦੇ ਲਾਏ ਜਾ ਰਹੇ ਦੋਸ਼ਾਂ ਨੇ ਇਸ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ।



ਇਨ੍ਹਾਂ ਘਟਨਾਕ੍ਰਮਾਂ ਨਾਲ ਰਾਜਨੀਤਿਕ ਧਿਰਾਂ ਲਈ ਸਮੀਕਰਨ ਉਲਝ ਗਏ ਹਨ। ਆਮ ਆਦਮੀ ਪਾਰਟੀ ਵੱਲੋਂ ਹਵਾਰਾ ਦੀ ਪੈਰੋਲ ਦੀ ਹਮਾਇਤ ਕਰਨਾ ਜਿੱਥੇ ਇਨਸਾਨੀਅਤ ਦਾ ਪੱਖ ਦਿਖਾਉਂਦਾ ਹੈ, ਉੱਥੇ ਵਿਰੋਧੀ ਧਿਰਾਂ ਇਸ ਨੂੰ ਚੋਣ ਸਿਆਸਤ ਨਾਲ ਜੋੜ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਲਈ ਆਪਣੇ ਪਰੰਪਰਾਗਤ ਪੰਥਕ ਮੁੱਦਿਆਂ 'ਤੇ ਹੱਕ ਜਤਾਈ ਰੱਖਣਾ ਚੁਣੌਤੀ ਬਣ ਰਿਹਾ ਹੈ, ਜਦੋਂਕਿ ਕਾਂਗਰਸ ਬੇਅੰਤ ਸਿੰਘ ਸਰਕਾਰ ਦੇ ਦੌਰ ਨਾਲ ਜੁੜੀ ਹੋਣ ਕਾਰਨ ਬਚਾਅ ਦੇ ਮੁਦਰਾ 'ਚ ਹੈ ਅਤੇ ਭਾਜਪਾ ਨੂੰ ਕੇਂਦਰ ਸਰਕਾਰ ਕੋਲ ਲਮਕ ਰਹੀਆਂ ਰਹਿਮ ਦੀ ਪਟੀਸ਼ਨਾਂ 'ਤੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਤਿਹਾਸ ਦੇ ਕਟਹਿਰੇ ਵਿੱਚ ਸਿੱਖ ਹਸਤੀ ਅਤੇ ਸੰਵਿਧਾਨਕ ਸੱਚ

ਕਿਸੇ ਵੀ ਕੌਮ ਦੀ ਹੋਂਦ-ਹਸਤੀ ਦੀ ਲੜਾਈ ਕੇਵਲ ਜੰਗ ਦੇ ਮੈਦਾਨਾਂ ਵਿੱਚ ਹੀ ਨਹੀਂ, ਸਗੋਂ ਆਉਣ ਵਾਲੀਆਂ ਨਸਲਾਂ ਦੇ ਕਾਨੂੰਨੀ ਅਤੇ ਸੰਵਿਧਾਨਕ ਦਸਤਾਵੇਜ਼ਾਂ ਦੇ ਪੰਨਿਆਂ ਵਿੱਚ ਵੀ ਲੜੀ ਜਾਂਦੀ ਹੈ। ਸੰਨ 1951 ਦਾ ਹਿੰਦੂ ਕੋਡ ਬਿੱਲ ਅਤੇ ਭਾਰਤੀ ਸੰਵਿਧਾਨ ਦੀ ਧਾਰਾ 25 (ਵਿਆਖਿਆ 99) ਅਜਿਹੇ ਹੀ ਇਤਿਹਾਸਕ ਮੋੜ ਹਨ, ਜਿੱਥੇ ਆਜ਼ਾਦ ਭਾਰਤ ਦੇ ਨਵੇਂ ਨਿਜ਼ਾਮ ਨੇ ਸਿੱਖ ਕੌਮ ਦੀ ਨਿਆਰੀ ਅਤੇ ਪ੍ਰਭੁਸੱਤਾ-ਸੰਪੰਨ ਪਛਾਣ ਨੂੰ ਇੱਕ ਬਹੁ-ਗਿਣਤੀ ਦੇ ਕਾਨੂੰਨੀ ਘੇਰੇ ਅੰਦਰ ਜਜ਼ਬ ਕਰਨ ਦੀ ਪਹਿਲੀ ਵੱਡੀ ਸੰਵਿਧਾਨਕ ਕੋਸ਼ਿਸ਼ ਕੀਤੀ। ਇਹ ਖੋਜ ਪੱਤਰ ਕੇਵਲ ਇੱਕ ਸੁੱਕਾ-ਸੜਿਆ ਕਾਨੂੰਨੀ ਮਸਲਾ ਨਹੀਂ, ਸਗੋਂ ਇਹ ਸਿੱਖ ਇਤਿਹਾਸ ਦੇ ਉਸ ਅਣਗੌਲੇ ਪਰ ਬੇਹੱਦ ਨਾਜ਼ੁਕ ਅਧਿਆਇ ਦਾ ਜੀਵੰਤ ਦਸਤਾਵੇਜ਼ ਹੈ, ਜਿੱਥੇ ਇੱਕ ਪਾਸੇ ਰਾਸ਼ਟਰੀ ਏਕੀਕਰਨ ਦੇ ਨਾਂ ਹੇਠ ਕੇਂਦਰੀ ਕਾਨੂੰਨੀ ਇਕਸਾਰਤਾ ਥੋਪਣ ਵਾਲੇ ਡਾ. ਬੀ. ਆਰ. ਅੰਬੇਦਕਰ ਖੜ੍ਹੇ ਸਨ ਅਤੇ ਦੂਜੇ ਪਾਸੇ ਪੰਜਾਬ ਦੇ ਪਿੰਡਾਂ ਦੀ ਰੂਹ ਵਿੱਚੋਂ ਉਪਜੇ ਸਦੀਵੀ 'ਰਵਾਇਤੀ ਕਾਨੂੰਨ' (Customary Law) ਅਤੇ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਵਿਲੱਖਣ ਸਿੱਖ ਹਸਤੀ ਦੀ ਰਾਖੀ ਲਈ ਸੰਸਦ ਵਿੱਚ ਹਿੱਕ ਡਾਹ ਕੇ ਖੜ੍ਹੇ ਸਰਦਾਰ ਹੁਕਮ ਸਿੰਘ ਅਤੇ ਸਰਦਾਰ ਭੁਪਿੰਦਰ ਸਿੰਘ ਮਾਨ ਵਰਗੇ ਦੂਰਅੰਦੇਸ਼ ਸਿੱਖ ਪ੍ਰਤੀਨਿਧ ਸਨ। ਆਪਣੇ ਹੱਕਾਂ ਅਤੇ ਇਤਿਹਾਸ ਤੋਂ ਬੇਖ਼ਬਰ ਕੌਮਾਂ ਅਕਸਰ ਕਾਨੂੰਨ ਦੇ ਅਦਿੱਖ ਜਾਲ ਵਿੱਚ ਉਲਝ ਕੇ ਆਪਣਾ ਵਜੂਦ ਗੁਆ ਬੈਠਦੀਆਂ ਹਨ। ਕੈਲੀਫੋਰਨੀਆ ਤੋਂ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ ਜੀ ਦਾ ਇਹ ਬੇਹੱਦ ਬਾਰੀਕੀ ਨਾਲ ਲਿਖਿਆ ਲੇਖ ਬਸਤੀਵਾਦੀ ਅਦਾਲਤਾਂ ਦੀਆਂ ਗਲਤ ਮਿਸਾਲਾਂ ਅਤੇ ਆਜ਼ਾਦ ਭਾਰਤ ਦੇ ਕਾਨੂੰਨ ਨਿਰਮਾਤਾਵਾਂ ਦੀ ਸੌੜੀ ਸੋਚ ਦਾ ਪਰਦਾਫਾਸ਼ ਕਰਦਾ ਹੈ। ਇਹ ਲੇਖ ਸਾਡੇ ਪਾਠਕਾਂ ਦੇ ਸਾਹਮਣੇ ਇਹ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਸਿੱਖਾਂ ਨੂੰ ਸੰਵਿਧਾਨਕ ਤੌਰ 'ਤੇ ਹਿੰਦੂ ਸ਼੍ਰੇਣੀ ਵਿੱਚ ਸ਼ਾਮਲ ਕਰਨਾ ਕੇਵਲ ਇੱਕ ਪ੍ਰਸ਼ਾਸਨਿਕ ਸਹੂਲਤ ਸੀ ਜਾਂ ਫਿਰ ਇਹ ਗੁਰੂ ਨਾਨਕ ਸਾਹਿਬ ਦੇ 'ਨਾ ਕੋ ਹਿੰਦੂ ਨਾ ਮੁਸਲਮਾਨ' ਦੇ ਸਿਧਾਂਤ 'ਤੇ ਇੱਕ ਗੁਪਤ ਵਾਰ—ਇੱਕ 'ਸੰਵਿਧਾਨਕ ਨਸਲਕੁਸ਼ੀ' ਸੀ? ਆਓ, ਇਤਿਹਾਸ ਦੀ ਇਸ ਕਾਨੂੰਨੀ ਪੈੜ ਦਾ ਖੁਰਾ ਨੱਪੀਏ, ਇਸ ਸੰਘਰਸ਼ ਦੀ ਗੰਭੀਰਤਾ ਨੂੰ ਸਮਝੀਏ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਆਪਣੀ ਨਿਆਰੀ ਹਸਤੀ ਦੇ ਸੰਵਿਧਾਨਕ ਸੱਚ ਤੋਂ ਜਾਣੂ ਕਰਵਾਈਏ। ---ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਬੀ.ਆਰ. ਅੰਬੇਦਕਰ ਅਤੇ ਸਿੱਖ ਪ੍ਰਤੀਨਿਧ

## 1951 ਦੇ ਹਿੰਦੂ ਕੋਡ ਬਿੱਲ 'ਤੇ ਸੰਸਦੀ ਬਹਿਸਾਂ

### ਸ. ਹੁਕਮ ਸਿੰਘ ਅਤੇ ਸ. ਭੁਪਿੰਦਰ ਸਿੰਘ ਮਾਨ ਵੱਲੋਂ ਸਿੱਖ ਹਸਤੀ (ਪਛਾਣ) ਦੀ ਰਾਖੀ ਲਈ ਦਿੱਤੀਆਂ ਦਲੀਲਾਂ ਦਾ ਇੱਕ ਕਾਨੂੰਨੀ ਅਤੇ ਇਤਿਹਾਸਕ ਵਿਸ਼ਲੇਸ਼ਣ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਲੋਕਤੰਤਰੀ ਸਹਿਮਤੀ: ਸਿੱਖ ਪ੍ਰਤੀਨਿਧੀਆਂ ਨੇ ਸਵੀਕਾਰ ਕੀਤਾ ਕਿ ਸੰਸਦ ਕੋਲ ਕਾਨੂੰਨ ਬਣਾਉਣ ਦਾ ਕਾਨੂੰਨੀ ਅਧਿਕਾਰ ਹੈ, ਪਰ ਉਨ੍ਹਾਂ ਨੇ ਸਵਾਲ ਉਠਾਇਆ ਕਿ ਕੀ ਲੋਕਤੰਤਰੀ ਜਾਇਜ਼ਤਾ ਲਈ ਸਿੱਧੇ ਤੌਰ 'ਤੇ ਪ੍ਰਭਾਵਿਤ ਲੋਕਾਂ ਨਾਲ ਸਲਾਹ-ਮਸ਼ਵਰੇ ਦੀ ਲੋੜ ਹੁੰਦੀ ਹੈ ਜਾਂ ਨਹੀਂ। ਇਸ ਲਈ ਉਨ੍ਹਾਂ ਪ੍ਰਸਤਾਵ ਦਿੱਤਾ ਕਿ ਸਰਕਾਰ ਅੱਗੇ ਵਧਣ ਤੋਂ ਪਹਿਲਾਂ ਸਿੱਖ ਭਾਈਚਾਰੇ ਦੀ ਰਾਏ ਲਵੇ। ਕੁਝ ਮੈਂਬਰਾਂ ਨੇ ਇਹ ਨਿਰਧਾਰਤ ਕਰਨ ਲਈ ਰਾਏਸ਼ੁਮਾਰੀ (referendum) ਜਾਂ ਇਸ ਵਰਗੇ ਕਿਸੇ ਹੋਰ ਤਰੀਕੇ ਦਾ ਸੁਝਾਅ ਦਿੱਤਾ ਕਿ ਕੀ ਸਿੱਖ ਪ੍ਰਸਤਾਵਿਤ ਕੋਡ ਦੇ ਅੰਦਰ ਸ਼ਾਮਲ ਹੋਣਾ ਸਵੀਕਾਰ ਕਰਦੇ ਹਨ। ਇਹ ਬੇਨਤੀ ਉਨ੍ਹਾਂ ਦੇ ਵਿਆਪਕ ਸੰਵਿਧਾਨਕ ਸਿਧਾਂਤ ਨੂੰ ਦਰਸਾਉਂਦੀ ਸੀ ਕਿ ਘੱਟ ਗਿਣਤੀ ਭਾਈਚਾਰਿਆਂ ਨੂੰ ਉਨ੍ਹਾਂ ਦੀਆਂ ਧਾਰਮਿਕ ਅਤੇ ਕਾਨੂੰਨੀ ਪਰੰਪਰਾਵਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਵਾਲੇ ਕਾਨੂੰਨਾਂ ਵਿੱਚ ਸਾਰਥਕ ਤੌਰ 'ਤੇ ਹਿੱਸਾ ਲੈਣਾ ਚਾਹੀਦਾ ਹੈ।

ਸੰਵਿਧਾਨਕ ਫਲਸਫਿਆਂ ਦਾ ਟਕਰਾਅ (The Clash of Constitutional Philosophies)

ਬਹਿਸ ਦੇ ਅਖੀਰਲੇ ਪੜਾਵਾਂ ਤੱਕ, ਇਹ ਸਪੱਸ਼ਟ ਹੋ ਗਿਆ ਸੀ ਕਿ ਅਸਹਿਮਤੀ ਨਿੱਜੀ ਕਾਨੂੰਨ ਤੋਂ ਬਹੁਤ ਅੱਗੇ ਨਿਕਲ ਚੁੱਕੀ ਸੀ। ਲੇਖ ਇਸ ਬਹਿਸ ਨੂੰ ਦੋ ਮੁਕਾਬਲੇਬਾਜ਼ ਸੰਵਿਧਾਨਕ ਫਲਸਫਿਆਂ ਨੂੰ ਦਰਸਾਉਣ ਵਾਲੇ ਵਜੋਂ ਪੇਸ਼ ਕਰਦਾ ਹੈ:

ਪਹਿਲਾ ਫਲਸਫਾ: ਕੇਂਦਰੀਕ੍ਰਿਤ ਕਾਨੂੰਨੀ ਇਕਸਾਰਤਾ 'ਤੇ ਜ਼ੋਰ ਦਿੰਦਾ ਸੀ। ਇਸ ਨਜ਼ਰੀਏ ਦੇ ਤਹਿਤ, ਭਾਰਤ ਨੂੰ ਉਨ੍ਹਾਂ ਭਾਈਚਾਰਿਆਂ ਲਈ ਇੱਕ ਸਾਂਝੇ ਕਾਨੂੰਨੀ ਢਾਂਚੇ ਦੀ ਲੋੜ ਸੀ ਜੋ ਇਤਿਹਾਸਕ ਤੌਰ 'ਤੇ ਸਮਾਨ ਦੀਵਾਨੀ ਕਾਨੂੰਨ ਪ੍ਰਣਾਲੀਆਂ ਦੁਆਰਾ ਚਲਾਏ ਜਾਂਦੇ ਰਹੇ ਸਨ।

ਦੂਜਾ ਫਲਸਫਾ: ਸੰਵਿਧਾਨਕ ਬਹੁ-ਵਾਦ (pluralism) 'ਤੇ ਜ਼ੋਰ ਦਿੰਦਾ ਸੀ। ਇਸ ਪਹੁੰਚ ਦੇ ਤਹਿਤ, ਵੱਖਰੀਆਂ ਕਾਨੂੰਨੀ ਪਰੰਪਰਾਵਾਂ ਰੱਖਣ ਵਾਲੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਨੂੰ ਉਦੋਂ ਤੱਕ ਮਾਨਤਾ ਅਤੇ ਖੁਦਮੁਖਤਿਆਰੀ ਮਿਲਦੀ ਰਹਿਣੀ ਚਾਹੀਦੀ ਹੈ ਜਦੋਂ ਤੱਕ ਉਹ ਖੁਦ ਤਬਦੀਲੀ ਲਈ ਸਹਿਮਤ ਨਹੀਂ ਹੁੰਦੇ।

ਇਸ ਲਈ, ਸੰਸਦੀ ਬਹਿਸਾਂ ਕੇਵਲ ਇੱਕ ਵਿਧਾਨਕ ਉਪਾਅ ਦੇ ਸ਼ਬਦਾਂ ਦੀ ਬਜਾਏ ਭਾਰਤ ਦੇ ਸੰਵਿਧਾਨਕ ਵਿਕਾਸ ਦੀ ਭਵਿੱਖੀ ਦਿਸ਼ਾ ਬਾਰੇ ਬਹਿਸ ਬਣ ਗਈਆਂ।

ਅਧਿਆਇ 10: ਇਤਿਹਾਸਕ ਮੁਲਾਂਕਣ ਅਤੇ ਸਿੱਟਾ (Historical Assessment and Conclusion)

ਲੇਖ ਦੇ ਅਨੁਸਾਰ, ਸੰਸਦੀ ਬਹਿਸਾਂ ਆਖਰਕਾਰ ਇਨ੍ਹਾਂ ਮੁਕਾਬਲੇਬਾਜ਼ ਸੰਵਿਧਾਨਕ ਦ੍ਰਿਸ਼ਟੀਕੋਣਾਂ ਵਿੱਚ ਤਾਲਮੇਲ ਬਣਾਉਣ ਵਿੱਚ ਅਸਫਲ ਰਹੀਆਂ। ਭਾਵੇਂ ਡਾ. ਅੰਬੇਦਕਰ ਨੇ ਹਿੰਦੂ ਕੋਡ ਬਿੱਲ ਦਾ ਬਹੁਤ ਦ੍ਰਿੜਤਾ ਨਾਲ ਬਚਾਅ ਕੀਤਾ, ਪਰ ਕਈ ਦਿਸ਼ਾਵਾਂ ਤੋਂ ਵਿਰੋਧ ਉੱਭਰ ਕੇ ਸਾਹਮਣੇ ਆਇਆ। ਰੂੜੀਵਾਦੀ ਹਿੰਦੂ ਮੈਂਬਰਾਂ ਨੇ ਕਈ ਪ੍ਰਸਤਾਵਿਤ ਸੁਧਾਰਾਂ 'ਤੇ ਇਤਰਾਜ਼ ਜਤਾਇਆ। ਉਸੇ ਸਮੇਂ, ਸਿੱਖ ਪ੍ਰਤੀਨਿਧੀਆਂ ਨੇ ਉਨ੍ਹਾਂ ਵਿਵਸਥਾਵਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਿਨ੍ਹਾਂ ਬਾਰੇ ਉਨ੍ਹਾਂ ਦਾ ਮੰਨਣਾ ਸੀ ਕਿ ਉਹ ਉਨ੍ਹਾਂ ਦੀ ਵੱਖਰੀ ਕਾਨੂੰਨੀ ਅਤੇ ਧਾਰਮਿਕ ਪਛਾਣ ਲਈ ਖ਼ਤਰਾ ਸਨ।

ਇਨ੍ਹਾਂ ਮੁਸ਼ਕਲਾਂ ਦੇ ਵਿਚਕਾਰ, ਅੰਬੇਦਕਰ ਨੇ ਅਸਲ ਹਿੰਦੂ ਕੋਡ ਬਿੱਲ ਦੇ ਪ੍ਰਸਤਾਵਿਤ ਰੂਪ ਵਿੱਚ ਪਾਸ ਹੋਣ ਤੋਂ ਪਹਿਲਾਂ 1951 ਵਿੱਚ ਕੈਬਨਿਟ ਤੋਂ ਅਸਤੀਫਾ ਦੇ ਦਿੱਤਾ। ਇਸ ਕਾਨੂੰਨ ਨੂੰ ਬਾਅਦ ਵਿੱਚ ਵੱਖ-ਵੱਖ ਕਾਨੂੰਨਾਂ ਵਿੱਚ ਵੰਡਿਆ ਗਿਆ ਅਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਸਰਕਾਰ ਦੇ ਦੌਰਾਨ 1955-1956 ਵਿੱਚ ਪਾਸ ਕੀਤਾ ਗਿਆ। ਲੇਖ ਅੰਬੇਦਕਰ ਦੇ ਅਸਤੀਫੇ ਨੂੰ ਬਿੱਲ ਦੇ ਆਲੇ-ਦੁਆਲੇ ਦੇ ਰਾਜਨੀਤਿਕ ਟਕਰਾਅ ਦੇ ਸਿਖਰ ਵਜੋਂ ਪਛਾਣਦਾ ਹੈ।




ਲੇਖ ਇਹ ਸਿੱਟਾ ਕੱਢਦਾ ਹੈ ਕਿ ਸੰਸਦੀ ਬਹਿਸਾਂ ਨੇ ਆਜ਼ਾਦ ਭਾਰਤ ਵਿੱਚ ਰਾਸ਼ਟਰ-ਨਿਰਮਾਣ ਦੇ ਦੋ ਬਿਲਕੁਲ ਵੱਖਰੇ ਦ੍ਰਿਸ਼ਟੀਕੋਣਾਂ ਨੂੰ ਉਜਾਗਰ ਕੀਤਾ:

1. ਪਹਿਲਾ ਦ੍ਰਿਸ਼ਟੀਕੋਣ: ਦੇਸ਼ ਵਿਆਪੀ ਇਕਸਾਰਤਾ ਲਿਆਉਣ ਲਈ ਤਿਆਰ ਕੀਤੇ ਗਏ ਕੇਂਦਰੀ ਕਾਨੂੰਨੀ ਕੋਡੀਫਿਕੇਸ਼ਨ ਦੇ ਪੱਖ ਵਿੱਚ ਸੀ।
2. ਦੂਜਾ ਦ੍ਰਿਸ਼ਟੀਕੋਣ: ਸਥਾਨਕ ਰਵਾਇਤੀ ਕਾਨੂੰਨੀ ਪ੍ਰਣਾਲੀਆਂ ਦੀ ਰਾਖੀ ਅਤੇ ਵੱਖਰੀਆਂ ਧਾਰਮਿਕ ਪਛਾਣਾਂ ਦੀ ਸੰਵਿਧਾਨਕ ਮਾਨਤਾ 'ਤੇ ਜ਼ੋਰ ਦਿੰਦਾ ਸੀ।

ਲੇਖ ਦੇ ਸੰਦਰਭ ਵਿੱਚ, ਲੇਖਕ ਦਲੀਲ ਦਿੰਦੇ ਹਨ ਕਿ ਸਿੱਖਾਂ ਨੂੰ ਧਾਰਾ 25, ਵਿਆਖਿਆ 99, ਅਤੇ ਹਿੰਦੂ ਕੋਡ ਬਿੱਲ ਦੋਵਾਂ ਵਿੱਚ ਸ਼ਾਮਲ ਕਰਨਾ ਸੰਵਿਧਾਨਕ ਤਣਾਅ ਦਾ ਇੱਕ ਨਿਰੰਤਰ ਸਰੋਤ ਰਿਹਾ ਹੈ। ਉਹ ਦਾਅਵਾ ਕਰਦੇ ਹਨ ਕਿ ਕਈ ਸਿੱਖਾਂ ਨੇ ਇਨ੍ਹਾਂ ਘਟਨਾਕ੍ਰਮਾਂ ਨੂੰ ਸਿੱਖ ਪਛਾਣ ਦੀ ਆਪਣੀ ਸਮਝ ਅਤੇ ਪੰਜਾਬ ਦੀਆਂ ਰਵਾਇਤੀ ਕਾਨੂੰਨੀ ਪਰੰਪਰਾਵਾਂ ਦੇ ਇਤਿਹਾਸਕ ਵਿਕਾਸ ਦੇ ਉਲਟ ਮੰਨਿਆ।

ਚਾਹੇ ਕੋਈ ਵੀ ਧਿਰ ਦੁਆਰਾ ਪੇਸ਼ ਕੀਤੇ ਗਏ ਕਾਨੂੰਨੀ ਤਰਕ ਨੂੰ ਸਵੀਕਾਰ ਕਰੇ ਜਾਂ ਰੱਦ ਕਰੇ, ਇਹ ਸੰਸਦੀ ਬਹਿਸਾਂ ਇਤਿਹਾਸਕ ਤੌਰ 'ਤੇ ਬਹੁਤ ਮਹੱਤਵਪੂਰਨ ਹਨ। ਇਹ ਇੱਕ ਵਿਭਿੰਨਤਾ ਵਾਲੇ ਸਮਾਜ ਵਿੱਚ ਕਾਨੂੰਨ ਬਣਾਉਣ ਦੀ ਜਟਿਲਤਾ ਨੂੰ ਦਰਸਾਉਂਦੀਆਂ ਹਨ ਜਿੱਥੇ ਧਰਮ, ਕਾਨੂੰਨ, ਇਤਿਹਾਸ ਅਤੇ ਸੰਵਿਧਾਨਕ ਪਛਾਣ ਦੇ ਸਵਾਲ ਆਪਸ ਵਿੱਚ ਜੁੜੇ ਹੋਏ ਹਨ। ਡਾ. ਬੀ. ਆਰ. ਅੰਬੇਦਕਰ, ਸਰਦਾਰ ਹੁਕਮ ਸਿੰਘ, ਅਤੇ ਸਰਦਾਰ ਭੁਪਿੰਦਰ ਸਿੰਘ ਮਾਨ ਵਿਚਕਾਰ ਹੋਏ ਵਿਚਾਰ-ਵਟਾਂਦਰੇ ਦਾ ਅਧਿਐਨ ਅੱਜ ਵੀ ਕੀਤਾ ਜਾਂਦਾ ਹੈ ਕਿਉਂਕਿ ਇਹ ਘੱਟ ਗਿਣਤੀਆਂ ਦੇ ਅਧਿਕਾਰਾਂ, ਕਾਨੂੰਨੀ ਨਿਰੰਤਰਤਾ, ਲੋਕਤੰਤਰੀ ਭਾਗੀਦਾਰੀ ਅਤੇ ਰਾਸ਼ਟਰੀ ਏਕੀਕਰਨ ਅਤੇ ਸੰਵਿਧਾਨਕ ਬਹੁ-ਵਾਦ ਦੇ ਸੰਤੁਲਨ ਬਾਰੇ ਸਦੀਵੀ ਸਵਾਲਾਂ 'ਤੇ ਰੌਸ਼ਨੀ ਪਾਉਂਦੇ ਹਨ।

ਉਪਸੰਹਾਰ (Epilogue)

1951 ਦੀਆਂ ਬਹਿਸਾਂ ਸਿਰਫ਼ ਹਿੰਦੂ ਕੋਡ ਬਿੱਲ ਬਾਰੇ ਮਤਭੇਦ ਤੋਂ ਕਿਤੇ ਵੱਧ ਸਨ। ਇਹ ਭਾਰਤੀ ਰਾਜ ਅਤੇ ਸਿੱਖ ਭਾਈਚਾਰੇ ਵਿਚਕਾਰ ਸੰਵਿਧਾਨਕ ਸੰਵਾਦ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਮੋੜ ਬਣ ਗਈਆਂ। ਡਾ. ਬੀ. ਆਰ. ਅੰਬੇਦਕਰ ਨੇ ਇਤਿਹਾਸਕ ਮਿਸਾਲ ਅਤੇ ਕੋਡੀਫਿਕੇਸ਼ਨ 'ਤੇ ਅਧਾਰਤ ਇੱਕ ਸੰਯੁਕਤ ਕਾਨੂੰਨੀ ਵਿਵਸਥਾ ਬਣਾਉਣ ਦੀ ਕੋਸ਼ਿਸ਼ ਕੀਤੀ। ਦੂਜੇ ਪਾਸੇ, ਸਿੱਖ ਪ੍ਰਤੀਨਿਧੀਆਂ ਨੇ ਪੰਜਾਬ ਦੀਆਂ ਰਵਾਇਤੀ ਪਰੰਪਰਾਵਾਂ ਵਿੱਚ ਜੜ੍ਹਾਂ ਰੱਖਣ ਵਾਲੀ ਇੱਕ ਵੱਖਰੀ ਧਾਰਮਿਕ ਅਤੇ ਕਾਨੂੰਨੀ ਪਛਾਣ ਦੀ ਸੰਵਿਧਾਨਕ ਮਾਨਤਾ ਦੀ ਮੰਗ ਕੀਤੀ।

ਸੱਤਰ ਸਾਲਾਂ ਤੋਂ ਵੱਧ ਸਮੇਂ ਬਾਅਦ ਵੀ, ਇਹ ਬਹਿਸਾਂ ਧਾਰਾ 25, ਨਿੱਜੀ ਕਾਨੂੰਨ, ਸੰਵਿਧਾਨਕ ਵਿਆਖਿਆ ਅਤੇ ਭਾਰਤੀ ਸੰਵਿਧਾਨਕ ਢਾਂਚੇ ਦੇ ਅੰਦਰ ਘੱਟ ਗਿਣਤੀ ਪਛਾਣਾਂ ਦੇ ਸਥਾਨ ਬਾਰੇ ਅਕਾਦਮਿਕ ਚਰਚਾਵਾਂ ਨੂੰ ਪ੍ਰਭਾਵਿਤ ਕਰਦੀਆਂ ਆ ਰਹੀਆਂ ਹਨ। ਇਸ ਕਾਰਨ ਕਰਕੇ ਇਹ ਸੰਸਦੀ ਬਹਿਸਾਂ ਆਜ਼ਾਦ ਭਾਰਤ ਦੇ ਕਾਨੂੰਨੀ ਅਤੇ ਰਾਜਨੀਤਿਕ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਅਧਿਆਇ ਵਜੋਂ ਬਣੀਆਂ ਹੋਈਆਂ ਹਨ ਅਤੇ ਲਗਾਤਾਰ ਗੰਭੀਰ ਇਤਿਹਾਸਕ ਅਤੇ ਸੰਵਿਧਾਨਕ ਵਿਸ਼ਲੇਸ਼ਣ ਦੀ ਮੰਗ ਕਰਦੀਆਂ ਹਨ।

ਨਿਸ਼ਕਰਸ਼ (Conclusion)

ਕਾਨੂੰਨ ਮੰਤਰੀ ਵਜੋਂ, ਡਾ. ਅੰਬੇਦਕਰ ਨੇ ਸੰਵਿਧਾਨ ਦੀ ਧਾਰਾ 25 ਵਿੱਚ ਸਿੱਖਾਂ ਨੂੰ ਹਿੰਦੂਆਂ ਵਜੋਂ ਸ਼ਾਮਲ ਕੀਤਾ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਉਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜੋ ਗੁਰੂ ਨਾਨਕ ਦੇਵ ਜੀ ਨੇ ਕਹੀ ਸੀ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ' (ਮੈਂ ਨਾ ਹਿੰਦੂ ਹਾਂ ਨਾ ਮੁਸਲਮਾਨ)। ਕੁਝ ਲੋਕ ਇਹ ਕਹਿ ਸਕਦੇ ਹਨ ਕਿ ਅਜਿਹਾ ਕਰਕੇ ਉਨ੍ਹਾਂ ਨੇ 'ਸਿੱਖਾਂ ਦਾ ਸੰਵਿਧਾਨਕ ਨਸਲਕੁਸ਼ੀ' (constitutional genocide of the Sikhs) ਵਰਗਾ ਕਾਰਜ ਕੀਤਾ ਹੈ।

(ਸਮਾਪਤ)

# ਰੱਖਿਆ ਖੇਤਰ 'ਚ ਨਿੱਜੀ ਹਿੱਸੇਦਾਰੀ

ਭਾਰਤ ਨੇ ਆਪਣੇ ਦੇਸ਼ ਵਿੱਚ ਹੀ ਰਵਾਇਤੀ ਮਿਜ਼ਾਈਲ ਸਿਸਟਮ ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਈਜ਼ੇਸ਼ਨ ਯਾਨੀ ਡੀ ਆਰ ਡੀ ਓ ਵੱਲੋਂ ਤਿਆਰ ਕੀਤੀ ਗਈ ਤਕਨੀਕ ਯੋਗ ਭਾਰਤੀ ਕੰਪਨੀਆਂ ਨੂੰ ਦਿੱਤੀ ਜਾਵੇਗੀ। ਇਸ ਦਾ ਮਕਸਦ ਉੱਨਤ ਹਥਿਆਰ ਬਣਾਉਣ ਤੇ ਉਨ੍ਹਾਂ ਨੂੰ ਵੱਡੇ ਪੱਧਰ 'ਤੇ ਤਿਆਰ ਕਰਨ ਵਿਚਲਾ ਪਾੜਾ ਘਟਾਉਣ ਅਤੇ ਆਤਮ-ਨਿਰਭਰ ਰੱਖਿਆ ਉਤਪਾਦਨ ਵੱਲ ਵਧਣਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਤਕਨੀਕ ਮਿਲਣ ਦਾ ਮਤਲਬ ਇਹ ਨਹੀਂ ਕਿ ਬਿਨਾਂ ਕਿਸੇ ਰੋਕ-ਟੋਕ ਦੇ ਉਤਪਾਦਨ ਕੀਤਾ ਜਾ ਸਕੇਗਾ। ਕੰਪਨੀਆਂ ਨੂੰ ਸਾਰੇ ਜ਼ਰੂਰੀ ਨਿਯਮਾਂ ਅਤੇ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨੀ ਪਵੇਗੀ। ਰੱਖਿਆ ਮੰਤਰਾਲੇ ਨੇ ਅਜੇ ਇਹ ਨਹੀਂ ਦੱਸਿਆ ਕਿ ਕਿਹੜੀਆਂ ਮਿਜ਼ਾਈਲਾਂ ਨੂੰ ਨਿੱਜੀ ਕੰਪਨੀਆਂ ਵੱਲੋਂ ਬਣਾਏ ਜਾਣ ਦੀ ਖੁੱਲ੍ਹ ਦਿੱਤੀ ਜਾਵੇਗੀ ਪਰ ਰਿਪੋਰਟਾਂ ਮੁਤਾਬਿਕ ਆਕਾਸ਼, ਅਸਤਰ ਅਤੇ ਨਾਗ ਵਰਗੀਆਂ ਮਿਜ਼ਾਈਲਾਂ ਦੇ ਨਾਵਾਂ ਦਾ ਜ਼ਿਕਰ ਹੋ ਰਿਹਾ ਹੈ।

ਮਕਸਦ ਸਾਫ਼ ਹੈ ਕਿ ਡੀ ਆਰ ਡੀ ਓ ਵੱਲੋਂ ਤਿਆਰ ਕੀਤੀਆਂ ਤਕਨੀਕਾਂ ਨੂੰ ਲੈਬ ਅਤੇ ਟੈਸਟਿੰਗ ਵਾਲੀਆਂ ਥਾਵਾਂ ਤੋਂ ਕਾਰਖ਼ਾਨਿਆਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਵੱਡੀ ਗਿਣਤੀ ਵਿੱਚ ਭਰੋਸੇਯੋਗ ਸਿਸਟਮ ਤਿਆਰ ਕੀਤੇ ਜਾ ਸਕਣ। ਨਿੱਜੀ ਕੰਪਨੀਆਂ ਦੇ ਵੱਧ ਤੋਂ ਵੱਧ ਸ਼ਾਮਲ ਹੋਣ ਨਾਲ ਉਤਪਾਦਨ ਦੀ ਸਮਰੱਥਾ ਵਧੇਗੀ, ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ ਅਤੇ ਪੂਰੀ ਸਪਲਾਈ ਚੇਨ ਵਿੱਚ ਛੋਟੇ ਤੇ ਦਰਮਿਆਨੇ ਉਦਯੋਗਾਂ ਲਈ ਨਵੇਂ ਮੌਕੇ ਪੈਦਾ ਹੋਣਗੇ। ਇਹ ਬਹੁਤ ਜ਼ਰੂਰੀ ਹੈ ਕਿਉਂਕਿ ਮਿਜ਼ਾਈਲ ਬਣਾਉਣ ਦਾ ਕੰਮ ਸਭ ਕੁਝ ਜੋੜ ਕੇ ਤਿਆਰ ਕਰਨ ਤੱਕ ਸੀਮਤ ਨਹੀਂ ਹੁੰਦਾ। ਇੰਜਣ, ਬਿਜਲੀ ਦੇ ਸਾਜ਼ੋ-ਸਾਮਾਨ, ਸੇਧ ਦੇਣ ਵਾਲੇ ਸਿਸਟਮ, ਸੈਂਸਰ ਅਤੇ ਹੋਰ ਖ਼ਾਸ ਹਿੱਸਿਆਂ ਲਈ ਇੱਕ ਮਜ਼ਬੂਤ ਉਦਯੋਗਿਕ ਮਾਹੌਲ ਦੀ ਲੋੜ ਹੁੰਦੀ ਹੈ। ਦੇਸ਼ ਦੇ ਅੰਦਰ ਹੀ ਸਪਲਾਇਰਾਂ ਦਾ ਵੱਡਾ ਨੈੱਟਵਰਕ ਬਣਨ ਨਾਲ ਦੇਸ਼ ਵਿੱਚ ਹੀ ਚੀਜ਼ਾਂ ਤਿਆਰ ਕਰਨ ਦੀ ਤਾਕਤ ਵਧੇਗੀ ਅਤੇ ਵਿਦੇਸ਼ਾਂ ਤੋਂ ਸਾਮਾਨ ਮੰਗਵਾਉਣ ਉੱਤੇ ਨਿਰਭਰਤਾ ਘੱਟ ਹੋਵੇਗੀ। ਪ੍ਰਾਈਵੇਟ ਕੰਪਨੀਆਂ ਨੇ ਸਾਲ 2025-26 ਵਿੱਚ ਭਾਰਤ ਦੇ ਕੁੱਲ ਰੱਖਿਆ ਉਤਪਾਦਨ ਵਿੱਚ 24 ਫ਼ੀਸਦੀ ਹਿੱਸੇਦਾਰੀ ਦਰਜ ਕੀਤੀ ਹੈ, ਜੋ ਕਿ ਪਿਛਲੇ ਵਿੱਤੀ ਸਾਲ ਦੌਰਾਨ 22 ਫ਼ੀਸਦੀ ਸੀ। ਇਹ ਵਾਧਾ ਦੇਸ਼ ਦੇ ਰੱਖਿਆ ਖੇਤਰ ਵਿੱਚ ਨਿੱਜੀ ਖੇਤਰ ਦੀ ਵਧ ਰਹੀ ਭੂਮਿਕਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਹਾਲਾਂਕਿ, ਸਿਰਫ਼ ਤਕਨੀਕ ਮਿਲਣ ਨਾਲ ਹੀ ਪੂਰੀ ਸਫਲਤਾ ਦੀ ਗਾਰੰਟੀ ਨਹੀਂ ਮਿਲ ਜਾਵੇਗੀ। ਇਸ ਦਿਸ਼ਾ ਵਿੱਚ ਹੋਰ ਵੀ ਕਈ ਅਹਿਮ ਕਦਮ ਚੁੱਕਣ ਦੀ ਲੋੜ ਹੈ। ਖੋਜ ਪ੍ਰਯੋਗਸ਼ਾਲਾਵਾਂ ਤੋਂ ਲੈ ਕੇ ਉਤਪਾਦਨ ਸ਼ੁਰੂ ਹੋਣ ਤੱਕ ਦੇ ਸਮੇਂ ਨੂੰ ਘਟਾਉਣਾ ਅਤੇ ਨਿਰਮਾਣ ਦੇ ਤਰੀਕੇ ਨੂੰ ਸਰਲ ਬਣਾਉਣਾ ਬਹੁਤ ਵੱਡਾ ਫ਼ਰਕ ਪਾ ਸਕਦਾ ਹੈ। ਸਭ ਤੋਂ ਵੱਡੀ ਅਤੇ ਅਹਿਮ ਗੱਲ ਇਹ ਹੈ ਕਿ ਉਤਪਾਦਨ ਦੇ ਕਿਸੇ ਵੀ ਪੜਾਅ ਉੱਤੇ ਗੁਣਵੱਤਾ ਦੇ ਮਿਆਰ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਇਹ ਨਿਯਮ ਖ਼ਾਸ ਕਰਕੇ ਉਨ੍ਹਾਂ ਆਧੁਨਿਕ ਹਥਿਆਰਾਂ ਅਤੇ ਰੱਖਿਆ ਪ੍ਰਣਾਲੀਆਂ ਦੇ ਮਾਮਲੇ ਵਿੱਚ ਬਹੁਤ ਜ਼ਰੂਰੀ ਹੈ, ਜਿਨ੍ਹਾਂ ਉੱਤੇ ਸਿੱਧੇ ਤੌਰ 'ਤੇ ਦੇਸ਼ ਦੀ ਰਾਸ਼ਟਰੀ ਸੁਰੱਖਿਆ ਨਿਰਭਰ ਕਰਦੀ ਹੈ।

**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



### ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-15)

**ਗੀਗਾ ਜਰਮਿਆਂ ਨੀ**

ਗੀਗਾ ਜਰਮਿਆਂ ਨੀ,
ਗੀਗਾ ਜਰਮਿਆਂ ਗੋਰੀਏ,
ਜੋ ਕੁਝ ਮੰਗਣਾਂ ਸੋ ਮੰਗ,
ਗੀਗਾ ਜਰਮਿਆਂ ਨੀ।
ਮੈਂ ਕੀ ਮੰਗਣਾਂ ਵੇ, ਮੈਂ ਕੀ ਮੰਗਣਾਂ ਵੇ,
ਲੈਣਾ ਤਾਰਿਆਂ ਦਾ ਹਾਰ, ਮੈਂ ਕੀ ਮੰਗਣਾਂ ਵੇ।
ਇਹ ਕਿਨ ਦੱਸਿਆ ਨੀ,
ਇਹ ਕਿਨ ਦੱਸਿਆ ਗੋਰੀਏ,
ਕਾਰਸ਼ਤਾਨੀਆਂ ਦੀ ਮੱਤ,
ਤੇਰੀ ਮੱਤ ਸਾਡੇ ਹੱਥ।
ਤੇਰੀ ਕੁੜੀਆਂ ਦੀ ਮੱਤ,
ਇਹ ਕਿਨ ਦੱਸਿਆ ਨੀ,
ਮੈਂ ਕੀ ਮੰਗਣਾਂ ਵੇ, ਮੈਂ ਕੀ ਮੰਗਣਾਂ ਢੋਲਾ।
ਲੈਣੀ ਖੂਹੇ ਜਿੱਡੀ ਨੱਥ, ਮੈਂ ਕੀ ਮੰਗਣਾਂ ਵੇ,
ਮੈਂ ਕੀ ਮੰਗਣਾਂ ਵੇ, ਮੈਂ ਕੀ ਮੰਗਣਾਂ ਢੋਲਾ।
ਲੈਣਾ ਮੂਸਲ (ਤੂੜੀ ਦਾ ਕੁੱਪ) ਜਿੱਡਾ ਚੌਂਕ,
ਮੈਂ ਕੀ ਮੰਗਣਾਂ ਵੇ, ਮੈਂ ਕੀ ਮੰਗਣਾਂ ਢੋਲਾ।
ਲੈਣਾ ਚਿੜੀਆਂ ਦਾ ਦੁੱਧ, ਮੈਂ ਕੀ ਮੰਗਣਾਂ ਵੇ,
ਮੈਂ ਕੀ ਮੰਗਣਾਂ ਵੇ, ਮੈਂ ਕੀ ਮੰਗਣਾਂ ਢੋਲਾ।

**ਬਾਗ਼ੀਂ ਮੋਰ ਬੋਲੇ**

ਬਾਗ਼ੀਂ ਮੋਰ ਬੋਲੇ, ਗੀਗੇ ਜਰਮ ਲਿਆ।
ਦਾਦੀ ਨਿਕਲ ਗਈਓ, ਬਾਬਾ ਲੱਭਦਾ ਰਿਹਾ।
ਬਾਗ਼ੀਂ ਮੋਰ ਬੋਲੇ, ਗੀਗੇ ਜਰਮ ਲਿਆ।
ਨਾਨੀ ਸ਼ਗਨ ਮਨਾਵੇ, ਨਾਨਾ ਰਮਿਆ ਰਿਹਾ।
ਨੱਥ ਕਰਾ ਦੇ ਵੇ ਸੌਰ੍ਹਿਆ,
ਸਾਨੂੰ ਨੱਥ ਕਰਾ ਦੇ,
ਵਿਚ ਪੁਆ ਦੇ ਵੇ,
ਵਿਚ ਪੁਆ ਦੇ ਵੇ ਚੀਨੀਆਂ।
ਨੱਥ ਤਾਂ ਤੇਰੀ ਨੀ ਨੂੰਹੇਂ ਤੇਰਾ ਬਾਪ ਲਿਆਵੇ,
ਬਾਪ ਲਿਆਵੇ—
ਅਜੇ ਤਾਂ ਪਿੰਡਾਂ ਦੇ, ਪਿੰਡਾਂ
ਦੇ ਮਾਮਲੇ ਜੀ ਰਹਿੰਦੇ।
ਸੁੰਢ ਪੰਜੀਰੀ ਨੀ ਨੂੰਹੇਂ ਤੇਰੀ
ਸੱਸ ਲਿਆਈ,
ਸੱਸ ਲਿਆਈ–
ਉਠ ਨੂੰਹੇਂ ਨੀ ਤੂੰ ਖਾ ਲੈ,
ਸੱਸ ਕਰੇ ਤੇਰੀਆਂ ਜੀ
ਮਿੰਨਤਾਂ।
ਸੁੰਢ ਪੰਜੀਰੀ ਨੀ ਸੱਸੂ ਤੇਰੀ
ਕਦੇ ਵੀ ਨਾ ਖਾਵਾਂ,
ਹੱਥ ਨਾ ਲਾਵਾਂ–
ਸੌਂਹ੍ਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਜੀ ਸਾਡੇ
ਬਾਬਲ ਤੋਂ।
ਹਰੀ ਹਰੀ ਦੁੱਭ ਨੀ ਭਾਬੋ
ਤੇਰੀ ਨਣਦ ਲਿਆਈ,

ਨਣਦ ਲਿਆਈ–
ਉਠ ਭਾਬੋ ਨੀ ਤੂੰ ਲੈ,
ਨਣਦ ਕਰੇ ਤੇਰੀਆਂ ਜੀ
ਮਿੰਨਤਾਂ,
ਹਰੀ ਹਰੀ ਦੁੱਭ ਨੀ ਨਣਦੇ
ਮੈਂ ਕਦੀਓ ਨਾ ਲਾਵਾਂ।
ਮੈਂ ਹੱਥ ਨਾ ਲਾਵਾਂ, ਸੌਂਹ੍ਰੇ ਨੇ
ਮਾਰੀ ਸੀ ਜੀ ਬੋਲੀ,
ਨੱਥ ਨਾ ਸਰੀ ਜੀ ਸਾਡੇ
ਬਾਬਲ ਤੇ।
ਗੈਂਣ੍ਹਿਆਂ ਦਾ ਡੱਬਾ ਨੀ ਨਾਜੋ ਤੇਰਾ ਕੌਂਤ
ਲਿਆਇਆ,
ਕੌਂਤ ਲਿਆਇਆਓ
ਉਠ ਨਾਜੋ ਨੀ ਤੂੰ ਪਾ ਲੈ,
ਕੌਂਤ ਕਰੇ ਤੇਰੀਆਂ ਜੀ ਮਿੰਨਤਾਂ।
ਗੈਂਣ੍ਹਿਆਂ ਦਾ ਡੱਬਾ ਵੇ,
ਕੌਂਤਾ ਮੈਂ ਕਦੀਓ ਨਾ ਪਾਵਾਂ,
ਮੈਂ ਹੱਥ ਨਾ ਲਾਵਾਂ—
ਸੌਂਹ੍ਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਜੀ ਸਾਡੇ ਬਾਬਲ ਤੇ।
ਸ਼ਿੰਗਾਰ ਭਰੀ ਨੱਥ ਨੀ
ਭੈਣੇ ਤੇਰਾ ਵੀਰਾ ਲਿਆਇਆ,



ਤੇਰਾ ਵੀਰਾ ਲਿਆਇਆਓ
ਉੱਠ ਭੈਣੇਂ ਨੀ ਤੂੰ ਪਾ ਲੈ,
ਵੀਰ ਕਰੇ ਤੇਰੀਆਂ ਜੀ
ਮਿੰਨਤਾਂ।
ਸ਼ਿੰਗਾਰ ਭਰੀ ਨੱਥ ਵੇ
ਵੀਰਾ,
ਮੈਂ ਨੱਕ ਵੀ ਪਾਵਾਂ, ਮੈਂ ਹੱਥ
ਵੀ ਲਾਵਾਂ।
ਸੌਂਹ੍ਰੇ ਨੇ ਮਾਰੀ ਸੀ ਬੋਲੀ,
ਨੱਥ ਨਾ ਸਰੀ ਸਾਡੇ ਜੀ
ਬਾਬਲ ਤੋਂ।

**ਫੁੱਲ ਵਿਕਣੇ ਆਏ ਨੀ**

ਫੁੱਲ ਵਿਕਣੇ ਆਏ ਨੀ ਸੱਸੇ
ਲੈ ਦੇ ਫੁੱਲਾਂ ਦੀਆਂ
ਜੋੜੀਆਂ,
ਫੁੱਲ ਮਹਿੰਗੇ ਵਿਕਦੇ ਆ
ਨੂੰਹੇ ਪੰਜ ਰੁਪਈਏ
ਜੋੜੀਆਂ।
ਮੈਂ ਰੋਟੀਆਂ ਪਕਾਵਾਂ ਨੀ ਸੱਸੇ
ਲਾਲ ਪਿਆ ਮੇਰੀ ਗੋਦ ਮੇਂ,
ਮੈਂ ਆਪੇ ਖਿਡਾਮਾਂ ਨੀ ਸੱਸੇ
ਆਪੇ ਦੇਵਾਂ ਲੋਰੀਆਂ।
ਫੁੱਲ ਵਿਕਣੇ ਆਏ ਨੀ
ਨਣਦੇ ਲੈ ਦੇ ਫੁੱਲਾਂ ਦੀਆਂ
ਜੋੜੀਆਂ,
ਫੁੱਲ ਮਹਿੰਗੇ ਵਿਕਦੇ ਆ
ਭਾਬੋ ਪੰਜ ਰੁਪਈਏ ਜੋੜੀਆਂ।
ਮੈਂ ਰੋਟੀਆਂ ਪਕਾਮਾਂ ਨੀ ਨਣਦੇ ਲਾਲ ਪਿਆ
ਮੇਰੀ ਗੋਦ ਮੇਂ,
ਮੈਂ ਆਪੇ ਖਿਡਾਮਾਂ ਨੀ ਨਣਦੇ ਆਪੇ ਦੇਵਾਂ
ਲੋਰੀਆਂ।

**ਗਾਗਰ ਦੇ ਸੁੱਚੇ ਮੋਤੀ**

ਰਾਜਾ ਤਾਂ ਕਹਿੰਦਾ ਰਾਣੀ!
ਸੁਣ ਮੇਰੀ ਬਾਤ ਨੂੰ,
ਜੀ ਸੁਣ ਮੇਰੀ ਬਾਤ ਨੂੰ।
ਗਾਗਰ ਦੇ ਸੁੱਚੇ ਮੋਤੀ, ਕਿਸ ਨੂੰ ਦਈਏ।
ਪਾਂਧੇ ਦੇ ਜਾਈਏ ਵੇ ਰਾਜਾ,
ਸਾਹਾ ਸੁਧਾਈਏ ਵੇ!
ਗਾਗਰ ਦੇ ਸੁੱਚੇ ਮੋਤੀ, ਉਸਨੂੰ ਦਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ।
ਇੰਦਰ ਦੀ ਵਰਖਾ ਵੇ ਰਾਜਾ, ਨਿੱਤ ਨਹੀਓਂ।
ਮਾਲਣ ਦੇ ਜਾਈਏ ਵੇ ਰਾਜਾ,
ਸਿਹਰਾ ਗੁੰਦਵਾਈਏ ਵੇ।
ਗਾਗਰ ਦੇ ਸੁੱਚੇ ਮੋਤੀ, ਉਸ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ।
ਇੰਦਰ ਦੀ ਵਰਖਾ ਵੇ ਰਾਜਾ, ਨਿੱਤ ਨਹੀਓਂ।
ਨਾਈ ਦੇ ਜਾਈਏ ਵੇ ਰਾਜਾ,
ਗੰਢਾਂ ਖੁਲ੍ਹਾਈਏ ਵੇ।
ਗਾਗਰ ਦੇ ਸੁੱਚੇ ਮੋਤੀ, ਉਸ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ।
ਇੰਦਰ ਦੀ ਵਰਖਾ ਵੇ ਰਾਜਾ, ਨਿੱਤ ਨਹੀਓਂ।
ਲਲਾਰੀ ਦੇ ਜਾਈਏ ਵੇ ਰਾਜਾ,
ਚੀਰਾ ਰੰਗਾਈਏ ਵੇ।
ਗਾਗਰ ਦੇ ਸੁੱਚੇ ਮੋਤੀ, ਉਸ ਨੂੰ ਦੇਈਏ।
ਪੁੱਤਰਾਂ ਦੇ ਜੰਮਣੇ ਵੇ ਰਾਜਾ,
ਨੂੰਹਾਂ ਦੇ ਆਉਣੇ ਵੇ।
ਇੰਦਰ ਦੀ ਵਰਖਾ ਵੇ ਰਾਜਾ,
ਨਿੱਤ ਨਹੀਓਂ।
ਸੁਨਿਆਰੇ ਦੇ ਜਾਈਏ ਵੇ ਰਾਜਾ,
ਗੈਣ੍ਹੇ ਘੜਾਈਏ ਵੇ।

(ਚਲਦਾ)

# ਅਗਲੀ ਵਾਰੀ ਨਾਂ ਯਾਦ ਰੱਖਣਾ... ...

**ਮੇਜਰ ਸਿੰਘ ਮਾਟਰਾਂ**

ਮੈਂ 1980ਵਿਆਂ 'ਚ ਇਨਕਲਾਬੀ ਵਿਦਿਆਰਥੀ ਲਹਿਰ ਵਿੱਚ ਸਰਗਰਮ ਸੀ। ਸਰਗਰਮੀਆਂ ਦੌਰਾਨ ਸਰਕਾਰਾਂ ਅਤੇ ਪੁਲੀਸ ਨਾਲ ਅਕਸਰ ਸਾਡਾ ਪੰਗਾ ਪੈਂਦਾ ਰਹਿੰਦਾ ਸੀ, ਜਿਸ ਕਾਰਨ ਸਾਨੂੰ ਆਪਣੀਆਂ ਅਹਿਮ ਮੀਟਿੰਗਾਂ ਬਹੁਤ ਭਰੋਸੇਯੋਗ ਥਾਵਾਂ 'ਤੇ ਕਰਨੀਆਂ ਪੈਂਦੀਆਂ ਸਨ। 1987-88 ਦੀ ਗੱਲ ਹੈ ਕਿ ਪੈਗ਼ਾਮ ਗਰੁੱਪ ਵਜੋਂ ਜਾਣੀ ਜਾਂਦੀ ਸਾਡੀ ਜਥੇਬੰਦੀ ਦੇ ਸੂਬਾ ਪੱਧਰੀ ਆਗੂਆਂ ਦੀ ਅਹਿਮ ਮੀਟਿੰਗ ਬਠਿੰਡਾ ਜ਼ਿਲ੍ਹੇ ਦੇ ਪਿੰਡ ਖਿਆਲੀਵਾਲਾ ਸਥਿਤ ਇੱਕ ਘਰ ਵਿੱਚ ਰੱਖੀ ਗਈ ਸੀ।

ਪੰਜਾਬ ਭਰ 'ਚੋਂ ਮੀਟਿੰਗ ਵਿੱਚ ਸ਼ਾਮਿਲ ਹੋਣ ਵਾਲੇ ਅਜਮੇਰ ਸਿੰਘ, ਮਾਲਵਿੰਦਰ ਸਿੰਘ ਮਾਲੀ, ਡਾ. ਜੀਵਨਜੋਤ ਕੌਰ ਫਰੀਦਕੋਟ, ਗੁਰਬਚਨ ਸਿੰਘ ਜਲੰਧਰ ਅਤੇ ਸੁਰਜੀਤ ਸਿੰਘ ਸਮੇਤ ਅਸੀਂ ਸਾਰੇ ਜਣੇ ਬੱਸਾਂ ਰਾਹੀਂ ਸਫ਼ਰ ਕਰਦੇ ਹੋਏ ਬਠਿੰਡਾ-ਗੋਨਿਆਣਾ ਮੁੱਖ ਮਾਰਗ 'ਤੇ ਸਥਿਤ ਪਿੰਡ ਗਿੱਲ ਪੱਤੀ ਦੇ ਅੱਡੇ 'ਤੇ ਉੱਤਰ ਗਏ। ਇੱਥੋਂ ਅਸੀਂ 3-4 ਕਿਲੋਮੀਟਰ ਪੈਦਲ ਚੱਲ ਕੇ ਪਿੰਡ ਭੋਖੜਾ ਹੁੰਦੇ ਹੋਏ ਢਲਦੀ ਸ਼ਾਮ ਨੂੰ ਖਿਆਲੀਵਾਲਾ ਪਹੁੰਚ ਗਏ। ਅਸਲ ਵਿੱਚ ਜਿਹੜੇ ਘਰ 'ਚ ਮੀਟਿੰਗ ਰੱਖੀ ਗਈ ਸੀ, ਉਸ ਘਰ ਦੇ ਮਾਲਕ ਦਾ ਨਾਂ ਡਿਪਟੀ ਸਿੰਘ ਸੀ ਪਰ ਅਸੀਂ ਉਸ ਦਾ ਨਾਂ ਡੀ ਸੀ ਸਿੰਘ ਸਮਝ ਬੈਠੇ। ਪਿੰਡ ਵਿੱਚ ਪਹੁੰਚ ਕੇ ਅਸੀਂ ਜਿਹੜੇ ਵੀ ਵਿਅਕਤੀ ਨੂੰ ਡੀ ਸੀ ਸਿੰਘ ਦੇ ਘਰ ਦਾ ਪਤਾ ਪੁੱਛਦੇ, ਉਸੇ ਦਾ ਇੱਕੋ ਜਵਾਬ ਹੁੰਦਾ ਸੀ ਕਿ ਸਾਡੇ ਪਿੰਡ ਵਿੱਚ ਡੀ ਸੀ ਸਿੰਘ ਨਾਂ ਦਾ ਕੋਈ ਵਿਅਕਤੀ ਨਹੀਂ ਹੈ। ਇੰਝ ਅਸੀਂ ਪੁੱਛਦੇ-ਪੁੱਛਦੇ ਪਿੰਡ ਦੀਆਂ ਕਈ ਗਲੀਆਂ ਗਾਹ ਦਿੱਤੀਆਂ, ਪਰ ਸਾਡੇ ਪੱਲੇ ਨਮੋਸ਼ੀ ਹੀ ਪੈਂਦੀ ਰਹੀ। ਉਪਰੋਂ ਹਨੇਰਾ ਵੀ ਗੂੜ੍ਹਾ ਹੋਣ ਲੱਗ ਪਿਆ, ਥੱਕ ਵੀ ਗਏ ਅਤੇ ਭੁੱਖ ਵੀ ਸਤਾਉਣ ਲੱਗ ਪਈ। ਉਦੋਂ ਮੋਬਾਈਲ ਫੋਨ ਨਾ ਹੋਣ ਕਾਰਨ ਅਸੀਂ ਮੀਟਿੰਗ ਦਾ ਪ੍ਰਬੰਧ ਕਰਨ ਵਾਲੇ ਸਾਡੇ ਆਗੂ ਬਲਵਿੰਦਰ ਸਿੰਘ ਜੈਸਿੰਘ ਵਾਲਾ ਨੂੰ ਫੋਨ ਕਰਕੇ ਵੀ ਨਹੀਂ ਪੁੱਛ ਸਕਦੇ ਸੀ। ਆਖ਼ਰ ਤੁਰਦੇ-ਤੁਰਦੇ ਅਸੀਂ ਗਲੀ ਦੇ ਉਸੇ ਮੋੜ 'ਤੇ ਆ ਖੜ੍ਹੇ, ਜਿੱਥੋਂ ਘਰ ਪੁੱਛਣ ਲਈ ਤੁਰੇ ਸੀ।

ਇਸੇ ਦੌਰਾਨ ਜਦੋਂ ਅਸੀਂ ਇੱਕ ਵਿਅਕਤੀ ਨੂੰ ਫਿਰ ਡੀ ਸੀ ਦਾ ਘਰ ਪੁੱਛਿਆ ਤਾਂ ਉਹ ਸੋਚਣ ਲੱਗ ਪਿਆ। ਉਸ ਨੇ ਸਾਨੂੰ ਪੁੱਛਿਆ ਕਿ ਕੋਈ ਅਤਾ ਪਤਾ ਦੱਸ ਦਿਓ। ਫਿਰ ਮੈਂ ਕਿਹਾ, "ਉਨ੍ਹਾਂ ਦੀ ਪਿੰਡ ਜੈ ਸਿੰਘ ਵਾਲਾ ਵਿੱਚ ਰਿਸ਼ਤੇਦਾਰੀ ਹੈ।" ਇਹ ਸੁਣ ਕੇ ਉਸ ਵਿਅਕਤੀ ਨੇ ਫਿਰ ਝੱਟਪੱਟ ਕਿਹਾ, "ਭਾਈ, ਤੁਸੀਂ ਬੰਦੇ ਦਾ ਨਾਂ ਗ਼ਲਤ ਲੈ ਰਹੇ ਹੋ। ਅਸਲ ਵਿੱਚ ਉਸ ਦਾ ਦਾ ਨਾਮ ਡੀ ਸੀ ਨਹੀਂ ਸਗੋਂ ਡਿਪਟੀ ਸਿੰਘ ਹੈ।" ਇਸ ਤੋਂ ਬਾਅਦ ਸਾਡੇ ਵੱਲੋਂ ਡਿਪਟੀ ਸਿੰਘ ਦਾ ਘਰ ਪੁੱਛਣ 'ਤੇ ਉਸ ਨੇ ਕਿਹਾ, "ਭਾਈ ਆਹ ਜਿਹੜੇ ਘਰ ਦੇ ਗੇਟ ਅੱਗੇ ਤੁਸੀਂ ਖੜ੍ਹੇ ਹੋ। ਇਹ ਉਸ ਦਾ ਹੀ ਘਰ ਹੈ।" ਇਹ ਸੁਣ ਕੇ ਅਸੀਂ ਹੈਰਾਨ ਹੁੰਦਿਆਂ ਹੱਸਣ ਲੱਗ ਪਏ। ਸਾਡੇ ਵੱਲੋਂ ਗੇਟ ਖੜਕਾਉਣ 'ਤੇ ਘਰ 'ਚੋਂ ਇੱਕ ਵਿਅਕਤੀ ਬਾਹਰ ਆਇਆ। ਸਾਡੇ ਵੱਲੋਂ ਬਲਵਿੰਦਰ ਸਿੰਘ ਜੈ ਸਿੰਘ ਵਾਲਾ ਦਾ ਹਵਾਲਾ ਦੇਣ ਉਪਰੰਤ ਉਸ ਨੇ ਬਹੁਤ ਹੀ ਨਿੱਘ ਨਾਲ ਫ਼ਤਹਿ ਬੁਲਾਈ ਅਤੇ ਸਾਨੂੰ ਘਰ ਦੇ ਅੰਦਰ ਲੈ ਗਿਆ। ਪਾਣੀ ਵਗੈਰਾ ਪੀਂਦਿਆਂ ਅਸੀਂ ਆਪਣੀ ਵਿਥਿਆ ਵੀ ਸਾਂਝੀ ਕਰਦੇ ਰਹੇ ਅਤੇ ਹੱਸਦੇ ਵੀ ਰਹੇ। ਘਰ ਵਾਲਿਆਂ ਲਈ ਭਾਵੇਂ ਅਸੀਂ ਬਿਲਕੁਲ ਅਣਜਾਣ ਵਿਅਕਤੀ ਸੀ, ਪਰ ਉਹ ਬਲਵਿੰਦਰ ਸਿੰਘ ਦੀਆਂ ਇਨਕਲਾਬੀ ਸਰਗਰਮੀਆਂ ਤੋਂ ਜਾਣੂ ਹੋਣ ਕਾਰਨ ਸਾਡੇ ਬਾਰੇ ਵੀ ਸਮਝ ਗਏ ਸਨ। ਪਰਿਵਾਰ ਵੱਲੋਂ ਰੋਟੀ ਪਾਣੀ ਛਕਾਉਣ ਉਪਰੰਤ ਮੀਟਿੰਗ ਅਤੇ ਸੌਣ ਲਈ ਵੱਖਰੇ ਕਮਰੇ



ਦਾ ਪ੍ਰਬੰਧ ਕੀਤਾ ਗਿਆ। ਸਾਡੀਆਂ ਸਰਗਰਮੀਆਂ ਬਾਰੇ ਪਤਾ ਹੋਣ ਦੇ ਬਾਵਜੂਦ ਦਿਨ ਰਾਤ ਦੀ ਮੀਟਿੰਗ ਦੌਰਾਨ ਪੂਰੀ ਸੇਵਾ ਕਰਕੇ ਪਰਿਵਾਰ ਨੇ ਪੰਜਾਬ ਦੀ ਗੌਰਵਮਈ ਵਿਰਾਸਤ ਨੂੰ ਬੁਲੰਦ ਰੱਖਿਆ।

ਮੀਟਿੰਗ ਖ਼ਤਮ ਹੋਣ ਮਗਰੋਂ ਅਸੀਂ ਪਰਿਵਾਰ ਦਾ ਦਿਲੋਂ ਧੰਨਵਾਦ ਕਰਦਿਆਂ ਵਿਦਾਇਗੀ ਲਈ। ਵਿਦਾਇਗੀ ਸਮੇਂ ਪਰਿਵਾਰ ਦੇ ਇੱਕ ਮੈਂਬਰ ਨੇ ਇਹ ਕਹਿ ਕੇ ਕਿ "ਅਗਲੀ ਵਾਰ ਡਿਪਟੀ ਸਿੰਘ ਨਾਂ ਯਾਦ ਰੱਖਣਾ" ਸਭ ਨੂੰ ਹੱਸਣ ਲਈ ਮਜਬੂਰ ਕਰ ਗਿਆ। ਉਸ ਪਰਿਵਾਰ ਦੇ ਮੈਂਬਰਾਂ ਦਾ ਲੋਕਾਂ ਲਈ ਲੜਨ ਵਾਲਿਆਂ ਪ੍ਰਤੀ ਸਤਿਕਾਰ ਅਤੇ ਸੇਵਾ ਭਾਵਨਾ ਵਾਲੀ ਸੋਚ ਨੂੰ ਅੱਜ ਵੀ ਸਲਾਮ ਹੈ।

# ਮਹਾਤਮਾ ਅੱਯਨਕਾਲੀ ਦੇ 163ਵੇਂ ਜਨਮ ਦਿਹਾੜੇ ’ਤੇ ਵਿਸ਼ੇਸ਼ ਸਮਾਗਮ; ਸਰਦਾਰ ਜੀਵਨ ਸਿੰਘ ਵੱਲੋਂ ‘Capturing the Simple Hearted’ ਦਾ ਤਾਮਿਲ ਅਨੁਵਾਦ ਲੋਕ ਅਰਪਣ

## ਕੈਲੀਫੋਰਨੀਆ ਦੇ ਉੱਘੇ ਚਿੰਤਕਾਂ ਦੀ ਇਤਿਹਾਸਕ ਪੁਸਤਕ ਰਾਹੀਂ ਦੱਬੇ-ਕੁਚਲੇ ਸਮਾਜ ਨੂੰ ਸਿੱਖੀ ਦੇ ਬਰਾਬਰੀ ਵਾਲੇ ਫ਼ਲਸਫ਼ੇ ਨਾਲ ਜੋੜਨ ਦਾ ਉਪਰਾਲਾ; ਜਾਤੀਵਾਦ ਵਿਰੁੱਧ ਲਾਮਬੰਦੀ ਦਾ ਸੱਦਾ

ਤਿਰੂਵਨੰਤਪੁਰਮ (ਕੇਰਲ), (ਸਾਡੇ ਲੋਕ) : ਜਾਤੀਵਾਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਦੱਬੇ-ਕੁਚਲੇ ਅਤੇ ਹਾਸ਼ੀਏ ’ਤੇ ਧੱਕੇ ਵਰਗਾਂ ਦੇ ਮਨੁੱਖੀ ਅਧਿਕਾਰਾਂ ਲਈ ਲਾਸਾਨੀ ਸੰਘਰਸ਼ ਕਰਨ ਵਾਲੇ ਮਹਾਨ ਸਮਾਜ ਸੁਧਾਰਕ ਮਹਾਤਮਾ ਅੱਯਨਕਾਲੀ ਦੇ 163ਵੇਂ ਜਨਮ ਦਿਹਾੜੇ ਮੌਕੇ ਕੇਰਲ ਦੀ ਰਾਜਧਾਨੀ ਤਿਰੂਵਨੰਤਪੁਰਮ ਵਿਖੇ ਇੱਕ ਵਿਸ਼ੇਸ਼ ਯਾਦਗਾਰੀ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਮੌਕੇ ਸੀਨੀਅਰ ਸਮਾਜਿਕ ਆਗੂ ਅਤੇ ਬਹੁਜਨ ਚਿੰਤਕ ਸਰਦਾਰ ਜੀਵਨ ਸਿੰਘ ਵੱਲੋਂ ਮਹਾਤਮਾ ਅੱਯਨਕਾਲੀ ਦੇ ਜੀਵਨ, ਦਰਸ਼ਨ ਅਤੇ ਇਨਕਲਾਬੀ ਘਾਲਣਾ ਨੂੰ ਸਮਰਪਿਤ ਪੁਸਤਕ ‘ਏਲੀਆ ਇਥਾਇੰਗਲਾਈ ਕਵਾਰਥਲ’ (Elia Ithayangalai Kavarthal - Capturing the Simple Hearted) ਰਸਮੀ ਤੌਰ ’ਤੇ ਲੋਕ ਅਰਪਣ ਕੀਤੀ ਗਈ।

ਸਮਾਗਮ ਵਿੱਚ ਦੱਖਣੀ ਭਾਰਤ ਦੇ ਪ੍ਰਮੁੱਖ ਬੁੱਧੀਜੀਵੀਆਂ, ਮਨੁੱਖੀ ਅਧਿਕਾਰ ਕਾਰਕੁਨਾਂ, ਵਿਦਵਾਨਾਂ ਅਤੇ ਨੌਜਵਾਨਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

**ਕੈਲੀਫੋਰਨੀਆ ਤੋਂ ਦੱਖਣੀ ਭਾਰਤ ਤੱਕ: ਵਿਚਾਰਧਾਰਕ ਸਾਂਝ ਦਾ ਪੁਲ :** ਇੱਥੇ ਇਹ ਵਿਸ਼ੇਸ਼ ਤੌਰ ’ਤੇ ਜ਼ਿਕਰਯੋਗ ਹੈ ਕਿ ਇਹ ਪੁਸਤਕ ਮੂਲ ਰੂਪ ਵਿੱਚ ਅਮਰੀਕਾ (ਕੈਲੀਫੋਰਨੀਆ) ਸਥਿਤ ਘੱਟ ਗਿਣਤੀਆਂ ਦੀ ਕੌਮਾਂਤਰੀ ਆਵਾਜ਼ ਤੇ ਉੱਘੇ ਸਿੱਖ ਆਗੂ ਸ. ਭਜਨ ਸਿੰਘ ਭਿੰਡਰ ਅਤੇ ਉੱਘੇ ਖੋਜਕਾਰ ਪੀਟਰ ਫ਼ਰੈਡਰਿਕ ਵੱਲੋਂ ਲਿਖੀ ਗਈ ਹੈ। ਇਸ ਮਹੱਤਵਪੂਰਨ ਖੋਜ-ਕਾਰਜ ਦਾ ਤਾਮਿਲ ਭਾਸ਼ਾ ਵਿੱਚ ਅਨੁਵਾਦ ਕਰਕੇ ਜਾਰੀ ਕੀਤਾ ਗਿਆ ਹੈ।




ਦੇਸ਼ ਭਰ ਵਿੱਚ ਵੱਖ-ਵੱਖ ਖੇਤਰੀ ਭਾਸ਼ਾਵਾਂ ਵਿੱਚ ਉਲਥਾ ਕਰਕੇ ਵੰਡੀ ਜਾ ਰਹੀ ਇਹ ਪੁਸਤਕ ਸਦੀਆਂ ਤੋਂ ਵਿਤਕਰੇ ਅਤੇ ਬੇਇਨਸਾਫ਼ੀ ਦਾ ਸ਼ਿਕਾਰ ਰਹੇ ਦੱਬੇ-ਕੁਚਲੇ ਸਮਾਜ ਨੂੰ ਸਿੱਖ ਗੁਰੂ ਸਾਹਿਬਾਨ ਦੇ ਮਹਾਨ ਬਰਾਬਰੀ, ਸਰਬ-ਸਾਂਝੀਵਾਲਤਾ ਅਤੇ ਸਵੈ-ਮਾਣ ਵਾਲੇ ਫ਼ਲਸਫ਼ੇ ਨਾਲ ਜੋੜਨ ਲਈ ਇੱਕ ਮਜ਼ਬੂਤ ਵਿਚਾਰਧਾਰਕ ਪੁਲ ਵਜੋਂ ਕੰਮ ਕਰ ਰਹੀ ਹੈ।

ਸਮਾਗਮ ਦੇ ਮੁੱਖ ਵੇਰਵੇ (Key Highlights)

**ਮਹਾਤਮਾ ਅੱਯਨਕਾਲੀ ਦੇ ਇਤਿਹਾਸਕ ਸੰਘਰਸ਼ ਨੂੰ ਨਮਨ:** ਬੁਲਾਰਿਆਂ ਨੇ ਯਾਦ ਦਿਵਾਇਆ ਕਿ ਮਹਾਤਮਾ ਅੱਯਨਕਾਲੀ ਨੇ ਉਸ ਦੌਰ ਵਿੱਚ ਦੱਬੇ-ਕੁਚਲੇ ਵਰਗਾਂ ਲਈ ਸਿੱਖਿਆ ਹਾਸਲ ਕਰਨ ਦੇ ਅਧਿਕਾਰ, ਜਨਤਕ ਸੜਕਾਂ ’ਤੇ ਬਿਨਾਂ ਰੋਕ-ਟੋਕ ਚੱਲਣ ਦੀ ਆਜ਼ਾਦੀ (ਵਿਲਵੰਡੀ ਸਮਰਮ / ਬਲਦ-ਗੱਡੀ ਅੰਦੋਲਨ) ਅਤੇ ਸਮਾਜਿਕ ਬਰਾਬਰੀ ਲਈ ਅਣਥੱਕ ਸੰਘਰਸ਼ ਲੜਿਆ, ਜਿਸ ਨੇ ਕੇਰਲ ਦੇ ਆਧੁਨਿਕ ਸਮਾਜਿਕ ਪੁਨਰ-ਜਾਗਰਣ ਦੀ ਨੀਂਹ ਰੱਖੀ।

**ਪੁਸਤਕ ਰਾਹੀਂ ਸਮਾਜਿਕ ਬਦਲਾਅ ਦਾ ਸੁਨੇਹਾ:** ਰਿਲੀਜ਼ ਕੀਤੀ ਗਈ ਪੁਸਤਕ ਦਾ ਮੂਲ ਮਨੋਰਥ ਮਹਾਤਮਾ ਅੱਯਨਕਾਲੀ ਦੇ ਸਵੈ-ਮਾਣ ਅੰਦੋਲਨ ਅਤੇ ਇਨਸਾਨੀ ਗ਼ੈਰਤ ਦੀ ਲੜਾਈ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਹੈ, ਤਾਂ ਜੋ ਸਮਕਾਲੀ ਦੌਰ ਵਿੱਚ ਸਮਾਜਿਕ ਨਿਆਂ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਦੇ ਸੰਘਰਸ਼ ਨੂੰ ਹੋਰ ਊਰਜਾ ਮਿਲ ਸਕੇ।

**ਸਰਦਾਰ ਜੀਵਨ ਸਿੰਘ ਵੱਲੋਂ ਏਕਤਾ ਦਾ ਹੋਕਾ:** ਆਪਣੇ ਕੁੰਜੀਵਤ ਭਾਸ਼ਣ ਦੌਰਾਨ ਸਰਦਾਰ ਜੀਵਨ ਸਿੰਘ ਨੇ ਕਿਹਾ ਕਿ ਅੱਜ ਵੀ ਸਮਾਜ ਦੇ ਹਾਸ਼ੀਆਗ੍ਰਸਤ ਤਬਕਿਆਂ ਨੂੰ ਜਾਤੀ ਅੱਤਿਆਚਾਰਾਂ ਤੋਂ ਮੁਕਤ ਕਰਵਾਉਣ ਅਤੇ ਬਰਾਬਰ ਮੌਕੇ ਦਿਵਾਉਣ ਲਈ ਮਹਾਤਮਾ ਅੱਯਨਕਾਲੀ, ਪੇਰੀਆਰ ਈ.ਵੀ. ਰਾਮਾਸਾਮੀ, ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਅਤੇ ਸਿੱਖ ਗੁਰੂ ਸਾਹਿਬਾਨ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਇਕਜੁੱਟ ਹੋ ਕੇ ਅਪਣਾਉਣਾ ਲਾਜ਼ਮੀ ਹੈ।

**ਸੰਗਠਿਤ ਹੋ ਕੇ ਲੜਨ ਦਾ ਅਹਿਦ:** ਸਮਾਗਮ ਵਿੱਚ ਹਾਜ਼ਰ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਐਲਾਨ ਕੀਤਾ ਕਿ ਦੱਖਣੀ ਅਤੇ ਉੱਤਰੀ ਭਾਰਤ ਦੇ ਦੱਬੇ-ਕੁਚਲੇ ਵਰਗਾਂ ਵਿਚਕਾਰ ਵਿਚਾਰਧਾਰਕ ਸਾਂਝ ਪੈਦਾ ਕਰਕੇ ਹੀ ਸਮਾਜਿਕ ਅਤੇ ਆਰਥਿਕ ਬਰਾਬਰੀ ਦਾ ਟੀਚਾ ਹਾਸਲ ਕੀਤਾ ਜਾ ਸਕਦਾ ਹੈ।

# ਦੱਖਣੀ ਭਾਰਤ ’ਚ ‘ਸਰਬੱਤ ਦੇ ਭਲੇ’ ਦਾ ਸੁਨੇਹਾ: ਤਾਮਿਲ ਸਿੱਖ ਸੰਗਤ ਵੱਲੋਂ ਮਦੁਰੈ ਯੂਨੀਵਰਸਿਟੀ ਦੀ ‘ਗੁਰੂ ਨਾਨਕ ਚੇਅਰ’ ਨੂੰ ਮੁੜ ਚਾਲੂ ਕਰਨ ਦਾ ਹੋਕਾ

## ਅਕਾਦਮਿਕ ਖੜੋਤ ਤੋੜਨ ਲਈ ਵਫ਼ਦ ਨੇ ਰਜਿਸਟਰਾਰ ਨਾਲ ਕੀਤੀ ਅਹਿਮ ਮੁਲਾਕਾਤ; ਦਾਰਸ਼ਨਿਕ ਅਧਿਐਨ ਤੇ ਖੋਜ ਕਾਰਜ ਤੁਰੰਤ ਬਹਾਲ ਕਰਨ ’ਤੇ ਦਿੱਤਾ ਜ਼ੋਰ

ਮਦੁਰੈ (ਤਾਮਿਲਨਾਡੂ), (ਸਾਡੇ ਲੋਕ) : ਅੰਤਰ-ਧਰਮ ਸੰਵਾਦ, ਰੂਹਾਨੀ ਖੋਜ ਅਤੇ ਪੰਜਾਬੀ-ਤਾਮਿਲ ਸੱਭਿਆਚਾਰਕ ਸਾਂਝ ਨੂੰ ਹੁਲਾਰਾ ਦੇਣ ਦੇ ਮਨੋਰਥ ਨਾਲ ਤਾਮਿਲ ਸਿੱਖ ਸੰਗਤ ਅਤੇ ‘ਤਾਮਿਲ-ਸਿੱਖ ਕਲਚਰਲ ਬ੍ਰਦਰਹੁੱਡ ਐਂਡ ਐਜੂਕੇਸ਼ਨਲ ਫਾਊਂਡੇਸ਼ਨ’ ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਮਦੁਰੈ ਕਾਮਰਾਜ ਯੂਨੀਵਰਸਿਟੀ (MKU) ਦੇ ਰਜਿਸਟਰਾਰ ਨਾਲ ਰਸਮੀ ਮੁਲਾਕਾਤ ਕੀਤੀ।

ਇਸ ਵਫ਼ਦ ਦੀ ਅਗਵਾਈ ਤਾਮਿਲ ਸਿੱਖ ਸੰਗਤ ਦੇ ਬਾਨੀ ਸਰਦਾਰ ਜੀਵਨ ਸਿੰਘ ਤਾਮਿਲ ਨੇ ਕੀਤੀ। ਉਨ੍ਹਾਂ ਦੇ ਨਾਲ ਫ਼ਾਊਂਡੇਸ਼ਨ ਦੇ ਚੇਅਰਮੈਨ ਐਡਵੋਕੇਟ ਸੇਲਵਾ ਸਿੰਘ ਅਤੇ ਸਕੱਤਰ ਕੋਰਕਾਈ ਪਲਾਨੀ ਸਿੰਘ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਆਗੂਆਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇੱਕ ਵਿਸਥਾਰਤ ਮੰਗ-ਪੱਤਰ ਸੌਂਪਦਿਆਂ ਪਿਛਲੇ ਲੰਮੇ ਸਮੇਂ ਤੋਂ ਗ਼ੈਰ-ਸਰਗਰਮ ਪਈ ਵੱਕਾਰੀ ‘ਗੁਰੂ ਨਾਨਕ ਚੇਅਰ’ (Department of Guru Nanak Studies) ਨੂੰ ਤੁਰੰਤ ਪ੍ਰਭਾਵ ਨਾਲ ਬਹਾਲ ਕਰਨ ਦੀ ਪੁਰਜ਼ੋਰ ਵਕਾਲਤ ਕੀਤੀ।

**ਇਤਿਹਾਸਕ ਪਿਛੋਕੜ ਅਤੇ ਮੌਜੂਦਾ ਚਿੰਤਾ**

ਮਦੁਰੈ ਕਾਮਰਾਜ ਯੂਨੀਵਰਸਿਟੀ ਦੇ ‘ਸਕੂਲ ਆਫ਼ ਰਿਲੀਜਨਜ਼, ਫ਼ਿਲਾਸਫ਼ੀ ਐਂਡ ਹਿਊਮਨਿਸਟ ਥੌਟ’ ਦੇ ਅਧੀਨ ਇਹ ਚੇਅਰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ (1969) ਦੀ ਯਾਦ ਵਿੱਚ ਸਥਾਪਿਤ ਕੀਤੀ ਗਈ ਸੀ:

**ਅਕਾਦਮਿਕ ਖੜੋਤ:** ਵਫ਼ਦ ਨੇ ਗੰਭੀਰ ਚਿੰਤਾ ਪ੍ਰਗਟਾਈ ਕਿ ਦੱਖਣੀ ਭਾਰਤ ਅੰਦਰ ਗੁਰਮਤਿ ਦਰਸ਼ਨ ਅਤੇ ਤੁਲਨਾਤਮਕ ਧਰਮ ਅਧਿਐਨ ਦਾ ਇਹ ਅਹਿਮ ਕੇਂਦਰ ਲੰਬੇ ਸਮੇਂ ਤੋਂ ਕਿਸੇ ਪੱਕੇ ਮੁਖੀ ਅਤੇ ਅਕਾਦਮਿਕ ਗਤੀਵਿਧੀਆਂ ਦੀ ਅਣਹੋਂਦ ਕਾਰਨ ਠੱਪ ਪਿਆ ਹੈ।

**ਸਰਦਾਰ ਜੀਵਨ ਸਿੰਘ ਤਾਮਿਲ ਦਾ ਸੰਬੋਧਨ:** ਵਫ਼ਦ



ਦੀ ਅਗਵਾਈ ਕਰਦਿਆਂ ਸਰਦਾਰ ਜੀਵਨ ਸਿੰਘ ਨੇ ਕਿਹਾ, ‘ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰਬਵਿਆਪੀ ਭਾਈਚਾਰਕ ਸਾਂਝ, ਅਮਨ ਅਤੇ ਬਰਾਬਰੀ ਦਾ ਫ਼ਲਸਫ਼ਾ ਸਰਹੱਦਾਂ ਅਤੇ ਭਾਸ਼ਾਈ ਵਖਰੇਵਿਆਂ ਤੋਂ ਉੱਚਾ ਹੈ। ਤਾਮਿਲਨਾਡੂ ਦੀ ਇਤਿਹਾਸਕ ਧਰਤੀ ’ਤੇ ਇਸ ਚੇਅਰ ਨੂੰ ਮੁੜ ਚਾਲੂ ਕਰਨ ਨਾਲ ਨੌਜਵਾਨ ਖੋਜਾਰਥੀਆਂ ਲਈ ਅਧਿਆਤਮਿਕ ਅਤੇ ਸਮਾਜਿਕ ਸਦਭਾਵਨਾ ਦੇ ਨਵੇਂ ਦਿਸਹੱਦੇ ਖੁੱਲ੍ਹਣਗੇ।’

ਮੰਗ-ਪੱਤਰ ਦੇ ਪ੍ਰਮੁੱਖ ਨੁਕਤੇ (Key Demands)

1. **ਵਿਭਾਗੀ ਮੁਖੀ ਦੀ ਤੁਰੰਤ ਨਿਯੁਕਤੀ:** ‘ਗੁਰੂ ਨਾਨਕ ਚੇਅਰ’ ਦੇ ਨਿਰੰਤਰ ਸੰਚਾਲਨ ਅਤੇ ਅਕਾਦਮਿਕ ਨਿਗਰਾਨੀ ਲਈ ਤੁਰੰਤ ਪ੍ਰਭਾਵ ਨਾਲ ਯੋਗ ਕੋਆਰਡੀਨੇਟਰ ਜਾਂ ਕਾਰਜਕਾਰੀ ਮੁਖੀ (Head i/c) ਲਗਾਇਆ ਜਾਵੇ।
2. **ਅਧਿਐਨ ਤੇ ਖੋਜ ਪ੍ਰੋਗਰਾਮਾਂ ਦੀ ਬਹਾਲੀ:** ਦਾਰਸ਼ਨਿਕ ਕੋਰਸਾਂ, ਤੁਲਨਾਤਮਕ ਧਾਰਮਿਕ ਅਧਿਐਨ, ਗੁਰਮਤਿ ਖੋਜ ਕਾਰਜਾਂ, ਕੌਮੀ ਸੈਮੀਨਾਰਾਂ ਅਤੇ ਵਿਸ਼ੇਸ਼ ਭਾਸ਼ਣ ਲੜੀ ਨੂੰ ਦੁਬਾਰਾ ਸਰਗਰਮ ਰੂਪ ਦਿੱਤਾ ਜਾਵੇ।
3. ਸੰਸਥਾਗਤ ਤੇ ਲੋਕ ਸਹਿਯੋਗ: ਤਾਮਿਲ ਸਿੱਖ ਸੰਗਤ ਨੇ ਯੂਨੀਵਰਸਿਟੀ ਨੂੰ ਭਰੋਸਾ ਦਿੱਤਾ ਕਿ ਇਸ ਖੋਜ ਚੇਅਰ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਸੰਗਤ ਅਤੇ ਵਿਦਵਾਨਾਂ ਵੱਲੋਂ ਹਰ ਤਰ੍ਹਾਂ ਦਾ ਪ੍ਰਬੰਧਕੀ ਤੇ ਅਕਾਦਮਿਕ ਸਹਿਯੋਗ ਦਿੱਤਾ ਜਾਵੇਗਾ।

**ਯੂਨੀਵਰਸਿਟੀ ਪ੍ਰਸ਼ਾਸਨ ਦਾ ਹੁੰਗਾਰਾ**

ਮਦੁਰੈ ਕਾਮਰਾਜ ਯੂਨੀਵਰਸਿਟੀ ਦੇ ਰਜਿਸਟਰਾਰ ਨੇ ਮੰਗ-ਪੱਤਰ ’ਤੇ ਹਾਂ-ਪੱਖੀ ਰੁਖ਼ ਅਪਣਾਉਂਦਿਆਂ ਸਵੀਕਾਰ ਕੀਤਾ ਕਿ ਇਹ ਚੇਅਰ ਦੱਖਣੀ ਭਾਰਤ ਅੰਦਰ ਅੰਤਰ-ਧਰਮ ਸੰਵਾਦ ਦਾ ਬੇਹੱਦ ਮਹੱਤਵਪੂਰਨ ਧੁਰਾ ਹੈ। ਪ੍ਰਸ਼ਾਸਨ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਵਿਭਾਗ ਦੀ ਮੁੜ-ਬਹਾਲੀ ਲਈ ਲੋੜੀਂਦੀ ਪ੍ਰਸ਼ਾਸਕੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾਵੇਗੀ।

# ਪਾਕਿ ਅਤੇ ਕਿਰਗਿਸਤਾਨ ਨੇ ਕੀਤੇ 16 ਅਹਿਮ ਸਮਝੌਤਿਆਂ ’ਤੇ ਦਸਤਖ਼ਤ ਦੁਵੱਲੇ ਵਪਾਰ ਦਾ ਟੀਚਾ 20 ਕਰੋੜ ਡਾਲਰ ਮਿੱਥਿਆ

ਅੰਮ੍ਰਿਤਸਰ : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੇ ਕਿਰਗਿਸਤਾਨ ਦੌਰੇ ਦੌਰਾਨ ਦੋਵਾਂ ਮੁਲਕਾਂ ਨੇ ਆਪਸੀ ਸੰਬੰਧਾਂ ਨੂੰ ਨਵੀਂ ਮਜ਼ਬੂਤੀ ਦਿੰਦਿਆਂ 16 ਅਹਿਮ ਸਮਝੌਤਿਆਂ ਅਤੇ




ਸਹਿਮਤੀ ਪੱਤਰਾਂ ’ਤੇ ਦਸਤਖ਼ਤ ਕੀਤੇ ਹਨ। ਇਸ ਮੌਕੇ ਦੋਵਾਂ ਦੇਸ਼ਾਂ ਨੇ ਅਗਲੇ ਦੋ ਸਾਲਾਂ ’ਚ ਦੁਵੱਲੇ ਵਪਾਰ ਨੂੰ ਵਧਾ ਕੇ 20 ਕਰੋੜ ਅਮਰੀਕੀ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਤੈਅ ਕੀਤਾ, ਜਦਕਿ ਭਵਿੱਖ ’ਚ ਇਸਨੂੰ 2 ਅਰਬ ਡਾਲਰ ਤੱਕ ਲਿਜਾਉਣ ਦੀ ਵਚਨਬੱਧਤਾ ਪ੍ਰਗਟਾਈ । ਬਿਸ਼ਕੇਕ ਸਥਿਤ ਰਾਸ਼ਟਰਪਤੀ ਭਵਨ ਪਹੁੰਚਣ ’ਤੇ ਕਿਰਗਿਜ਼ ਰਾਸ਼ਟਰਪਤੀ ਸਾਦਿਰ ਜਾਪਾਰੋਵ ਤੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦਰਮਿਆਨ ਇਕੱਲਿਆਂ ਅਤੇ ਵਫ਼ਦ ਪੱਧਰ ਦੀਆਂ ਵਿਸਥਾਰਤ ਮੀਟਿੰਗਾਂ ਹੋਈਆਂ, ਜਿਸ ਤੋਂ ਬਾਅਦ ਇਕ ਸਾਂਝੇ ਐਲਾਨਨਾਮੇ ’ਤੇ ਦਸਤਖ਼ਤ ਕੀਤੇ ਗਏ । ਦੋਵਾਂ ਧਿਰਾਂ ਨੇ ਲਾਂਘਾ (ਟਰਾਂਜ਼ਿਟ) ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਅਤੇ ਕਸਟਮ ਤੇ ਪ੍ਰਬੰਧਕੀ ਨਿਯਮਾਂ ਨੂੰ ਸਰਲ ਬਣਾਉਣ ’ਤੇ ਸਹਿਮਤੀ ਜਤਾਈ। ਨਸ਼ਾ ਤਸਕਰੀ ਅਤੇ ਗੈਰ-ਕਾਨੂੰਨੀ ਸਮਗਲਿੰਗ ਵਿਰੁੱਧ ਸਾਂਝੀ ਕਾਰਵਾਈ ਲਈ ਸਹਿਮਤੀ ਪੱਤਰ ’ਤੇ ਦਸਤਖ਼ਤ ਕਰਨ ਦੇ ਨਾਲ ਹੀ ਸ਼ੱਕੀ ਮੁਲਜ਼ਮਾਂ ਦੀ ਹਵਾਲਗੀ ਬਾਰੇ ਵੀ ਸਮਝੌਤਾ ਕੀਤਾ ਗਿਆ। ਸਾਂਝੀ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਸ਼ਰੀਫ਼ ਨੇ ਕਿਹਾ ਕਿ ਦੱਖਣੀ ਏਸ਼ੀਆ ਅਤੇ ਮੱਧ ਏਸ਼ੀਆ ਵਿਚਾਲੇ ਆਰਥਿਕ ਸੰਪਰਕ ਦੋਵਾਂ ਖੇਤਰਾਂ ਦੇ ਵਿਕਾਸ ਲਈ ਬੇਹੱਦ ਜ਼ਰੂਰੀ ਹੈ।

# ਮਾਇਆਵਤੀ ਵੱਲੋਂ ਲਖਨਊ ’ਚ ਦੇਸ਼ ਭਰ ਦੇ ਬਸਪਾ ਆਗੂਆਂ ਨਾਲ ਅਹਿਮ ਮੀਟਿੰਗ

## ਸੰਗਠਨ ਦੀ ਮਜ਼ਬੂਤੀ ਤੇ ਚੋਣ ਰਣਨੀਤੀ ’ਤੇ ਚਰਚਾ





ਲਖਨਊ : ਬਹੁਜਨ ਸਮਾਜ ਪਾਰਟੀ (ਬਸਪਾ) ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਵੀਰਵਾਰ ਨੂੰ ਲਖਨਊ ਵਿਖੇ ਦੇਸ਼ ਭਰ ਤੋਂ ਆਏ ਪਾਰਟੀ ਦੇ ਸੀਨੀਅਰ ਅਹੁਦੇਦਾਰਾਂ ਅਤੇ ਵੱਖ-ਵੱਖ ਰਾਜਾਂ ਦੇ ਸੂਬਾ ਪ੍ਰਧਾਨਾਂ ਨਾਲ ਇੱਕ ਉੱਚ-ਪੱਧਰੀ ਮੀਟਿੰਗ ਕੀਤੀ। ਇਸ ਕੌਮੀ ਬੈਠਕ ਦੌਰਾਨ ਸੰਗਠਨ ਦੇ ਢਾਂਚੇ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤ ਕਰਨ, ਆਗਾਮੀ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਤਿਆਰ ਕਰਨ ਅਤੇ ਦੇਸ਼ ਦੇ ਮੌਜੂਦਾ ਸਿਆਸੀ ਹਾਲਾਤ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਬਸਪਾ ਸੁਪਰੀਮੋ ਨੇ ਵੱਖ-ਵੱਖ ਸੂਬਿਆਂ ਦੇ ਆਗੂਆਂ ਕੋਲੋਂ ਕਾਰਗੁਜ਼ਾਰੀ ਰਿਪੋਰਟ ਲਈ ਅਤੇ ਕਾਡਰ ਨੂੰ ਪੋਲਿੰਗ ਬੂਥ ਪੱਧਰ ਤੱਕ ਸਰਗਰਮ ਕਰਕੇ ਪਾਰਟੀ ਦਾ ਜਨ-ਆਧਾਰ ਵਧਾਉਣ ਦੇ ਨਿਰਦੇਸ਼ ਦਿੱਤੇ।

**ਸਦੀ ਦਾ ਲੇਖਾ-ਜੋਖਾ — ਸੱਤਾ, ਸੰਘ ਅਤੇ ਬਹੁਲਵਾਦ ਦਾ ਭਵਿੱਖ ਵਿਚਾਰਧਾਰਕ ਦਬਦਬਾ ਅਤੇ ਗੰਭੀਰ ਸਵਾਲ**

ਸੌ ਸਾਲਾਂ ਦਾ ਇਤਿਹਾਸ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਦਾ ਨਾਮ ਨਹੀਂ; ਇਹ ਕਿਸੇ ਵਿਚਾਰਧਾਰਾ ਵੱਲੋਂ ਪੂਰੇ ਦੇਸ਼ ਦੀ ਰੂਹ, ਸੰਵਿਧਾਨਕ ਬੁਨਿਆਦ ਅਤੇ ਸਮਾਜਿਕ ਤਾਣੇ-ਬਾਣੇ 'ਤੇ ਪਾਏ ਗਏ ਪ੍ਰਭਾਵਾਂ ਦਾ ਬੇਬਾਕ ਲੇਖਾ-ਜੋਖਾ ਹੁੰਦਾ ਹੈ। 1925 ਵਿੱਚ ਨਾਗਪੁਰ ਵਿਖੇ ਮੁੱਠੀ ਭਰ ਵਲੰਟੀਅਰਾਂ ਨਾਲ ਸ਼ੁਰੂ ਹੋਇਆ 'ਰਾਸ਼ਟਰੀ ਸਵੈਮ-ਸੇਵਕ ਸੰਘ' (RSS) ਅੱਜ 2026 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਤੀ, ਨਿਆਂ, ਸੱਤਾ ਅਤੇ ਸੱਭਿਆਚਾਰਕ ਦਿਸ਼ਾ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰ ਚੁੱਕਾ ਹੈ। ਪਰ ਇਸ ਇੱਕ ਸਦੀ ਦੇ ਸਫ਼ਰ ਨੇ ਭਾਰਤ ਦੇ ਬਹੁਲਵਾਦੀ ਸਰੂਪ ਅਤੇ ਸੰਵਿਧਾਨਕ ਧਰਮ-ਨਿਰਪੱਖਤਾ ਅੱਗੇ ਡੂੰਘੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਦੀ ਸੁਤੰਤਰ ਪਛਾਣ, ਪ੍ਰਭੁਸੱਤਾ ਅਤੇ ਪੰਥਕ ਖੁਦਮੁਖਤਿਆਰੀ ਨੂੰ ਆਪਣੇ ਵਿਸ਼ਾਲ 'ਹਿੰਦੂ ਸੱਭਿਅਤਾ' ਦੇ ਦਾਇਰੇ ਵਿੱਚ ਸਮੋਣ (ਅਸਿਮਿਲੇਟ ਕਰਨ) ਦੀਆਂ ਨਿਰੰਤਰ ਕੋਸ਼ਿਸ਼ਾਂ ਨੇ ਇੱਕ ਗੰਭੀਰ ਵਿਚਾਰਧਾਰਕ ਟਕਰਾਅ ਨੂੰ ਜਨਮ ਦਿੱਤਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਪੱਤਰ ਕਿਸੇ ਸਿਆਸੀ ਨਾਅਰੇਬਾਜ਼ੀ ਤੋਂ ਮੁਕਤ ਹੋ ਕੇ, ਨਿਰੋਲ ਇਤਿਹਾਸਕ ਅਤੇ ਅਕਾਦਮਿਕ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਸੰਘ ਦੇ ਪੂਰੇ ਤੰਤਰ ਦੀ ਚੀਰ-ਫਾੜ ਕਰਦਾ ਹੈ। ਇਹ ਵਿਸ਼ਲੇਸ਼ਣ ਗਾਂਧੀ ਕਤਲ ਦੇ ਇਤਿਹਾਸਕ ਵਿਵਾਦਾਂ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਬਿਨਾਂ ਰਜਿਸਟ੍ਰੇਸ਼ਨ ਵਾਲੇ ਅਸਪਸ਼ਟ ਸੰਗਠਨਾਤਮਕ ਢਾਂਚੇ ਅਤੇ ਭਾਜਪਾ ਰਾਹੀਂ ਰਾਜਸੱਤਾ ਉੱਤੇ ਬਣੇ ਅਸਾਧਾਰਨ ਗਲਬੇ ਤੋਂ ਲੈ ਕੇ ਅਮਰੀਕਾ (ਵਿਸ਼ੇਸ਼ ਤੌਰ 'ਤੇ ਕੈਲੀਫੋਰਨੀਆ) ਵਿੱਚ ਫੈਲੇ ਇਸਦੇ ਕੌਮਾਂਤਰੀ ਲਾਬਿੰਗ ਨੈੱਟਵਰਕ ਦੀਆਂ ਅਸਲ ਪਰਤਾਂ ਨੂੰ ਨੰਗਾ ਕਰਦਾ ਹੈ। ਜਦੋਂ ਭਾਰਤ ਨੂੰ ਇੱਕ ਬਹੁ-ਸੱਭਿਆਚਾਰਕ ਗਣਰਾਜ ਤੋਂ ਬਹੁਗਿਣਤੀਵਾਦੀ 'ਹਿੰਦੂ ਰਾਸ਼ਟਰ' ਵਿੱਚ ਤਬਦੀਲ ਕਰਨ ਦੀ ਮੁਹਿੰਮ ਆਪਣੇ ਸਿਖ਼ਰਾਂ 'ਤੇ ਹੈ, ਇਹ ਲਿਖਤ ਹਰ ਸੁਚੇਤ ਪਾਠਕ, ਖੋਜੀ ਅਤੇ ਕੌਮਾਂਤਰੀ ਨੀਤੀ-ਘਾੜੇ ਲਈ ਇੱਕ ਲਾਜ਼ਮੀ ਇਤਿਹਾਸਕ ਦਸਤਾਵੇਜ਼ ਹੈ। ਇਹ ਸਵਾਲ ਸਿਰਫ਼ ਸੰਘ ਦੀ ਪਹਿਲੀ ਸਦੀ ਦਾ ਨਹੀਂ, ਸਗੋਂ ਸਮੁੱਚੇ ਦੱਖਣੀ ਏਸ਼ੀਆ ਦੇ ਲੋਕਤੰਤਰੀ ਭਵਿੱਖ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਹੈ। ਅਸੀਂ ਕੈਲੀਫੋਰਨੀਆਂ ਤੋਂ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਬੇਬਾਕ ਨਿੱਠ ਕੇ ਕੀਤਾ ਗਿਆ ਇਤਿਹਾਸਕ ਅਧਿਐਨ ਖੋਜ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -- ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਰਾਸ਼ਟਰੀ ਸਵੈਮ-ਸੇਵਕ ਸੰਘ ਸੌ ਸਾਲਾਂ ਦੇ ਮੋੜ 'ਤੇ
# ਸੰਗਠਨ, ਵਿਚਾਰਧਾਰਾ, ਰਾਜਨੀਤਿਕ ਤਾਕਤ, ਅਤੇ ਅੰਤਰਰਾਸ਼ਟਰੀ ਪਹੁੰਚ, 1925-2026

ਸੰਖੇਪ (Abstract)
1925 ਵਿੱਚ ਨਾਗਪੁਰ ਵਿਖੇ ਸਥਾਪਿਤ, ਰਾਸ਼ਟਰੀ ਸਵੈਮ-ਸੇਵਕ ਸੰਘ (RSS) ਪੁਰਸ਼ ਵਲੰਟੀਅਰਾਂ ਦੇ ਇੱਕ ਛੋਟੇ ਜਿਹੇ ਦਲ ਤੋਂ ਵਧ ਕੇ ਇੱਕ ਵਿਸ਼ਾਲ ਹਿੰਦੂ-ਰਾਸ਼ਟਰਵਾਦੀ ਈਕੋਸਿਸਟਮ ਦਾ ਜਥੇਬੰਦਕ ਕੇਂਦਰ ਬਣ ਗਿਆ ਹੈ। ਇਹ ਲੇਖ ਦਲੀਲ ਦਿੰਦਾ ਹੈ ਕਿ ਇਸਦੀ ਸਦੀ-ਲੰਮੀ ਟਿਕਾਊਤਾ ਨੂੰ ਇੱਕ ਰਵਾਇਤੀ, ਕਾਨੂੰਨੀ ਤੌਰ 'ਤੇ ਇਕਜੁੱਟ ਲੜੀਵਾਰ ਕਮਾਂਡ ਰਾਹੀਂ ਨਹੀਂ, ਸਗੋਂ ਰੋਜ਼ਾਨਾ ਕਾਡਰ ਨਿਰਮਾਣ, ਲੜੀਵਾਰ ਅਨੁਸ਼ਾਸਨ, ਅਣਅਧਿਕਾਰਤ ਪੱਧਰ 'ਤੇ ਪ੍ਰਚਾਰਕਾਂ ਦੇ ਆਦਾਨ-ਪ੍ਰਦਾਨ, ਵੱਖ-ਵੱਖ ਜਥੇਬੰਦਕ ਵਿੰਗਾਂ ਅਤੇ ਸੰਘ ਪਰਿਵਾਰ ਵਿੱਚ ਵਿਚਾਰਧਾਰਕ ਇਕਸੁਰਤਾ ਦੇ ਵਿਲੱਖਣ ਸੁਮੇਲ ਰਾਹੀਂ ਸਭ ਤੋਂ ਵਧੀਆ ਢੰਗ ਨਾਲ ਸਮਝਿਆ ਜਾ ਸਕਦਾ ਹੈ।

RSS ਆਪਣੇ ਆਪ ਨੂੰ ਇੱਕ ਸੱਭਿਆਚਾਰਕ ਅਤੇ ਸਮਾਜ-ਸੇਵੀ ਸੰਸਥਾ ਦੱਸਦਾ ਹੈ; ਜਦੋਂ ਕਿ ਬਹੁਤ ਸਾਰੇ ਵਿਦਵਾਨ ਅਤੇ ਆਲੋਚਕ ਇਸਦੇ ਡਰਿੱਲ-ਅਧਾਰਤ ਢਾਂਚੇ ਨੂੰ ਅਰਧ-ਫੌਜੀ (ਪੈਰਾਮਿਲਟਰੀ) ਜਾਂ ਅਰਧ-ਨੁਮਾ ਕਰਾਰ ਦਿੰਦੇ ਹਨ ਅਤੇ ਇਸਦੇ 'ਹਿੰਦੂ ਰਾਸ਼ਟਰ' ਦੇ ਪ੍ਰੋਜੈਕਟ ਨੂੰ ਬਹੁਗਿਣਤੀਵਾਦ (majoritarianism) ਵਜੋਂ ਦੇਖਦੇ ਹਨ।

ਇਹ ਲੇਖ RSS ਦੀ ਸਥਾਪਨਾ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਨੱਥੂਰਾਮ ਗੋਡਸੇ ਅਤੇ ਗਾਂਧੀ ਦੇ ਕਤਲ ਨਾਲ ਜੁੜੇ ਇਤਿਹਾਸਕ ਵਿਵਾਦਾਂ, ਇਸਦੇ ਅਸਾਧਾਰਨ ਗੈਰ-ਪਾਰਦਰਸ਼ੀ ਢਾਂਚੇ, ਭਾਜਪਾ-RSS ਸਬੰਧਾਂ, ਧਾਰਮਿਕ ਘੱਟ ਗਿਣਤੀਆਂ ਤੇ ਸਿੱਖ ਪਛਾਣ ਪ੍ਰਤੀ ਇਸਦੇ ਰਵੱਈਏ, ਅਤੇ ਇਸਦੇ ਪ੍ਰਵਾਸੀ ਨੈੱਟਵਰਕ ਦੀ ਜਾਂਚ ਕਰਦਾ ਹੈ। ਅੰਤ ਵਿੱਚ, ਕੈਲੀਫੋਰਨੀਆ ਵਿੱਚ ਚਲਾਈ ਗਈ ਵਕਾਲਤ ਦਾ ਕੇਸ ਅਧਿਐਨ ਅਤੇ ਮੌਜੂਦਾ ਅੰਤਰਰਾਸ਼ਟਰੀ ਪੜਤਾਲ ਦਾ ਮੁਲਾਂਕਣ ਪੇਸ਼ ਕੀਤਾ ਗਿਆ ਹੈ। ਪੂਰੇ ਲੇਖ ਵਿੱਚ ਸੰਸਥਾਗਤ ਨਿਯੰਤਰਣ ਜਾਂ ਰਾਜਨੀਤਿਕ ਕਾਰਨਾਂ ਦੇ ਦਾਅਵਿਆਂ ਨੂੰ ਦਸਤਾਵੇਜ਼ੀ ਸਬੂਤਾਂ, ਜਨਤਕ ਵਕਾਲਤ ਅਤੇ ਸਿੱਟਿਆਂ ਤੋਂ ਸਪੱਸ਼ਟ ਤੌਰ 'ਤੇ ਵੱਖ ਰੱਖਿਆ ਗਿਆ ਹੈ।




ਮੁੱਖ ਸ਼ਬਦ (Keywords): RSS; ਹਿੰਦੂਤਵ; ਹਿੰਦੂ ਰਾਸ਼ਟਰਵਾਦ; ਸੰਘ ਪਰਿਵਾਰ; ਭਾਜਪਾ (BJP); ਬਹੁਗਿਣਤੀਵਾਦ; ਡਾਇਸਪੋਰਾ (ਪ੍ਰਵਾਸੀ) ਰਾਜਨੀਤੀ; HSS; ਧਾਰਮਿਕ ਘੱਟ ਗਿਣਤੀਆਂ; ਸਿੱਖ ਪਛਾਣ।

**1. ਜਾਣ-ਪਛਾਣ: ਇੱਕ ਸਮਾਜਿਕ ਈਕੋਸਿਸਟਮ ਵਜੋਂ ਸੰਗਠਿਤ ਲਹਿਰ**

ਰਾਸ਼ਟਰੀ ਸਵੈਮ-ਸੇਵਕ ਸੰਘ ਦੀ ਸ਼ਤਾਬਦੀ ਇਸ ਸਵਾਲ ਤੋਂ ਕਿਤੇ ਵੱਡਾ ਮੁੱਦਾ ਉਠਾਉਂਦੀ ਹੈ ਕਿ ਕੀ ਇਹ ਇੱਕ ਸਵੈ-ਇੱਛੁਕ ਸੱਭਿਆਚਾਰਕ ਸਭਾ ਹੈ, ਇੱਕ ਸਮਾਜ-ਸੇਵਾ ਲਹਿਰ ਹੈ, ਇੱਕ ਰਾਸ਼ਟਰਵਾਦੀ ਕਾਡਰ ਸੰਗਠਨ ਹੈ, ਜਾਂ ਇੱਕ ਅਰਧ-ਫੌਜੀ ਸੰਸਥਾ ਹੈ। RSS ਨੇ ਇਹਨਾਂ ਚਾਰਾਂ ਦੇ ਗੁਣ ਪ੍ਰਗਟ ਕੀਤੇ ਹਨ, ਹਾਲਾਂਕਿ ਸ਼ਬਦਾਵਲੀ ਵਿਵਾਦਪੂਰਨ ਰਹੀ ਹੈ। ਇਸ ਦੀਆਂ ਸ਼ਾਖਾਵਾਂ ਵਿੱਚ ਸਰੀਰਕ ਡਰਿੱਲ, ਖੇਡਾਂ, ਵਰਦੀਆਂ, ਸਲਾਮੀ, ਵਿਚਾਰਧਾਰਕ ਸਿੱਖਿਆ, ਰਸਮਾਂ ਅਤੇ ਲੀਡਰਸ਼ਿਪ ਦਾ ਨਿਰਮਾਣ ਸ਼ਾਮਲ ਹੁੰਦਾ ਹੈ। ਇਸ ਕਾਰਨ ਕਰਕੇ, ਵੱਡੇ ਵਿਦਵਤਾਪੂਰਨ ਕੰਮਾਂ ਵਿੱਚ ਵਿਸ਼ਲੇਸ਼ਣਾਤਮਕ ਵੇਰਵੇ ਵਜੋਂ ਅਕਸਰ 'ਅਰਧ-ਫੌਜੀ' (paramilitary), 'ਅਰਧ-ਨੁਮਾ ਫੌਜੀ' (quasi-paramilitary), ਜਾਂ 'ਫੌਜੀਕਰਨ ਵਾਲੇ ਵਲੰਟੀਅਰ' ਵਰਗੇ ਸ਼ਬਦ ਵਰਤੇ ਜਾਂਦੇ ਹਨ। RSS ਇਸ ਗੱਲ ਨੂੰ ਰੱਦ ਕਰਦਾ ਹੈ ਕਿ ਉਹ ਕੋਈ ਹਥਿਆਰਬੰਦ ਫੌਜ ਹੈ ਅਤੇ ਸ਼ਾਖਾ ਨੂੰ ਚਰਿੱਤਰ, ਅਨੁਸ਼ਾਸਨ, ਦੇਸ਼ ਭਗਤੀ ਅਤੇ ਸੇਵਾ ਦੇ ਸਕੂਲ ਵਜੋਂ ਪੇਸ਼ ਕਰਦਾ ਹੈ।

**ਇੱਕ ਭਰੋਸੇਯੋਗ ਵਿਸ਼ਲੇਸ਼ਣ ਨੂੰ ਦੋ ਗਲਤੀਆਂ ਤੋਂ ਬਚਣਾ ਚਾਹੀਦਾ ਹੈ:** ਨਾ ਤਾਂ ਸੰਗਠਨ ਦੇ ਆਪਣੇ ਦਾਅਵੇ ਨੂੰ ਪੂਰਾ ਸੱਚ ਮੰਨਣਾ, ਅਤੇ ਨਾ ਹੀ ਹਰ ਖੁਦਮੁਖਤਿਆਰ ਹਿੰਦੂ ਸੰਗਠਨ ਨੂੰ ਗੁਪਤ ਰੂਪ ਵਿੱਚ ਕਮਾਂਡ ਅਧੀਨ ਚੱਲਣ ਵਾਲੀ ਇਕਾਈ ਸਮਝਣਾ। ਇਸ ਲਈ ਸਭ ਤੋਂ ਵਧੀਆ ਢਾਂਚਾ 'ਨੈੱਟਵਰਕਡ ਮੂਵਮੈਂਟ' (ਇੱਕ-ਦੂਜੇ ਨਾਲ ਜੁੜੀ ਲਹਿਰ) ਦਾ ਹੈ। RSS ਕਾਡਰ ਅਤੇ ਇੱਕ ਸਾਂਝੀ ਵਿਚਾਰਧਾਰਕ ਸ਼ਬਦਾਵਲੀ ਤਿਆਰ ਕਰਦਾ ਹੈ; ਪੂਰਨ-ਕਾਲੀ ਪ੍ਰਚਾਰਕ ਸੰਬੰਧਿਤ ਸੰਸਥਾਵਾਂ ਵਿੱਚ ਕੰਮ ਕਰਦੇ ਹਨ; ਆਗੂ ਵੱਖ-ਵੱਖ ਸੰਸਥਾਵਾਂ ਵਿਚਕਾਰ ਆਪਸੀ ਸਲਾਹ-ਮਸ਼ਵਰਾ ਕਰਦੇ ਹਨ; ਅਤੇ ਕਾਨੂੰਨੀ ਤੌਰ 'ਤੇ ਵੱਖਰੀਆਂ ਸੰਸਥਾਵਾਂ ਰਾਜਨੀਤੀ, ਮਜ਼ਦੂਰਾਂ, ਸਿੱਖਿਆ, ਧਰਮ, ਆਦਿਵਾਸੀ ਪਹੁੰਚ, ਵਿਦਿਆਰਥੀ ਲਾਮਬੰਦੀ, ਚੈਰਿਟੀ, ਮੀਡੀਆ ਅਤੇ ਵਿਦੇਸ਼ੀ ਭਾਈਚਾਰੇ ਵਿੱਚ ਕੰਮ ਕਰਦੀਆਂ ਹਨ। ਇਸ ਤਰ੍ਹਾਂ ਕਾਨੂੰਨੀ ਮਲਕੀਅਤ ਜਾਂ ਲਿਖਤੀ ਹੁਕਮਾਂ ਦੀ ਅਣਹੋਂਦ ਦੇ ਬਾਵਜੂਦ ਵੀ ਲੋਕਾਂ, ਸਿਖਲਾਈ, ਭਰੋਸੇ ਅਤੇ ਸਾਂਝੇ ਮਕਸਦ ਰਾਹੀਂ ਤਾਲਮੇਲ ਹੁੰਦਾ ਹੈ।

**2. ਮੁੱਢਲੇ ਸਰੋਤ: ਹੇਡਗੇਵਾਰ, ਅਨੁਸ਼ਾਸਨ ਅਤੇ ਹਿੰਦੂ ਇਕਜੁੱਟਤਾ**

ਕੇਸ਼ਵ ਬਲੀਰਾਮ ਹੇਡਗੇਵਾਰ ਨੇ ਸਤੰਬਰ 1925 ਵਿੱਚ ਨਾਗਪੁਰ ਵਿਖੇ ਬਸਤੀਵਾਦੀ ਸ਼ਾਸਨ, ਹਿੰਦੂ-ਮੁਸਲਿਮ ਰਾਜਨੀਤਿਕ ਟਕਰਾਅ ਅਤੇ ਭਾਰਤੀ ਰਾਸ਼ਟਰਵਾਦ ਦੇ ਅਰਥਾਂ 'ਤੇ ਬਹਿਸਾਂ ਦੇ ਦੌਰਾਨ RSS ਦੀ ਸਥਾਪਨਾ ਕੀਤੀ। ਹਿੰਦੂਤਵ ਦੀ ਉੱਭਰ ਰਹੀ ਵਿਚਾਰਧਾਰਾ ਅਤੇ ਬੀ. ਐਸ. ਮੁੰਜੇ ਦੇ ਅਨੁਸ਼ਾਸਿਤ ਹਿੰਦੂ ਸੰਗਠਨ 'ਤੇ ਜ਼ੋਰ ਤੋਂ ਪ੍ਰਭਾਵਿਤ ਹੋ ਕੇ, ਹੇਡਗੇਵਾਰ ਨੇ ਸਥਾਨਕ 'ਸ਼ਾਖਾ' ਨੂੰ ਇਸ ਅੰਦੋਲਨ ਦੀ ਬੁਨਿਆਦੀ ਇਕਾਈ ਬਣਾਇਆ। ਸ਼ੁਰੂਆਤੀ RSS ਨੇ ਅਨੁਸ਼ਾਸਿਤ ਪੁਰਸ਼ ਭਾਈਚਾਰੇ, ਸਰੀਰਕ ਸਿਖਲਾਈ ਅਤੇ ਵਚਨਬੱਧ ਪ੍ਰਚਾਰਕਾਂ ਦੇ ਨਿਰਮਾਣ ਰਾਹੀਂ ਹਿੰਦੂਆਂ ਦੀ ਅਖੌਤੀ ਫੁੱਟ ਅਤੇ ਕਮਜ਼ੋਰੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ।

ਇਹ ਸੰਸਥਾਗਤ ਨਵੀਨਤਾ ਲੰਬੇ ਸਮੇਂ ਵਾਲੀ ਅਤੇ ਸਿੱਖਿਆਤਮਕ ਸੀ। ਚੋਣਾਂ ਜਾਂ ਕਿਸੇ ਇੱਕ ਮੁਹਿੰਮ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ, RSS ਨੇ ਅਜਿਹੇ ਵਿਅਕਤੀ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਦੀਆਂ ਆਦਤਾਂ, ਵਫ਼ਾਦਾਰੀਆਂ ਅਤੇ ਸਮਾਜਿਕ ਸਬੰਧਾਂ ਨੂੰ ਜਨਤਕ ਜੀਵਨ ਵਿੱਚ ਵਰਤਿਆ ਜਾ ਸਕੇ। 'ਪ੍ਰਚਾਰਕ'—ਜੋ ਆਮ ਤੌਰ 'ਤੇ ਪੂਰਨ-ਕਾਲੀ, ਅਣਵਿਆਹਿਆ ਸੰਗਠਕ ਹੁੰਦਾ ਹੈ—ਵਿਸਥਾਰ ਦਾ ਧੁਰਾ ਬਣ ਗਿਆ। ਮਨੁੱਖੀ ਬੁਨਿਆਦੀ ਢਾਂਚੇ ਦੇ ਇਸ ਹੌਲੀ-ਹੌਲੀ ਇਕੱਠ ਨੇ RSS ਨੂੰ ਰਵਾਇਤੀ ਪਾਰਟੀਆਂ ਤੋਂ ਵੱਖਰਾ ਬਣਾਇਆ ਅਤੇ ਦਮਨ, ਚੋਣ ਹਾਰਾਂ ਅਤੇ ਪੀੜ੍ਹੀਆਂ ਦੇ ਬਦਲਾਅ ਦੇ ਬਾਵਜੂਦ ਇਸਦੇ ਬਚੇ ਰਹਿਣ ਦੀ ਵਿਆਖਿਆ ਕੀਤੀ।

(ਚਲਦਾ)

## ਰਾਮਬਨ 'ਚ ਸ਼ਤਰੰਜ ਮੁਕਾਬਲੇ ਦੌਰਾਨ ਨੌਜਵਾਨਾਂ ਨੇ ਵਿਖਾਈ ਦਿਮਾਗੀ ਤਾਕਤ

# ਖੇਡ ਵਿਭਾਗ ਵੱਲੋਂ ਕਰਵਾਇਆ ਗਿਆ ਡਿਵੀਜ਼ਨ ਪੱਧਰੀ ਟੂਰਨਾਮੈਂਟ



ਰਾਮਬਨ (ਜੰਮੂ ਅਤੇ ਕਸ਼ਮੀਰ) : ਯੁਵਾ ਸੇਵਾਵਾਂ ਅਤੇ ਖੇਡ ਵਿਭਾਗ ਵੱਲੋਂ ਰਾਮਬਨ ਦੇ ਚੰਦਰਕੋਟ ਵਿਖੇ ਕਰਵਾਏ ਗਏ 'ਅੰਤਰ-ਜ਼ਿਲ੍ਹਾ ਡਿਵੀਜ਼ਨ-ਪੱਧਰੀ ਸ਼ਤਰੰਜ ਮੁਕਾਬਲੇ 2026' ਵਿੱਚ ਨੌਜਵਾਨ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਦਿਮਾਗੀ ਕਾਬਲੀਅਤ ਦਾ ਮੁਜ਼ਾਹਰਾ ਕੀਤਾ। ਵੀਰਵਾਰ ਨੂੰ ਹੋਏ ਇਨ੍ਹਾਂ ਰੋਮਾਂਚਕ ਮੁਕਾਬਲਿਆਂ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਖਿਡਾਰੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਤਰੰਜ ਦੇ ਬੋਰਡ 'ਤੇ ਇੱਕ-ਦੂਜੇ ਨੂੰ ਮਾਤ ਦੇਣ ਲਈ ਜ਼ੋਰਦਾਰ ਚਾਲਾਂ ਚੱਲੀਆਂ।

ਇਸ ਟੂਰਨਾਮੈਂਟ ਦਾ ਮੁੱਖ ਮਕਸਦ ਨੌਜਵਾਨਾਂ ਅੰਦਰ ਖੇਡ ਭਾਵਨਾ, ਇਕਾਗਰਤਾ ਅਤੇ ਰਣਨੀਤਕ ਸੋਚ ਨੂੰ ਪ੍ਰਫੁੱਲਿਤ ਕਰਨਾ ਸੀ, ਜਿਸ ਨੂੰ ਦਰਸ਼ਕਾਂ ਅਤੇ ਅਧਿਕਾਰੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

# ਕੌਮੀ ਕਮਿਸ਼ਨ ਵੱਲੋਂ ਰਾਜਾ ਵੜਿੰਗ ਦੀ ਗ੍ਰਿਫ਼ਤਾਰੀ ਦੇ ਹੁਕਮ

## ਮਰਹੂਮ ਬੂਟਾ ਸਿੰਘ ਖ਼ਿਲਾਫ਼ ਟਿੱਪਣੀਆਂ ਵੜਿੰਗ 'ਤੇ ਪੈ ਸਕਦੀਆਂ ਨੇ ਭਾਰੂ

ਚੰਡੀਗੜ੍ਹ : ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਅਹਿਮ ਫ਼ੈਸਲਾ ਲੈਂਦਿਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜ ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਜਾਣ ਦੇ ਹੁਕਮ ਸੁਣਾਏ ਹਨ, ਜਿਸ ਨਾਲ ਹੁਣ ਵੜਿੰਗ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ। ਮਾਮਲਾ ਤਰਨ ਤਾਰਨ ਵਿੱਚ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੱਲੋਂ ਅਨੁਸੂਚਿਤ ਜਾਤੀ ਭਾਈਚਾਰੇ ਵਿਰੁੱਧ ਕਥਿਤ ਤੌਰ 'ਤੇ ਮੰਦੀ ਸ਼ਬਦਾਵਲੀ ਵਰਤਣ ਦਾ ਹੈ।

ਰਾਜਾ ਵੜਿੰਗ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਦੌਰਾਨ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਮਰਹੂਮ ਬੂਟਾ ਸਿੰਘ ਖ਼ਿਲਾਫ਼ ਕਥਿਤ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਸੀ। ਵੜਿੰਗ, ਜੋ ਪਹਿਲਾਂ ਹੀ ਕਾਂਗਰਸ ਦੀ ਅੰਦਰੂਨੀ ਜੰਗ 'ਚ ਉਲਝੇ ਹੋਏ ਹਨ, ਉਨ੍ਹਾਂ ਲਈ ਕੌਮੀ ਕਮਿਸ਼ਨ ਦਾ ਫ਼ੈਸਲਾ ਨਵੀਂ ਚੁਣੌਤੀ ਬਣੇਗਾ। ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਅੱਜ ਇਸ ਉਪਰੋਕਤ ਮਾਮਲੇ ਦੀ ਸੁਣਵਾਈ ਕੀਤੀ ਅਤੇ ਇਸ ਮੌਕੇ ਪੰਜਾਬ ਪੁਲੀਸ ਤਰਫ਼ੋਂ ਡੀ ਐੱਸ ਪੀ



ਹਰਪ੍ਰੀਤ ਸਿੰਘ ਅਤੇ ਡੀ ਐੱਸ ਪੀ (ਈ ਓ ਅਤੇ ਸਾਈਬਰ ਕ੍ਰਾਈਮ) ਗੁਲਜ਼ਾਰ ਸਿੰਘ ਪੇਸ਼ ਹੋਏ।

ਇਸ ਮੌਕੇ ਪਟੀਸ਼ਨਰ ਸਰਬਜੋਤ ਸਿੰਘ, ਜੋ ਕਿ ਮਰਹੂਮ ਬੂਟਾ ਸਿੰਘ ਦੇ ਸਪੁੱਤਰ ਹਨ, ਵੀ ਹਾਜ਼ਰ ਸਨ। ਕੌਮੀ ਕਮਿਸ਼ਨ ਨੇ ਪੰਜਾਬ ਪੁਲੀਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਅਤੇ ਐਕਸ਼ਨ ਟੇਕਨ ਰਿਪੋਰਟ ਸੌਂਪਣ ਵਿੱਚ ਹੋ ਰਹੀ ਦੇਰੀ 'ਤੇ ਗੰਭੀਰ ਚਿੰਤਾ ਪ੍ਰਗਟਾਈ। ਕੌਮੀ ਕਮਿਸ਼ਨ ਨੇ 5 ਮਈ 2026 ਨੂੰ ਹੋਈ ਸੁਣਵਾਈ ਦੌਰਾਨ ਨਿਯਮਾਂ ਅਨੁਸਾਰ ਤੈਅ ਸਮੇਂ ਦੇ ਅੰਦਰ ਜਾਂਚ ਪੂਰੀ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਕੌਮੀ ਕਮਿਸ਼ਨ ਨੇ ਪਟੀਸ਼ਨਰ ਸਰਬਜੋਤ ਸਿੰਘ ਦੀ ਇਸ ਸ਼ਿਕਾਇਤ ਦਾ ਨੋਟਿਸ ਲੈਂਦਿਆਂ ਕਿਹਾ ਕਿ ਉਨ੍ਹਾਂ ਨੂੰ ਕਥਿਤ ਮੁਲਜ਼ਮਾਂ ਵੱਲੋਂ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਲੋੜੀਂਦੀ ਸੁਰੱਖਿਆ ਮੁਹੱਈਆ ਕਰਾਉਣ ਦੇ ਹੁਕਮ ਵੀ ਜਾਰੀ ਕੀਤੇ ਹਨ। ਇਸ ਤੋਂ ਇਲਾਵਾ 30 ਦਿਨਾਂ ਦੇ ਅੰਦਰ ਐਕਸ਼ਨ ਟੇਕਨ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ।

ਕੌਮੀ ਕਮਿਸ਼ਨ ਨੇ ਸਬੰਧਿਤ ਅਧਿਕਾਰੀਆਂ ਨੂੰ ਕਾਨੂੰਨ ਅਨੁਸਾਰ ਇਸ ਮਾਮਲੇ ਵਿੱਚ ਸ਼ਾਮਲ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਲਈ ਜ਼ਰੂਰੀ ਕਦਮ ਚੁੱਕਣ ਅਤੇ 5 ਦਿਨਾਂ ਦੇ ਅੰਦਰ ਇਸ ਕਾਰਵਾਈ ਦੀ ਸਥਿਤੀ ਕਮਿਸ਼ਨ ਨੂੰ ਸੌਂਪਣ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨ ਨੇ ਜਾਂਚ ਜਲਦੀ ਤੋਂ ਜਲਦੀ ਪੂਰੀ ਕਰਨ ਤੋਂ ਇਲਾਵਾ ਬਿਨਾਂ ਕਿਸੇ ਦੇਰੀ ਦੇ ਸਮਰੱਥ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕਰਨ ਦੇ ਨਿਰਦੇਸ਼ ਵੀ ਦਿੱਤੇ।

## ਪੰਜਾਬੀ ਅਕਾਦਮਿਕਤਾ ਤੇ ਚਿੰਤਨ ਦਾ ਧਰੂ-ਤਾਰਾ: ਡਾ. ਗੁਰਪਾਲ ਸਿੰਘ ਸੰਧੂ

ਪੰਜਾਬੀ ਭਾਸ਼ਾ, ਸਾਹਿਤਕ ਆਲੋਚਨਾ ਅਤੇ ਵਿਰਸੇ ਦੇ ਸਿਖ਼ਰਲੇ ਵਿਦਵਾਨ ਦੀ ਸ਼ਖ਼ਸੀਅਤ 'ਤੇ ਇੱਕ ਝਾਤ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦੇ ਖੇਤਰ ਵਿੱਚ ਡਾ. ਗੁਰਪਾਲ ਸਿੰਘ ਸੰਧੂ ਇੱਕ ਅਜਿਹਾ ਮਾਣਮੱਤਾ ਤੇ ਸਤਿਕਾਰਤ ਨਾਮ ਹਨ, ਜਿਨ੍ਹਾਂ ਨੇ ਆਪਣੀ ਡੂੰਘੀ ਖੋਜ-ਦ੍ਰਿਸ਼ਟੀ ਅਤੇ ਅਕਾਦਮਿਕ ਵਚਨਬੱਧਤਾ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਨਵੇਂ ਮੀਲ-ਪੱਥਰ ਸਥਾਪਤ ਕੀਤੇ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ 'ਪੰਜਾਬੀ ਸਕੂਲ ਆਫ਼ ਸਟੱਡੀਜ਼' ਦੇ ਮੁਖੀ ਵਜੋਂ ਉਚੇਰੀ ਸਿੱਖਿਆ ਅਤੇ ਖੋਜ ਕਾਰਜਾਂ ਦੀ ਸ਼ਾਨਦਾਰ ਅਗਵਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲੇ ਡਾ. ਸੰਧੂ ਕੇਵਲ ਇੱਕ ਸੁਹਿਰਦ ਅਧਿਆਪਕ ਹੀ ਨਹੀਂ, ਸਗੋਂ ਪੰਜਾਬੀ ਲੋਕਧਾਰਾ, ਮੱਧਕਾਲੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਗੰਭੀਰ ਖੋਜਕਾਰ ਤੇ ਸੁਲਝੇ ਹੋਏ ਆਲੋਚਕ ਵਜੋਂ ਜਾਣੇ ਜਾਂਦੇ ਹਨ। ਦੇਸ਼-ਵਿਦੇਸ਼ ਦੀਆਂ ਵੱਕਾਰੀ ਕਾਨਫ਼ਰੰਸਾਂ ਵਿੱਚ ਪੇਸ਼ ਕੀਤੇ ਉਨ੍ਹਾਂ ਦੇ ਖੋਜ-ਪੱਤਰ ਅਤੇ ਨਾਮਵਰ ਖੋਜ-ਰਸਾਲਿਆਂ ਵਿੱਚ ਛਪੇ ਆਰਟੀਕਲ ਪੰਜਾਬੀ ਆਲੋਚਨਾ ਜਗਤ ਦੀ ਅਮੀਰ ਵਿਰਾਸਤ ਹਨ। ਉਨ੍ਹਾਂ ਦੀ ਸੁਯੋਗ ਰਹਿਨੁਮਾਈ ਹੇਠ ਦਰਜਨਾਂ ਖੋਜਾਰਥੀਆਂ ਨੇ ਐੱਮ. ਫਿਲ ਅਤੇ ਪੀ-ਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਕਾਦਮਿਕਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ ਹੈ। ਮਾਂ-ਬੋਲੀ ਪ੍ਰਤੀ ਉਨ੍ਹਾਂ ਦੇ ਅਥਾਹ ਸਮਰਪਣ ਅਤੇ ਬੌਧਿਕ ਘਾਲਣਾ ਨੂੰ ਸਤਿਕਾਰ ਸਹਿਤ ਸਲਾਮ ਕਰਦਿਆਂ, ਅਸੀਂ ਪ੍ਰੋਫ਼ੈਸਰ ਸੁਖਪਾਲ ਸਿੰਘ ਥਿੰਦ ਵੱਲੋਂ ਲਿਖਿਆ ਖੋਜ-ਭਰਪੂਰ ਲੇਖ 'ਸ.ਫਲ ਵਿਦਵਾਨ : ਗੁਰਪਾਲ ਸੰਧੂ' ਆਪਣੇ ਸਤਿਕਾਰਯੋਗ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਦਿਲੀ ਮਾਣ ਅਤੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। — ਸਤਨਾਮ ਸਿੰਘ

# ਸ.ਫਲ ਵਿਦਵਾਨ : ਗੁਰਪਾਲ ਸੰਧੂ



ਪ੍ਰੋ. ਸੁਖਪਾਲ ਸਿੰਘ ਥਿੰਦ



(ਭਾਗ ਤੀਜਾ)

"ਡਾ. ਸਾਹਿਬ ਮੈਨੂੰ ਪਹਿਲਾਂ ਮਿਲੇ ਨੇ, ਪਹਿਲਾ ਹੱਕ ਤਾਂ ਇਧਰੋਂ ਬਣਦਾ? ਹੈ ਕੀ ਨ੍ਹੀ? "ਗੱਲ ਕਰਦਿਆਂ ਮੈਂ ਗੁਰਪਾਲ ਵੱਲ ਆਸ ਨਾਲ ਵੇਖਿਆ ਪਰ ਉਹ ਕਿਸੇ ਕਿਤਾਬ ਨੂੰ ਫਰੋਲਣ ਲੱਗਾ ਹੋਇਆ ਸੀ।

ਯੂਨੀਵਰਸਿਟੀ ਹੁਣ ਆਪਣੀ ਆਪਣੀ ਲੱਗਣ ਲੱਗ ਪਈ। ਖੋਜ ਵਾਲਾ ਕੰਮ ਰੇੜ੍ਹੇ ਪੇ ਗਿਆ। ਦੋਸਤ ਮਿੱਤਰ ਮਿਲਣ ਅਕਸਰ ਉਥੇ ਤੁਰੇ ਰਹਿੰਦੇ। ਇਵੇਂ ਹੀ ਇੱਕ ਦਿਨ ਕਾਮਰੇਡ ਜਸਪਾਲ ਮਿਲ ਗਿਆ। ਉਹ ਨਕੋਦਰ ਕਾਲਜ ਵਿੱਚ ਉਦੋਂ ਪੰਜਾਬੀ ਦਾ ਲੈਕਚਰਾਰ ਲੱਗਾ ਹੋਇਆ ਸੀ। ਗੁਰਪਾਲ, ਮਨਜੀਤ ਹੋਰਾਂ ਦਾ ਜੜ੍ਹਾਂ ਤੋਂ ਭੇਤੀ। ਉਨ੍ਹਾਂ ਨਾਲ ਹੀ ਯੂਨੀਵਰਸਿਟੀ ਪੜ੍ਹਿਆ ਸੀ। ਮੈਂ ਗੁਰਪਾਲ ਦੀਆਂ ਸਿਫ਼ਤਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਉਹ ਕੁਝ ਦੇਰ ਸੁਣਦਾ ਰਿਹਾ । ਫਿਰ ਉੱਚੀ ਦੇਣੀ ਹੱਸ ਪਿਆ । ਹੱਸਦੇ ਹੱਸਦੇ ਬੋਲਿਆ , " ... ਗੁਰਪਾਲ ਸਿੰਘ ਨਕੱਈ ...ਜੱਟ ਸਰਦਾਰ!"ਗੱਲ ਮੇਰੇ ਪਿੜ ਪੱਲੇ ਨਾ ਪਈ। ਮੈਂ 'ਨਕੱਈ' ਸ਼ਬਦ ਪਹਿਲੀ ਵਾਰ ਸੁਣ ਰਿਹਾ ਸਾਂ। ਸੰਧੂ ਦੀ ਥਾਂ ਨਕੱਈ ਮੈਨੂੰ ਅਜੀਬ ਜਿਹਾ ਲੱਗਾ। ਮੇਰੀਆਂ ਅੱਖਾਂ ਵਿੱਚ ਉਤਸੁਕਤਾ ਭਰ ਗਈ। ਕਹਾਣੀਆਂ ਸੁਣਾਉਣ ਦਾ ਮਾਹਿਰ ਜਸਪਾਲ, ਗੁਰਪਾਲ ਨਕੱਈ ਦੀ ਕਹਾਣੀ ਸੁਣਾਉਣ ਲੱਗ ਪਿਆ,"... ਗੁਰਪਾਲ ਤੇ ਮਨਜੀਤ ਦਾ ਯੂਨੀਵਰਸਿਟੀ ਪੜ੍ਹਦਿਆਂ ਪਿਆਰ ਹੋ ਗਿਆ। ਰਿਸ਼ਤੇ ਦੀ ਗੱਲ ਚੱਲੀ ਤਾਂ ਗੁਰਪਾਲ ਦਾ ਪਿਓ ਅੜ ਗਿਆ। ਅਖੇ ਅਸੀਂ 'ਨਕੱਈ' ਸਰਦਾਰ ਹੁੰਦੇ ਆਂ। ਸਾਡੀ ਆਪਣੀ ਮਿਸਲ ਸੀ। ਮਹਾਰਾਜੇ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਸੀ । ਦੂਜੇ ਬੰਨੇ ਮਨਜੀਤ ਹੋਰੀਂ ਸਧਾਰਨ ਜੱਟ। ਬਾਪੂ ਨੂੰ ਰਿਸ਼ਤਾ ਮੇਚ ਦਾ ਨਾ ਜਾਪੇ। ਗੱਲ ਸਾਡੇ ਕੋਲ ਪਹੁੰਚ ਗਈ। ਅਸੀਂ ਇਸ ਮਸਲੇ ਤੇ ਕਾਮਰੇਡੀ ਫਰੰਟ ਖੜ੍ਹਾ ਕਰ ਲਿਆ। ਗੁਰਪਾਲ ਦੇ ਘਰ ਅੱਗੇ 'ਜਗੀਰਦਾਰੀ ਮੁਰਦਾਬਾਦ' 'ਪ੍ਰੋਲਤਾਰੀ ਜਿੰਦਾਬਾਦ' ਕਰਨ ਦੀਆਂ ਸਕੀਮਾਂ ਬਣਾਉਣ ਲੱਗ ਪਏ। ਪਰ ਫਿਰ ਇੱਕ ਦਿਨ ਬਾਪੂ ਹੋਰੀਂ ਆਪੇ ਮੰਨ ਗਏ। ਮਨਜੀਤ ਲਾਲ ਚੂੜਾ ਪਾਈ ਡੋਲੇ 'ਚ ਬੈਠ ਬਠਿੰਡੇ ਦੇ ਗੋਬਿੰਦਪੁਰੇ ਅੱਪੜ ਗਈ। "ਗੱਲ ਮੁਕਾ ਕੇ ਜਸਪਾਲ ਆਪਣੇ ਸੁਭਾਅ ਮੁਤਾਬਿਕ ਤਾੜੀ ਮਾਰ ਕੇ ਹੱਸਿਆ। ਕੁਝ ਦੇਰ ਹੱਸਣ ਬਾਅਦ ਮੇਰੇ ਵੱਲ ਗੌਰ ਨਾਲ ਵੇਖਣ ਲੱਗ ਪਿਆ। ਮੇਰੀਆਂ ਅੱਖਾਂ ਉਸ ਤੇ ਹੀ ਜੰਮੀਆਂ ਹੋਈਆਂ ਸਨ।

" ਇਹ ਪਹਿਲਾਂ ਨਾਮ ਨਾਲ ਨਕੱਈ ਲਾਉਂਦਾ ਹੁੰਦਾ ਸੀ। ਅਸੀਂ ਮਜਾਕ ਕਰ ਕਰ ਲਿਖਣੋ ਹਟਾਇਆ। ਫਿਰ ਇਹ ਸੰਧੂ ਲਿਖਣ ਲੱਗ ਪਿਆ। ਇਸ ਗੱਲੋਂ ਵੀ ਇਹਦਾ ਬਾਪੂ ਇਹਦੇ ਨਾਲ ਨਰਾਜ਼ ਰਿਹਾ।" ਕਾਮਰੇਡ ਜਸਪਾਲ ਮਿੱਤਰ ਦੇ ਪੋਤੜੇ ਫਰੋਲੀ ਜਾ ਰਿਹਾ ਸੀ। ਮੇਰੇ ਲਈ ਇਹ ਸਭ ਜਾਣਕਾਰੀਆਂ ਨਵੀਆਂ ਨਕੋਰ ਸਨ। ਵੈਸੇ ਹੁਣ ਤੱਕ ਮੈਨੂੰ ਵੀ ਯੂਨੀਵਰਿਸਟੀ ਦੇ ਮਾਹੌਲ ਦਾ ਕੁਝ ਕੁਝ ਇਲਮ ਹੋ ਚੁੱਕਾ ਸੀ । ਮੈਂ ਜਸਪਾਲ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ, "... ਹਟਾਉਣਾ ਹੀ ਪੈਣਾ ਸੀ ਵਿਚਾਰੇ ਨੂੰ! ਇਥੇ ਤਾਂ ਸੁਣਿਆ ਜਿਹੜਾ ਯੂਨੀਵਰਸਟੀ ਦੇ ਗੇਟ ਤੇ ਦੋ ਚਾਰ ਗੇੜੇ ਮਾਰ ਜਾਏ ਉਹ ਪਿੰਡ ਜਾ ਕੇ 'ਮਜ਼ਦੂਰ ਏਕਤਾ' ਦੇ ਨਾਅਰੇ ਲਾਉਣ ਲੱਗ ਪੈਂਦਾ ... ਇਹ ਵਿਚਾਰਾ ਤਾਂ ਯੂਨੀਵਰਸਿਟੀ ਪੜ੍ਹਦਾ ਸੀ ਤੇ ਪੜ੍ਹਦਾ ਵੀ ਪੰਜਾਬੀ ਵਿਭਾਗ 'ਚ ਸੀ!"ਮੇਰੀ ਗੱਲ ਸੁਣ ਜਸਪਾਲ ਖਿੜ੍ਹ-ਖਿੜਾ ਕੇ ਹੱਸਿਆ।

ਮਹੀਨੇ ਕੁ ਬਾਅਦ ਜਸਪਾਲ ਨਾਲ ਫਿਰ ਯੂਨੀਵਰਸਿਟੀ ਮੁਲਾਕਾਤ ਹੋਈ। ਪਹਿਲਾਂ ਵਾਂਗ ਹੀ ਉਹ ਅੱਜ ਵੀ ਪੂਰੇ ਖ਼ੁਸ਼ ਮੂਡ ਵਿੱਚ ਸੀ। ਸ਼ਰਾਰਤ ਉਸ ਦੇ ਚਿਹਰੇ ਤੇ ਖੇਡਾਂ ਕਰ ਰਹੀ ਸੀ। ਮੈਂ ਗੁਰਪਾਲ ਦੇ ਚਿਹਨ ਵਿਗਿਆਨ ਉੱਪਰ ਕੀਤੇ ਕੰਮ ਦੀ ਪ੍ਰਸ਼ੰਸਾ ਕੀਤੀ ਤਾਂ ਉਹ ਹੋਰ ਹੀ ਕਹਾਣੀ ਸੁਣਾਉਣ ਲੱਗ ਪਿਆ। ਦੋਨਾਂ ਕੰਨਾਂ ਨੂੰ ਵਾਰੀ ਵਾਰੀ ਸੱਜਾ ਹੱਥ ਲਾ ਕੇ ਬੋਲਿਆ , "ਚਿਹਨ ਵਿਗਿਆਨ ਦਾ ਤਾਂ ਇਸ ਤੇ ਇਨ੍ਹਾਂ ਭੂਤ ਸਵਾਰ ਹੋਇਆ ਕਿ ਰਹੇ ਰੱਬ ਦਾ ਨਾਮ! ਪਿੰਡ ਬਾਪੂ ਨੂੰ ਚਿੱਠੀਆਂ ਵੀ ਉਸੇ ਭਾਸ਼ਾ ਵਿੱਚ ਲਿਖਿਆ ਕਰੇ।" ਗੱਲ ਦਾ ਮੇਰੇ ਤੇ ਪ੍ਰਭਾਵ ਜਾਚਣ ਲਈ ਉਹ ਕੁਝ ਪਲਾਂ ਲਈ ਰੁਕ ਗਿਆ । ਮੇਰੀਆਂ ਅੱਖਾਂ ਵਿਚਲੀ ਉਤਸੁਕਤਾ ਪੜ੍ਹ ਉਹ ਮੁੜ ਚਾਲੂ ਹੋ ਗਿਆ, "ਇੱਕ ਵਾਰ ਇਸ ਨੇ ਪਿੰਡ ਚਿੱਠੀ ਲਿਖੀ , 'ਸਤਿਕਾਰਯੋਗ ਬਾਪੂ ਜੀ, ਬਹੁਤ ਸਾਰੀਆਂ ਕਿਤਾਬਾਂ ਦੇ ਪਾਠ-ਆਨੰਦ ਉਪਰੰਤ ਮੈਂ ਇਸ ਨਿਸ਼ਕਰਸ਼ ਤੇ ਪਹੁੰਚਿਆਂ ਹਾਂ ਕਿ ਜੇ ਪਿਓ ਪੁੱਤ ਦੇ ਸੰਬੰਧਾਂ ਨੂੰ ਸਹੀ ਰੂਪ ਵਿੱਚ ਸਮਝਣਾ ਹੋਵੇ ਤਾਂ ਇਸ ਨੂੰ ਸਿਨਟਿਗਮੈਟਿਕ ਦੇ ਨਾਲ ਨਾਲ ਪੈਰਾਡਿਗਮੈਟਿਕ ਦੇ ਪਰਿਪੇਖ ਵਿੱਚ ਵੀ ਸਮਝਣਾ ਚਾਹੀਦਾ ਹੈ। ਮੈਂ ਤੁਹਾਡੀਆਂ ਗੱਲਾਂ ਦੇ ਗੈਪ ਸਮਝਣ ਵਿੱਚ ਕੁਝ ਖੁਨਾਮੀਆਂ ਕੀਤੀਆਂ ਹਨ। ਪਰ ਲੰਮੇ ਅਧਿਐਨ ਉਪਰੰਤ ਮੈਨੂੰ ਸਪੱਸ਼ਟ ਹੋਇਆ ਹੈ ਕਿ ਪਿਓ ਰੂਪੀ ਚਿਹਨ ਨੂੰ ਸਹੀ ਰੂਪ ਵਿੱਚ ਸਮਝਣ ਲਈ ਇਸ ਦੇ ਚਿਹਨਕ ਅਤੇ ਚਿਹਨਤ ਦੀ ਸਮਝ ਜ਼ਰੂਰੀ ਹੈ। ਇਹ ਸਮਝ ਤਾਂ ਹੀ ਪਨਪਣੀ ਸੀ ਜੇ ਮੈਂ ਇਨ੍ਹਾਂ ਦੀਆਂ ਅੰਤਰ ਧੁਨੀਆਂ ਸੁਣ ਪਾਉਂਦਾ' ...।" ਬਾਪੂ ਤਾਂ ਚਿੱਠੀ ਪੜ੍ਹ ਕੇ ਮੱਥੇ ਤੇ ਹੱਥ ਧਰ ਕੇ ਬੈਠ ਗਿਆ । ਵੱਡੇ ਮੁੰਡੇ ਨੂੰ 'ਵਾਜਾਂ ਮਾਰੀ ਜਾਵੇ, "ਤਿਆਰੀ ਖਿੱਚ, ਪਟਿਆਲੇ ਚੱਲੀਏ, ਗੁਰੇ ਦਾ ਕੰਮ ਖਰਾਬ ਲੱਗਦੈ...!" ਇਥੋਂ ਤੱਕ ਗੱਲ ਸੁਣਾ ਜਸਪਾਲ ਇਓ ਮੂੰਹ ਬਣਾ ਕੇ ਚੁੱਪ ਕਰ ਗਿਆ ਜਿਵੇਂ ਕਿਸੇ ਨਾਵਲ ਦਾ ਦੁਖਾਂਤਕ ਕਾਂਡ ਸੁਣਾ ਕੇ ਹਟਿਆ ਹੋਵੇ। ਮੈਂ ਉਸ ਵੱਲ ਵੇਖ ਕੇ ਮੁਸਕਰਾਇਆ ਤਾਂ ਉਹ ਫੜਾਕਾ ਮਾਰ ਕੇ ਹੱਸ ਪਿਆ।

ਇਹ ਗੁਰਪਾਲ ਦੇ ਗੂਹੜੇ ਦੋਸਤ ਦਾ ਹਾਸਾ-ਮਜਾਕ ਸੀ। ਉਹ ਉਸਦਾ ਜਮਾਤੀ ਸੀ। ਉਸ ਨੂੰ ਕੁਝ ਵੀ ਆਖ ਸਕਦਾ ਸੀ। ਪਰ ਮੇਰੇ ਲਈ ਉਹ ਵੱਡੇ ਥਾਂ ਸੀ । ਮੈਂ ਉਸ ਨੂੰ ਆਪਣੇ ਅੰਦਰ ਗੁਰੂਆਂ ਵਰਗੀ ਥਾਂ ਦਿੱਤੀ ਹੋਈ ਸੀ। ਮੇਰੇ ਸਾਹਮਣੇ ਹੁਣ ਤੱਕ ਉਸ ਦਾ ਇੱਕ ਵੱਡਾ ਇਮੇਜ਼ ਉੱਸਰ ਚੁੱਕਾ ਸੀ। ਉਸ ਦਿਓਕੱਦ ਬਿੰਬ ਸਾਹਮਣੇ ਇਹ ਸਭ ਬੜੀਆਂ ਤੁੱਛ ਜਿਹੀਆਂ ਗੱਲਾਂ ਸਨ। ਮੇਰੇ ਅੰਦਰੋਂ ਉਹੀ ਦਿਓਕੱਦ ਬਿੰਬ ਬੋਲਿਆ , "ਕੁਝ ਵੀ ਐ, ਬੰਦਾ ਪੜ੍ਹਦਾ ਬਹੁਤ ਐ ... ਹਰ ਵੇਲੇ ਨਵੀਆਂ ਕਿਤਾਬਾਂ, ਨਵੇਂ ਗਿਆਨ ਦੀਆਂ ਗੱਲਾਂ ਕਰਦਾ ਰਹਿੰਦੈ!

"ਨਵੀਂ ਕਿਤਾਬ ਤਾਂ ਭਾਵੇਂ ਇਹਨੂੰ ਹਿਮਾਲਿਆ ਤੋਂ ਲੱਭ ਕੇ ਲਿਆਉਣੀ ਪੈ ਜਵੇ, ਉਥੇ ਵੀ ਟੁਰਜੂ ...!" ਜਸਪਾਲ ਨੇ ਚੁਟਕੀ ਮਾਰਦਿਆਂ ਮੇਰੀ ਗੱਲ ਦੀ ਹਾਮੀ ਭਰੀ। ਫਿਰ ਉਹ ਗੁਰਪਾਲ ਵੱਲੋਂ ਅੰਗ੍ਰੇਜ਼ੀ ਦੀਆਂ ਵੱਖ ਵੱਖ ਕਿਤਾਬਾਂ ਵਿਦੇਸ਼ ਤੋਂ ਮੰਗਵਾਉਣ ਦੀਆਂ ਕਹਾਣੀਆਂ ਸੁਣਾਉਣ ਲੱਗ ਪਿਆ। ਹੁਣ ਉਹ ਵੀ ਮੇਰੇ ਵਾਂਗ ਗੰਭੀਰ ਸੀ।

ਨਵੀਆਂ ਕਿਤਾਬਾਂ, ਨਵੇਂ ਗਿਆਨ ਨਾਲ ਜੁੜਨ ਦਾ ਗੁਰਪਾਲ ਅੰਦਰ ਇੱਕ ਵੱਖਰੀ ਕਿਸਮ ਦਾ ਜਨੂੰਨ ਹੈ। ਇਹ ਕਿਤਾਬਾਂ ਜਿਆਦਾ ਕਰਕੇ ਸਾਹਿਤ ਸਿਧਾਂਤਕਾਰੀ ਨਾਲ ਸੰਬੰਧਿਤ ਹੁੰਦੀਆਂ ਹਨ। ਜਿਸ ਖੁਸ਼ਕ ਜਿਹੇ ਖੇਤਰ ਨੂੰ ਹੱਥ ਪਾਉਣ ਤੋਂ ਪੰਜਾਬੀ ਦੇ ਬਹੁਤੇ ਵਿਦਵਾਨ ਆਨਾ-ਕਾਨੀ ਕਰਦੇ ਰਹਿੰਦੇ ਹਨ ਉਹ ਉਸ ਦੀ ਪਹਿਲੀ ਪਸੰਦ ਹੈ। ਆਪਣੀ ਪੀ.ਐਚ.ਡੀ ਲਈ ਪੰਜਾਬੀ ਨਾਵਲ ਨੂੰ ਚਿਹਨ-ਵਿਗਿਆਨਕ ਪੱਖ ਤੋਂ ਸਮਝਦਿਆਂ ਵੀ ਉਸਦੀ ਅਸਲ ਤਾਕਤ ਇਸ ਸਿਧਾਂਤਕਾਰੀ ਵਿੱਚ ਹੀ ਦਿਖਾਈ ਦਿੰਦੀ ਹੈ। ਇਸ ਸਿਧਾਂਤਕ ਸਮਝ ਨੂੰ ਜਦੋਂ ਉਹ ਪੰਜਾਬੀ ਨਾਵਲ ਨੂੰ ਸਮਝਣ ਲਈ ਵਰਤਦਾ ਹੈ ਤਾਂ ਨਵੀਆਂ ਗੱਲਾਂ ਕਰਦਾ ਜਾਪਦਾ ਹੈ। ਪਰ ਇਹ ਕੁਝ ਅਜਿਹੀਆਂ ਨਹੀਂ ਜਿਹੜੀਆਂ ਪੰਜਾਬੀ ਗਲਪ ਸਮੀਖਿਆਂ ਦੀ ਖੜੋਤ ਨੂੰ ਤੋੜਨ ਵਾਲੀਆਂ ਹੋਣ। ਨਵੀਆਂ ਲੀਹਾਂ ਪਾਉਣ ਵਾਲੀਆਂ ਹੋਣ। ਇਹੋ ਜਿਹਾ ਕੁਝ ਮੈਂ ਆਪਣੀ ਪੀ.ਐਚ.ਡੀ. ਦੌਰਾਨ ਉਸ ਨੂੰ ਪੜ੍ਹਦਿਆਂ ਵਿਚਾਰਦਿਆਂ ਹੌਲੀ-ਹੌਲੀ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ। ਸਾਹਿਤ ਸੰਬੰਧੀ ਮੇਰੀ ਆਪਣੀ ਸਮਝ ਵੀ ਹੌਲੀ-ਹੌਲੀ ਨਿੱਖਰਨ ਦੇ ਰਾਹ ਪਈ ਹੋਈ ਸੀ।

ਸਭ ਕਿੰਤੂਆਂ-ਪ੍ਰੰਤੂਆਂ ਦੇ ਬਾਵਜੂਦ ਉਹ ਮੇਰੇ ਲਈ ਵੱਡਾ ਵਿਦਵਾਨ ਸੀ । ਮੇਰੇ ਵਰਗਿਆਂ ਦੀਆਂ ਫਸੀਆਂ ਕੱਢਣ ਵਾਲਾ। ਆਪਣੇ ਵਿਸ਼ੇ 'ਬਿਰਤਾਂਤ ਸ਼ਾਸਤਰ' ਬਾਰੇ ਸਪੱਸ਼ਟ ਹੋਣ ਲਈ ਮੈਂ ਅਕਸਰ ਉਸਦਾ ਦੁਆਰ ਜਾ ਮੱਲਦਾ। ਉਹ ਵੀ ਹਰ ਵਾਰ ਖੁੱਲ੍ਹੀਆਂ ਬਾਹਾਂ ਨਾਲ ਸਵਾਗਤ ਕਰਦਾ । ਘੰਟਿਆਂ ਬੱਧੀ ਸਿਧਾਂਤਕ ਗੱਲਾਂ ਕਰਦਿਆਂ ਉਸਦੇ ਮੁੱਖ ਤੇ ਥਕਾਵਟ ਦਾ ਨਾਮ ਨਿਸ਼ਾਨ ਨਾ ਹੁੰਦਾ । ਉਸ ਨਾਲ ਸੰਵਾਦ ਰਚਾਉਂਦਿਆਂ ਮੈਂ ਉਬਾਸੀਆਂ ਮਾਰਨ ਲੱਗ ਜਾਂਦਾ ਪਰ ਉਹ ਟੱਲੀ ਵਾਂਗ ਖੜ੍ਹਕਦਾ ਰਹਿੰਦਾ। ਸਾਹਿਤ ਸਿਧਾਂਤਕਾਰੀ ਬਾਰੇ ਗੱਲ ਕਰਦਿਆਂ ਪਤਾ ਨਹੀਂ ਉਸ ਅੰਦਰ ਕਿਹੜੀ ਸ਼ੈਅ ਵੜ ਜਾਂਦੀ। ਦੋ ਤਿੰਨ ਘੰਟਿਆਂ ਦੀ ਚਰਚਾ ਉਪਰੰਤ ਮੈਂ ਮੁੜਨ ਲੱਗਿਆਂ ਅਕਸਰ ਆਖਦਾ, "ਡਾ. ਸਾਬ੍ਹ, ਤੁਹਾਡਾ ਬਹੁਤ ਟਾਈਮ ਲੈ ਲੈਨਾ।"

(ਚਲਦਾ)

# ਜ਼ਿੰਦਗੀ ਬਦਲਣ ਵਾਲੇ ਲ.ਫ਼ਜ਼



ਡਾ. ਗੁਰਤੇਜ ਸਿੰਘ

ਕਿਸੇ ਨੇ ਪੁੱਛਿਆ, ਸ਼ਬਦਾਂ ਦੀ ਦੁਨੀਆਂ 'ਚ ਕਿਹੜਾ ਲ.ਫ਼ਜ਼ ਵੱਡਾ ਹੈ। ਮੇਰਾ ਜਵਾਬ ਸੀ 'ਫ਼ਿਕਰ ਨਾ ਕਰ, ਮੈਂ ਹੈਗਾ'। ਇਹ ਸ਼ਬਦ ਜਦ ਮਾਪੇ ਬੱਚੇ ਨੂੰ ਆਖਦੇ ਹਨ ਤਾਂ ਉਸ ਨੂੰ ਜਾਪਦਾ ਹੈ, ਜਿਵੇਂ ਉਹ ਕੋਈ ਰਾਜਕੁਮਾਰ/ਰਾਜਕੁਮਾਰੀ ਹੋਵੇ ਤੇ ਸਾਰੀ ਦੁਨੀਆ ਉਸ ਦੀ ਹੀ ਸਲਤਨਤ ਹੈ। ਰਾਤ ਨੂੰ ਬੁਖਾਰ ਚੜ੍ਹੇ ਤੇ ਮਾਂ ਦਾ ਹੱਥ ਸਿਰ 'ਤੇ ਆ ਜਾਵੇ, ਨਾਲੇ ਕੰਨ 'ਚ ਆਵਾਜ਼ ਪਵੇ 'ਪੁੱਤ ਫ਼ਿਕਰ ਨਾ ਕਰ, ਮੈਂ ਹੈਗੀ'। ਉਸ ਇੱਕ ਲ.ਫ਼ਜ਼ 'ਚ ਦਵਾਈ ਤੋਂ ਵੀ ਵੱਧ ਅਸਰ ਹੁੰਦਾ ਹੈ। ਬੱਚਾ ਜਿਸ ਮੁਸ਼ਕਿਲ, ਬਿਮਾਰੀ ਤੋਂ ਡਰਦਾ ਹੈ, ਉਹੀ ਇਕਦਮ ਛੋਟੀ ਲੱਗਣ ਲੱਗ ਪੈਂਦੀ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਉਸ ਦੀ ਪਿੱਠ 'ਤੇ ਕਿਸੇ ਦਾ ਹੱਥ ਹੈ।

ਸਕੂਲ 'ਚ ਪਹਿਲੇ ਦਿਨ ਜਦ ਬੱਚਾ ਰੋਂਦਾ ਹੋਇਆ ਗੇਟ 'ਤੇ ਖੜ੍ਹਾ ਹੋਵੇ, ਪਿਤਾ ਝੁਕ ਕੇ ਕਹੇ 'ਬੇਟਾ ਜਾ, ਫ਼ਿਕਰ ਨਾ ਕਰ, ਮੈਂ ਹੈਗਾ'। ਉਸ ਦਿਨ ਤੋਂ ਬਾਅਦ ਉਹ ਬੱਚਾ ਦੁਨੀਆ ਦਾ ਹਰ ਇਮਤਿਹਾਨ ਹਿੰਮਤ ਨਾਲ ਦੇਣ ਦੇ ਕਾਬਲ ਬਣਨ ਦੀ ਸਮਰੱਥਾ ਪੈਦਾ ਕਰਦਾ ਹੈ ਜਾਂ ਇੰਝ ਕਹਿ ਲਓ ਉਕਤ ਸ਼ਬਦ ਉਸ ਅੰਦਰ ਨਵੀਂ ਊਰਜਾ ਭਰ ਦਿੰਦੇ ਹਨ। ਉਸ ਨੂੰ ਪਤਾ ਹੁੰਦਾ ਹੈ ਕਿ ਜੇਕਰ ਸਾਰਥਿਕ ਕੋਸ਼ਿਸ਼ਾਂ ਦੇ ਬਾਅਦ ਹਾਰ ਵੀ ਜਾਵਾਂ ਤਾਂ ਪਿਤਾ ਦੇ ਹੌਸਲੇ ਵਾਲੇ ਸ਼ਬਦ ਉਸ ਨੂੰ ਦੁਬਾਰਾ ਉੱਠਣ ਦੀ ਪ੍ਰੇਰਨਾ ਦਾ ਸਰੋਤ ਹੋ ਨਿੱਬੜਨਗੇ।

ਬੁੱਢੇ ਮਾਪੇ ਜਦ ਔਲਾਦ ਮੂੰਹੋਂ ਇਹ ਸ਼ਬਦ ਸੁਣਦੇ ਹਨ, ਉਦੋਂ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਕੀਤੀ ਘਾਲਣਾ ਸਫਲ ਹੋ ਗਈ ਹੈ। ਉਹੀ ਹੱਥ ਜਿਨ੍ਹਾਂ ਨੇ ਸਾਨੂੰ ਤੋਰਨਾ ਸਿਖਾਇਆ ਸੀ, ਅੱਜ ਕੰਬਦੇ ਹਨ। ਉਹੀ ਅੱਖਾਂ ਜਿਨ੍ਹਾਂ ਨੇ ਸਾਨੂੰ ਰਾਹ ਦਿਖਾਇਆ ਸੀ, ਅੱਜ ਧੁੰਦਲੀਆਂ ਹਨ। ਅਜਿਹੇ ਵੇਲੇ ਜੇ ਬੇਟਾ ਜਾਂ ਬੇਟੀ ਕਹਿ ਦੇਣ 'ਮਾਂ/ਬਾਪੂ ਤੁਸੀਂ ਫ਼ਿਕਰ ਨਾ ਕਰੋ, ਮੈਂ ਹੈਗਾ/ਹੈਗੀ'। ਉਸੇ ਵੇਲੇ ਮਾਪਿਆਂ ਦੇ ਚਿਹਰੇ 'ਤੇ ਉਹ ਸਕੂਨ ਆ ਜਾਂਦਾ ਹੈ ਜੋ ਕਿਸੇ ਪੈਮਾਨੇ ਵਿੱਚ ਮਾਪਿਆ ਨਹੀਂ ਜਾ ਸਕਦਾ।

ਦਿਲ ਦੇ ਕਰੀਬੀ ਮੂੰਹੋਂ ਸੁਣੇ ਇਹ ਲ.ਫ਼ਜ਼ ਖ਼ੁਦ ਨੂੰ ਦੁਨੀਆ ਤੋਂ ਅਲੱਗ ਸ਼ੈਅ ਸਮਝਣ ਤੇ ਕੁਝ ਵੱਖਰਾ ਕਰਨ ਦਾ ਜਜ਼ਬਾ ਦੇ ਜਾਂਦੇ ਹਨ ਕਿ ਹੁਣ ਕਿਸ ਗੱਲ ਦੀ ਪਰਵਾਹ, ਜਦ ਤੂੰ ਹੈਗਾ ਮੇਰੇ ਨਾਲ। ਦੋਸਤੀ 'ਚ ਵੀ ਇਹ ਲ.ਫ਼ਜ਼ ਸਭ ਤੋਂ ਵੱਡਾ ਪ੍ਰਮਾਣ ਪੱਤਰ ਹੈ। ਜਦ ਨੌਕਰੀ ਚਲੀ ਜਾਵੇ, ਕਾਰੋਬਾਰ ਡੁੱਬ ਜਾਵੇ, ਲੋਕ ਮੂੰਹ ਮੋੜ ਲੈਣ। ਉਸ ਹਨੇਰੇ 'ਚ ਕੋਈ ਇੱਕ ਦੋਸਤ ਮੋਢੇ 'ਤੇ ਹੱਥ ਰੱਖ ਕੇ ਕਹੇ 'ਯਾਰ ਫ਼ਿਕਰ ਨਾ ਕਰ, ਮੈਂ ਹੈਗਾ'। ਉਸ ਵੇਲੇ ਤਾਂ ਲੱਗਦਾ ਹੈ ਬੈਂਕ ਬੈਲੇਂਸ ਸਿਫ਼ਰ ਵੀ ਹੋਵੇ ਤਾਂ ਕੀ, ਅਸਲ ਪੂੰਜੀ ਤਾਂ ਨਾਲ ਖੜ੍ਹੀ ਹੈ। ਇਹ ਲ.ਫ਼ਜ਼ ਰਿਸ਼ਤਿਆਂ ਦੀ ਗਾਰੰਟੀ ਬਣ ਜਾਂਦੇ ਹਨ। ਇਹ ਕਾਗਜ਼ਾਂ 'ਤੇ ਨਹੀਂ, ਦਿਲ 'ਤੇ ਦਸਤਖ਼ਤ ਕਰ ਦਿੰਦੇ ਹਨ।

ਜੇਠਾ ਲਾਲ (ਲੜੀਵਾਰ 'ਤਾਰਕ ਮਹਿਤਾ ਕਾ ਉਲਟਾ ਚਸ਼ਮਾ') ਦੇ ਰੋਜ਼ਾਨਾ ਜੀਵਨ ਵਾਂਗ ਸਾਡੀ ਜ਼ਿੰਦਗੀ ਵਿੱਚ ਵੀ ਤਾਂ ਸਮੱਸਿਆਵਾਂ ਆਉਣਗੀਆਂ ਹੀ। ਬਸ! ਉਨ੍ਹਾਂ ਦੇ ਨਿਵਾਰਨ ਹਿੱਤ ਤਾਰਕ ਮਹਿਤਾ ਵਰਗਾ ਇੱਕ ਪਰਮ ਮਿੱਤਰ ਜ਼ਰੂਰੀ ਹੈ ਜੋ ਹਰ ਤਰ੍ਹਾਂ ਦੇ ਹਾਲਾਤ ਵਿੱਚ ਸਹੀ ਸਲਾਹ ਦੇ ਕੇ ਮਾਰਗ ਦਰਸ਼ਨ ਕਰਨ ਦੇ ਨਾਲ ਇਹ ਕਹੇ 'ਫ਼ਿਕਰ ਨਾ ਕਰ ਮੇਰੇ ਦੋਸਤ ਮੈਂ ਹੈਗਾ ਤੇਰੇ ਨਾਲ'। ਹਰ ਸੁਦਾਮੇ ਕੋਲ ਜੇਕਰ ਸ੍ਰੀ ਕ੍ਰਿਸ਼ਨ ਵਰਗਾ ਦੋਸਤ ਹੈ ਤਾਂ ਉਸ ਨੂੰ ਦੁਨੀਆ ਦੀ ਕਿਸੇ ਸ਼ੈਅ ਅੱਗੇ ਹੱਥ ਅੱਡਣ ਦੀ ਕਦੇ ਜ਼ਰੂਰਤ ਨਹੀਂ ਪਵੇਗੀ। ਅਰਜੁਨ ਦਾ ਉਹ ਹਰ ਵੇਲੇ ਮਾਰਗ ਦਰਸ਼ਨ ਕਰਦੇ ਹਨ। ਪਿਆਰ 'ਚ ਇਹ ਸ਼ਬਦ ਹਜ਼ਾਰ ਵਾਅਦਿਆਂ ਤੋਂ ਭਾਰੀ ਹੈ। 'ਮੈਂ ਤੇਰੇ ਨਾਲ ਹਾਂ' ਕਹਿਣਾ ਸੌਖਾ ਹੈ, ਪਰ 'ਫ਼ਿਕਰ ਨਾ ਕਰ, ਮੈਂ ਹੈਗਾ' ਕਹਿਣ ਦਾ ਮਤਲਬ ਹੈ ਤੇਰੇ ਹੰਝੂ ਮੇਰੇ ਹੋਣਗੇ, ਤੇਰਾ ਕੱਲ੍ਹ ਮੇਰੀ ਜ਼ਿੰਮੇਵਾਰੀ ਹੈ। ਜਦ ਕੋਈ ਲੜਕੀ ਦੁਲਹਨ ਬਣ ਕੇ ਨਵਾਂ ਘਰ ਵਸਾਉਂਦੀ ਹੈ। ਉਸ ਦੇ ਸੰਸਿਆਂ ਨੂੰ ਉਸ ਦੇ ਹਮਸਫ਼ਰ ਦੇ ਇਹ ਬੋਲ 'ਫਿਕਰ ਨਾ ਕਰ' ਛੂਮੰਤਰ ਕਰ ਦਿੰਦੇ ਹਨ ਤੇ ਉਸ ਨੂੰ ਨਵਾਂ ਘਰ ਵੀ ਆਪਣਾ ਲੱਗਣ ਲੱਗ ਜਾਂਦਾ ਹੈ।

ਮੈਂ ਡਾਕਟਰ ਹਾਂ, ਆਪਣੀ ਮੈਡੀਕਲ ਟੀਮ ਨਾਲ ਮਿਲ ਕੇ ਰੋਜ਼ਾਨਾ ਹਸਪਤਾਲ 'ਚ ਸੈਂਕੜੇ ਚਿਹਰੇ ਦੇਖਦਾ ਹਾਂ। ਮਰੀਜ਼ਾਂ ਦੀਆਂ ਤਕਲੀਫ਼ਾਂ ਸੁਣਦਾ ਹਾਂ ਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀਆਂ ਚਿੰਤਾਵਾਂ। ਜਦ ਕਿਸੇ ਦੀ ਕੋਈ ਰਿਪੋਰਟ ਖ਼ਰਾਬ ਆਵੇ ਜਾਂ ਮਰੀਜ਼ ਦੀ ਹਾਲਤ ਵਿਗੜੇ ਤਾਂ ਟੀਮ ਦੇ ਸੰਭਾਲਣਯੋਗ ਬਿਮਾਰੀ ਤੇ ਅਲਾਮਤਾਂ ਨੂੰ ਧਿਆਨ ਵਿੱਚ ਰੱਖ ਅਸੀਂ ਕਹਿੰਦੇ ਹਾਂ 'ਫ਼ਿਕਰ ਨਾ ਕਰੋ, ਅਸੀਂ ਹੈਗੇ'। ਉਸ ਇੱਕ ਲ.ਫ਼ਜ਼ ਨਾਲ ਮਰੀਜ਼ ਅਤੇ ਉਸ ਦੇ ਰਿਸ਼ਤੇਦਾਰਾਂ ਦੇ ਦਿਮਾ.ਗ ਵਿੱਚ ਜੋ ਸਹਿਮ ਦਾ ਮਾਹੌਲ ਹੁੰਦਾ ਹੈ ਉਹ ਕਾਫ਼ੀ ਹੱਦ ਤੱਕ ਘਟ ਜਾਂਦਾ ਹੈ। ਡਰ ਨੂੰ ਸਿਰ.ਫ ਭਰੋਸਾ ਹੀ ਮਾਰ ਸਕਦਾ ਹੈ।

ਇਹ ਲ.ਫ਼ਜ਼ ਛੋਟਾ ਹੈ, ਪਰ ਇਸ ਦਾ ਕੱਦ ਬਹੁਤ ਵੱਡਾ ਹੈ। ਇਸ 'ਚ ਜ਼ਿੰਮੇਵਾਰੀ ਹੈ, ਪਿਆਰ ਹੈ, ਵ.ਫ਼ਾਦਾਰੀ ਹੈ ਤੇ ਸਭ ਤੋਂ ਵੱਡੀ ਗੱਲ ਸਵਾਰਥ ਨਹੀਂ ਹੈ। 'ਮੈਂ ਹੈਗਾ' ਕਹਿਣ ਵਾਲਾ ਇਹ ਨਹੀਂ ਪੁੱਛਦਾ ਕਿ ਬਦਲੇ 'ਚ ਮੈਨੂੰ ਕੀ ਮਿਲੇਗਾ। ਉਹ ਬਸ ਨਾਲ ਖੜ੍ਹਾ ਹੋ ਜਾਂਦਾ ਹੈ। ਇਸ ਲਈ ਮੈਨੂੰ ਲੱਗਦਾ ਹੈ ਕਿ ਗਿਆਨ ਕੋਸ਼ ਦੇ ਅਨੇਕਾਂ ਸ਼ਬਦਾਂ 'ਤੇ ਇਹ ਪੰਜ ਸ਼ਬਦਾਂ ਦਾ ਵਾਕ ਭਾਰੀ ਹੈ। ਇਹ ਵਾਕ ਨਹੀਂ, ਇਹ ਇੱਕ ਵਾਅਦਾ ਹੈ ਕਿ ਤੂੰ ਇਕੱਲਾ ਨਹੀਂ ਹੈ। ਮੇਰਾ ਤਾਂ ਮਨਣਾ ਹੈ ਕਿ ਹੋਰਾਂ ਨੂੰ ਕਿਸੇ ਮੁਸ਼ਕਿਲ 'ਚੋਂ ਕੱਢਣ ਲਈ ਜਦੋਂ ਵੀ ਮਦਦ ਵਾਲਾ ਹੱਥ ਵਧਾਉਗੇ, ਭਵਿੱਖ 'ਚ ਇਸੇ ਤਜਰਬੇ ਨਾਲ ਤੁਹਾਨੂੰ ਆਪਣੀਆਂ ਸਮੱਸਿਆਵਾਂ ਦੇ ਬਿਹਤਰ ਹੱਲ ਸੁੱਝ ਜਾਣਗੇ।

### ਇੱਕ ਬੇਹੱਦ ਭਾਵੁਕ ਅਤੇ ਮਾਣਮੱਤਾ ਪਲ !

# ਜਦੋਂ ਫ਼ੌਜ ’ਚ ਮੇਜਰ ਦੋ ਧੀਆਂ ਨੇ ਆਪਣੇ ਪਿਤਾ ਲੈਫ਼ਟੀਨੈਂਟ ਜਨਰਲ ਡੀ.ਪੀ. ਸਿੰਘ ਦੇ ਮੋਢਿਆਂ ’ਤੇ ਸਜਾਏ ਸਿਤਾਰੇ ! ਸਿੱਖ ਵਿਰਾਸਤ ਦੀ ਲਾਸਾਨੀ ਮਿਸਾਲ

**ਸਿੱਖ ਫ਼ੌਜੀ ਵਿਰਾਸਤ ਦਾ ਸੁਨਹਿਰੀ ਪੰਨਾ : ਭਾਰਤੀ ਫ਼ੌਜ ਦੇ ਇਤਿਹਾਸ ਵਿੱਚ ਅਜਿਹੇ ਦੁਰਲੱਭ ਪਲ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ ਜੋ ਇਕੱਠੇ ਮਾਣ, ਸਤਿਕਾਰ ਅਤੇ ਭਾਵੁਕਤਾ ਦਾ ਪ੍ਰਤੀਕ ਬਣ ਜਾਣ। ਲੈਫ਼ਟੀਨੈਂਟ ਜਨਰਲ ਡੀ.ਪੀ. ਸਿੰਘ ਨੂੰ ਜਦੋਂ ਤਰੱਕੀ ਮਿਲੀ, ਤਾਂ ਇਹ ਰਸਮ (Pipping Ceremony) ਉਨ੍ਹਾਂ ਦੀਆਂ ਦੋਵੇਂ ਧੀਆਂ ਨੇ ਨਿਭਾਈ, ਜੋ ਖ਼ੁਦ ਫ਼ੌਜ ਵਿੱਚ ਬਤੌਰ ਮੇਜਰ ਅਧਿਕਾਰੀ ਸੇਵਾ ਨਿਭਾਅ ਰਹੀਆਂ ਹਨ। ਇਹ ਦ੍ਰਿਸ਼ ਸਿਰਫ਼ ਇੱਕ ਪਰਿਵਾਰਕ ਪ੍ਰਾਪਤੀ ਨਹੀਂ, ਸਗੋਂ ਕੌਮ ਦੀ ਬਹਾਦਰੀ, ਨਾਰੀ ਸ਼ਕਤੀ ਅਤੇ ਸਿੱਖ ਫ਼ੌਜੀ ਪਰੰਪਰਾ ਦੀ ਸ਼ਾਨ ਨੂੰ ਦੁਨੀਆ ਭਰ ਵਿੱਚ ਉਜਾਗਰ ਕਰਦਾ ਹੈ।**







ਪੁਣੇ (ਮਹਾਰਾਸ਼ਟਰ): ਭਾਰਤੀ ਫ਼ੌਜ ਵਿੱਚ ਦੇਸ਼ ਸੇਵਾ, ਸਮਰਪਣ ਅਤੇ ਪਰਿਵਾਰਕ ਗੌਰਵ ਦੀ ਇੱਕ ਬੇਹੱਦ ਭਾਵੁਕ ਅਤੇ ਪ੍ਰੇਰਨਾਦਾਇਕ ਤਸਵੀਰ ਸਾਹਮਣੇ ਆਈ ਹੈ। ਲੈਫਟੀਨੈਂਟ ਜਨਰਲ ਡੀ.ਪੀ. ਸਿੰਘ, ਐੱਸ.ਐੱਮ. (Lt Gen DP Singh, SM) ਦੀ ਨਵੀਂ ਤਰੱਕੀ ਉਪਰੰਤ ਉਨ੍ਹਾਂ ਨੂੰ ਵੱਕਾਰੀ ਮਿਲਟਰੀ ਇੰਟੈਲੀਜੈਂਸ ਟਰੇਨਿੰਗ ਸਕੂਲ ਐਂਡ ਡਿਪੂ (MINTSD), ਪੁਣੇ ਦਾ ਨਵਾਂ ਕਮਾਂਡੈਂਟ ਨਿਯੁਕਤ ਕੀਤਾ ਗਿਆ ਹੈ।

ਇਸ ਇਤਿਹਾਸਕ ਪਲ ਨੂੰ ਹੋਰ ਵੀ ਯਾਦਗਾਰ ਅਤੇ ਮਾਣਮੱਤਾ ਉਨ੍ਹਾਂ ਦੀਆਂ ਆਪਣੀਆਂ ਦੋ ਧੀਆਂ ਨੇ ਬਣਾਇਆ, ਜਿਨ੍ਹਾਂ ਨੇ ਪੂਰੇ ਫ਼ੌਜੀ ਅਦਬ ਅਤੇ ਸਤਿਕਾਰ ਨਾਲ ਆਪਣੇ ਪਿਤਾ ਦੇ ਮੋਢਿਆਂ ’ਤੇ ਤਰੱਕੀ ਦੇ ਨਵੇਂ ਸਿਤਾਰੇ (Stars / Rank Insignia) ਸਜਾਏ। ਸਭ ਤੋਂ ਖ਼ਾਸ ਅਤੇ ਫ਼ਖ਼ਰ ਵਾਲੀ ਗੱਲ ਇਹ ਹੈ ਕਿ ਦੋਵੇਂ ਧੀਆਂ ਖ਼ੁਦ ਵੀ ਭਾਰਤੀ ਫ਼ੌਜ ਵਿੱਚ ਬਤੌਰ ਮੇਜਰ (Major) ਦੇਸ਼ ਦੀਆਂ ਸਰਹੱਦਾਂ ਅਤੇ ਸੁਰੱਖਿਆ ਲਈ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੀਆਂ ਹਨ।

ਖ਼ਬਰ ਦੇ ਮੁੱਖ ਵੇਰਵੇ (Key Highlights)

**ਇੱਕੋ ਪਰਿਵਾਰ ’ਚੋਂ ਤਿੰਨ ਸੈਨਾ ਅਧਿਕਾਰੀ:** ਜਿਸ ਪਿਤਾ ਨੇ ਆਪਣੀ ਜ਼ਿੰਦਗੀ ਦੇ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਭਾਰਤੀ ਫ਼ੌਜ ਅਤੇ ਰਾਸ਼ਟਰ ਦੀ ਰਾਖੀ ਦੇ ਲੇਖੇ ਲਾਇਆ, ਉਸੇ ਦੇ ਨਕਸ਼ੇ-ਕਦਮਾਂ ’ਤੇ ਚੱਲਦਿਆਂ ਦੋਵਾਂ ਧੀਆਂ ਨੇ ਵਰਦੀ ਧਾਰਨ ਕੀਤੀ। ਅੱਜ ਜਦੋਂ ਪਿਤਾ ਭਾਰਤੀ ਸੈਨਾ ਦੇ ਸਿਖਰਲੇ ਰੈਂਕਾਂ ਵਿੱਚ ਸ਼ਾਮਲ ਹੋਏ, ਤਾਂ ਦੋਵੇਂ ਮੇਜਰ ਧੀਆਂ ਵੱਲੋਂ ਪਿਤਾ ਦੇ ਮੋਢਿਆਂ ’ਤੇ ਜਨਰਲ ਦੇ ਸਿਤਾਰੇ ਲਗਾਉਣ ਦਾ ਇਹ ਦ੍ਰਿਸ਼ ਫ਼ੌਜੀ ਇਤਿਹਾਸ ਦੇ ਸਭ ਤੋਂ ਸੁਨਹਿਰੀ ਪਲਾਂ ਵਿੱਚ ਦਰਜ ਹੋ ਗਿਆ।

**MINTSD ਪੁਣੇ ਦੀ ਸੰਭਾਲਣਗੇ ਕਮਾਨ:** ਤਰੱਕੀ ਉਪਰੰਤ ਲੈਫਟੀਨੈਂਟ ਜਨਰਲ ਡੀ.ਪੀ. ਸਿੰਘ ਨੂੰ ਪੁਣੇ ਸਥਿਤ ਇੰਡੀਅਨ ਆਰਮੀ ਦੇ ਮਿਲਟਰੀ ਇੰਟੈਲੀਜੈਂਸ ਟਰੇਨਿੰਗ ਸਕੂਲ ਐਂਡ ਡਿਪੂ (MINTSD) ਦਾ ਮੁਖੀ (Commandant) ਨਿਯੁਕਤ ਕੀਤਾ ਗਿਆ ਹੈ। ਉਹ ਹੁਣ ਭਾਰਤੀ ਸੈਨਾ ਦੇ ਰਣਨੀਤਕ ਖ਼ੁਫ਼ੀਆ ਵਿੰਗ ਨੂੰ ਆਧੁਨਿਕ ਲੀਹਾਂ ’ਤੇ ਸਿਖਲਾਈ ਦੇਣ ਅਤੇ ਸੁਰੱਖਿਆ ਚੁਣੌਤੀਆਂ ਨਾਲ ਨਜਿੱਠਣ ਲਈ ਕਮਾਨ ਸੰਭਾਲਣਗੇ।

**ਮਾਣਮੱਤੀ ਸਿੱਖ ਵਿਰਾਸਤ ਅਤੇ ਨਾਰੀ ਸ਼ਕਤੀ ਦਾ ਪ੍ਰਤੀਕ:** ਇਹ ਗੌਰਵਮਈ ਪਲ ਸਿਰਫ਼ ਸੈਨਿਕ ਰੈਂਕਾਂ ਤੱਕ ਸੀਮਤ ਨਹੀਂ ਹੈ, ਸਗੋਂ ਇਹ ਸਿੱਖ ਕੌਮ ਦੀ ਮਾਰਸ਼ਲ ਪਰੰਪਰਾ ਅਤੇ ਅਜੋਕੇ ਸਮੇਂ ਵਿੱਚ ਨਾਰੀ ਸਸ਼ਕਤੀਕਰਨ (Women Empowerment) ਦੀ ਇੱਕ ਚਮਕਦੀ ਮਿਸਾਲ ਬਣ ਕੇ ਉੱਭਰਿਆ ਹੈ, ਜੋ ਸਮੁੱਚੇ ਦੇਸ਼ ਦੀਆਂ ਧੀਆਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਅਗਵਾਈ ਕਰਨ ਲਈ ਪ੍ਰੇਰਿਤ ਕਰਦਾ ਹੈ।

ਡਿਸਕਲੇਮਰ (Disclaimer) : ਇਹ ਰਿਪੋਰਟ ਭਾਰਤੀ ਫ਼ੌਜ (Indian Army) ਦੇ ਅਧਿਕਾਰਕ ਅੱਪਡੇਟਾਂ, ਪੁਣੇ ਸਥਿਤ ਫ਼ੌਜੀ ਅਧਿਕਾਰੀਆਂ ਦੇ ਵੇਰਵਿਆਂ ਅਤੇ ਜਨਤਕ ਰਿਪੋਰਟਾਂ ’ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਅਤੇ ਪ੍ਰੇਰਨਾਦਾਇਕ ਪਹਿਲੂਆਂ ਦੇ ਪ੍ਰਸਾਰ ਲਈ ਇਹ ਸਮੱਗਰੀ ਪ੍ਰਕਾਸ਼ਿਤ ਕਰ ਰਿਹਾ ਹੈ।

# ਅਮਰੀਕਾ : CDL ਤੇ ਟਰੱਕ ਡਰਾਈਵਿੰਗ ਸਿਖਲਾਈ ਪ੍ਰਣਾਲੀ ’ਚ ਵੱਡੇ ਫ਼ਰਜ਼ੀਵਾੜੇ ਦਾ ਪਰਦਾਫ਼ਾਸ਼; 110 ਤੋਂ ਵੱਧ ਸਕੂਲਾਂ ਦੀ ਸੰਘੀ ਮਾਨਤਾ ਰੱਦ

## 5,000 ਤੋਂ ਵੱਧ ਡਰਾਈਵਰ ਅੰਗਰੇਜ਼ੀ ਦੀ ਲਾਜ਼ਮੀ ਯੋਗਤਾ ’ਚ ਫ਼ੇਲ੍ਹ; 239 ਮੌਤਾਂ ਵਾਲੇ ਹਾਦਸਿਆਂ ਨਾਲ ਜੁੜੇ ਤਾਰ, 160 ਹੋਰ ਸਕੂਲਾਂ ਨੂੰ ਨੋਟਿਸ ਤੇ ਹੋਮਲੈਂਡ ਸਕਿਓਰਿਟੀ ਵੱਲੋਂ ਅਪਰਾਧਿਕ ਜਾਂਚ ਸ਼ੁਰੂ

ਡਿਟਰਾਇਟ/ਵਾਸ਼ਿੰਗਟਨ:-ਅਮਰੀਕੀ ਸੰਘੀ ਜਾਂਚ ਏਜੰਸੀਆਂ ਨੇ ਦੇਸ਼ ਭਰ ਵਿੱਚ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ (CDL) ਪ੍ਰਣਾਲੀ ਅਤੇ ਵਪਾਰਕ ਵਾਹਨ ਚਾਲਕਾਂ ਦੀ ਸਿਖਲਾਈ ਵਿੱਚ ਚੱਲ ਰਹੇ ਇੱਕ ਵੱਡੇ ਫ਼ਰਜ਼ੀਵਾੜੇ ਦਾ ਪਰਦਾਫ਼ਾਸ਼ ਕੀਤਾ ਹੈ। ਇਸ ਦੇ ਤਹਿਤ ਫ਼ੈਡਰਲ ਅਧਿਕਾਰੀਆਂ ਨੇ ਤੁਰੰਤ ਪ੍ਰਭਾਵ ਨਾਲ ਦੇਸ਼ ਭਰ ਦੇ 110 ਤੋਂ ਵੱਧ ਟਰੱਕ ਡਰਾਈਵਿੰਗ ਸਕੂਲਾਂ ਦੀ ਸੰਘੀ ਮਾਨਤਾ (Federal Certification) ਰੱਦ ਕਰ ਦਿੱਤੀ ਹੈ।

ਸੰਘੀ ਅਧਿਕਾਰੀਆਂ ਨੇ ਡਿਟਰਾਇਟ ਵਿਖੇ ਇੱਕ ਅਹਿਮ ਪ੍ਰੈੱਸ ਕਾਨਫ਼ਰੰਸ ਦੌਰਾਨ ਇਸ ਕਾਰਵਾਈ ਦਾ ਐਲਾਨ ਕਰਦਿਆਂ ਦੱਸਿਆ ਕਿ ਇਹ ਸਕੂਲ ਬਿਨਾਂ ਲੋੜੀਂਦੀ ਸਿਖਲਾਈ ਦਿੱਤਿਆਂ ਗ਼ੈਰ-ਕਾਨੂੰਨੀ ਢੰਗ ਨਾਲ ਸਰਟੀਫਿਕੇਟ ਜਾਰੀ ਕਰ ਰਹੇ ਸਨ। ਜਾਂਚ ਦੌਰਾਨ ਸਾਹਮਣੇ ਆਇਆ ਕਿ ਇਨ੍ਹਾਂ ਅਦਾਰਿਆਂ ਵੱਲੋਂ ਪ੍ਰਮਾਣਿਤ ਕੀਤੇ ਗਏ 5,000 ਤੋਂ ਵੱਧ ਡਰਾਈਵਰ ਸੜਕਾਂ ’ਤੇ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਦੌਰਾਨ ਬੁਨਿਆਦੀ ਅੰਗਰੇਜ਼ੀ ਭਾਸ਼ਾ ਦੀ ਲਾਜ਼ਮੀ ਯੋਗਤਾ ਪੂਰੀ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੇ।

ਮੁੱਖ ਵੇਰਵੇ (Key Highlights)

**40 ਸੂਬਿਆਂ ’ਚ ਛਾਪੇਮਾਰੀ ਤੇ ਗੰਭੀਰ ਉਲੰਘਣਾਵਾਂ:** ਸੰਘੀ ਏਜੰਸੀਆਂ ਵੱਲੋਂ 40 ਸੂਬਿਆਂ ਵਿੱਚ ਲਗਭਗ 400 ਸਿਖਲਾਈ ਕੇਂਦਰਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਗਈ। ਇਸ ਦੌਰਾਨ ਵੱਡੇ ਪੱਧਰ ’ਤੇ ਬੇਨਿਯਮੀਆਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚ ਬਿਨਾਂ ਲਾਇਸੈਂਸ ਵਾਲੇ ਇੰਸਟ੍ਰਕਟਰਾਂ ਵੱਲੋਂ ਕਲਾਸਾਂ ਲਗਾਉਣਾ, ਅਧੂਰੇ ਦਸਤਾਵੇਜ਼ੀ ਰਿਕਾਰਡ, ਨਾਕਾਫ਼ੀ ਟਰੇਨਿੰਗ ਗਰਾਊਂਡ ਅਤੇ ਟਰੇਲਰ ਦੇ ਪਿਛਲੇ ਹਿੱਸੇ ਜਾਂ ਪੁਰਾਣੀਆਂ ਸਕੂਲ ਬੱਸਾਂ ਨੂੰ ਕਲਾਸਰੂਮ ਵਜੋਂ ਵਰਤਣ ਵਰਗੇ ਫ਼ਰਜ਼ੀ ਤਰੀਕੇ ਸ਼ਾਮਲ ਸਨ।


(Photo Credit) SADE LOK AI-

**ਘਾਤਕ ਸੜਕ ਹਾਦਸਿਆਂ ਨਾਲ ਸੰਬੰਧ:** ਕਾਰਵਾਈ ਦੇ ਘੇਰੇ ਵਿੱਚ ਆਏ ਇਨ੍ਹਾਂ ਸਕੂਲਾਂ ਦੀ ਲਾਪਰਵਾਹੀ ਦਾ ਸਿੱਧਾ ਅਸਰ ਜਨਤਕ ਸੁਰੱਖਿਆ ’ਤੇ ਪਿਆ ਹੈ। ਜਾਂਚ ਅਨੁਸਾਰ ਇਨ੍ਹਾਂ ਜਾਅਲੀ ਸੈਂਟਰਾਂ ਵੱਲੋਂ ਪਾਸ ਕੀਤੇ ਗਏ ਡਰਾਈਵਰ ਕਈ ਅਜਿਹੇ ਗੰਭੀਰ ਵਪਾਰਕ ਵਾਹਨ ਹਾਦਸਿਆਂ ਵਿੱਚ ਸ਼ਾਮਲ ਪਾਏ ਗਏ ਹਨ, ਜਿਨ੍ਹਾਂ ਵਿੱਚ ਕੁੱਲ 239 ਬੇਕਸੂਰ ਲੋਕ ਆਪਣੀ ਜਾਨ ਗਵਾ ਚੁੱਕੇ ਹਨ।

**160 ਹੋਰ ਸਕੂਲ ਰਡਾਰ ’ਤੇ:** 110 ਸਕੂਲਾਂ ਦੇ ਲਾਇਸੈਂਸ ਰੱਦ ਕਰਨ ਤੋਂ ਇਲਾਵਾ ਫ਼ੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਿਨਿਸਟ ?ਰੇਸ਼ਨ ਵੱਲੋਂ 160 ਤੋਂ ਵੱਧ ਹੋਰ ਸਿਖਲਾਈ ਕੇਂਦਰਾਂ ਨੂੰ ਸੰਘੀ ਰਜਿਸਟਰੀ ਵਿੱਚੋਂ ਬਾਹਰ ਕੱਢਣ ਲਈ ਅੰਤਿਮ ਨੋਟਿਸ ਜਾਰੀ ਕੀਤੇ ਗਏ ਹਨ।

**ਹੋਮਲੈਂਡ ਸਕਿਓਰਿਟੀ ਵੱਲੋਂ ਵਿਆਪਕ ਅਪਰਾਧਿਕ ਜਾਂਚ:** ਗ੍ਰਹਿ ਸੁਰੱਖਿਆ ਜਾਂਚ ਏਜੰਸੀ (HSI) ਨੇ 23 ਸੂਬਿਆਂ ਵਿੱਚ 200 ਤੋਂ ਵੱਧ ਸ਼ੱਕੀ ਡਰਾਈਵਿੰਗ ਸਕੂਲਾਂ, ਟਰੱਕਿੰਗ ਫ਼ਰਮਾਂ ਅਤੇ ਰੁਜ਼ਗਾਰਦਾਤਾਵਾਂ ਖ਼ ?ਲਾਫ਼ ਅਪਰਾਧਿਕ ਜਾਂਚ ਆਰੰਭ ਦਿੱਤੀ ਹੈ। ਇਸ ਜਾਂਚ ਦੇ ਦਾਇਰੇ ਵਿੱਚ ਜਾਅਲੀ ਪਛਾਣ ਪੱਤਰ, ਸ਼ੈੱਲ ਕੰਪਨੀਆਂ, ਮਨੀ ਲਾਂਡਰਿੰਗ, ਮਜ਼ਦੂਰਾਂ ਦਾ ਆਰਥਿਕ ਸ਼ੋਸ਼ਣ, ਮਨੁੱਖੀ ਤਸਕਰੀ, ਨਸ਼ਾ ਤਸਕਰੀ ਅਤੇ ਸੰਗਠਿਤ ਅਪਰਾਧਿਕ ਸਿੰਡੀਕੇਟਾਂ ਨਾਲ ਸੰਭਾਵੀ ਗੱਠਜੋੜ ਸ਼ਾਮਲ ਹਨ।

ਮਾਨਤਾ ਰੱਦ ਕੀਤੇ ਗਏ ਸਕੂਲ : 110 ਤੋਂ ਵੱਧ ਸਿਖਲਾਈ ਕੇਂਦਰ

ਨੋਟਿਸ ਅਧੀਨ ਹੋਰ ਕੇਂਦਰ :160 ਤੋਂ ਵੱਧ ਸਕੂਲ

ਅੰਗਰੇਜ਼ੀ ਯੋਗਤਾ ’ਚ ਫ਼ੇਲ੍ਹ ਡਰਾਈਵਰ : 5,000+ ਵਪਾਰਕ ਚਾਲਕ

ਹਾਦਸਿਆਂ ’ਚ ਦਰਜ ਮੌਤਾਂ : 239 ਜਾਨਾਂ

ਜਾਂਚ ਅਧੀਨ ਸੂਬੇ ਤੇ ਏਜੰਸੀ : 23 ਤੋਂ 40 ਸੂਬੇ; ਹੋਮਲੈਂਡ ਸਕਿਓਰਿਟੀ (HSI) ਤੇ ਸੰਘੀ ਆਵਾਜਾਈ ਅਧਿਕਾਰੀ

ਅਮਰੀਕੀ ਆਵਾਜਾਈ ਵਿਭਾਗ ਅਨੁਸਾਰ ਹਾਈਵੇਅ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੇ ਕਿਸੇ ਵੀ ਅਦਾਰੇ ਜਾਂ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਆਉਣ ਵਾਲੇ ਦਿਨਾਂ ਵਿੱਚ ਫ਼ਰਜ਼ੀ ਦਸਤਾਵੇਜ਼ਾਂ ਦੇ ਆਧਾਰ ’ਤੇ ਹਾਸਲ ਕੀਤੇ ਗਏ ਹਜ਼ਾਰਾਂ ਲਾਇਸੈਂਸ ਰੱਦ ਕੀਤੇ ਜਾਣ ਦੀ ਸੰਭਾਵਨਾ ਹੈ।

ਡਿਸਕਲੇਮਰ (Disclaimer): ਇਹ ਰਿਪੋਰਟ ਅਮਰੀਕੀ ਸੰਘੀ ਜਾਂਚ ਏਜੰਸੀਆਂ, ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ (HSI) ਅਤੇ ਫ਼ੈਡਰਲ ਟਰਾਂਸਪੋਰਟੇਸ਼ਨ ਅਥਾਰਟੀਆਂ ਵੱਲੋਂ ਜਾਰੀ ਅਧਿਕਾਰਕ ਪ੍ਰੈੱਸ ਬਿਆਨਾਂ ’ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਅਤੇ ਟਰੱਕਿੰਗ ਭਾਈਚਾਰੇ ਦੀ ਜਾਣਕਾਰੀ ਤੇ ਜਾਗਰੂਕਤਾ ਲਈ ਇਹ ਖ਼ਬਰ ਪ੍ਰਕਾਸ਼ਿਤ ਕਰ ਰਿਹਾ ਹੈ।

# ਆਉਂਦੀਆਂ ਚੋਣਾਂ ਵਿੱਚ ਭਾਜਪਾ ਦੀ ਸਰਕਾਰ ਬਣਨ ਤੇ ਪੰਜਾਬ ਨੂੰ ਰੰਗਲਾ ਤੇ ਖੁਸ਼ਹਾਲ ਬਣਾਵਾਂਗੇ : ਰਸ਼ਪਾਲ ਚਰੜ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : 2027 ਦੀਆਂ ਚੋਣਾਂ ਵਿੱਚ ਲੋਕਾਂ ਦੇ ਸਹਿਯੋਗ ਨਾਲ ਭਾਜਪਾ ਦੀ ਸਰਕਾਰ ਬਣਨ ਤੇ ਪੰਜਾਬ ਨੂੰ ਰੰਗਲਾ ਤੇ ਖੁਸ਼ਹਾਲ ਬਣਾਇਆ ਜਾਵੇਗਾ। ਪੰਜਾਬ ਵਿੱਚ ਵਧ ਰਹੀ ਬੇਰੁਜ਼ਗਾਰੀ, ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਨਾ ਹੋਣ ਕਾਰਨ ਹੋ ਰਹੀਆਂ ਹੜਤਾਲਾਂ ਤੋਂ ਇਲਾਵਾ ਨਸ਼ਿਆਂ ਜਿਹੀਆਂ ਅਲਾਮਤਾਂ ਨੂੰ ਖ਼ਤਮ ਕਰਨ ਵਿੱਚ ਅਸਫ਼ਲ ਰਹਿਣ ਵਾਲੀ ਮਾਨ ਸਰਕਾਰ ਹਰ ਫਰੰਟ ਤੇ ਫੇਰ ਸਾਬਿਤ ਹੋ ਰਹੀ ਹੈ ਜਿਸ ਕਾਰਨ ਪੰਜਾਬ ਦੀ ਆਮ ਜਨਤਾ ਵਿੱਚ ਪੰਜਾਬ ਸਰਕਾਰ ਖਿਲਾਫ ਰੋਸ ਦੀ ਭਾਵਨਾ ਵੱਧਦੀ ਜਾ ਰਹੀ ਹੈ।

ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਪੱਤਰਕਾਰਾਂ ਨਾਲ ਕਰਦੇ ਹੋਏ ਹਲਕਾ ਟਾਂਡਾ ਦੇ ਹਰਮਨ ਪਿਆਰੇ ਅਤੇ ਭਾਜਪਾ ਦੇ ਉੱਘੇ ਨੇਤਾ ਰਸ਼ਪਾਲ ਸਿੰਘ ਚਰੜ ਨੇ ਕਿਹਾ ਕਿ ਸਾਲ 2022 ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਕਾਂਗਰਸ ਤੋਂ ਦੁਖੀ ਹੋ ਕੇ ਬਦਲਾਵ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਨੂੰ ਖੁਸ਼ਹਾਲੀ ਭਰਿਆ ਤੇ ਤਰੱਕੀ ਦੀਆਂ ਲੀਹਾਂ ਤੇ ਲਿਆਉਣ ਦੇ ਕੀਤੇ ਗਏ ਲੁਭਾਵਨੇ ਸੁਪਨਿਆਂ ਦੀ ਲਪੇਟ ਵਿੱਚ ਆ ਕੇ ਪੰਜਾਬ ਦੀ ਜਨਤਾ ਨੇ ਆਪ ਪਾਰਟੀ ਨੂੰ ਸੱਤਾ ਸੌਂਪ ਦਿੱਤੀ, ਪਰ ਮਾਨ ਸਰਕਾਰ ਨੇ ਪੰਜਾਬ ਨੂੰ ਖੁਸ਼ਹਾਲੀ ਦੀਆਂ ਲੀਹਾਂ ਤੇ ਲਿਆਉਣ ਦੀ ਥਾਂ ਪੰਜਾਬ ਨੂੰ ਕੰਗਾਲੀ ਦੀ ਰਾਹ ਤੇ ਲਿਆ ਕੇ ਖੜਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਜਿਸ ਤਰਫ ਵੀ ਝਾਂਤ ਮਾਰ ਕੇ ਵੇਖਿਆ ਜਾਵੇ ਪੰਜਾਬ ਵਿੱਚ ਹਾਹਾਕਾਰ ਮਚਿਆ ਹੋਇਆ ਹੈ ਪੰਜਾਬ ਦੇ ਲੋਕ ਤ੍ਰਾਹਿ ਤ੍ਰਾਹੀ ਕਰ ਰਹੇ ਹਨ।

ਰਸ਼ਪਾਲ ਸਿੰਘ ਚੜਨ ਨੇ ਕਿਹਾ ਕਿ ਸਰਕਾਰ ਆਏ ਦਿਨ ਇਹ ਦਾਅਵੇ ਕਰ ਰਹੀ ਹੈ ਕਿ ਸਾਡੀ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ ਅਤੇ ਲੋਕਾਂ ਨਾਲ ਕੀਤੇ ਹੋਏ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ, ਪਰ ਅੱਜ ਸਿੱਖਿਆ ਖੇਤਰ ਵਿੱਚ ਪੰਜਾਬ ਜਿਨ੍ਹਾਂ ਪਿਛੜ ਗਿਆ ਹੈ ਇਸਦੀ ਪਰਭਾਈ ਕਰਨਾ ਆਉਣ ਵਾਲੀ ਸਰਕਾਰ ਨੂੰ ਕਾਫੀ ? ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਜਦੋਂ ਤੋਂ ਹੋਂਦ ਵਿੱਚ ਆਈ ਹੈ ਉਦੋਂ ਤੋਂ ਪੰਜਾਬ ਦੇ ਗੈਂਗਸਟਰਾਂ ਦੇ ਹੌਸਲੇ ਬੁਲੰਦ ਹੋ ਗਏ ਹਨ ਅਤੇ ਸ਼ਰੇਆਮ ਜਿਸਦਾ ਚਾਹੁੰਦੇ ਹਨ ਕਤਲ ਕਰ ਦਿੰਦੇ



ਹਨ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਮਾਨ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ ਤੇ ਨਸ਼ਿਆਂ ਦੇ ਸੌਦਾਗਰਾਂ ਨੂੰ ਜੇਲ ਵਿੱਚ ਬੰਦ ਕਰ ਦੇਵਾਂਗੇ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰ ਦੇਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਦਾ ਖਾਤਮਾ ਤਾਂ ਕੀ ਕਰਨਾ ਸੀ ਸਗੋਂ ਪੰਜਾਬ ਵਿੱਚ ਪਹਿਲੇ ਨਾਲੋਂ ਨਸ਼ੇ ਦੀ ਵਿਕਰੀ ਜਿਆਦਾ ਹੋਣ ਲੱਗ ਪਈ ਹੈ।

ਰਸ਼ਪਾਲ ਚੜਨ ਨੇ ਕਿਹਾ ਕਿ ਪੰਜਾਬ ਦੀ ਜਨਤਾ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀਆਂ ਤੋਂ ਬਹੁਤ ਦੁਖੀ ਹੋ ਚੁੱਕੀ ਹੈ ਅਤੇ ਇਸ ਸਰਕਾਰ ਤੋਂ ਛੁਟਕਾਰਾ ਪਾਉਣ ਲਈ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਬੇਰੁਜ਼ਗਾਰ ਪੜ੍ਹੇ ਲਿਖੇ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਬੇਰੋਜ਼ਗਾਰੀ ਖਤਮ ਕਰ ਦਿੱਤੀ ਜਾਵੇਗੀ, ਪਰ ਸੱਤਾ ਵਿੱਚ ਆ ਕੇ ਆਪ ਸਰਕਾਰ ਨੇ ਨੌਕਰੀਆਂ ਤਾਂ ਕੀ ਦੇਣੀਆਂ ਸਨ ਜਿਹੜੇ ਨੌਕਰੀਆਂ ਕਰ ਰਹੇ ਸਨ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਨਾ ਕਰਕੇ ਉਨ੍ਹਾਂ ਨੂੰ ਬੇਰੁਜ਼ਗਾਰੀ ਦੀਆਂ ਲੀਹਾਂ ਤੇ ਲਿਆਉਣ ਦੇ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸਰਕਾਰੀ ਮੁਲਾਜ਼ਮ ਰਿਟਾਇਰਡ ਹੋ ਗਏ ਹਨ ਉਨ੍ਹਾਂ ਪੈਨਸ਼ਨਰਾਂ ਦੇ ਬੰਣਦੇ ਹੱਕ ਨਾ ਦੇ ਕੇ ਪੰਜਾਬ ਸਰਕਾਰ ਉਨ੍ਹਾਂ ਨੂੰ ਹੋਰ ਪਰੇਸ਼ਾਨੀ ਵਿੱਚ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਗੜੇ ਹਾਲਾਤਾਂ ਕਾਰਨ ਪੰਜਾਬ ਦੀ ਜਨਤਾ ਹੁਣ ਭਾਜਪਾ ਦੀ ਸਰਕਾਰ ਬਣਾਉਣ ਦਾ ਪੱਕਾ ਮਨ ਬਣਾਈ ਬੈਠੀ ਹੈ।

# ਤ੍ਰਿਸ਼ੂਲ ਮਾਰਚ ਵਿੱਚ ਸ਼ਾਮਿਲ ਹੋਣ ਲਈ ਟਾਂਡਾ ਤੋਂ ਮੋਹਾਲੀ ਸ਼ਿਵ ਸੈਨਾ ਵਰਕਰਾਂ ਦਾ ਜੱਥਾ ਰਵਾਨਾ : ਰਾਹੁਲ ਖੰਨਾ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਪੰਜਾਬ ਵਿੱਚ ਰਹਿੰਦੇ ਹਿੰਦੂ ਪਰਿਵਾਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਵਾਉਣ ਅਤੇ ਸ਼ਿਵ ਸੇਨਾ ਦੀਆਂ 10 ਸੂਤਰੀ ਮੰਗਾਂ ਸਰਕਾਰ ਤੋਂ ਪਰਵਾਨ ਕਰਵਾਉਣ ਲਈ ਪਹਿਲਾਂ ਤੋਂ ਹੀ ਉਲੀਕੇ ਗਏ ਪ੍ਰੋਗਰਾਮ ਤਹਿਤ ਮੋਹਾਲੀ ਤੋਂ ਚੰਡੀਗੜ੍ਹ ਤੱਕ ਕੱਢੇ ਜਾ ਰਹੇ ਤ੍ਰਿਸ਼ੂਲ ਮਾਰਚ ਅਤੇ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਦਾ ਘਿਰਾਓ ਕਰਨ ਲਈ ਅੱਜ ਟਾਂਡਾ ਵਿਖੇ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਸੈਂਕੜੇ ਸ਼ਿਵ ਸੈਨਾ ਵਰਕਰਾਂ ਦਾ ਭਾਰੀ ਇਕੱਠ ਹੋਇਆ।

ਇਸ ਮੌਕੇ ਤੇ ਹਾਜ਼ਰ ਯੁਵਾ ਨੇਤਾ ਰਾਜੂ ਖੋਸਲਾ, ਦੁਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸਿਟੀ ਯੂਥ ਵਾਈਸ ਚੇਅਰਮੈਨ ਬੱਬਲੂ ਕੁਮਾਰ, ਜਿਲ੍ਹਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਬਲਾਕ ਪ੍ਰਧਾਨ ਗੌਰਵ ਬੇਦੀ, ਹਿੰਦੂ ਨੇਤਾ ਪਰਮਜੀਤ ਸਿੰਘ ਬਾਬੂ, ਯੁਵਾ ਨੇਤਾ ਸੁਰਜੀਤ ਸਿੰਘ, ਹਿੰਦੂ ਨੇਤਾ ਵਿਸ਼ਾਲ ਕੁਮਾਰ, ਬਲਾਕ ਵਾਈਸ ਪ੍ਰਧਾਨ ਨਬੀ ਅਰੋੜਾ, ਸਮਾਜ ਸੇਵੀ ਬੰਟੀ ਕੁਮਾਰ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸਰਕਲ ਪ੍ਰਧਾਨ ਪਰਮਜੀਤ ਸਿੰਘ, ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ, ਯੁਵਾ ਨੇਤਾ ਅਮਨ ਮਾਹੱਲਾ ਅਤੇ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਸ਼ਿਵ ਸੈਨਾ ਵਰਕਰਾਂ ਨੇ ਹਰ ਹਰ ਮਹਾਦੇਵ ਜੈ ਵੀਰ ਬਜਰੰਗੀ ਦੇ ਜੈਕਾਰੇ ਲਗਾਉਂਦੇ ਹੋਏ ਮੋਹਾਲੀ ਜਾਣ ਲਈ ਚਾਲੇ ਪਾਏ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਖੰਨਾ ਨੇ ਕਿਹਾ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਇਹ ਵਾਇਦਾ ਕੀਤਾ ਸੀ ਇਹ ਸਾਡੀ ਸਰਕਾਰ ਬਣਨ ਤੇ ਸ਼ਿਵ ਸੈਨਾ ਹਿੰਦੁਸਤਾਨ ਦੀਆਂ ਸਾਰੀਆਂ ਜਾਇਜ਼ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ। ਉਨ੍ਹਾਂ ਕਿਹਾ



ਤ੍ਰਿਸ਼ੂਲ ਮਾਰਚ ਵਿੱਚ ਸ਼ਾਮਿਲ ਹੋਣ ਲਈ ਮੋਹਾਲੀ ਰਵਾਨਾ ਹੁੰਦੇ ਰਾਹੁਲ ਖੰਨਾ ਤੇ ਹੋਰ।

ਕਿ ਮਾਨ ਸਰਕਾਰ ਨੂੰ ਸੱਤਾ ਵਿੱਚ ਆਏ ਸਾਢੇ ਚਾਰ ਸਾਲ ਤੋਂ ਜਿਆਦਾ ਸਮਾਂ ਬੀਤ ਚੁੱਕਿਆ ਹੈ ਪਰ ਪੰਜਾਬ ਸਰਕਾਰ ਨੇ ਅੱਜ ਤੱਕ ਸ਼ਿਵ ਸੈਨਾ ਦੀਆਂ ਮੰਗਾਂ ਪ੍ਰਵਾਨ ਨਹੀਂ ਕੀਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਦੋਂ ਤੋਂ ਆਪ ਸਰਕਾਰ ਸੱਤਾ ਵਿੱਚ ਆਈ ਹੈ ਪੰਜਾਬ ਦੇ ਹਿੰਦੂਆਂ ਨਾਲ ਵਿਤਕਰੇ ਦੀ ਭਾਵਨਾ ਨਾਲ ਵਿਵਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਰਕਾਰ ਨੇ ਪੰਜਾਬ ਵਿੱਚ ਹੋ ਰਹੇ ਕਈ ਧਰਮਾਂ ਦੇ ਸਮਾਗਮ ਵਿੱਚ ਸ਼ਿਰਕਤ ਕਰਕੇ ਸਰਕਾਰੀ ਸਹਿਯੋਗ ਪਾਇਆ ਸੀ, ਪਰ ਹਿੰਦੂਆਂ ਵੱਲੋਂ ਅਪੀਲਾਂ ਕਰਨ ਤੇ ਵੀ ਮਾਨ ਸਰਕਾਰ ਨੇ ਹਿੰਦੂਆਂ ਦੇ ਸਭ ਤੋਂ ਵੱਡੇ ਤਿਉਹਾਰ ਮਹਾਂ ਸ਼ਿਵਰਾਤਰੀ ਦੇ ਮੌਕੇ ਤੇ ਕੋਈ ਵੀ ਸਹਿਯੋਗ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਹੁਣ ਚੋਣਾਂ ਨਜਦੀਕ ਆਉਣ ਤੇ ਆਪ ਪਾਰਟੀ ਹਿੰਦੂਆਂ ਦੇ ਮੰਦਰ ਬਣਾਉਣ ਦੇ ਦਾਵੇ ਕਰਨ ਲੱਗ ਪਈ ਹੈ।

ਰਾਹੁਲ ਖੰਨਾ ਨੇ ਕਿਹਾ ਕਿ ਕੁੰਭਕਰਨੀ ਨਿੰਦਿਆ ਸੁੱਤੀ ਪਈ ਪੰਜਾਬ ਸਰਕਾਰ ਨੂੰ ਜਗਾਉਣ ਲਈ ਹਿੰਦੂਆਂ ਦੀਆਂ ਦਸ ਸੂਤਰੀ ਮੰਗਾਂ ਪ੍ਰਵਾਨ ਕਰਵਾਉਣ ਲਈ ਸ਼ਿਵ ਸੈਨਾ ਹਿੰਦੁਸਤਾਨ ਨੇ ਪੰਜਾਬ ਦੇ ਵੱਖ-ਵੱਖ ਜਿਲਿਆਂ ਵਿੱਚ ਤ੍ਰਿਸ਼ੂਲ ਮਾਰਚ ਕੱਢੇ ਸਨ, ਪਰ ਇਸ ਸਰਕਾਰ ਤੇ ਕੋਈ ਵੀ ਅਸਰ ਨਾ ਹੋਣ ਕਾਰਨ 30 ਅਗਸਤ ਨੂੰ ਮਿਥੇ ਪ੍ਰੋਗ੍ਰਾਮ ਤਹਿਤ ਅੱਜ ਸ਼ਿਵ ਸੈਨਾ ਵੱਲੋਂ ਮੋਹਾਲੀ ਤੋਂ ਚੰਡੀਗੜ੍ਹ ਪੈਦਲ ਮਾਰਚ ਕੱਢਣ ਉਪਰੰਤ ਮੁੱਖ ਮੰਤਰੀ ਪੰਜਾਬ ਦੀ ਸਰਕਾਰੀ ਕੋਠੀ ਦਾ ਘਰਾਓ ਵੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਦੀ ਪਹਿਲੀ ਮੰਗ ਇਹ ਹੈ ਕਿ 84 ਦੇ ਅੱਤਵਾਦ ਦੌਰਾਨ ਸ਼ਹੀਦ ਹੋਏ ਹਿੰਦੂਆਂ ਦੇ ਪਰਿਵਾਰਾਂ ਲਈ ਮਨਜੂਰ ਕੀਤੇ ਗਏ 781 ਕਰੋੜ ਰੁਪਏ ਕੇਂਦਰ ਸਰਕਾਰ ਤੋਂ ਲੈ ਕੇ ਉਨ੍ਹਾਂ ਹਿੰਦੂ ਪਰਿਵਾਰਾਂ ਨੂੰ ਦਿੱਤੇ ਜਾਣ, ਪਰ ਪੰਜਾਬ ਸਰਕਾਰ ਨਾ ਤਾਂ ਖੁਦ ਕੋਈ ਉਪਰਾਲਾ ਕਰ ਰਹੀ ਹੈ ਅਤੇ ਨਾ ਹੀ ਕੇਂਦਰ ਸਰਕਾਰ ਨੂੰ ਦੇਣ ਲਈ ਦਬਾਵ ਕਰ ਰਹੀ ਹੈ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਾਡੀਆਂ ਮੰਗਾਂ ਜਲਦ ਪ੍ਰਵਾਨ ਨਾ ਕੀਤੀਆਂ ਗਈਆਂ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸਦਾ ਖਮਿਆਜਾ ਆਮ ਆਦਮੀ ਪਾਰਟੀ ਨੂੰ ਬਹੁਤ ਮਹਿੰਗਾ ਪੈ ਸਕਦਾ ਹੈ।

# ਸ਼ਿਵ ਸੈਨਾ ਪੰਜਾਬ ਅੰਮ੍ਰਿਤਸਰ ਵਿਖੇ 8 ਸਤੰਬਰ ਨੂੰ ਕਰੇਗੀ ਵਿਸ਼ਾਲ ਮਹਾਸਭਾ ਦਾ ਆਯੋਜਨ : ਸੰਜੀਵ ਘਨੌਲੀ, ਮਿੱਕੀ ਪੰਡਿਤ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਹਿੰਦੂ ਧਰਮ ਦੀ ਰੱਖਿਆ ਕਰਨ, ਹਿੰਦੂਆਂ ਨੂੰ ਇੱਕ ਮੰਚ ਤੇ ਲਿਆਉਣ ਅਤੇ ਉਨ੍ਹਾਂ ਦੇ ਬਣਦੇ ਹੱਕ ਦਵਾਉਣ ਤੋਂ ਇਲਾਵਾ ਨੌਜਵਾਨ ਪੀੜੀ ਨੂੰ ਸ਼ਿਵ ਸੈਨਾ ਨਾਲ ਜੋੜਨ ਸਬੰਧੀ ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ ਦੀ ਅਗਵਾਈ ਵਿੱਚ ਟਾਂਡਾ ਵਿਖੇ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸ਼ਿਵ ਸੈਨਾ ਪੰਜਾਬ ਦੇ ਰਾਸ਼ਟਰੀ ਪ੍ਰਧਾਨ ਸੰਜੀਵ ਘਨੌਲੀ ਅਤੇ ਰਾਸ਼ਟਰੀ ਚੇਅਰਮੈਨ ਰਜੀਵ ਟੰਡਨ ਤੋਂ ਇਲਾਵਾ ਵੱਖ-ਵੱਖ ਹਿੰਦੂ ਸੰਗਠਨਾਂ ਦੇ ਆਗੂਆਂ ਨੇ ਭਾਗ ਲਿਆ।

ਸਮਾਰੋਹ ਵਿੱਚ ਸ਼ਾਮਿਲ ਪ੍ਰਧਾਨ ਮਿੱਕੀ ਪੰਡਿਤ, ਸ਼ਿਵ ਸੈਨਾ ਦੁਆਬਾ ਪ੍ਰਧਾਨ ਪੰਡਿਤ ਸ਼ਿਵਮ ਵੈਦ, ਸਨਾਤਨ ਧਰਮ ਸਭਾ ਕਲੋਇਆਂ ਦੇ ਪ੍ਰਧਾਨ ਆਕਾਸ਼ ਰਾਣਾ, ਯੁਵਾ ਨੇਤਾ ਹਰਜੀਤ ਸਿੰਘ ਬਘੇਲ, ਬੇਟ ਏਰੀਆ ਪ੍ਰਧਾਨ ਤੇ ਯੁਵਾ ਜਲੰਧਰ ਇੰਚਾਰਜ ਗਗਨ ਪਰੋਜ, ਹਿੰਦੂ ਨੇਤਾ ਗਿੰਦਾ ਪਰੋਜ, ਯੁਵਾ ਨੇਤਾ ਜਿੰਦਰ ਬਣਿਆਲ, ਹਿੰਦੂ ਨੇਤਾ ਸ਼ੁਭਮ ਮਲਹੋਤਰਾ, ਹਿੰਦੂ ਨੇਤਾ ਜੋਵਨ, ਹਿੰਦੂ ਨੇਤਾ ਗੌਰਵ ਅਤੇ ਵੱਖ ਵੱਖ ਧਾਰਮਿਕ, ਸਮਾਜਿਕ ਤੇ ਸਵੈਸੇਵੀ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਹੋਰ ਸ਼ਿਵ ਸੈਨਾ ਵਰਕਰਾਂ ਨੇ ਜੈ ਕਾਰਾ ਵੀਰ ਬਜਰੰਗੀ- ਹਰ ਹਰ ਮਹਾਦੇਵ ਦੇ ਜੈਕਾਰੇ ਲਗਾਉਂਦੇ ਹੋਏ ਸੰਜੀਵ ਘਨੌਲੀ ਤੇ ਰਜੀਵ ਟੰਡਨ ਨੂੰ ਜੀ ਆਇਆਂ ਕਹਿੰਦੇ ਹੋਏ ਉਨ੍ਹਾਂ ਨੂੰ ਸਨਮਾਨਿਤ ਕੀਤਾ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸੰਜੀਵ ਘਨੌਲੀ ਨੇ ਕਿਹਾ ਕਿ ਪੰਜਾਬ ਵਿੱਚ ਹਰ ਪਾਰਟੀ ਵੱਲੋਂ ਹਿੰਦੂਆਂ ਨਾਲ ਵਿਤਕਰੇ ਦੀ ਭਾਵਨਾ ਨਾਲ ਵਿਵਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਦੋਂ ਵੀ ਵਿਧਾਨ ਸਭਾ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਜਿਸ ਵਿਧਾਨ ਸਭਾ ਵਿੱਚ ਜਿਸ ਵੀ ਬਿਰਾਦਰੀ ਦੀਆਂ ਜ਼ਿਆਦਾ ਵੋਟਾਂ ਹੁੰਦੀਆਂ



ਸੰਜੀਵ ਘਨੌਲੀ ਤੇ ਰਾਜੀਵ ਟੰਡਨ ਨੂੰ ਸਨਮਾਨਿਤ ਕਰਦੇ ਮਿੱਕੀ ਪੰਡਿਤ ਅਤੇ ਹੋਰ।

ਹਨ ਉਸ ਇਲਾਕੇ ਵਿੱਚ ਉਸ ਵਰਗ ਦੇ ਨੇਤਾ ਨੂੰ ਹੀ ਚੋਣ ਟਿਕਟ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬਹੁਤ ਸਾਰੇ ਅਜੇਹੇ ਵਿਧਾਨ ਸਭਾ ਹਲਕੇ ਹਨ ਜਿੱਥੇ ਬ੍ਰਾਹਮਣ ਅਤੇ ਖੱਤਰੀ ਆਦਿ ਦੀ ਆਬਾਦੀ ਬਹੁਤ ਜਿਆਦਾ ਹੈ ਫਿਰ ਉਸ ਹਲਕੇ ਤੋਂ ਕਿਸੇ ਹਿੰਦੂ ਨੇਤਾ ਨੂੰ ਟਿਕਟ ਕਿਉਂ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕਿਹਾ ਕਿ ਹਿੰਦੂਆਂ ਨੂੰ ਸਿਰਫ਼ ਸਰਕਾਰੀ ਟੈਕਸ ਦੇਣ ਵਾਲੀ ਬਰਾਦਰੀ ਹੀ ਸਮਝਿਆ ਜਾਂਦਾ ਹੈ ਜਿਸਨੂੰ ਸ਼ਿਵ ਸੈਨਾ ਪੰਜਾਬ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੰਦੂਆਂ ਨੂੰ ਇੱਕ ਮੰਚ ਤੇ ਇਕੱਠਾ ਕਰਨ ਲਈ 8 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਸ਼ਿਵ ਸੈਨਾ ਪੰਜਾਬ ਵੱਲੋਂ ਇੱਕ ਵਿਸ਼ਾਲ ਹਿੰਦੂ ਮਹਾਸਭਾ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਪੰਜਾਬ ਦੇ ਸਾਰੇ ਹਿੰਦੂ ਸੰਗਠਨਾਂ ਨੂੰ ਸ਼ਾਮਿਲ ਹੋਣ ਦਾ ਸੱਦਾ ਪੱਤਰ ਦਿੱਤਾ ਗਿਆ ਹੈ।

ਰਜੀਵ ਟੰਡਨ ਨੇ ਕਿਹਾ ਕਿ ਅੰਮ੍ਰਿਤਸਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਮਹਾਸਭਾ ਦਾ ਅਸਲ ਮਕਸਦ ਪੰਜਾਬ ਦੇ ਹਿੰਦੂਆਂ ਦੇ ਬਣਦੇ ਹੱਕ ਦਵਾਉਣ ਲਈ ਨਵੀਂ ਰਣਨੀਤੀ ਤਿਆਰ ਕਰਨ ਅਤੇ ਹਿੰਦੂਆਂ ਨੂੰ ਇੱਕ ਮੰਚ ਤੇ ਇਕੱਠਾ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਵਿਸ਼ਾਲ ਇਕੱਠ ਪੰਜਾਬ ਸਰਕਾਰ ਅਤੇ ਬਾਕੀ ਸਿਆਸੀ ਪਾਰਟੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦੇਵੇਗਾ ਕਿ ਪੰਜਾਬ ਵਿੱਚ ਹਿੰਦੂ ਕੌਮ ਵੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੂੰ ਕਈ ਵਾਰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ ਕਿ ਪੰਜਾਬ ਵਿੱਚ ਹਿੰਦੂਆਂ ਦੇ ਬਣਦੇ ਹੱਕ ਉਨ੍ਹਾਂ ਨੂੰ ਦਿੱਤੇ ਜਾਣ ਪਰ ਸਰਕਾਰ ਹਿੰਦੂਆਂ ਦੀਆਂ ਭਾਵਨਾ ਨੂੰ ਅੱਖੋਂ ਪਰੋਖੇ ਕਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਿੰਦੂਆਂ ਨੂੰ ਇੱਕ ਮੰਚ ਤੇ ਇਕੱਠਾ ਕਰਨ ਲਈ ਪੰਜਾਬ ਦੇ ਹਰ ਜਿਲੇ ਵਿੱਚ ਮਹਾਂ ਸਭਾਵਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਹਿੰਦੂਆਂ ਨੂੰ ਜਾਗ੍ਰਿਤ ਕੀਤਾ ਜਾ ਸਕੇ।

ਮਿੱਕੀ ਪੰਡਿਤ ਨੇ ਕਿਹਾ ਕਿ ਹਿੰਦੂਆਂ ਨੂੰ ਇਕੱਠਾ ਕਰਨ ਅਤੇ ਨੌਜਵਾਨ ਪੀੜੀ ਨੂੰ ਸ਼ਿਵ ਸੈਨਾ ਨਾਲ ਜੋੜਨ ਲਈ ਹਰ ਪਿੰਡ ਪਿੰਡ ਤੇ ਕਸਬਿਆਂ ਵਿੱਚ ਨੁੱਕੜ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ ਤਾਂ ਜੋ ਉਨ੍ਹਾਂ ਨੂੰ ਸ਼ਿਵ ਸੈਨ ਪੰਜਾਬ ਦੀਆਂ ਪ੍ਰਾਪਤੀਆਂ ਅਤੇ ਕਾਰਗੁਜ਼ਾਰੀਆਂ ਸਬੰਧੀ ਪੂਰੀ ਤੇ ਸਹੀ ਜਾਣਕਾਰੀ ਦਿੱਤੀ ਜਾ ਸਕੇ। ਉਨ੍ਹਾਂ ਪ੍ਰਧਾਨ ਸੰਜੀਵ ਘਨੌਲੀ ਅਤੇ ਰਜੀਵ ਟੰਡਨ ਨੂੰ ਇਹ ਭਰੋਸਾ ਦਿੱਤਾ ਕਿ 8 ਸਤੰਬਰ ਨੂੰ ਸੈਂਕੜੇ ਸ਼ਿਵ ਸੈਨਾ ਵਰਕਰ ਟਾਂਡਾ ਤੋਂ ਅੰਮ੍ਰਿਤਸਰ ਵਿਖੇ ਮਹਾਸਭਾ ਵਿੱਚ ਸ਼ਾਮਿਲ ਹੋਣਗੇ। ਸਮਾਰੋਹ ਦੇ ਆਖਰ ਵਿੱਚ ਆਏ ਹੋਏ ਮਹਿਮਾਨਾਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

## ਸੀਐੱਮਓ ਭ੍ਰਿਸ਼ਟਾਚਾਰ ਮਾਮਲੇ 'ਚ ਘਿਰੀ ਸਰਕਾਰ

# ਸੁਖਬੀਰ ਬਾਦਲ ਦੀ ਅਗਵਾਈ 'ਚ ਅਕਾਲੀ ਦਲ ਨੇ ਰਾਜਪਾਲ ਕੋਲੋਂ ਕੀਤੀ ਸੀਬੀਆਈ ਜਾਂਚ ਦੀ ਮੰਗ



ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੇ ਇੱਕ ਉੱਚ-ਪੱਧਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਵਫ਼ਦ ਨੇ ਮੁੱਖ ਮੰਤਰੀ ਦਫ਼ਤਰ (ਸੀਐੱਮਓ) ਅੰਦਰ ਸਾਹਮਣੇ ਆਏ ਕਰੋੜਾਂ ਰੁਪਏ ਦੇ ਕਥਿਤ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਦਾ ਮਾਮਲਾ ਉਠਾਉਂਦਿਆਂ ਇਸ ਪੂਰੇ ਘਪਲੇ ਦੀ ਉੱਚ-ਪੱਧਰੀ ਸੀਬੀਆਈ (CBI) ਜਾਂਚ ਕਰਵਾਉਣ ਦੀ ਮੰਗ ਕੀਤੀ।

ਰਾਜਪਾਲ ਨੂੰ ਮੰਗ-ਪੱਤਰ ਸੌਂਪਣ ਉਪਰੰਤ ਸੁਖਬੀਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਪੂਰਾ ਸੱਚ ਜਾਣਨ ਦਾ ਹੱਕ ਹੈ। ਉਨ੍ਹਾਂ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਮਾਮਲੇ ਨੂੰ ਦਬਾਉਣ ਅਤੇ ਦੋਸ਼ੀਆਂ 'ਤੇ ਪਰਦਾ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਦੋਂ ਤੱਕ ਨਿਰਪੱਖ ਜਾਂਚ ਰਾਹੀਂ ਮੁੱਖ ਦੋਸ਼ੀ ਬੇਨਕਾਬ ਨਹੀਂ ਹੁੰਦੇ, ਅਕਾਲੀ ਦਲ ਚੁੱਪ ਨਹੀਂ ਬੈਠੇਗਾ।

### ਕਿਸਾਨਾਂ ਲਈ ਵੱਡਾ ਤੋਹਫ਼ਾ

# ਸੀਐੱਮ ਭਗਵੰਤ ਮਾਨ ਵੱਲੋਂ ਲੁਧਿਆਣਾ 'ਚ ਅਤਿ-ਆਧੁਨਿਕ 'ਬਾਗ਼ਬਾਨੀ ਗਿਆਨ ਕੇਂਦਰ' ਨੂੰ ਹਰੀ ਝੰਡੀ





ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਫ਼ਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦਿੰਦਿਆਂ ਲੁਧਿਆਣਾ ਵਿਖੇ ਇੱਕ ਅਤਿ-ਆਧੁਨਿਕ 'ਬਾਗ਼ਬਾਨੀ ਗਿਆਨ ਕੇਂਦਰ' (Horticulture Knowledge Centre) ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਬੁੱਧਵਾਰ ਨੂੰ ਚੰਡੀਗੜ੍ਹ ਵਿਖੇ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਇਸ ਪ੍ਰਾਜੈਕਟ ਦੀ ਰੂਪ-ਰੇਖਾ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਕੰਮ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਹ ਵਿਸ਼ਵ-ਪੱਧਰੀ ਕੇਂਦਰ ਕਿਸਾਨਾਂ ਨੂੰ ਪਰੰਪਰਾਗਤ ਕਣਕ-ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਕੱਢ ਕੇ ਫ਼ਲਾਂ, ਸਬਜ਼ੀਆਂ ਅਤੇ ਫੁੱਲਾਂ ਦੀ ਆਧੁਨਿਕ ਖੇਤੀ ਵੱਲ ਉਤਸ਼ਾਹਿਤ ਕਰੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕੇਂਦਰ ਰਾਹੀਂ ਕਿਸਾਨਾਂ ਨੂੰ ਨਵੀਂ ਖੇਤੀ ਤਕਨੀਕ, ਉੱਚ ਗੁਣਵੱਤਾ ਵਾਲੇ ਬੀਜ ਅਤੇ ਮੰਡੀਕਰਨ ਦੇ ਹੁਨਰ ਨਾਲ ਜੋੜਿਆ ਜਾਵੇਗਾ, ਤਾਂ ਜੋ ਕਿਸਾਨੀ ਨੂੰ ਮੁੜ ਮੁਨਾਫ਼ੇਯੋਗ ਧੰਦਾ ਬਣਾਇਆ ਜਾ ਸਕੇ।

### ਪੰਜਾਬ ਯੂਨੀਵਰਸਿਟੀ ਚੋਣਾਂ 'ਚ ABVP ਦਾ ਪਰਚਮ

# ਅੰਕਿਤ ਬਿਧਾਨ ਬਣੇ ਵਿਦਿਆਰਥੀ ਕੌਂਸਲ ਦੇ ਪ੍ਰਧਾਨ, ਕੈਂਪਸ 'ਚ ਜ਼ੋਰਦਾਰ ਜਸ਼ਨ





ਚੰਡੀਗੜ੍ਹ : ਪੰਜਾਬ ਯੂਨੀਵਰਸਿਟੀ (PU) ਦੀ ਵਿਦਿਆਰਥੀ ਕੌਂਸਲ ਚੋਣਾਂ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ABVP) ਨੇ ਵੱਡੀ ਜਿੱਤ ਦਰਜ ਕੀਤੀ ਹੈ। ਏਬੀਵੀਪੀ ਉਮੀਦਵਾਰ ਅੰਕਿਤ ਬਿਧਾਨ ਨੇ ਵਿਰੋਧੀ ਧਿਰਾਂ ਨੂੰ ਪਛਾੜਦਿਆਂ ਪ੍ਰਧਾਨਗੀ ਦੇ ਅਹੁਦੇ 'ਤੇ ਸ਼ਾਨਦਾਰ ਜਿੱਤ ਹਾਸਲ ਕੀਤੀ। ਨਤੀਜੇ ਐਲਾਨੇ ਜਾਣ ਤੋਂ ਬਾਅਦ ਯੂਨੀਵਰਸਿਟੀ ਕੈਂਪਸ ਵਿੱਚ ਏਬੀਵੀਪੀ ਅਤੇ ਭਾਈਵਾਲ ਜਥੇਬੰਦੀ 'ਸਟੂਡੈਂਟ ਆਰਗੇਨਾਈਜ਼ੇਸ਼ਨ ਆਫ਼ ਇੰਡੀਆ' (SOI) ਦੇ ਸਮਰਥਕਾਂ ਨੇ ਢੋਲ ਦੀ ਥਾਪ 'ਤੇ ਭੰਗੜਾ ਪਾ ਕੇ ਜਿੱਤ ਦਾ ਜਸ਼ਨ ਮਨਾਇਆ। ਜਿੱਤ ਉਪਰੰਤ ਨਵੇਂ ਚੁਣੇ ਪ੍ਰਧਾਨ ਅੰਕਿਤ ਬਿਧਾਨ ਅਤੇ ਵਿਦਿਆਰਥੀ ਆਗੂਆਂ ਨੇ ਸਮੂਹ ਵਿਦਿਆਰਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਜਿੱਤ ਕੈਂਪਸ ਅੰਦਰ ਵਿਦਿਆਰਥੀ ਹਿੱਤਾਂ ਲਈ ਲੜੀ ਗਈ ਇਮਾਨਦਾਰ ਲੜਾਈ ਦਾ ਨਤੀਜਾ ਹੈ ਅਤੇ ਉਹ ਵਿਦਿਆਰਥੀਆਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਗੇ।

# ਜੀ-20 : ਭਾਰਤ ਵਲੋਂ ਆਰਥਿਕ ਅਸੰਤੁਲਨ ਦੂਰ ਕਰਨ ਦਾ ਸਮਰਥਨ - ਚੀਨ ਨੇ ਜਤਾਇਆ ਵਿਰੋਧ

ਨਿਊਯਾਰਕ : ਭਾਰਤ ਨੇ ਜੀ-20 ਮੀਟਿੰਗ ਦੌਰਾਨ ਆਰਥਿਕ ਵਿਕਾਸ ਨੂੰ ਤੇਜ਼ ਕਰਨ, ਆਲਮੀ ਵਪਾਰਕ ਅਸੰਤੁਲਨ ਦੂਰ ਕਰਨ ਤੇ ਲੋਕਾਂ 'ਚ ਵਿੱਤੀ ਜਾਗਰੂਕਤਾ ਵਧਾਉਣ ਦੀ ਅਮਰੀਕੀ ਪਹਿਲ ਦਾ ਸਮਰਥਨ ਕੀਤਾ ਹੈ। ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਦੁਨੀਆ ਸਾਹਮਣੇ ਖੜ੍ਹੀਆਂ ਆਰਥਿਕ ਚੁਣੌਤੀਆਂ ਬਾਰੇ ਖੁੱਲ੍ਹੀ ਤੇ ਨਿਰਪੱਖ ਚਰਚਾ ਜ਼ਰੂਰੀ ਹੈ। ਉੱਤਰੀ ਕੈਰੋਲੀਨਾ ਦੇ ਐਸ਼ਵਿਲ 'ਚ ਹੋਈ ਮੀਟਿੰਗ ਦੌਰਾਨ ਸੀਤਾਰਮਨ ਨੇ ਅਮਰੀਕੀ ਵਿੱਤ ਮੰਤਰੀ ਸਕਾਟ ਬੈਸੈਂਟ ਨਾਲ ਆਰਥਿਕ ਤੇ ਵਿੱਤੀ ਮੁੱਦਿਆਂ ਉੱਤੇ ਗੱਲਬਾਤ ਕੀਤੀ। ਬੈਸੈਂਟ ਮੁਤਾਬਕ ਜੀ-20 ਦੇ 19 ਮੈਂਬਰਾਂ ਨੇ ਸਰਕਾਰੀ ਸਹਾਇਤਾ ਨਾਲ ਦੁਨੀਆ ਦੇ ਬਾਜ਼ਾਰਾਂ 'ਚ ਭੇਜੇ ਜਾ ਰਹੇ ਸਸਤੇ ਮਾਲ ਨੂੰ ਸਥਾਨਕ ਉਦਯੋਗਾਂ ਤੇ ਰੁਜ਼ਗਾਰ ਲਈ ਨੁਕਸਾਨਦਾਇਕ ਮੰਨਿਆ, ਜਦਕਿ ਚੀਨ ਨੇ ਇਸ ਸਾਂਝੀ ਰਾਇ ਦਾ ਵਿਰੋਧ ਕੀਤਾ। ਚੀਨ ਦਾ ਵਪਾਰਕ ਸਰਪਲੱਸ 2025 'ਚ ਰਿਕਾਰਡ 1.2 ਟ੍ਰਿਲੀਅਨ ਡਾਲਰ ਤੱਕ ਪਹੁੰਚ ਗਿਆ ਸੀ। ਟਰੰਪ ਪ੍ਰਸ਼ਾਸਨ ਚੀਨੀ ਦਰਾਮਦਾਂ ਉੱਤੇ 7.5 ਫ਼ੀਸਦੀ ਵਾਧੂ ਟੈਰਿਫ਼ ਲਾਉਣ ਬਾਰੇ ਵੀ ਵਿਚਾਰ ਕਰ ਰਿਹਾ ਹੈ। ਇਸ ਦੌਰਾਨ ਕੌਮਾਂਤਰੀ ਮੁਦਰਾ ਫੰਡ ਦੀ ਮੁਖੀ ਕ੍ਰਿਸਟਾਲੀਨਾ ਜਾਰਜੀਵਾ ਨੇ ਭਾਰਤ ਦੀ ਮਜ਼ਬੂਤ ਆਰਥਿਕ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ। ਭਾਰਤ ਨੇ 2026-27 ਦੀ ਪਹਿਲੀ ਤਿਮਾਹੀ 'ਚ 7.8 ਫ਼ੀਸਦੀ ਵਿਕਾਸ ਦਰ ਦਰਜ ਕੀਤੀ ਹੈ। ਭਾਰਤੀ ਵਿੱਤ ਮੰਤਰੀ ਨੇ ਯੂਰਪੀ ਸੰਘ ਨਾਲ ਮੁਕਤ ਵਪਾਰ ਸਮਝੌਤੇ ਅਤੇ ਪੋਲੈਂਡ, ਕਤਰ, ਦੱਖਣੀ ਕੋਰੀਆ ਤੇ ਰੂਸ ਨਾਲ ਵਪਾਰ, ਨਿਵੇਸ਼, ਊਰਜਾ ਤੇ ਤਕਨਾਲੋਜੀ ਸਹਿਯੋਗ ਵਧਾਉਣ ਬਾਰੇ ਵੀ ਗੱਲਬਾਤ ਕੀਤੀ। ਅਮਰੀਕਾ ਵਲੋਂ ਰੂਸੀ ਵਿੱਤ ਮੰਤਰੀ ਨੂੰ ਸੱਦਾ ਦੇਣ 'ਤੇ ਜੀ-20 'ਚ ਤਣਾਅ ਜੀ-20 ਬੈਠਕ ਦੌਰਾਨ ਰੂਸ ਦੇ ਵਿੱਤ ਮੰਤਰੀ ਐਂਟਨ ਸਿਲੂਆਨੋਵ ਦੀ ਹਾਜ਼ਰੀ ਨੂੰ ਲੈ ਕੇ ਯੂਰਪੀ ਦੇਸ਼ਾਂ ਤੇ ਅਮਰੀਕਾ ਵਿਚਾਲੇ ਅਸਹਿਮਤੀ ਸਾਹਮਣੇ ਆਈ ਹੈ। ਯੂਕਰੇਨ ਦੇ ਕਈ ਸਹਿਯੋਗੀ ਦੇਸ਼ਾਂ ਨੇ ਪਾਬੰਦੀਆਂ ਹੇਠ ਆਏ ਰੂਸੀ ਮੰਤਰੀ ਨੂੰ ਬੈਠਕ 'ਚ ਸੱਦਣ ਉੱਪਰ ਇਤਰਾਜ਼ ਜਤਾਇਆ। ਅਮਰੀਕਾ ਨੇ ਸਿਲੂਆਨੋਵ ਉੱਪਰ ਅਪ੍ਰੈਲ 2022 ' ਚ ਪਾਬੰਦੀਆਂ ਲਗਾਈਆਂ ਸਨ। ਯੂਕਰੇਨ ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਉਨ੍ਹਾਂ ਦੀ ਅਮਰੀਕੀ ਧਰਤੀ ਉੱਪਰ ਪਹਿਲੀ ਜੀ-20 ਬੈਠਕ ਸੀ। ਯੂਰਪੀ ਦੇਸ਼ਾਂ ਦੀ ਨਾਰਾਜ਼ਗੀ ਤੋਂ ਬਾਅਦ ਸਿਲੂਆਨੋਵ ਨੂੰ ਬੈਠਕ 'ਚ ਸ਼ਾਮਲ ਵਿੱਤ ਮੰਤਰੀਆਂ ਦੀ ਸਾਂਝੀ ਤਸਵੀਰ ਤੋਂ ਬਾਹਰ ਰੱਖਿਆ ਗਿਆ। ਇਸ ਦੇ ਬਾਵਜੂਦ ਰੂਸੀ ਮੰਤਰੀ ਨੇ ਬੈਠਕ ਨੂੰ ਸੰਬੋਧਨ ਕੀਤਾ ਤੇ ਅਮਰੀਕੀ ਖ਼ਜ਼ਾਨਾ ਮੰਤਰੀ ਸਕਾਟ ਬੈਸੈਂਟ ਨਾਲ ਵੱਖਰੀ ਮੁਲਾਕਾਤ ਵੀ ਕੀਤੀ।

# ਭਾਜਪਾ ਪੰਜਾਬ ਇੰਚਾਰਜ ਸਤੀਸ਼ ਪੂਨੀਆ ਨੇ ਸ੍ਰੀ ਹਰਿਮੰਦਰ ਸਾਹਿਬ ਟੇਕਿਆ ਮੱਥਾ

### ਸਰਬੱਤ ਦੇ ਭਲੇ ਲਈ ਕੀਤੀ ਅਰਦਾਸ





ਅੰਮ੍ਰਿਤਸਰ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਡਾ. ਸਤੀਸ਼ ਪੂਨੀਆ ਨੇ ਬੁੱਧਵਾਰ ਨੂੰ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਪ੍ਰਗਟਾਈ। ਉਨ੍ਹਾਂ ਨੇ ਪਵਿੱਤਰ ਪਰਕਰਮਾ ਕਰਦਿਆਂ ਗੁਰਬਾਣੀ ਕੀਰਤਨ ਸਰਵਣ ਕੀਤਾ ਅਤੇ ਸੂਬੇ ਵਿੱਚ ਅਮਨ-ਸ਼ਾਂਤੀ, ਆਪਸੀ ਭਾਈਚਾਰੇ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਸੀਨੀਅਰ ਸਥਾਨਕ ਆਗੂ ਵੀ ਮੌਜੂਦ ਸਨ। ਗੁਰੂ ਘਰ ਵਿਖੇ ਦਰਸ਼ਨਾਂ ਉਪਰੰਤ ਪੂਨੀਆ ਨੇ ਕਿਹਾ ਕਿ ਪਵਿੱਤਰ ਧਰਤੀ 'ਤੇ ਆ ਕੇ ਉਨ੍ਹਾਂ ਨੂੰ ਅਲੌਕਿਕ ਮਾਨਸਿਕ ਸ਼ਾਂਤੀ ਅਤੇ ਨਵੀਂ ਊਰਜਾ ਪ੍ਰਾਪਤ ਹੋਈ ਹੈ।

# ਗੁਰਦੁਆਰਾ ਨਿਸ਼ਕਾਮ ਸੇਵਕ ਜਥਾ ਵਿਖੇ ਵਿਸ਼ੇਸ਼ ਸ਼ਸਤਰ ਦਰਸ਼ਨ ਸਮਾਗਮ

ਬਰਮਿੰਘਮ : ਗੁਰਦੁਆਰਾ ਨਿਸ਼ਕਾਮ ਸੇਵਕ ਜਥਾ ਵਿਖੇ ਵਿਸ਼ੇਸ਼ ਸ਼ਸਤਰ ਦਰਸ਼ਨ ਸਮਾਗਮ ਕਰਵਾਇਆ ਗਿਆ, ਜਿਸ ਵਿਚ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ, ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ । ਇਸ ਮੌਕੇ ਗੁਰੂ ਨਿਸ਼ਕਾਮ ਸੇਵਕ ਜਥੇ ਦੇ ਭਾਈ ਸਾਹਿਬ ਭਾਈ ਮੋਹਿੰਦਰ ਸਿੰਘ ਵਲੋਂ ਬਾਬਾ ਬਲਬੀਰ ਸਿੰਘ ਤੇ ਉਨ੍ਹਾਂ ਦੇ ਨਾਲ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਦਾ ਨਿੱਘਾ ਸਵਾਗਤ ਕੀਤਾ ਗਿਆ । ਸਮਾਗਮ ਵਿਚ ਬਾਬਾ ਜਸਵਿੰਦਰ ਸਿੰਘ ਜੱਸੀ, ਜਥੇਦਾਰ ਬੁੱਢਾ ਦਲ ਯੂ.ਐੱਸ.ਏ., ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲੇ ਅਤੇ ਭਾਈ ਕੀਰਤਰਾਜ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ । ਇਸ ਮੌਕੇ ਸੰਗਤਾਂ ਨੂੰ ਗੁਰੂ ਸਾਹਿਬਾਨ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਪਵਿੱਤਰ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ ।



ਇਤਿਹਾਸ ਦੇ ਲਹੂ-ਭਿੱਜੇ ਪੰਨਿਆਂ ਦੀ ਗਵਾਹੀ

ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਅਤੇ ਵਿਰਸੇ ਨੂੰ ਭੁੱਲ ਜਾਂਦੀਆਂ ਹਨ, ਇਤਿਹਾਸ ਦੇ ਪੰਨਿਆਂ ਵਿੱਚ ਉਨ੍ਹਾਂ ਦੀ ਹਸਤੀ ਮਿਟ ਜਾਂਦੀ ਹੈ। ਅਜ਼ਾਦੀ ਕੋਈ ਅਚਾਨਕ ਮਿਲਿਆ ਤੋਹਫ਼ਾ ਨਹੀਂ, ਸਗੋਂ ਇਹ ਉਨ੍ਹਾਂ ਅਣਗਿਣਤ ਕ੍ਰਾਂਤੀਕਾਰੀਆਂ ਦੇ ਸਿਰਾਂ ਦੀ ਭੇਟਾ ਹੈ ਜਿਨ੍ਹਾਂ ਨੇ ਹੱਸ-ਹੱਸ ਕੇ ਫ਼ਾਂਸੀ ਦੇ ਰੱਸੇ ਚੁੰਮੇ, ਕਾਲੇ ਪਾਣੀ ਦੀਆਂ ਦਰਦਨਾਕ ਤਸੀਹਿਆਂ ਭਰੀਆਂ ਕੋਠੜੀਆਂ ਕੱਟੀਆਂ ਅਤੇ ਦੇਸ਼ ਦੀ ਖ਼ਾਤਰ ਆਪਣਾ ਸਭ ਕੁਝ ਵਾਰ ਦਿੱਤਾ। ਇਸੇ ਅਜ਼ੀਮ ਵਿਰਸੇ ਅਤੇ ਸ਼ਹਾਦਤਾਂ ਦੀ ਪਵਿੱਤਰ ਖ਼ੁਸ਼ਬੂ ਨੂੰ ਨਵੀਂ ਪੀੜ੍ਹੀ ਦੀ ਰੂਹ ਤੱਕ ਪਹੁੰਚਾਉਣ ਦਾ ਇੱਕ ਸ਼ਲਾਘਾਯੋਗ ਯਤਨ ਹੈ—ਸ੍ਰੀ ਐਚ. ਐਲ. ਕਪੂਰ ਜੀ ਦੀ ਪੁਸਤਕ 'ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ'। ਇਹ ਕੇਵਲ ਘਟਨਾਵਾਂ ਜਾਂ ਤਾਰੀਖ਼ਾਂ ਦਾ ਸੰਗ੍ਰਹਿ ਨਹੀਂ, ਸਗੋਂ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਹਿਲਾਉਣ ਵਾਲੇ 18 ਜੁਝਾਰੂ ਯੋਧਿਆਂ ਦੀ ਅਣਖ, ਕੁਰਬਾਨੀ ਅਤੇ ਦੇਸ਼-ਭਗਤੀ ਦਾ ਇੱਕ ਅਜਿਹਾ ਦਸਤਾਵੇਜ਼ ਹੈ ਜੋ ਪਾਠਕ ਦੇ ਰੌਂਗਟੇ ਖੜ੍ਹੇ ਕਰ ਦਿੰਦਾ ਹੈ। ਸਾਨੂੰ ਮਾਣ ਹੈ ਕਿ ਅਸੀਂ ਅੱਜ ਆਪਣੇ ਪਾਠਕਾਂ ਦੇ ਰੂਬਰੂ ਇਸ ਇਤਿਹਾਸਕ ਪੁਸਤਕ ਦੀ ਸਮੀਖਿਆ ਪੇਸ਼ ਕਰ ਰਹੇ ਹਾਂ, ਜਿਸ ਨੂੰ ਉੱਘੇ ਹਿੰਦੀ ਨਾਵਲਕਾਰ ਅਤੇ ਲੇਖਕ ਦੇ ਬਚਪਨ ਦੇ ਸਾਥੀ ਸ੍ਰੀ ਚਰਨ ਆਨੰਦ (ਸੈਕਰਾਮੈਂਟੋ, ਅਮਰੀਕਾ) ਨੇ ਬੜੀ ਗਹਿਰਾਈ, ਇਤਿਹਾਸਕ ਦ੍ਰਿਸ਼ਟੀ ਅਤੇ ਦਿਲੀ ਸਾਂਝ ਨਾਲ ਕਲਮਬੰਦ ਕੀਤਾ ਹੈ। ਇਹ ਸਮੀਖਿਆ ਨਾ ਸਿਰਫ਼ ਪੁਸਤਕ ਦੇ ਅੰਦਰਲੇ ਤੱਤ ਨੂੰ ਬਾਖ਼ੂਬੀ ਉਭਾਰਦੀ ਹੈ, ਸਗੋਂ ਆਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬੀਆਂ ਅਤੇ ਬੰਗਾਲੀਆਂ ਦੇ ਬੇਮਿਸਾਲ ਯੋਗਦਾਨ ਦੀ ਤਸਵੀਰ ਵੀ ਸਾਫ਼ ਬਿਆਨ ਕਰਦੀ ਹੈ। ਆਓ, ਇਸ ਸਮੀਖਿਆ ਰਾਹੀਂ ਆਪਣੇ ਸ਼ਹੀਦਾਂ ਦੀ ਅਮਰ ਗਾਥਾ ਨਾਲ ਜੁੜੀਏ ਅਤੇ ਉਸ ਸੰਘਰਸ਼ ਨੂੰ ਸਿਜਦਾ ਕਰੀਏ ਜਿਸ ਦੇ ਸਦਕਾ ਅੱਜ ਅਸੀਂ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਹੇ ਹਾਂ। -ਸਤਨਾਮ ਸਿੰਘ ਖਾਲਸਾ

## ਪੁਸਤਕ ਸਮੀਖਿਆ

# ਪੁਸਤਕ ਦਾ ਨਾਂ : ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ



ਕਾਲਮਨਵੀਸ ਸੰਪਾਦਕ ਤੇ ਲੇਖਕ
ਸ੍ਰੀ ਐਚ.ਐਲ. ਕਪੂਰ M.A. B.Ed.

**ਸੰਪਾਦਕ ਤੇ ਲੇਖਕ : ਸ੍ਰੀ ਐਚ.ਐਲ. ਕਪੂਰ M.A. B.Ed.**
**ਸਮੀਖਿਆਕਾਰ : ਚਰਨ ਆਨੰਦ ਨਾਵਲਕਾਰ (ਹਿੰਦੀ), ਸੈਕਰਾਮੈਂਟੋ (USA)**
**ਪੰਨੇ : ਪਹਿਲਾ ਐਡੀਸ਼ਨ 254 ਤੇ ਦੂਸਰਾ ਐਡੀਸ਼ਨ 256**

ਇਸ ਕਿਤਾਬ ਦੇ ਲੇਖਕ ਸ੍ਰੀ ਐਚ. ਐਲ. ਕਪੂਰ ਜੀ ਹਨ ਤੇ ਉਹ ਅਮਰੀਕਾ ਸਥਿਤ ਲਿਖਾਰੀ ਹਨ। ਉਹ ਪੰਜਾਬ ਸਰਕਾਰ ਦੇ ਸੀਨੀਅਰ ਸੈਕੰਡਰੀ ਸਿੱਖਿਆ ਵਿਭਾਗ ਦੇ ਅਧਿਆਪਨ ਖੇਤਰ ਚੋਂ ਸੇਵਾ-ਮੁਕਤ ਹੋਣ ਉਪਰੰਤ, ਅੱਜ-ਕੱਲ ਕੈਲੀਫੋਰਨੀਆ ਦੇ ਸ਼ਹਿਰ ਸੈਕਰਾਮੈਂਟੋ ਵਿਖੇ ਨਿਵਾਸ ਕਰਦੇ ਹਨ। ਇਸ ਤੋਂ ਪਹਿਲਾਂ ਉਹ ਪੰਜਾਬ ਦੇ ਸ਼ਹਿਰ ਜਲੰਧਰ 'ਚ ਨਿਵਾਸ ਕਰਦੇ ਸਨ। ਇਨ੍ਹਾਂ ਦੀ ਉਕਤ ਕਿਤਾਬ ਦਾ ਸਮੀਖਿਆਕਾਰ ਹੋਣ ਦੇ ਨਾਲ-ਨਾਲ ਮੈਂ (ਚਰਨ ਆਨੰਦ) ਉਨ੍ਹਾਂ ਦਾ ਬਚਪਨ ਦਾ ਬਹੁਤ ਨੇੜਲਾ ਸਾਥੀ ਹਾਂ। ਉਹ ਬੜੇ ਲੰਬੇ ਸਮੇਂ ਤੋਂ, ਸਮਾਜਿਕ ਤੇ ਇਤਿਹਾਸਕ ਖੋਜ ਭਰਪੂਰ ਵਿਸ਼ਿਆਂ 'ਤੇ ਭਾਰਤ ਤੇ ਅਮਰੀਕਾ ਦੀਆਂ ਅਖ਼ਬਾਰਾਂ ਤੇ ਰਸਾਲਿਆਂ 'ਚ ਲਿਖਦੇ ਰਹੇ ਹਨ। ਉਨ੍ਹਾਂ ਨੇ ਆਪਣੇ ਇਨ੍ਹਾਂ ਛਪੇ ਲੇਖਾਂ ਵਿੱਚੋਂ ਹੀ, ਆਪਣੇ ਚੋਣਵੇਂ ਇਤਿਹਾਸਕ ਨਿਬੰਧਾਂ (ਜਿਨ੍ਹਾਂ ਦਾ ਭਾਰਤ ਦੀ ਸੁਤੰਤਰਤਾ ਦੀ ਲੜਾਈ ਦੇ ਸੰਘਰਸ਼ ਨਾਲ ਸਬੰਧ ਸੀ) ਨੂੰ ਇਕੱਤਰ ਕਰਕੇ, 'ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ' ਸਿਰਲੇਖ ਹੇਠ ਆਪਣੀ ਪਲੇਠੀ ਪੁਸਤਕ ਨੂੰ ਪਾਠਕਾਂ ਦੇ ਰੂਬਰੂ ਕੀਤਾ ਹੈ।

ਅਸੀਂ ਜਦੋਂ ਭਾਰਤ ਦੇ ਇਤਿਹਾਸਕ ਪਿਛੋਕੜ 'ਤੇ ਝਾਤ ਮਾਰਦੇ ਹਾਂ ਤਾਂ ਇਹ ਗੱਲ ਭਲੀ-ਭਾਂਤ ਸਾਡੇ ਸਾਹਮਣੇ ਆਉਂਦੀ ਹੈ ਕਿ ਪਹਿਲਾਂ ਅਸੀਂ ਬੜਾ ਲੰਮਾ ਸਮਾਂ ਇਸਲਾਮ ਤੇ ਫਿਰ ਅੰਗਰੇਜ਼ਾਂ ਦੇ ਗੁਲਾਮ ਰਹੇ ਹਾਂ। ਭਾਰਤ ਨੇ ਇਹ ਸੰਤਾਪ ਆਪਣੇ ਸਰੀਰਾਂ 'ਤੇ ਹੰਢਾਇਆ ਹੈ। ਇਸ ਮਾਨਸਿਕ ਤੇ ਸਰੀਰਕ ਕਸ਼ਟਾਂ ਤੋਂ ਮੁਕਤੀ ਪਾਉਣ ਲਈ, ਸਮੁੱਚੇ ਭਾਰਤ ਵਾਸੀਆਂ ਨੂੰ ਬਹੁਤ ਲੰਬਾ ਸਮਾਂ ਸੰਘਰਸ਼ ਕਰਨਾ ਪਿਆ। ਭਾਰਤੀਆਂ ਨੂੰ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ, ਵੱਖ-ਵੱਖ ਵਿਦਵਾਨਾਂ ਦੀਆਂ ਲਿਖਤਾਂ ਨੇ ਵੀ ਆਪਣਾ ਯੋਗਦਾਨ ਪਾ ਕੇ ਜਾਗਰੂਕ ਕੀਤਾ ਤੇ ਇਸ ਤਰ੍ਹਾਂ ਰਾਸ਼ਟਰਵਾਦ ਦੀ ਭਾਵਨਾ ਪੈਦਾ ਹੋਈ।

ਇਸ ਪੁਸਤਕ ਵਿੱਚ ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਦੇ 1857 ਦੇ ਗ਼ਦਰ, ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਮਦਨ ਲਾਲ ਢੀਂਗਰਾ ਅਤੇ ਸੁਭਾਸ਼ ਚੰਦਰ ਬੋਸ ਜੀ ਸਮੇਤ, ਉਮਦਾ 18 ਸੰਘਰਸ਼ੀ ਯੋਧਿਆਂ ਦੀ ਇਤਿਹਾਸਕ ਮਾਣਮੱਤੀ ਦਾ ਵਰਣਨ ਦਰਜ ਕੀਤਾ ਹੈ। ਉਨ੍ਹਾਂ ਨੇ ਆਪਣਾ ਸਿਰ ਤਲੀ 'ਤੇ ਰੱਖ ਕੇ, ਆਪਣਾ ਘਰ-ਬਾਰ ਤਿਆਗ ਕੇ, ਬਿਖੜੇ ਪੈਂਡੇ ਨੂੰ ਤੈਅ ਕਰਕੇ, ਮੌਤ ਲਾੜੀ ਵਿਆਹੀ ਤੇ ਆਪਾ ਦੇਸ਼ ਲਈ ਸਮਰਪਿਤ ਕਰ ਦਿੱਤਾ। ਪੁਲਿਸ ਦਾ ਤਸ਼ੱਦਦ ਸਹਿਆ, ਅਨੇਕਾਂ ਤਸੀਹੇ ਝੱਲੇ, ਜ਼ਮੀਨਾਂ-ਜਾਇਦਾਦਾਂ ਜ਼ਬਤ ਹੋ ਗਈਆਂ, ਪਰਿਵਾਰ ਰੁਲ ਗਏ। ਇਸ ਤਰ੍ਹਾਂ ਬੜੇ ਲੰਬੇ ਸੰਘਰਸ਼ ਬਾਅਦ, ਸ਼ਹੀਦਾਂ ਦਾ 1947 'ਚ ਅਜ਼ਾਦੀ ਦਾ ਸੁਪਨਾ ਪੂਰਾ ਹੋਇਆ।

ਭਾਰਤੀਆਂ ਵਿੱਚ ਰਾਸ਼ਟਰਵਾਦ ਦੀ ਭਾਵਨਾ ਭਾਵੇਂ ਉਨੀਵੀਂ ਸਦੀ ਦੇ ਅੱਧ 'ਚ ਸ਼ੁਰੂ ਹੁੰਦੀ ਹੈ ਪਰ ਇਹ ਆਪਣੇ ਜੋਬਨ 'ਤੇ ਉਸ ਸਮੇਂ ਆਉਂਦੀ ਹੈ ਜਦੋਂ 1885 ਈਸਵੀ 'ਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਹੁੰਦੀ ਹੈ। ਭਾਵੇਂ ਕਾਂਗਰਸ ਦੇ ਦੋ ਧੜੇ ਬਣ ਜਾਂਦੇ ਹਨ—ਗਰਮ ਦਲ ਤੇ ਨਰਮ ਦਲ, ਪਰ ਇਹ ਦੋਵੇਂ ਧੜੇ ਰਾਸ਼ਟਰਵਾਦ ਦੇ ਹਾਮੀ ਸਨ ਤੇ ਇਹ ਦੋਵੇਂ ਦਲ ਆਪਣੇ-ਆਪਣੇ ਤਰੀਕੇ ਨਾਲ ਦੇਸ਼ ਨੂੰ ਅਜ਼ਾਦ ਕਰਾਉਣ ਦੀ ਗੱਲ ਕਰਦੇ ਸਨ। 1920 'ਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਰਾਸ਼ਟਰਪਿਤਾ ਮਹਾਤਮਾ ਗਾਂਧੀ ਜੀ ਪਾਸ ਆ ਜਾਂਦੀ ਹੈ। ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਕਈ ਅੰਦੋਲਨ ਚਲਾਏ ਤੇ ਉਹ ਕਈ ਵਾਰ ਜੇਲ੍ਹ 'ਚ ਵੀ ਗਏ। ਪਰ ਉਨ੍ਹਾਂ ਦੇ ਤਿੰਨ ਅੰਦੋਲਨ—1920-22 ਤੱਕ ਨਾ-ਮਿਲਵਰਤਨ ਅੰਦੋਲਨ/ਸਿਵਲ ਨਾ-ਫ਼ਰਮਾਨੀ, 1930 ਦਾ 'ਡਾਂਡੀ ਮਾਰਚ ਲੂਣ ਦਾ ਅੰਦੋਲਨ' ਤੇ 1942 ਈਸਵੀ ਦਾ 'ਭਾਰਤ ਛੱਡੋ ਅੰਦੋਲਨ' ਬਹੁਤ ਵੱਡੇ ਅੰਦੋਲਨ ਸਨ। ਇਨ੍ਹਾਂ ਅੰਦੋਲਨਾਂ ਨੇ ਭਾਰਤ ਦੇ ਹਰ ਨਾਗਰਿਕ ਨੂੰ ਝੰਜੋੜ ਕੇ ਰੱਖ ਦਿੱਤਾ। ਅੰਗਰੇਜ਼ ਸਮਝ ਗਏ ਸਨ ਕਿ ਹੁਣ ਸਾਡੇ ਲਈ ਭਾਰਤ ਨੂੰ ਗੁਲਾਮ ਬਣਾ ਕੇ, ਇਸ 'ਤੇ ਬਹੁਤੀ ਦੇਰ ਤੱਕ ਰਾਜ ਨਹੀਂ ਕੀਤਾ ਜਾ ਸਕਦਾ।

ਸੁਭਾਸ਼ ਚੰਦਰ ਬੋਸ ਜੀ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਮੁੱਢਲੇ ਨੇਤਾਵਾਂ 'ਚੋਂ ਇਕ ਬਹੁਤ ਹੀ ਜੁਝਾਰੂ ਰਾਸ਼ਟਰਵਾਦੀ ਨੇਤਾ ਸਨ। ਉਨ੍ਹਾਂ ਨੂੰ ਇਸ ਸੰਗਰਾਮ ਦੇ ਰੀਅਲ ਹੀਰੋ ਕਿਹਾ ਜਾਂਦਾ ਹੈ। ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਾਉਣ ਲਈ 'ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦੇਵਾਂਗਾ' ਦਾ ਨਾਅਰਾ ਦਿੱਤਾ। ਉਨ੍ਹਾਂ ਦੀ ਇਸ ਭਾਵਨਾ ਨੇ ਦੇਸ਼ 'ਚ ਰਾਸ਼ਟਰਵਾਦੀ ਸੋਚ ਦਾ ਹੜ੍ਹ ਲਿਆਂਦਾ ਤੇ ਉਨ੍ਹਾਂ ਦੀ ਆਈ.ਐਨ.ਏ. ਫ਼ੌਜ ਨੇ ਜਾਪਾਨ ਦੀ ਸਹਾਇਤਾ ਨਾਲ ਅੰਡੇਮਾਨ ਤੇ ਨਿਕੋਬਾਰ ਦੇ ਟਾਪੂਆਂ 'ਤੇ ਕਬਜ਼ਾ ਕਰ ਲਿਆ। ਇਸ ਹਮਲੇ ਨਾਲ ਅੰਗਰੇਜ਼ ਸਰਕਾਰ ਬਹੁਤ ਡਰ ਗਈ ਤੇ ਉਨ੍ਹਾਂ ਨੇ ਆਪਣਾ ਮਨ ਬਣਾ ਲਿਆ ਕਿ ਹੁਣ ਭਾਰਤ ਨੂੰ ਬਹੁਤੀ ਦੇਰ ਗੁਲਾਮ ਨਹੀਂ ਰੱਖਿਆ ਜਾ ਸਕਦਾ।

ਜੇਕਰ ਸਮੁੱਚੇ ਭਾਰਤ ਦੇਸ਼ ਦੇ ਲੋਕਾਂ ਦੀ ਰਾਸ਼ਟਰਵਾਦੀ ਸੋਚ ਨਾ ਬਣਦੀ ਤਾਂ ਸਾਨੂੰ ਹੋਰ ਲੰਮਾ ਸਮਾਂ ਗੁਲਾਮੀ ਭੋਗਣੀ ਪੈਂਦੀ। ਇਸ ਰਾਸ਼ਟਰਵਾਦੀ ਸੋਚ ਨੇ ਹੀ ਦੇਸ਼ ਦੀ ਅਜ਼ਾਦੀ



ਸਮੀਖਿਆਕਾਰ
ਚਰਨ ਆਨੰਦ ਨਾਵਲਕਾਰ (ਹਿੰਦੀ), ਸੈਕਰਾਮੈਂਟੋ (USA)

ਦਾ ਮੁੱਢ ਬੰਨ੍ਹਿਆ ਹੈ। ਪੰਜਾਬੀਆਂ ਤੇ ਬੰਗਾਲੀਆਂ ਨੇ ਇਸ ਅਜ਼ਾਦੀ ਦੇ ਸੰਗਰਾਮ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਉੱਥੇ ਹੀ ਦੇਸ਼ ਦੀ ਵੰਡ ਸਮੇਂ ਹੋਏ ਕਤਲੇਆਮ 'ਚ ਵੀ ਇਨ੍ਹਾਂ ਦੋਹਾਂ ਸੂਬਿਆਂ ਦਾ ਬਹੁਤ ਵੱਡਾ ਜਾਨੀ-ਮਾਲੀ ਨੁਕਸਾਨ ਹੋਇਆ। ਕਿਸੇ ਸ਼ਾਇਰ ਦੀਆਂ ਇਹ ਸਤਰਾਂ ਇਸ ਗੱਲ ਦੀ ਹਾਮੀ ਭਰਦੀਆਂ ਹਨ:

**ਬਹਿ ਕੇ ਢਹਿ ਢੇਰੀ ਤੇ ਝੂਰ ਨਾ,**
**ਇਹ ਤਾਂ ਗੇੜ ਸਮੇਂ ਦਾ ਹੈ।**
**ਦੋਨੋਂ ਹੀ ਕੱਲ੍ਹ ਮਰਦੇ ਭੁੱਖੇ,**
**ਹਾਣੀ ਵੀ ਤੇ ਪਾਲੀ ਵੀ।**
**ਯੂ.ਪੀ. ਦਾ ਸਰਬਾਣਾ ਲੈ ਗਿਆ,**
**ਅਜ਼ਾਦੀ ਦੀ ਲਾੜ੍ਹੀ ਨੂੰ।**
**ਭੇਟ ਸਿਰਾਂ ਦੀ ਦਿੰਦੇ ਰਹਿ ਗਏ,**
**ਪੰਜਾਬੀ ਤੇ ਬੰਗਾਲੀ ਵੀ।**

ਹੱਥਲੀ ਪੁਸਤਕ ਸਤਿਕਾਰਤ ਐਚ. ਐਲ. ਕਪੂਰ ਜੀ ਨੇ ਬੜੀ ਮੁਸ਼ੱਕਤ ਤੋਂ ਬਾਅਦ ਤਿਆਰ ਕੀਤੀ ਹੈ। ਮੇਰੇ ਵੱਲੋਂ ਦਿੱਤਾ ਗਿਆ ਉਕਤ ਵੇਰਵਾ ਸੰਖੇਪ ਹੈ ਪਰ ਕਿਤਾਬ ਦੇ ਲੇਖਕ ਨੇ ਬੜੇ ਵਿਸਥਾਰ 'ਚ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਤੇ ਜੁਝਾਰੂ ਕ੍ਰਾਂਤੀਕਾਰੀਆਂ ਦੀਆਂ ਜੀਵਨੀਆਂ 'ਤੇ ਖੁੱਲ੍ਹ ਕੇ ਚਰਚਾ ਕੀਤੀ ਹੈ।




ਇਨ੍ਹਾਂ ਵਤਨ-ਪ੍ਰਸਤਾਂ ਬਾਰੇ ਸੰਖੇਪ ਜਾਣਕਾਰੀ ਆਮ ਕਿਤਾਬਾਂ 'ਚੋਂ ਮਿਲਣੀ ਸੁਭਾਵਿਕ ਹੈ ਪਰ ਲੇਖਕ ਨੂੰ ਇਸ ਪੁਸਤਕ ਵਿੱਚ ਦਰਜ ਵਿਸਥਾਰਤ ਮਸਾਲਾ ਇਕੱਠਾ ਕਰਨ ਲਈ ਦਰਜਨਾਂ ਕਿਤਾਬਾਂ ਅਤੇ ਡਿਜੀਟਲ ਮੀਡੀਆ ਤੋਂ ਵੱਡੀ ਮਿਹਨਤ ਕਰਨੀ ਪਈ। ਉਹ ਖ਼ਾਸ ਜਾਂ ਗੁੱਝੀ ਜਾਣਕਾਰੀ ਜੋ ਆਮ ਕਿਤਾਬਾਂ ਵਿੱਚ ਨਹੀਂ ਮਿਲਦੀ, ਇਸ ਪੁਸਤਕ ਵਿੱਚ ਪੜ੍ਹਨ ਨੂੰ ਮਿਲਦੀ ਹੈ, ਜੋ ਕਿ ਲੇਖਕ ਦੀ ਵੱਡੀ ਪ੍ਰਾਪਤੀ ਹੈ। ਕਿਤਾਬ ਪੜ੍ਹਦਿਆਂ ਪਾਠਕਾਂ 'ਚ ਵਤਨ-ਪ੍ਰਸਤੀ ਦੀ ਭਾਵਨਾ ਪ੍ਰਬਲ ਹੁੰਦੀ ਹੈ। ਅਜੋਕੀ ਪੀੜ੍ਹੀ ਨੂੰ ਹੱਥਲੀ ਪੁਸਤਕ ਪੜ੍ਹ ਕੇ ਆਪਣੇ ਸ਼ਹੀਦਾਂ ਬਾਰੇ ਜਾਣੂ ਹੋਣਾ ਚਾਹੀਦਾ ਹੈ।

ਪੁਸਤਕ ਦੇ ਅਖ਼ੀਰ ਵਿੱਚ ਸ਼ਹੀਦ ਕੂਕਿਆਂ, ਪਹਿਲੇ ਲਾਹੌਰ ਸਾਜ਼ਿਸ਼ ਕੇਸ, ਕਾਲੇ ਪਾਣੀ ਦੀਆਂ ਸਜ਼ਾਵਾਂ, 1915 'ਚ ਫ਼ਾਂਸੀ 'ਤੇ ਲਟਕਾਏ ਜਾਣ ਵਾਲੇ ਸਾਰੇ ਸਰਫ਼ਰੋਸ਼ਾਂ ਦੇ ਨਾਮ ਤੇ ਪਤੇ ਸਮੇਤ ਫ਼ੋਟੋਆਂ ਵੀ ਕਿਤਾਬ ਦੇ ਮਿਆਰ ਨੂੰ ਵਧਾਉਂਦੀਆਂ ਹਨ।

ਇਤਿਹਾਸ ਲਿਖਣਾ ਅਤੇ ਸਾਹਿਤ ਰਚਨਾ ਦੋਵੇਂ ਕਠਿਨ ਮਿਹਨਤ ਅਤੇ ਤਪੱਸਿਆ ਮੰਗਦੇ ਹਨ। ਇਹ ਸ਼ੌਕ, ਰੁਚੀ ਅਤੇ ਸਾਧਨਾ ਨਾਲ ਵਧਦਾ-ਫੁੱਲਦਾ ਹੈ। ਲਿਖਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਲਿਖਤ ਵਿੱਚ ਪਾਠਕ ਦੀ ਉਂਗਲੀ ਫੜ ਕੇ ਤੋਰਨ ਦਾ ਹੁਨਰ ਹੋਣਾ ਬੜਾ ਜ਼ਰੂਰੀ ਹੁੰਦਾ ਹੈ। ਲੇਖਕ ਨੇ ਇਸ ਪਹਿਲੂ 'ਤੇ ਪੂਰਾ ਧਿਆਨ ਦਿੱਤਾ ਹੈ।

ਕਿਤਾਬ ਦੀ ਛਪਾਈ ਅਤੇ ਟਾਈਟਲ ਬਹੁਤ ਆਕਰਸ਼ਕ ਹੈ। ਕੁੱਲ ਮਿਲਾ ਕੇ ਕਿਤਾਬ ਪੜ੍ਹਨ ਅਤੇ ਸਾਂਭਣਯੋਗ ਹੈ। ਨਵੀਂ ਪੀੜ੍ਹੀ ਨੂੰ ਇਸ 'ਤੇ ਖ਼ਾਸ ਤਵੱਜੋ ਦੇਣੀ ਚਾਹੀਦੀ ਹੈ। ਇਸ ਕਿਤਾਬ ਦੇ ਪਹਿਲੇ ਐਡੀਸ਼ਨ ਦੇ 254 ਤੇ ਦੂਸਰੇ ਐਡੀਸ਼ਨ ਦੇ 256 ਪੰਨੇ ਹਨ, ਕਿਉਂਕਿ ਦੂਸਰੇ ਐਡੀਸ਼ਨ 'ਚ ਇੱਕ ਲੇਖ ਦਾ ਵਾਧਾ ਕੀਤਾ ਗਿਆ ਹੈ। ਇਸ ਪੁਸਤਕ 'ਤੇ ਇਸ ਦੀ ਕੋਈ ਕੀਮਤ ਅੰਕਿਤ ਨਹੀਂ ਕੀਤੀ ਗਈ, ਕਿਉਂਕਿ ਲੇਖਕ ਨੇ ਇਸ ਕਿਤਾਬ ਨੂੰ ਆਪਣੇ ਜਾਣਕਾਰਾਂ, ਸਕੂਲਾਂ-ਕਾਲਜਾਂ ਤੇ ਪਬਲਿਕ ਲਾਇਬ੍ਰੇਰੀਆਂ 'ਚ ਬਿਨਾਂ ਕੋਈ ਮੁੱਲ ਵਸੂਲੇ ਮੁਫ਼ਤ ਵੰਡਿਆ ਹੈ।

# ਮਹਿੰਗਾਈ ਖ਼ਿਲਾਫ਼ ਗਰਜਿਆ ਆਸੂ: ਜ਼ਰੂਰੀ ਵਸਤਾਂ ਦੇ ਭਾਅ ਵਧਣ 'ਤੇ ਸਰਕਾਰ ਦੀ ਕੱਢੀ 'ਅਰਥੀ'






ਗੁਹਾਟੀ : ਦੇਸ਼ ਭਰ ਵਿੱਚ ਜ਼ਰੂਰੀ ਵਸਤਾਂ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਖ਼ਿਲਾਫ਼ 'ਆਲ ਅਸਾਮ ਸਟੂਡੈਂਟਸ ਯੂਨੀਅਨ' (ਆਸੂ) ਨੇ ਮੋਰਚਾ ਖੋਲ੍ਹ ਦਿੱਤਾ ਹੈ। ਵੀਰਵਾਰ ਨੂੰ ਗੁਹਾਟੀ ਵਿਖੇ ਵਿਦਿਆਰਥੀ ਜਥੇਬੰਦੀ ਨੇ ਖ਼ੁਰਾਕ, ਜਨਤਕ ਵੰਡ ਅਤੇ ਖ਼ਪਤਕਾਰ ਮਾਮਲੇ ਵਿਭਾਗ ਖ਼ ?ਲਾਫ਼ ਤਿੱਖਾ ਰੋਸ ਪ੍ਰਦਰਸ਼ਨ ਕਰਦਿਆਂ ਪ੍ਰਤੀਕਾਤਮਕ ਤੌਰ 'ਤੇ ਵਿਭਾਗ ਦੀ ਅਰਥੀ ਫੂਕੀ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਸਰਕਾਰ ਮਹਿੰਗਾਈ ਨੂੰ ਨੱਥ ਪਾਉਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ, ਜਿਸ ਕਾਰਨ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਚੁੱਕਾ ਹੈ। ਜਥੇਬੰਦੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਵਧੀਆਂ ਕੀਮਤਾਂ ਤੁਰੰਤ ਵਾਪਸ ਨਾ ਲਈਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਕਾਲ-ਕੋਠੜੀ ਦੇ ਹਨੇਰੇ ਤੋਂ ਕਰਮ-ਖੇਤਰ ਦੇ ਚਾਨਣ ਤੱਕ

ਮਨੁੱਖੀ ਸੱਭਿਅਤਾ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਤਾਨਾਸ਼ਾਹੀ, ਅਧਰਮ ਅਤੇ ਸੱਤਾ ਦੇ ਹੰਕਾਰ ਨੇ ਆਮ ਮਨੁੱਖ ਦੀ ਹੋਂਦ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ, ਉਦੋਂ ਹੀ ਕਾਲ-ਕੋਠੜੀਆਂ ਦੇ ਘੁੱਪ ਹਨੇਰੇ ਵਿੱਚੋਂ ਚੇਤਨਾ ਦੀ ਅਜਿਹੀ ਚੰਗਿਆੜੀ ਫੁੱਟੀ ਜਿਸ ਨੇ ਯੁੱਗਾਂ ਦਾ ਰੁਖ਼ ਮੋੜ ਦਿੱਤਾ। ਸ੍ਰੀ ਕ੍ਰਿਸ਼ਨ ਦਾ ਆਗਮਨ ਮਹਿਜ਼ ਇੱਕ ਪੌਰਾਣਿਕ ਅਲੌਕਿਕ ਘਟਨਾ ਨਹੀਂ, ਸਗੋਂ ਜ਼ੁਲਮ, ਬੇਇਨਸਾਫ਼ੀ ਅਤੇ ਅਸੰਤੁਲਿਤ ਰਾਜਸੀ ਢਾਂਚੇ ਵਿਰੁੱਧ ਮਨੁੱਖੀ ਆਜ਼ਾਦੀ ਦਾ ਪਹਿਲਾ ਇਤਿਹਾਸਕ ਬਿਗਲ ਸੀ। ਕੰਸ ਦੀ ਜੇਲ੍ਹ ਤੋਂ ਸ਼ੁਰੂ ਹੋਇਆ ਇਹ ਸਫ਼ਰ ਗੋਕੁਲ ਦੇ ਪੇਂਡੂ ਲੋਕ-ਸੰਗਠਨ, ਵਰਿੰਦਾਵਨ ਦੀ ਕੁਦਰਤ-ਪ੍ਰੇਮੀ ਜੀਵਨ-ਜਾਚ ਅਤੇ ਕੁਰੂਕਸ਼ੇਤਰ ਦੇ ਕਰਮ-ਖੇਤਰ ਵਿੱਚੋਂ ਗੁਜ਼ਰਦਾ ਹੋਇਆ ਦਵਾਰਕਾ ਦੇ ਸਮੁੰਦਰੀ ਗਣਤੰਤਰ ਤੱਕ ਫੈਲਦਾ ਹੈ। ਇਹ ਦਾਸਤਾਨ ਜਿੱਥੇ ਹੈਲੀਓਡੋਰਸ ਦੇ ਪੁਰਾਤੱਤਵ ਸ਼ਿਲਾਲੇਖਾਂ ਅਤੇ ਬੇਟ ਦਵਾਰਕਾ ਦੇ ਡੁੱਬੇ ਹੋਏ ਪੱਥਰਾਂ ਰਾਹੀਂ ਆਪਣੀ ਠੋਸ ਇਤਿਹਾਸਕ ਪ੍ਰਮਾਣਿਕਤਾ ਦਰਜ ਕਰਵਾਉਂਦੀ ਹੈ, ਉੱਥੇ ਹੀ ਰਾਧਾ-ਕ੍ਰਿਸ਼ਨ ਦੇ ਅਦਵੈਤ ਪ੍ਰੇਮ ਰਾਹੀਂ ਜੀਵ ਅਤੇ ਬ੍ਰਹਮ ਦੇ ਗੂੜ੍ਹ ਰੂਹਾਨੀ ਰਹੱਸ ਨੂੰ ਵੀ ਉਜਾਗਰ ਕਰਦੀ ਹੈ। ਕੁਰੂਕਸ਼ੇਤਰ ਦੇ ਮੈਦਾਨ ਵਿੱਚ ਦਿੱਤਾ ਗਿਆ ਗੀਤਾ ਦਾ ਉਪਦੇਸ਼ ਕਿਸੇ ਭਗੌੜੀ ਚਿੰਤਨ-ਧਾਰਾ ਦਾ ਨਾਂ ਨਹੀਂ, ਸਗੋਂ ਧਰਮ ਅਤੇ ਫ਼ਰਜ਼ ਦੇ ਪਾਲਣ ਲਈ ਹਥਿਆਰ ਚੁੱਕਣ ਦਾ ਉਹ ਨਿਰਸਵਾਰਥ 'ਕਰਮ-ਯੋਗ' ਹੈ ਜੋ ਅੱਜ ਵੀ ਹਰ ਦੁਵਿਧਾਗ੍ਰਸਤ ਮਨੁੱਖ ਨੂੰ ਅਡੋਲ 'ਸਥਿਤਪ੍ਰਗਿਆ' ਬਣਨ ਦੀ ਚੁਣੌਤੀ ਦਿੰਦਾ ਹੈ। ਅਜੋਕੇ ਦੌਰ ਵਿੱਚ, ਜਦੋਂ ਮਨੁੱਖ ਨੈਤਿਕ ਦਵੰਦਾਂ, ਸਮਾਜਿਕ ਖੜੋਤ ਅਤੇ ਅੰਦਰੂਨੀ ਬੇਚੈਨੀ ਨਾਲ ਜੂਝ ਰਿਹਾ ਹੈ, ਇਹ ਖੋਜ-ਭਰਪੂਰ ਲੇਖ ਜਨਮ ਅਸ਼ਟਮੀ, ਰਾਧਾ-ਤੱਤ ਅਤੇ ਗੀਤਾ-ਦਰਸ਼ਨ ਦੇ ਇਤਿਹਾਸਕ ਤੇ ਦਾਰਸ਼ਨਿਕ ਪਹਿਲੂਆਂ ਨੂੰ ਇੱਕ ਨਵੇਂ, ਡੂੰਘੇ ਅਤੇ ਤਾਰਕਿਕ ਨਜ਼ਰੀਏ ਨਾਲ ਪਾਠਕਾਂ ਦੇ ਰੂ-ਬ-ਰੂ ਕਰਦਾ ਹੈ। ਆਓ, ਰਸਮੀ ਸ਼ਰਧਾ ਤੋਂ ਪਾਰ ਜਾ ਕੇ ਇਸ ਇਤਿਹਾਸਕ ਚੇਤਨਾ ਦੇ ਅਸਲ ਸੰਦੇਸ਼ ਨੂੰ ਸਮਝੀਏ। -ਸਤਨਾਮ ਸਿੰਘ ਖਾਲਸਾ

# ਜਨਮ ਅਸ਼ਟਮੀ, ਰਾਧਾ-ਕ੍ਰਿਸ਼ਨ ਅਤੇ ਗੀਤਾ-ਦਰਸ਼ਨ: ਇਤਿਹਾਸਕ ਪ੍ਰਮਾਣਿਕਤਾ ਤੇ ਅਧਿਆਤਮਿਕ ਸੰਵਾਦ

ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਅਤੇ ਰਾਧਾ-ਕ੍ਰਿਸ਼ਨ ਦਾ ਸੰਕਲਪ ਭਾਰਤੀ ਉਪ-ਮਹਾਂਦੀਪ ਦੇ ਰੂਹਾਨੀ, ਇਤਿਹਾਸਕ ਅਤੇ ਦਾਰਸ਼ਨਿਕ ਚਿੰਤਨ ਦਾ ਸਭ ਤੋਂ ਗੂੜ੍ਹਾ ਅਧਿਆਇ ਹੈ। ਇਹ ਕੇਵਲ ਇੱਕ ਪੌਰਾਣਿਕ ਕਥਾ ਜਾਂ ਰਸਮੀ ਤਿਉਹਾਰ ਨਹੀਂ, ਸਗੋਂ ਧਰਮ ਦੀ ਪੁਨਰ-ਸਥਾਪਨਾ, ਨੀਤੀ-ਸ਼ਾਸਤਰ ਅਤੇ ਮਨੁੱਖੀ ਆਤਮਾ ਦੇ ਪਰਮਾਤਮਾ ਨਾਲ ਅਧਿਆਤਮਿਕ ਸੰਵਾਦ ਦੀ ਇਤਿਹਾਸਕ ਦਾਸਤਾਨ ਹੈ।

1. ਸ੍ਰੀ ਕ੍ਰਿਸ਼ਨ ਦਾ ਇਤਿਹਾਸਕ ਪਰਿਪੇਖ ਅਤੇ ਪੁਰਾਤੱਤਵ ਪ੍ਰਮਾਣ

ਪੁਰਾਤੱਤਵ, ਸ਼ਿਲਾਲੇਖੀ ਅਤੇ ਸਾਹਿਤਕ ਖੋਜਾਂ ਸ਼੍ਰੀ ਕ੍ਰਿਸ਼ਨ ਦੇ ਇੱਕ ਪ੍ਰਮਾਣਿਕ ਇਤਿਹਾਸਕ ਨਾਇਕ ਹੋਣ ਦੀ ਪੁਸ਼ਟੀ ਕਰਦੀਆਂ ਹਨ:

**ਹੈਲੀਓਡੋਰਸ ਸਤੰਭ (ਵਿਦਿਸ਼ਾ, 110 ਈ. ਪੂ.):** ਤਕਸ਼ਸ਼ਿਲਾ ਦੇ ਯੂਨਾਨੀ ਰਾਜਦੂਤ ਹੈਲੀਓਡੋਰਸ ਨੇ ਬੇਸਨਗਰ (ਮੱਧ ਪ੍ਰਦੇਸ਼) ਵਿੱਚ ਗਰੁੜ ਧਵਜ ਸਥਾਪਿਤ ਕਰਵਾਇਆ। ਇਸ ਉੱਤੇ ਬ੍ਰਾਹਮੀ ਲਿਪੀ ਅਤੇ ਪ੍ਰਾਕ੍ਰਿਤ ਭਾਸ਼ਾ ਵਿੱਚ ਉੱਕਰਿਆ ਸ਼ਿਲਾਲੇਖ ਵਾਸੁਦੇਵ ਕ੍ਰਿਸ਼ਨ ਨੂੰ 'ਦੇਵ-ਦੇਵਸ' (ਦੇਵਤਿਆਂ ਦਾ ਦੇਵ) ਮੰਨਦਾ ਹੈ, ਜੋ ਸਿੱਧ ਕਰਦਾ ਹੈ ਕਿ ਦੂਜੀ ਸਦੀ ਈ. ਪੂ. ਤੱਕ ਭਾਗਵਤ ਧਰਮ ਵਿਦੇਸ਼ੀ ਡਿਪਲੋਮੈਟਾਂ ਤੱਕ ਫੈਲ ਚੁੱਕਾ ਸੀ।

**ਘੋਸੁੰਡੀ ਅਤੇ ਮੋਰਾ ਸ਼ਿਲਾਲੇਖ:** ਰਾਜਸਥਾਨ ਦੇ ਘੋਸੁੰਡੀ ਸ਼ਿਲਾਲੇਖ (ਪਹਿਲੀ ਸਦੀ ਈ. ਪੂ.) ਵਿੱਚ ਸੰਕਰਸ਼ਣ (ਬਲਰਾਮ) ਅਤੇ ਵਾਸੁਦੇਵ ਦੇ ਪੂਜਾ-ਅਸਥਾਨ ਦਾ ਵਰਣਨ ਹੈ। ਮਥੁਰਾ ਦਾ ਮੋਰਾ ਖੂਹ ਸ਼ਿਲਾਲੇਖ ਵ੍ਰਿਸ਼ਣੀ ਕਬੀਲੇ ਦੇ ਪੰਜ ਮੁੱਖ ਨਾਇਕਾਂ (ਪੰਚ-ਵੀਰ) ਦੀ ਇਤਿਹਾਸਕਤਾ ਦਰਸਾਉਂਦਾ ਹੈ।

**ਛਾਂਦੋਗਯ ਉਪਨਿਸ਼ਦ ਦਾ ਪ੍ਰਮਾਣ:** ਵੈਦਿਕ ਕਾਲ ਦੇ ਛਾਂਦੋਗਯ ਉਪਨਿਸ਼ਦ (3.17.6) ਵਿੱਚ ਰਿਸ਼ੀ ਘੋਰ ਅੰਗੀਰਸ ਦੇ ਸ਼ਿਸ਼ ਵਜੋਂ 'ਕ੍ਰਿਸ਼ਨ ਦੇਵਕੀਪੁੱਤਰ' ਦਾ ਪ੍ਰਤੱਖ ਜ਼ਿਕਰ ਮਿਲਦਾ ਹੈ।

**ਬੇਟ ਦਵਾਰਕਾ ਦੀ ਸਮੁੰਦਰੀ ਖੋਜ:** ਆਰਕੀਓਲੋਜੀਕਲ ਸਰਵੇ ਆਫ਼ ਇੰਡੀਆ (ASI) ਵੱਲੋਂ ਡਾ. ਐਸ. ਆਰ. ਰਾਓ ਦੀ ਅਗਵਾਈ ਹੇਠ ਗੁਜਰਾਤ ਦੇ ਤੱਟ 'ਤੇ ਪਾਣੀ ਹੇਠੋਂ ਲੱਭੀ ਡੁੱਬੀ ਹੋਈ ਦਵਾਰਕਾ ਨਗਰੀ, ਕਿਲੇਬੰਦੀ ਦੇ ਪੱਥਰ, ਮੋਹਰਾਂ (mudras) ਅਤੇ ਲੰਗਰ ਮਹਾਭਾਰਤ ਕਾਲੀਨ ਨਗਰ-ਨਿਰਮਾਣ ਅਤੇ ਉੱਨਤ ਸਮੁੰਦਰੀ ਵਪਾਰ ਦੀ ਪੁਸ਼ਟੀ ਕਰਦੇ ਹਨ।



2. ਜਨਮ ਅਸ਼ਟਮੀ: ਕਾਲ-ਕੋਠੜੀ ਤੋਂ ਸਮਾਜਿਕ ਇਨਕਲਾਬ ਤੱਕ

ਭਾਦਰੋਂ ਮਹੀਨੇ ਦੇ ਕ੍ਰਿਸ਼ਨ ਪੱਖ ਦੀ ਅਸ਼ਟਮੀ ਨੂੰ ਰੋਹਿਣੀ ਨਕਸ਼ਤਰ ਦੌਰਾਨ ਮਥੁਰਾ ਦੀ ਜੇਲ੍ਹ ਵਿੱਚ ਸ਼੍ਰੀ ਕ੍ਰਿਸ਼ਨ ਦਾ ਆਗਮਨ ਇੱਕ ਵੱਡਾ ਸਮਾਜਿਕ-ਰਾਜਨੀਤਿਕ ਮੋੜ ਸੀ:

**ਤਾਨਾਸ਼ਾਹੀ ਵਿਰੁੱਧ ਯਾਦਵ ਸੰਘ ਦਾ ਸੰਘਰਸ਼:** ਮਥੁਰਾ ਦਾ ਰਾਜਾ ਕੰਸ ਕੇਂਦਰੀਕ੍ਰਿਤ ਤਾਨਾਸ਼ਾਹੀ ਦਾ ਪ੍ਰਤੀਕ ਸੀ, ਜਿਸ ਨੇ ਯਾਦਵਾਂ ਦੀ ਪੁਰਾਤਨ ਗਣਤੰਤਰਿਕ ਪ੍ਰਣਾਲੀ (ਓਲਿਗਾਰਕੀ) ਨੂੰ ਕੁਚਲ ਦਿੱਤਾ ਸੀ। ਕ੍ਰਿਸ਼ਨ ਦਾ ਜਨਮ ਇਸ ਜ਼ੁਲਮ ਦੇ ਖ਼ਾਤਮੇ ਦਾ ਮੁੱਢ ਬਣਿਆ।

**ਜਨ-ਸੰਗਠਨ ਅਤੇ ਬਾਲ-ਲੀਲ੍ਹਾ:** ਯਮੁਨਾ ਪਾਰ ਕਰਕੇ ਗੋਕੁਲ ਅਤੇ ਵਰਿੰਦਾਵਨ ਪਹੁੰਚਣਾ ਸਿਰਫ਼ ਬਾਲ-ਰੱਖਿਆ ਨਹੀਂ ਸੀ, ਸਗੋਂ ਪੇਂਡੂ ਕਿਸਾਨਾਂ, ਗਵਾਲਿਆਂ ਅਤੇ ਦੱਬੇ-ਕੁਚਲੇ ਵਰਗ ਨੂੰ ਜਾਬਰ ਸ਼ਾਹੀ ਢਾਂਚੇ ਵਿਰੁੱਧ ਲਾਮਬੰਦ ਕਰਨ ਦੀ ਰਣਨੀਤੀ ਸੀ।

**ਗੋਵਰਧਨ ਪੂਜਾ ਅਤੇ ਕੁਦਰਤ-ਕੇਂਦਰਿਤ ਚਿੰਤਨ:** ਕ੍ਰਿਸ਼ਨ ਨੇ ਰਵਾਇਤੀ ਡਰ-ਅਧਾਰਤ ਇੰਦਰ-ਪੂਜਾ ਦਾ ਖੰਡਨ ਕਰਕੇ ਪਹਾੜ, ਜੰਗਲ, ਨਦੀਆਂ ਅਤੇ ਪਸ਼ੂ-ਧਨ (ਗਊਆਂ) ਦੀ ਸੰਭਾਲ ਦਾ ਹੋਕਾ ਦਿੱਤਾ, ਜੋ ਮਨੁੱਖ ਨੂੰ ਕੁਦਰਤੀ ਸਰੋਤਾਂ ਨਾਲ ਜੋੜਨ ਵਾਲਾ ਵਾਤਾਵਰਣ-ਅਨੁਕੂਲ ਕਦਮ ਸੀ।

3. ਰਾਧਾ-ਕ੍ਰਿਸ਼ਨ: ਇਤਿਹਾਸਕ ਵਿਕਾਸ ਅਤੇ ਅਧਿਆਤਮਿਕ ਰਹੱਸ

| ਕਾਲ / ਸਰੋਤ | ਇਤਿਹਾਸਕ ਘਟਨਾ / ਸਾਹਿਤਕ ਪ੍ਰਮਾਣ | ਅਧਿਆਤਮਿਕ ਤੇ ਦਾਰਸ਼ਨਿਕ ਮਹੱਤਵ |
|---|---|---|
| ਈ.ਪੂ. 1500-1000 | ਮਹਾਭਾਰਤ ਕਾਲ ਅਤੇ ਦਵਾਰਕਾ ਨਗਰੀ | ਯਾਦਵ ਗਣਤੰਤਰ, ਕੁਰੂਕਸ਼ੇਤਰ ਯੁੱਧ ਅਤੇ ਗੀਤਾ ਦਾ ਉਪਦੇਸ਼ |
| ਈ.ਪੂ. ਦੂਜੀ ਸਦੀ | ਹੈਲੀਓਡੋਰਸ ਸਤੰਭ (ਬੇਸਨਗਰ) | ਯੂਨਾਨੀ ਸ਼ਾਸਕਾਂ ਵਿੱਚ ਵਾਸੁਦੇਵ-ਕ੍ਰਿਸ਼ਨ ਉਪਾਸਨਾ ਦਾ ਪ੍ਰਮਾਣ |
| ਪਹਿਲੀ ਤੋਂ ਪੰਜਵੀਂ ਸਦੀ | ਗਾਥਾ ਸਪਤਸ਼ਤੀ, ਹਰਿਵੰਸ਼ ਤੇ ਵਿਸ਼ਨੂੰ ਪੁਰਾਣ | ਬਾਲ-ਲੀਲ੍ਹਾ, ਗੋਪੀਆਂ ਅਤੇ ਰਾਧਾ ਸੰਕਲਪ ਦਾ ਲਿਖਤੀ ਵਿਕਾਸ |
| 12ਵੀਂ ਸਦੀ | ਜੈਦੇਵ ਰਚਿਤ 'ਗੀਤ ਗੋਵਿੰਦ' | ਰਾਧਾ-ਕ੍ਰਿਸ਼ਨ ਪ੍ਰੇਮ ਦਾ ਅਲੌਕਿਕ ਭਗਤੀ ਕਾਵਿ ਵਿੱਚ ਸਿਖ਼ਰ |
| 15ਵੀਂ-16ਵੀਂ ਸਦੀ | ਭਗਤੀ ਲਹਿਰ (ਚੈਤੰਨਯ, ਮੀਰਾਬਾਈ, ਸੂਰਦਾਸ) | ਜਨਮ ਅਸ਼ਟਮੀ ਦਾ ਵਿਆਪਕ ਜਨਤਕ ਉਤਸਵ ਬਣਨਾ |

| ਪੱਖ | ਕਰਮ-ਯੋਗ | ਗਿਆਨ-ਯੋਗ | ਭਗਤੀ-ਯੋਗ |
|---|---|---|---|
| ਮੁੱਖ ਆਧਾਰ | ਕਰਤੱਵ ਅਤੇ ਕਿਰਿਆ (Action) | ਬੁੱਧੀ ਅਤੇ ਵਿਵੇਕ (Intellect) | ਦਿਲ ਅਤੇ ਭਾਵਨਾ (Emotion) |
| ਮੁੱਖ ਸਾਧਨ | ਨਿਸ਼ਕਾਮ ਸੇਵਾ | ਆਤਮ-ਵਿਚਾਰ ਤੇ ਧਿਆਨ | ਪ੍ਰੇਮ, ਨਾਮ-ਸਿਮਰਨ ਤੇ ਸਮਰਪਣ |
| ਸਾਧਕ ਦੀ ਪ੍ਰਵਿਰਤੀ | ਕਰਮਸ਼ੀਲ ਤੇ ਗ੍ਰਹਿਸਥੀ | ਚਿੰਤਕ ਤੇ ਦਾਰਸ਼ਨਿਕ | ਭਾਵੁਕ ਤੇ ਸ਼ਰਧਾਵਾਨ |
| ਸਿੱਟਾ | ਵਾਸਨਾ ਤੇ ਅਹੰਕਾਰ ਦਾ ਖ਼ਾਤਮਾ | ਅਗਿਆਨਤਾ ਦਾ ਨਾਸ਼ | ਪਰਮ-ਅਨੰਦ ਤੇ ਸ਼ਾਂਤੀ |

ਰਾਧਾ ਅਤੇ ਕ੍ਰਿਸ਼ਨ ਦਾ ਸੰਬੰਧ ਸੰਸਾਰੀ ਜਾਂ ਸਰੀਰਕ ਪ੍ਰੇਮ ਨਹੀਂ, ਸਗੋਂ ਜੀਵਾਤਮਾ ਅਤੇ ਪਰਮਾਤਮਾ ਦਾ ਅਦਵੈਤ ਮਿਲਣ ਹੈ:

**ਸਾਹਿਤਕ ਵਿਕਾਸ-ਕ੍ਰਮ:** ਮਹਾਭਾਰਤ ਦਾ ਮੂਲ ਪਾਠ ਮੁੱਖ ਤੌਰ 'ਤੇ ਕ੍ਰਿਸ਼ਨ ਦੇ ਕੂਟਨੀਤਿਕ, ਯੁੱਧ-ਦਾਰਸ਼ਨਿਕ ਅਤੇ ਸ਼ਾਸਕ ਰੂਪ 'ਤੇ ਕੇਂਦਰਿਤ ਹੈ। ਰਾਧਾ ਦਾ ਜ਼ਿਕਰ ਬਾਅਦ ਦੇ ਗ੍ਰੰਥਾਂ ਵਿੱਚ ਵਿਕਸਤ ਹੋਇਆ—ਜਿਵੇਂ ਹਾਲ ਦੀ ਪ੍ਰਾਕ੍ਰਿਤ ਰਚਨਾ ਗਾਥਾ ਸਪਤਸ਼ਤੀ (ਪਹਿਲੀ ਸਦੀ ਈ.), ਪਦਮ ਪੁਰਾਣ, ਅਤੇ ਵਿਸਥਾਰਪੂਰਵਕ ਬ੍ਰਹਮਵੈਵਰਤ ਪੁਰਾਣ ਵਿੱਚ।

**ਜੈਦੇਵ ਦਾ 'ਗੀਤ ਗੋਵਿੰਦ' (12ਵੀਂ ਸਦੀ):** ਕਵੀ ਜੈਦੇਵ ਨੇ ਰਾਧਾ-ਕ੍ਰਿਸ਼ਨ ਪ੍ਰੇਮ ਨੂੰ ਭਗਤੀ ਕਾਵਿ ਦੇ ਸਿਖ਼ਰ 'ਤੇ ਪਹੁੰਚਾਇਆ। ਗੌੜੀਯ ਵੈਸ਼ਨਵ ਦਰਸ਼ਨ ਵਿੱਚ ਰਾਧਾ ਨੂੰ ਭਗਵਾਨ ਦੀ 'ਹਲਾਦਿਨੀ ਸ਼ਕਤੀ' (ਦੈਵੀ ਅਨੰਦ ਦੀ ਸਰਵਉੱਚ ਸ਼ਕਤੀ) ਮੰਨਿਆ ਗਿਆ।

**ਮਹਾਰਾਸ ਦਾ ਦਾਰਸ਼ਨਿਕ ਅਰਥ:** ਵਰਿੰਦਾਵਨ ਦੀ ਰਾਸ-ਲੀਲ੍ਹਾ ਦੇਹ-ਮੁਕਤ ਅਧਿਆਤਮਿਕ ਸਮਰਪਣ ਹੈ। ਕ੍ਰਿਸ਼ਨ ਇੱਥੇ ਪਰਮ-ਚੇਤਨਾ ਹਨ ਅਤੇ ਗੋਪੀਆਂ ਸੰਸਾਰੀ ਮੋਹ ਤਿਆਗ ਕੇ ਪਰਮ-ਸੱਚ ਵਿੱਚ ਲੀਨ ਹੋਣ ਵਾਲੀਆਂ ਆਤਮਾਵਾਂ ਹਨ।

4. ਗੀਤਾ ਦੇ ਤਿੰਨ ਮਾਰਗ: ਕਰਮ, ਗਿਆਨ ਅਤੇ ਭਗਤੀ

ਕੁਰੂਕਸ਼ੇਤਰ ਦੇ ਮੈਦਾਨ ਵਿੱਚ ਸ਼੍ਰੀ ਕ੍ਰਿਸ਼ਨ ਨੇ ਅਰਜੁਨ ਦੇ ਅੰਦਰੂਨੀ ਦਵੰਦ ਨੂੰ ਸੁਲਝਾਉਣ ਲਈ ਜੀਵਨ ਦੇ ਤਿੰਨ ਆਪਸ ਵਿੱਚ ਜੁੜੇ ਹੋਏ ਮਾਰਗ ਦਰਸਾਏ:

1. ਕਰਮ-ਯੋਗ: ਨਿਸ਼ਕਾਮ ਫ਼ਰਜ਼ ਦਾ ਦਰਸ਼ਨ

ਕਰਮ-ਯੋਗ ਸੰਸਾਰ ਛੱਡ ਕੇ ਭੱਜਣ ਦੀ ਬਜਾਏ ਸੰਸਾਰ ਵਿੱਚ ਸਰਗਰਮ ਰਹਿਣ ਦਾ ਮਾਰਗ ਹੈ:

ਨਿਸ਼ਕਾਮ ਕਰਮ: 'ਕਰਮਣਯੇਵਾਧਿਕਾਰਸਤੇ ਮਾ ਫਲੇਸ਼ੁ ਕਦਾਚਨ' — ਮਨੁੱਖ ਦਾ ਅਧਿਕਾਰ ਸਿਰਫ਼ ਆਪਣੇ ਕਰਤੱਵ 'ਤੇ ਹੈ, ਉਸ ਦੇ ਨਤੀਜੇ ਦੀ ਲਾਲਸਾ 'ਤੇ ਨਹੀਂ। ਨਤੀਜੇ ਦੇ ਮੋਹ ਤੋਂ ਮੁਕਤ ਹੋ ਕੇ ਕੰਮ ਕਰਨ ਨਾਲ ਚਿੰਤਾ ਅਤੇ ਹੰਕਾਰ ਖ਼ਤਮ ਹੁੰਦੇ ਹਨ।

**ਸਵਧਰਮ:** ਆਪਣੀ ਕੁਦਰਤੀ ਸਮਰੱਥਾ ਅਤੇ ਜ਼ਿੰਮੇਵਾਰੀ ਅਨੁਸਾਰ ਕੰਮ ਕਰਨਾ।

**ਲੋਕਸੰਗ੍ਰਹਿ:** ਨਿੱਜੀ ਸਵਾਰਥ ਤੋਂ ਉੱਪਰ ਉੱਠ ਕੇ ਸਮਾਜਿਕ ਵਿਵਸਥਾ ਨੂੰ ਸੰਤੁਲਿਤ ਰੱਖਣ ਲਈ ਕੰਮ ਕਰਨਾ।

2. **ਗਿਆਨ-ਯੋਗ:** ਵਿਵੇਕ ਅਤੇ ਸੱਚ ਦੀ ਪਛਾਣ

ਗਿਆਨ-ਯੋਗ ਅਗਿਆਨਤਾ ਦੇ ਪਰਦੇ ਪਾੜ ਕੇ ਚੇਤਨਾ ਨੂੰ ਪਛਾਣਨ ਦਾ ਰਸਤਾ ਹੈ:

**ਆਤਮਾ ਦੀ ਅਮਰਤਾ:** ਸਰੀਰ ਨਾਸ਼ਵਾਨ ਹੈ ਪਰ ਆਤਮਾ ਅਜਰ-ਅਮਰ ਹੈ। ਜਿਵੇਂ ਮਨੁੱਖ ਪੁਰਾਣੇ ਕੱਪੜੇ ਬਦਲਦਾ ਹੈ, ਤਿਵੇਂ ਆਤਮਾ ਨਵਾਂ ਸਰੀਰ ਧਾਰਨ ਕਰਦੀ ਹੈ।

**ਸਮਦ੍ਰਿਸ਼ਟੀ:** ਇੱਕ ਸੱਚਾ ਗਿਆਨੀ ਸਾਰੇ ਜੀਵਾਂ—ਵਿਦਵਾਨ, ਗਊ, ਹਾਥੀ ਜਾਂ ਆਮ ਜੀਵ—ਵਿੱਚ ਇੱਕੋ ਪਰਮ-ਚੇਤਨਾ ਦਾ ਪਸਾਰਾ ਦੇਖਦਾ ਹੈ।

3. **ਭਗਤੀ-ਯੋਗ:** ਪਰਮ-ਸਮਰਪਣ

ਭਗਤੀ-ਯੋਗ ਪ੍ਰੇਮ ਅਤੇ ਭਾਵਨਾ ਰਾਹੀਂ ਪਰਮਾਤਮਾ ਨਾਲ ਜੁੜਨ ਦਾ ਸਹਿਜ ਮਾਰਗ ਹੈ:

**ਸ਼ਰਣਾਗਤੀ:** 'ਸਰਵਧਰਮਾਨ ਪਰਿਤਯਜਯ ਮਾਮੇਕੰ ਸ਼ਰਣੰ ਵਰਿਜ' — ਸਾਰੇ ਮਾਨਸਿਕ ਸੰਦੇਹ ਤਿਆਗ ਕੇ ਪਰਮ-ਸੱਤਾ ਅੱਗੇ ਆਤਮ-ਸਮਰਪਣ ਕਰਨਾ।

**ਸਮਰਪਿਤ ਕਰਮ:** ਆਪਣੇ ਹਰ ਕੰਮ ਨੂੰ ਲੋਕ-ਭਲਾਈ ਅਤੇ ਪ੍ਰਭੂ ਦੀ ਭੇਟ ਸਮਝ ਕੇ ਕਰਨਾ।

5. 'ਸਥਿਤਪ੍ਰਗਿਆ' ਦਾ ਸੰਕਲਪ: ਸੰਤੁਲਿਤ ਮਾਨਸਿਕਤਾ ਦਾ ਸਿਖ਼ਰ

ਗੀਤਾ ਦੇ ਦੂਜੇ ਅਧਿਆਇ (ਸ਼ਲੋਕ 55 ਤੋਂ 72) ਵਿੱਚ ਅਰਜੁਨ ਦੇ ਸਵਾਲ ਦਾ ਜਵਾਬ ਦਿੰਦਿਆਂ ਸ਼੍ਰੀ ਕ੍ਰਿਸ਼ਨ ਸਥਿਤਪ੍ਰਗਿਆ—ਜਿਸ ਦੀ ਬੁੱਧੀ ਪੂਰਨ ਤੌਰ 'ਤੇ ਸਥਿਰ ਹੋ ਚੁੱਕੀ ਹੈ—ਦੇ ਲੱਛਣ ਸਪਸ਼ਟ ਕਰਦੇ ਹਨ:

1. **ਸਵੈ-ਸੰਤੁਸ਼ਟੀ ਅਤੇ ਕਾਮਨਾ-ਮੁਕਤੀ:** ਉਹ ਬਾਹਰੀ ਵਸਤਾਂ ਜਾਂ ਪ੍ਰਸ਼ੰਸਾ 'ਤੇ ਨਿਰਭਰ ਨਹੀਂ ਹੁੰਦਾ, ਸਗੋਂ ਆਪਣੀ ਆਤਮਾ ਵਿੱਚ ਹੀ ਪ੍ਰਸੰਨ ਰਹਿੰਦਾ ਹੈ।
2. **ਦਵੰਦਾਂ ਵਿੱਚ ਅਡੋਲਤਾ:** ਦੁੱਖ ਪੈਣ 'ਤੇ ਉਸਦਾ ਮਨ ਡੋਲਦਾ ਨਹੀਂ ਅਤੇ ਸੁੱਖ ਮਿਲਣ 'ਤੇ ਉਹ ਬੇਕਾਬੂ ਨਹੀਂ ਹੁੰਦਾ। ਉਹ ਰਾਗ (ਮੋਹ), ਭੈਅ (ਡਰ) ਅਤੇ ਕ੍ਰੋਧ (ਗੁੱਸੇ) ਤੋਂ ਮੁਕਤ ਰਹਿੰਦਾ ਹੈ।
3. **ਇੰਦਰੀਆਂ 'ਤੇ ਕੰਟਰੋਲ (ਕੱਛੂਕੁੰਮੇ ਦੀ ਮਿਸਾਲ):** ਜਿਵੇਂ ਕੱਛੂਕੁੰਮਾ ਲੋੜ ਪੈਣ 'ਤੇ ਆਪਣੇ ਸਾਰੇ ਅੰਗ ਖੋਲ ਅੰਦਰ ਸਮੇਟ ਲੈਂਦਾ ਹੈ, ਤਿਵੇਂ ਸਥਿਤਪ੍ਰਗਿਆ ਆਪਣੀਆਂ ਗਿਆਨ-ਇੰਦਰੀਆਂ ਨੂੰ ਵਿਸ਼ੇ-ਵਿਕਾਰਾਂ ਤੋਂ ਸਹਿਜੇ ਹੀ ਖਿੱਚਣ ਦੀ ਸਮਰੱਥਾ ਰੱਖਦਾ ਹੈ।
4. **ਸਾਗਰ ਵਰਗੀ ਗੰਭੀਰਤਾ:** ਜਿਵੇਂ ਅਨੇਕਾਂ ਨਦੀਆਂ ਡਿੱਗਣ ਦੇ ਬਾਵਜੂਦ ਸਮੁੰਦਰ ਆਪਣੀ ਹੱਦ ਨਹੀਂ ਟੱਪਦਾ, ਤਿਵੇਂ ਸੰਸਾਰ ਦੀਆਂ ਘਟਨਾਵਾਂ ਸਥਿਤਪ੍ਰਗਿਆ ਦੇ ਚਿੱਤ ਵਿੱਚ ਦਾਖ਼ਲ ਹੋ ਕੇ ਵੀ ਉਸਦੀ ਅੰਦਰੂਨੀ ਸ਼ਾਂਤੀ ਨੂੰ ਭੰਗ ਨਹੀਂ ਕਰ ਸਕਦੀਆਂ।
5. **ਨਿਰਮਮ ਅਤੇ ਨਿਰਅਹੰਕਾਰ:** ਉਹ 'ਮੈਂ ਕਰਦਾ ਹਾਂ' ਦੇ ਹੰਕਾਰ ਅਤੇ 'ਇਹ ਮੇਰਾ ਹੈ' ਦੇ ਮੋਹ ਤੋਂ ਮੁਕਤ ਹੋ ਕੇ ਜਿਊਂਦਾ ਹੈ।

ਜਨਮ ਅਸ਼ਟਮੀ ਦਾ ਪਰਵ ਹਨੇਰੀਆਂ ਕਾਲ-ਕੋਠੜੀਆਂ ਵਿੱਚ ਵੀ ਉਮੀਦ ਜਗਾਉਣ ਦੀ ਦਾਸਤਾਨ ਹੈ, ਰਾਧਾ-ਕ੍ਰਿਸ਼ਨ ਦਾ ਪ੍ਰੇਮ ਆਤਮਾ ਦੇ ਪਰਮ-ਚੇਤਨਾ ਨਾਲ ਮਿਲਾਪ ਦਾ ਪ੍ਰਤੀਕ ਹੈ, ਅਤੇ ਗੀਤਾ ਦਾ ਸਥਿਤਪ੍ਰਗਿਆ ਦਰਸ਼ਨ ਕਰਮ-ਖੇਤਰ ਵਿੱਚ ਵਿਚਰਦਿਆਂ ਕਮਲ ਦੇ ਫੁੱਲ ਵਾਂਗ ਨਿਰਲੇਪ ਰਹਿਣ ਦੀ ਸਦੀਵੀ ਪ੍ਰੇਰਨਾ ਹੈ।

| ਪੱਖ | ਸਾਧਾਰਨ ਮਨੁੱਖ ਦਾ ਪ੍ਰਤੀਕਰਮ | ਸਥਿਤਪ੍ਰਗਿਆ ਦਾ ਆਚਰਨ |
|---|---|---|
| ਸੁੱਖ-ਦੁੱਖ | ਸੁੱਖ ਵਿੱਚ ਹੰਕਾਰ, ਦੁੱਖ ਵਿੱਚ ਨਿਰਾਸ਼ਾ | ਦੋਵਾਂ ਹਾਲਤਾਂ ਵਿੱਚ ਅਡੋਲ ਅਤੇ ਸਮਾਨ |
| ਇੱਛਾਵਾਂ | ਨਵੀਆਂ ਕਾਮਨਾਵਾਂ ਦਾ ਗੁਲਾਮ | ਆਤਮਾ ਵਿੱਚ ਸੰਤੁਸ਼ਟ, ਕਾਮਨਾ-ਮੁਕਤ |
| ਇੰਦਰੀਆਂ | ਵਿਸ਼ੇ-ਭੋਗਾਂ ਦੇ ਅਧੀਨ | ਇੰਦਰੀਆਂ ਦਾ ਮਾਲਕ (ਪੂਰਨ ਸੰਜਮੀ) |
| ਹਉਮੈ (ਅਹੰਕਾਰ) | 'ਮੈਂ' ਅਤੇ 'ਮੇਰੇ' ਵਿੱਚ ਗ੍ਰਸਤ | ਨਿਰਅਹੰਕਾਰ ਅਤੇ ਨਿਰਮੋਹ |
| ਮਾਨਸਿਕ ਅਵਸਥਾ | ਚਿੰਤਾ ਅਤੇ ਅਸਥਿਰਤਾ | ਸਾਗਰ ਵਾਂਗ ਡੂੰਘੀ ਸ਼ਾਂਤੀ |

ਜਨਮ ਅਸ਼ਟਮੀ 'ਤੇ ਵਿਸ਼ੇਸ

# ਸਰਵਗੁਣ ਸੰਪਨ ਸਨ ਭਗਵਾਨ ਸ੍ਰੀ ਕ੍ਰਿਸ਼ਨ





ਬਲਵਿੰਦਰ 'ਬਾਲਮ'
ਮੋ.98156-25409



ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜਨਮ ਗੋਕੁਲ, ਜ਼ਿਲ੍ਹਾ ਮਥੁਰਾ (ਯੂ.ਪੀ.) ਵਿਖੇ ਹੋਇਆ। ਸ਼੍ਰੀ ਕ੍ਰਿਸ਼ਨ ਦਵਾਪਰ ਯੁਗ ਵਿਚ ਯਸ਼ੋਧਾ ਮਾਤਾ ਦੀ ਕੁੱਖ 'ਚੋਂ ਪੈਦਾ ਹੋਏ। ਉਨ੍ਹਾਂ ਦੇ ਪਿਤਾ ਸ੍ਰੀ ਨੰਦ ਕਿਸ਼ੋਰ ਸਨ। ਗੋਕੁਲ ਪਿੰਡ ਵਿਚ ਅੱਜ ਵੀ ਕ੍ਰਿਸ਼ਨ ਭਗਵਾਨ ਦੇ ਸਮੇਂ ਦੇ ਚਿੰਨ੍ਹ ਮੌਜੂਦ ਹਨ। ਉਹ ਰੁੱਖ ਵੀ ਮੌਜੂਦ ਹੈ ਜਿਸ ਨਾਲ ਬਾਲ ਕ੍ਰਿਸ਼ਨ ਨੂੰ ਯਸ਼ੋਧਾ ਮਾਤਾ ਨੇ ਬੰਨਿਆ ਸੀ
ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਨੂੰ ਹੀ ਜਨਮ ਅਸ਼ਟਮੀ ਕਹਿੰਦੇ ਹਨ। ਜਿਸ ਕਾਲ ਵਿਚ ਧਰਮ ਦੇ ਸਿਧਾਂਤ ਜੀਵਨ ਵਿਚ ਚਰਿਤਾਰਥ ਨਾ ਹੋ ਕੇ ਕੇਵਲ ਪੁਸਤਕਾਂ ਵਿਚ ਹੀ ਰਹਿ ਗਏ ਸਨ ਉਸ ਕਾਲ ਵਿਚ ਕ੍ਰਿਸ਼ਨ ਦਾ ਜਨਮ ਹੋਇਆ। ਸੱਤਾ ਜਾਂ ਸੰਪਤੀ ਦੇ ਬਿਨਾਂ ਵੀ ਹਜ਼ਾਰਾਂ ਲੋਕਾਂ ਦਾ ਸੰਗਠਨ ਹੋ ਸਕਦਾ ਹੈ, ਇਹ ਉਨ੍ਹਾਂ ਦੇ ਗੋਕੁਲ ਵਿਚ ਵੈਸਾ ਸੰਗਠਨ ਕਰਕੇ ਵਿਖਾਇਆ। 'ਕਰਸ਼ਤੀ ਆਕਰਸ਼ਤੀ ਇਤੀ ਕ੍ਰਿਸ਼ਨ' ਸਲੋਕ ਮੁਤਾਬਿਕ ਜੋ ਖਿੱਚਦਾ ਹੈ, ਆਕਰਸ਼ਿਤ ਕਰਦਾ ਹੈ ਉਹ ਕ੍ਰਿਸ਼ਨ। ਕ੍ਰਿਸ਼ਨ ਨੇ ਗੋਪੀਆਂ ਨੂੰ ਇਕੱਠਾ ਕਰਕੇ ਉਨ੍ਹਾਂ ਦਾ ਪ੍ਰੇਮ ਸੰਪਾਦਨ ਕੀਤਾ। ਕ੍ਰਿਸ਼ਨ ਦੇ ਕਹਿਣ 'ਤੇ ਗੋਕੁਲ ਦੇ ਲੋਕਾਂ ਨੇ ਸਾਲਾਂ ਪੁਰਾਣੀ ਇੰਦਰ ਪੂਜਾ ਦੀ ਪਰੰਪਰਾ ਤੋੜ ਦਿੱਤੀ ਅਤੇ ਗੌਵਰਧਨ ਪੂਜਾ ਨੂੰ ਸਵੀਕਾਰ ਕੀਤਾ। ਇਸ ਘਟਨਾ ਨਾਲ ਕੰਸ, ਜਰਾਸੰਘ ਆਦਿ ਲੋਕਾਂ ਦੀ ਧਾਰਨਾ ਨੂੰ ਬੜਾ ਧੱਕਾ ਲੱਗਿਆ। ਕ੍ਰਿਸ਼ਨ ਨੇ ਸਾਧਾਰਣ ਮਾਨਵ ਨੂੰ ਸਮਝਾਇਆ ਕਿ ਜੇਬ ਵਿਚ ਭਲੇ ਹੀ ਦਮੜੀ ਨਾ ਹੋਵੇ, ਪਰ ਤੇਜ਼ਸਵਿਤਾ ਨਾਲ ਅਤੇ ਨਿਸ਼ਠਾ ਨਾਲ ਇਕੱਠੇ ਹੋ ਕੇ ਸਾਹ ਵੀ ਲਵੋਂਗੇ ਤਾਂ ਜਗਤ ਬਦਲ ਜਾਵੇਗਾ। ਭਗਵਦ ਕਾਰਜ ਦੇ ਬਿਨਾਂ ਸਵਾਰਥ ਨਾਲ ਕਰਦੇ ਰਹੋ, ਪ੍ਰਭੂ ਤੁਹਾਡੇ ਪਿੱਛੇ ਖੜ੍ਹਿਆ ਹੈ।

ਮੂਸਲਾਧਾਰ ਬਾਰਿਸ਼, ਬਿਜਲੀ ਦੀ ਕੜਕੜਾਹਟ, ਬੱਦਲਾਂ ਦੇ ਝੁਰਮਟ, ਸਾਰੀ ਧਰਤੀ ਜਲ ਥਲ ਐਸੇ ਸਮੇਂ ਸ਼੍ਰੀ ਕ੍ਰਿਸ਼ਨ ਦਾ ਜਨਮ ਹੋਇਆ। ਜਦ ਜੀਵਨ ਵਿਚ ਅੰਧਕਾਰ ਵਧਦਾ ਹੈ, ਨਿਰਾਸ਼ਾ ਦੇ ਬੱਦਲ ਛਾ ਜਾਂਦੇ ਹਨ, ਮੁਸੀਬਤਾਂ ਦਾ ਹੜ੍ਹ ਆ ਜਾਂਦਾ ਹੈ, ਦੁੱਖ-ਆਫ਼ਤਾਂ ਸਿਰ ਚੜ੍ਹ ਕੇ ਬੋਲਦੇ ਹਨ ਤਦ ਭਗਵਾਨ ਸ਼੍ਰੀ ਕ੍ਰਿਸ਼ਨ ਜਨਮ ਲੈਂਦੇ ਹਨ।

ਵਿਆਪਤ ਅੰਧਕਾਰ ਵਿਚ ਜਦੋਂ ਪ੍ਰਕਾਸ਼ ਦੀਆਂ ਕਿਰਨਾਂ ਫੁੱਟ ਨਿਕਲਦੀਆਂ ਹਨ, ਅਸਮਾਨ ਵਿਚ ਸੂਰਜ ਅਪਣੀ ਸ਼ੋਭਾ ਨੂੰ ਵਧਾਉਂਦਾ ਹੈ ਤਦ ਮਾਨਵਤਾ ਆਨੰਦ ਨਾਲ ਪੁਲਕਿਤ ਹੁੰਦੀ ਹੈ ਸਾਮਰਾਜਵਾਦ ਦੀਆਂ ਮੁਸੀਬਤਾਂ ਵਿਚ ਪਿਸਦੇ ਹੋਏ ਸਮਾਜ ਨੂੰ ਉਸਦਾ ਤਾਰਨਹਾਰ ਮਿਲੇ, ਸੱਤਾ ਅਤੇ ਸੰਪਤੀ ਦੇ ਸ਼ੋਸ਼ਣ ਤੋਂ ਛੁਡਾਉਣ ਵਾਲਾ ਮੁਕਤੀਦਾਤਾ ਮਿਲੇ, ਗ਼ਰੀਬਾਂ, ਬੇਸਹਾਰਿਆਂ ਨੂੰ ਮਸੀਹਾ ਮਿਲੇ, ਡੁੱਬਦੇ ਹੋਏ ਨੂੰ ਕਿਸਾਨਾ ਦੇਣ ਵਾਲਾ ਅਤੇ ਅਧਿਆਤਮਿਕ ਵਿਅਕਤੀ ਨੂੰ ਉਧਾਰਕ ਮਿਲੇ ਤਾਂ ਤਦ ਆਨੰਦ ਵਿਭੋਰ ਹੋ ਕੇ ਕੌਣ ਨਹੀਂ ਨੱਚਦਾ? ਫਿਰ ਮੁਕਤੀਦਾਤਾ, ਮਾਨਵਤਾਵਾਦੀ, ਗੀਤਾ ਦੇ ਉਦਾਰਤਾ, ਲੋਕਾਂ ਨੂੰ ਤਾਰਨ ਵਾਲਾ ਅਤੇ ਉਧਾਰਕ ਕ੍ਰਿਸ਼ਨ ਦਾ ਜਨਮ ਹੋਇਆ ਅਤੇ ਸਾਰੇ ਦੁੱਖ ਸੰਤਾਪ ਨੂੰ ਭੁੱਲ ਕੇ ਆਨੰਦ-ਉਲਾਸ, ਖ਼ੁਸ਼ੀ ਵਿਚ ਲੋਕ ਨੱਚਣ ਲੱਗੇ ਅਤੇ ਉਹ ਦਿਨ ਜਨਮ ਅਸ਼ਟਮੀ ਦੇ ਨਾਂਅ ਨਾਲ ਪ੍ਰਸਿੱਧ ਹੋਇਆ।

ਭਗਵਾਨ ਸ਼੍ਰੀ ਕ੍ਰਿਸ਼ਨ ਵਿਚ ਮਾਨਵਤਾ ਦੇ ਸਾਰੇ ਗੁਣ ਸਨ। ਉਹ ਇਕ ਸੱਚੇ ਮਿੱਤਰ (ਕ੍ਰਿਸ਼ਨ-ਸੁਦਾਮਾ ਪ੍ਰਸੰਗ), ਰਾਜਿਆਂ ਵਰਗੇ, ਪਿਤਾ ਅਤੇ ਪੁੱਤਰ ਵਰਗੇ, ਭਗਤਾਂ ਨੂੰ ਖ਼ੁਦ ਭਗਵਾਨ ਲਗਦੇ ਸਨ। ਉਨ੍ਹਾਂ ਦੇ ਮਸਤਕ ਦੀ ਸ਼ੋਭਾ ਵਿਚ ਸੂਰਜ ਵਰਗਾ ਆਕਰਸ਼ਣ ਸੀ। ਸ਼ਾਂਤ, ਨਿਰਮਲ ਅਤੇ ਮੌਕੇ 'ਤੇ ਸਹੀ ਫ਼ੈਸਲਾ ਲੈਣ ਵਾਲੇ, ਲੋਕਾਂ ਵਿਚ ਪਿਆਰ ਵੰਡਣ ਵਾਲੇ, ਉਨ੍ਹਾਂ ਦੇ ਆਕਰਸ਼ਣ ਵਿਚ, ਬਾਣੀ ਵਿਚ ਇਕ ਐਸੀ ਖ਼ੁਸ਼ਬੂ ਸੀ ਜਿਸ ਨੂੰ ਪਾ ਕੇ ਸਾਰੇ ਆਨੰਦ-ਵਿਭੋਰ ਹੋ ਜਾਂਦੇ। ਵੈਸੇ ਵੀ ਜਨਮ ਅਸ਼ਟਮੀ ਹਰ ਸਾਲ ਆਉਂਦੀ ਹੈ, ਲੋਕਾਂ ਨੂੰ ਕਿੰਨਾ ਆਨੰਦ ਦਿੰਦੀ ਹੈ। ਕ੍ਰਿਸ਼ਨ ਦਾ ਜਨਮ ਹੀ ਇਸ ਤਰ੍ਹਾਂ ਦਾ ਹੈ। ਜਨਮ ਅਸ਼ਟਮੀ ਭਾਵ ਕਿ ਪ੍ਰਭੂ ਪ੍ਰੇਮੀਆਂ ਦਾ ਆਨੰਦ ਦੀ ਅਵਸਥਾ।

ਸਭ ਦ੍ਰਿਸ਼ਟੀਆਂ ਵਿਚ ਕ੍ਰਿਸ਼ਨ ਪੂਰਨ ਅਵਤਾਰ ਸਨ। ਉਨ੍ਹਾਂ ਦੇ ਜੀਵਨ ਵਿਚ ਕੋਈ ਵੀ ਉਂਗਲੀ ਉਠਾਉਣ ਵਾਲਾ ਨਹੀਂ ਹੈ। ਉਹ ਸੰਪੂਰਨ ਸਨ। ਉਹ ਅਧਿਆਤਮਿਕ, ਨੈਤਿਕਤਾਵਾਦੀ, ਸਮਾਜ ਉਧਾਰਕ, ਰਾਜਨੀਤਕ, ਸੰਸਕ੍ਰਿਤੀ ਦੇ ਸਵਾਮੀ ਆਦਿ ਗੁਣਾਂ ਦਾ ਗਹਿਰਾ ਸਮੁੰਦਰ ਸਨ। ਉਹ ਯਸ਼ਸਵੀ, ਰਾਜਨਾਇਕ, ਜੇਤੂ ਯੋਧਾ, ਧਰਮ ਸਾਮਰਾਜ ਦਾ ਨਿਰਮਾਤਾ, ਮਾਨਵ-ਵਿਕਾਸ ਕਰਨ ਵਾਲੇ, ਧਰਮ ਦਾ ਮਹਾਨ ਪ੍ਰਵਚਨਕਾਰ, ਭਕਤਵਤਸਲ ਅਤੇ ਗਿਆਨੀਆਂ ਅਤੇ ਜਗਿਆਸੂਆਂ ਦੀ ਜਗਿਆਸਾ ਪੂਰੀ ਕਰਨ ਵਾਲੇ ਜਗਤਗੁਰੂ ਭਾਵ ਸ੍ਰੀ ਕ੍ਰਿਸ਼ਨ।

ਭਗਵਾਨ ਸ੍ਰੀ ਕ੍ਰਿਸਨ ਨੇ ਬੁਰਾਈ ਦਾ ਨਾਸ਼ ਕੀਤਾ ਅਤੇ ਅੱਛਾਈ (ਚੰਗਿਆਈ) ਦੀ ਖ਼ੁਸ਼ਬੂ ਪੈਦਾ ਕੀਤੀ। ਗੋਪਾਲਾਂ ਨਾਲ ਮਿਲ ਕੇ ਉਨ੍ਹਾਂ ਨੇ ਸਮਾਜ ਬਦਲ ਦਿੱਤਾ। ਉਨ੍ਹਾਂ ਪਾਪ ਅਤੇ ਦੰਭ ਦਾ ਨਾਸ਼ ਕੀਤਾ। ਨਾਗ ਜਾਤੀ ਦੇ ਦ੍ਰਿਸ਼ਟ ਰਾਜਾ ਦਾ ਨਾਸ ਕੀਤਾ। ਭਗਵਾਨ ਸ੍ਰੀ ਕ੍ਰਿਸ਼ਨ ਨੇ ਪੈਸੇ ਵਾਲਿਆਂ ਦਾ ਪੂਜਣ ਬੰਦ ਕਰਕੇ 'ਗੋ' ਯਾਨੀ ਉਪਨਿਸ਼ਦਾਂ ਦਾ ਪੂਜਣ ਸ਼ੁਰੂ ਕਰਵਾਇਆ। ਗੋਪਾਲਾ ਨੂੰ ਸਿਹਤਮੰਦ ਰੱਖਣ ਲਈ ਮੱਖਣ ਖਵਾਉਂਦੇ ਸਨ। ਗੋਪਾਲਕਾਂ ਵਿਚ ਸੰਗਠਤਾ ਆਉਂਦੀ ਸੀ। ਸੁੱਖ ਅਤੇ ਸ਼ਾਂਤੀ ਵਧਦੀ ਸੀ। ਸੰਸਕ੍ਰਿਤੀ ਦੇ ਲਈ ਉਨ੍ਹਾਂ ਦਾ ਹਿਰਦੇ ਤਦ ਦੁਖੀ ਹੁੰਦਾ ਸੀ ਇਸ ਲਈ ਤਾਂ ਜਦੋਂ ਦੁਰਯੋਧਨ, ਕੰਸ, ਕਾਲਯਵਨ, ਨਰਕਾਸੁਰ, ਸ਼ਿਸੂਪਾਲ ਅਤੇ ਜਰਾਸੰਘ ਵਰਗੇ ਜੜ੍ਹਵਾਦੀ, ਆਸੁਰੀ ਸੰਸਕ੍ਰਿਤੀ ਦੇ ਪ੍ਰਚਾਰਕ ਤਾਂਡਵ ਨਾਚ ਕਰ ਰਹੇ ਸਨ। ਸੰਸਕ੍ਰਿਤੀ ਪ੍ਰੇਮੀ ਪਾਂਡਵਾਂ ਦੇ ਉਹ ਸਦਾ ਦੇ ਲਈ ਮਾਰਗਦਰਸ਼ਨ ਰਹੇ। ਮੁਸ਼ਕਿਲ ਕਾਲ ਦੇ ਪ੍ਰਸੰਗ ਵਿਚ ਅਤੇ ਮੁਸੀਬਤ ਸਮੇਂ ਉਹ ਪਾਂਡਵਾਂ ਨੂੰ ਬਚਾ ਲੈਂਦੇ ਸਨ। ਅਨੁਸ਼ਾਸਨਹੀਣਤਾ ਕਰਕੇ ਹੀ ਕੌਰਵਾਂ ਦੀ ਹਾਰ ਹੋਈ।

ਭਗਵਾਨ ਸ਼੍ਰੀ ਕ੍ਰਿਸ਼ਨ ਜੋ ਕਰਮ ਨੂੰ ਪ੍ਰਾਥਮਿਕਤਾ ਦਿੰਦੇ ਹਨ। ਉਨ੍ਹਾਂ ਦੀ ਪ੍ਰਤਿਮਾ ਨੂੰ ਦੇਖ ਕੇ ਸ਼ਾਂਤੀ ਮਿਲਦੀ ਹੈ। ਹੋਠਾਂ 'ਤੇ ਮੁਰਲੀ ਮਧੁਰ ਸੰਗੀਤ ਦੀ ਚਿੰਨ੍ਹ। ਮਸਤਕ ਉਪਰ ਮੋਰ ਪੰਖ, ਗਲੇ ਵਿਚ ਮਾਲਾ, ਨਾਲ ਨਾਲ ਗਊ (ਗਾਂ) ਇਹ ਸਭ ਚਿੰਨ੍ਹ ਸ਼ਾਂਤੀ ਅਤੇ ਸੁਖਦ ਪ੍ਰੇਮ ਨੂੰ ਦਰਸਾਂਦੇ ਹਨ।

ਭਗਤੀ ਅਤੇ ਗਿਆਨ ਜਿਸਨੇ ਵੀ ਜੀਵਨ ਵਿਚ ਉਤਾਰਿਆ ਹੈ ਐਸੋ ਨਿਸ਼ਕਾਮ ਕਰਮਯੋਗੀ ਦੀ ਜਾਣਕਾਰੀ ਸ੍ਰੀ ਕ੍ਰਿਸ਼ਨ ਨੇ ਗੀਤਾ ਵਿਚ ਦਿੱਤੀ ਹੈ। ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਗੋਪੀਆਂ ਉਨ੍ਹਾਂ ਦੇ ਵਿਸ਼ੇਸ ਗੁਣ ਹਨ। ਭਗਵਾਨ ਸ੍ਰੀ ਕ੍ਰਿਸ਼ਨ ਦੇ ਗੁਣਾਂ ਨੂੰ ਹੀ ਗੋਪੀਆਂ ਕਹਿੰਦੇ ਹਨ। ਕ੍ਰਿਸ਼ਨ ਭਗਵਾਨ ਭਾਰਤ ਦੇ ਯੁੱਗ ਪੁਰਸ਼ ਸਨ।

ਅੱਜ ਦੇ ਦਿਨ ਸਾਰੇ ਭਾਰਤ ਵਾਸੀਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਸਾਸ਼ਤਰ ਉਪਰ ਚੱਲਣਾ ਚਾਹੀਦਾ ਹੈ। ਜਾਤ-ਪਾਤ, ਰੰਗ ਰੂਪ, ਵਰਣ ਭੇਣ ਛੱਡ ਕੇ ਭਾਰਤ ਦੇ ਸੱਚੇ ਕਰਮਸ਼ੀਲ ਬਣਨਾ ਚਾਹੀਦਾ ਹੈ। ਜਨਮ ਅਸ਼ਟਮੀ ਮਨਾਓ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਹੋ ਜਾਚ।

## ਦੇਸ਼ ਭਰ 'ਚ ਜਨਮ ਅਸ਼ਟਮੀ ਦੀ ਧੂਮ: ਰਾਧਾ-ਕ੍ਰਿਸ਼ਨ ਦੇ ਮਨਮੋਹਕ ਰੂਪ 'ਚ ਸਜੇ ਮਾਸੂਮ ਬੱਚੇ; ਭਗਤੀ ਦੇ ਰੰਗ 'ਚ ਰੰਗਿਆ ਸਮੁੱਚਾ ਭਾਰਤ

### ਸਕੂਲਾਂ, ਮੰਦਰਾਂ ਅਤੇ ਘਰਾਂ 'ਚ ਬਾਲ ਗੋਪਾਲਾਂ ਨੇ ਬੰਨ੍ਹਿਆ ਸਮਾਂ; ਮੱਥੇ 'ਤੇ ਮੋਰ ਮੁਕਟ ਤੇ ਹੱਥਾਂ 'ਚ ਬੰਸਰੀ ਲੈ ਉੱਤਰੇ ਛੋਟੇ ਕਾਨ੍ਹ, ਬਾਜ਼ਾਰਾਂ 'ਚ ਤਿਉਹਾਰੀ ਰੌਣਕ ਸਿਖ਼ਰਾਂ 'ਤੇ
















ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਤੋਂ ਪਹਿਲਾਂ ਬੀਕਾਨੇਰ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਰਾਧਾ ਰਾਣੀ ਦੇ ਦਿਲਕਸ਼ ਰੂਪ 'ਚ ਸਜੇ ਮਾਸੂਮ ਬੱਚੇ, ਜਿਨ੍ਹਾਂ ਦੀ ਮਨਮੋਹਕ ਛਵੀ ਨੇ ਹਰ ਕਿਸੇ ਦਾ ਮਨ ਮੋਹ ਲਿਆ।

**ਸਮੁੱਚਾ ਭਾਰਤ:** ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਤਿਉਹਾਰ ਨੂੰ ਲੈ ਕੇ ਸਮੁੱਚੇ ਦੇਸ਼ ਵਿੱਚ ਸ਼ਰਧਾ, ਆਸਥਾ ਅਤੇ ਭਾਰੀ ਉਤਸ਼ਾਹ ਦਾ ਮਾਹੌਲ ਬਣਿਆ ਹੋਇਆ ਹੈ। ਉੱਤਰ ਤੋਂ ਲੈ ਕੇ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਸਕੂਲਾਂ, ਵਿੱਦਿਅਕ ਅਦਾਰਿਆਂ, ਧਾਰਮਿਕ ਅਸਥਾਨਾਂ ਅਤੇ ਘਰਾਂ ਵਿੱਚ ਨੰਨ੍ਹੇ-ਮੁੰਨੇ ਮਾਸੂਮ ਬੱਚੇ ਭਗਵਾਨ ਸ੍ਰੀ ਕ੍ਰਿਸ਼ਨ ਅਤੇ ਰਾਧਾ ਰਾਣੀ ਦੇ ਮਨਮੋਹਕ ਰੂਪ ਵਿੱਚ ਸਜੇ ਨਜ਼ਰ ਆ ਰਹੇ ਹਨ।

ਪੀਲੇ ਪੀਤਾਂਬਰ ਵਸਤਰ, ਮੱਥੇ 'ਤੇ ਤਿਲਕ, ਸਿਰ 'ਤੇ ਸਜਿਆ ਮੋਰ ਮੁਕਟ ਅਤੇ ਹੱਥਾਂ ਵਿੱਚ ਬੰਸਰੀ ਫੜੀ ਮਾਸੂਮ ਕਾਨ੍ਹਾ ਅਤੇ ਰਵਾਇਤੀ ਲਹਿੰਗੇ-ਚੁੰਨੀ 'ਚ ਸ਼ਿੰਗਾਰੀਆਂ ਛੋਟੀਆਂ ਰਾਧਾਵਾਂ ਦੀ ਅਲੌਕਿਕ ਛਵੀ ਨੇ ਹਰ ਕਿਸੇ ਦਾ ਮਨ ਮੋਹ ਲਿਆ ਹੈ। ਦੇਸ਼ ਭਰ ਵਿੱਚ ਇਹਨਾਂ ਮਾਸੂਮ ਕਿਰਦਾਰਾਂ ਨੇ ਸਮੁੱਚੇ ਵਾਤਾਵਰਨ ਨੂੰ ਪੂਰੀ ਤਰ੍ਹਾਂ ਕ੍ਰਿਸ਼ਨਮਈ ਅਤੇ ਭਗਤੀ-ਭਾਵ ਵਾਲਾ ਬਣਾ ਦਿੱਤਾ ਹੈ।

ਦੇਸ਼ ਪੱਧਰੀ ਖ਼ਬਰ ਦੇ ਮੁੱਖ ਵੇਰਵੇ

**ਮਾਸੂਮਾਂ ਦਾ ਮਨਮੋਹਕ ਅੰਦਾਜ਼ ਤੇ ਆਕਰਸ਼ਣ:** ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ, ਮਹਾਰਾਸ਼ਟਰ ਅਤੇ ਪੰਜਾਬ ਸਮੇਤ ਦੇਸ਼ ਦੇ ਕੋਨੇ-ਕੋਨੇ ਵਿੱਚ ਮਾਪਿਆਂ ਅਤੇ ਅਧਿਆਪਕਾਂ ਨੇ ਬੱਚਿਆਂ ਨੂੰ ਬੜੀ ਸ਼ਰਧਾ ਤੇ ਰੀਝ ਨਾਲ ਬਾਲ ਗੋਪਾਲ, ਮੱਖਣ ਚੋਰ ਅਤੇ ਰਾਧਾ ਰਾਣੀ ਦੇ ਸਰੂਪ ਵਿੱਚ ਤਿਆਰ ਕੀਤਾ, ਜੋ ਹਰ ਥਾਂ ਖਿੱਚ ਦਾ ਕੇਂਦਰ ਬਣੇ ਰਹੇ।

**ਸਕੂਲਾਂ ਤੇ ਸੰਸਥਾਵਾਂ 'ਚ ਸੱਭਿਆਚਾਰਕ ਪੇਸ਼ਕਾਰੀਆਂ:** ਦੇਸ਼ ਭਰ ਦੇ ਸਕੂਲਾਂ ਅਤੇ ਸਮਾਜਿਕ ਸੰਸਥਾਵਾਂ ਵਿੱਚ ਫੈਂਸੀ ਡਰੈੱਸ ਮੁਕਾਬਲੇ, ਦਹੀ-ਹਾਂਡੀ ਉਤਸਵ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਗਏ। ਨੰਨ੍ਹੇ ਬੱਚਿਆਂ ਨੇ ਕ੍ਰਿਸ਼ਨ ਲੀਲਾਵਾਂ, ਮਾਖਨ ਚੋਰੀ ਅਤੇ ਰਾਸਲੀਲਾ 'ਤੇ ਆਧਾਰਿਤ ਗੀਤਾਂ-ਭਜਨਾਂ 'ਤੇ ਦਿਲਕਸ਼ ਨਾਚ ਪੇਸ਼ ਕਰਕੇ ਸਭ ਨੂੰ ਮੰਤਰ-ਮੁਗਧ ਕਰ ਦਿੱਤਾ।

**ਮੰਦਰਾਂ ਦੀ ਅਲੌਕਿਕ ਸਜਾਵਟ ਤੇ ਬਾਜ਼ਾਰਾਂ 'ਚ ਰੌਣਕਾਂ:** ਮਥੁਰਾ, ਵਰਿੰਦਾਵਨ, ਦਵਾਰਕਾ ਸਮੇਤ ਦੇਸ਼ ਦੇ ਪ੍ਰਮੁੱਖ ਕ੍ਰਿਸ਼ਨ ਮੰਦਰਾਂ ਨੂੰ ਰੰਗ-ਬਿਰੰਗੀਆਂ ਲਾਈਟਾਂ ਅਤੇ ਤਾਜ਼ੇ ਫੁੱਲਾਂ ਨਾਲ ਦੁਲਹਨ ਵਾਂਗ ਸਜਾਇਆ ਗਿਆ ਹੈ। ਬਾਜ਼ਾਰਾਂ ਵਿੱਚ ਲੱਡੂ ਗੋਪਾਲ ਦੀਆਂ ਪੁਸ਼ਾਕਾਂ, ਝੂਲੇ, ਬੰਸਰੀਆਂ, ਮੋਰ ਪੰਖ ਅਤੇ ਪੂਜਾ ਸਮੱਗਰੀ ਖ਼ਰੀਦਣ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਉਮੜ ਰਹੀ ਹੈ।

**ਦੇਸ਼ ਵਾਸੀਆਂ 'ਚ ਏਕਤਾ ਅਤੇ ਆਸਥਾ ਦਾ ਪ੍ਰਤੀਕ:** ਜਨਮ ਅਸ਼ਟਮੀ ਦਾ ਇਹ ਤਿਉਹਾਰ ਧਾਰਮਿਕ ਬੰਧਨਾਂ ਤੋਂ ਉੱਪਰ ਉੱਠ ਕੇ ਸਮਾਜ ਵਿੱਚ ਪ੍ਰੇਮ, ਭਾਈਚਾਰਕ ਸਾਂਝ ਅਤੇ ਸੱਭਿਆਚਾਰਕ ਏਕਤਾ ਦਾ ਸੰਦੇਸ਼ ਦੇ ਰਿਹਾ ਹੈ, ਜਿੱਥੇ ਹਰ ਵਰਗ ਦੇ ਲੋਕ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਉਤਸਵ ਦੇ ਜਸ਼ਨਾਂ ਵਿੱਚ ਡੁੱਬੇ ਹੋਏ ਹਨ।



ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਪਾਵਨ ਜਨਮ ਦਿਹਾੜੇ,
ਜਨਮ ਅਸ਼ਟਮੀ ਦੀਆਂ ਆਪ ਸਭ ਨੂੰ
ਲੱਖ-ਲੱਖ ਵਧਾਈਆਂ
ਮੈਂ ਕਾਮਨਾ ਕਰਦਾ ਹਾਂ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਸਭ ਘਰਾਂ ਨੂੰ
ਖ਼ੁਸ਼ਹਾਲੀ, ਆਪਸੀ ਪਿਆਰ ਅਤੇ ਤੰਦਰੁਸਤੀ ਦੀਆਂ ਅਸੀਸਾਂ ਬਖ਼ਸ਼ਣ।
ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ
ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ
United Punjab Front
ਸ੍ਰੀ ਪੰਕਜ ਆਂਸਲ
ਫਾਊਂਡਰ ਯੂਨਾਈਟਿਡ ਪੰਜਾਬ ਫਰੰਟ




ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਪਾਵਨ ਜਨਮ ਦਿਹਾੜੇ,
ਜਨਮ ਅਸ਼ਟਮੀ ਦੀਆਂ ਆਪ ਸਭ ਨੂੰ

# ਲੱਖ-ਲੱਖ ਵਧਾਈਆਂ

ਮੈਂ ਕਾਮਨਾ ਕਰਦਾ ਹਾਂ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਸਭ ਘਰਾਂ ਨੂੰ
ਖ਼ੁਸ਼ਹਾਲੀ, ਆਪਸੀ ਪਿਆਰ ਅਤੇ ਤੰਦਰੁਸਤੀ ਦੀਆਂ ਅਸੀਸਾਂ ਬਖ਼ਸ਼ਣ।

ਕਮਿਊਨਿਟੀ ਦੇ ਹਰ ਕੰਮ ਨੂੰ ਅੱਗੇ ਹੋ ਕੇ ਕਰਨ ਵਾਲੇ ਸਮਾਜ
ਸੇਵਕ, ਨਿੱਘੇ ਸੁਭਾਅ ਦੇ ਮਾਲਕ, ਇੰਡੀਅਨ ਕਮਿਊਨਿਟੀ ਦੇ
ਆਗੂ, ਸਨੀਵੇਲ ਹਿੰਦੂ ਮੰਦਿਰ ਦੇ ਫਾਊਂਡਰ ਮਾਂ ਦੁਰਗਾ ਪਰਿਵਾਰ
ਸਾਬਕਾ ਪ੍ਰਧਾਨ ਤੇ ਪੰਜਾਬੀ ਭਾਈਚਾਰੇ ਦੇ ਉਘੇ ਲੀਡਰ

# ਸ਼੍ਰੀ ਰਾਜ ਭਨੋਟ

## ਅਤੇ ਸਮੂਹ ਭਨੋਟ ਪਰਿਵਾਰ




# ਮਥੁਰਾ 'ਚ ਜਨਮ ਅਸ਼ਟਮੀ ਦੀਆਂ ਤਿਆਰੀਆਂ ਜ਼ੋਰਾਂ 'ਤੇ: ਰੰਗ-ਬਿਰੰਗੀਆਂ ਲਾਈਟਾਂ ਤੇ ਫੁੱਲਾਂ ਨਾਲ ਸਜਿਆ ਕ੍ਰਿਸ਼ਨਾ ਜਨਮ ਅਸਥਾਨ





ਮਥੁਰਾ : ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਉਤਸਵ 'ਜਨਮ ਅਸ਼ਟਮੀ' ਤੋਂ ਪਹਿਲਾਂ ਧਾਰਮਿਕ ਨਗਰੀ ਮਥੁਰਾ ਪੂਰੀ ਤਰ੍ਹਾਂ ਭਗਤੀ ਦੇ ਰੰਗ ਵਿੱਚ ਰੰਗੀ ਗਈ ਹੈ। ਸ਼੍ਰੀ ਕ੍ਰਿਸ਼ਨ ਜਨਮ ਅਸਥਾਨ ਮੰਦਰ ਕੰਪਲੈਕਸ ਨੂੰ ਬੁੱਧਵਾਰ ਨੂੰ ਆਕਰਸ਼ਕ ਲਾਈਟਾਂ, ਵਿਸ਼ੇਸ਼ ਝਾਕੀਆਂ ਅਤੇ ਖ਼ੂਬਸੂਰਤ ਫੁੱਲਾਂ ਨਾਲ ਸਜਾਇਆ ਗਿਆ। ਤਿਉਹਾਰ ਨੂੰ ਲੈ ਕੇ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂਆਂ ਦੀ ਆਮਦ ਸ਼ੁਰੂ ਹੋ ਚੁੱਕੀ ਹੈ, ਜਿਸ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਸੁਰੱਖਿਆ ਅਤੇ ਦਰਸ਼ਨਾਂ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।

ਇਸ ਮੌਕੇ ਮੰਦਰ ਵਿੱਚ ਅੱਧੀ ਰਾਤ ਨੂੰ ਹੋਣ ਵਾਲੇ ਵਿਸ਼ੇਸ਼ ਮਹਾ-ਅਭਿਸ਼ੇਕ, ਪੰਚਾਮ੍ਰਿਤ ਸਨਾਨ ਅਤੇ ਮੱਖਣ-ਮਿਸ਼ਰੀ ਦੇ ਭੋਗ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ।

# ਜਨਮ ਅਸ਼ਟਮੀ ਦੇ ਤਿਉਹਾਰ ਨੂੰ ਲੈ ਕੇ ਕਾਰੀਗਰਾਂ ਵੱਲੋਂ ਭਗਵਾਨ ਕ੍ਰਿਸ਼ਨ ਦੀਆਂ ਮੂਰਤੀਆਂ ਨੂੰ ਅੰਤਿਮ ਛੋਹਾਂ; ਬਾਜ਼ਾਰਾਂ 'ਚ ਰੌਣਕ

## ਦੇਸ਼ ਭਰ 'ਚ ਸ਼ਰਧਾ ਤੇ ਉਤਸ਼ਾਹ ਦਾ ਮਾਹੌਲ; ਸ਼ਾਨਦਾਰ ਮੂਰਤੀਆਂ ਤਿਆਰ ਕਰਨ ਵਿੱਚ ਜੁਟੇ ਮੂਰਤੀਕਾਰ, ਸ਼ਰਧਾਲੂਆਂ 'ਚ ਭਾਰੀ ਉਤਸ਼ਾਹ

ਨਾਗਪੁਰ (ਮਹਾਰਾਸ਼ਟਰ) : ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ (Janmashtami) ਦੇ ਪਵਿੱਤਰ ਤਿਉਹਾਰ ਦੇ ਮੱਦੇਨਜ਼ਰ ਮਹਾਰਾਸ਼ਟਰ ਦੇ ਨਾਗਪੁਰ ਵਿੱਚ ਤਿਆਰੀਆਂ ਪੂਰੇ ਜ਼ੋਰਾਂ 'ਤੇ ਚੱਲ ਰਹੀਆਂ ਹਨ। ਤਿਉਹਾਰ ਤੋਂ ਪਹਿਲਾਂ ਸਥਾਨਕ ਕਾਰੀਗਰ ਅਤੇ ਮੂਰਤੀਕਾਰ ਭਗਵਾਨ ਸ੍ਰੀ ਕ੍ਰਿਸ਼ਨ ਦੀਆਂ ਆਕਰਸ਼ਕ ਅਤੇ ਰੰਗ-ਬਿਰੰਗੀਆਂ ਮੂਰਤੀਆਂ ਨੂੰ ਅੰਤਿਮ ਛੋਹਾਂ ਦੇਣ ਵਿੱਚ ਰੁੱਝੇ ਹੋਏ ਹਨ।

ਬੁੱਧਵਾਰ ਨੂੰ ਨਾਗਪੁਰ ਦੀਆਂ ਵੱਖ-ਵੱਖ ਵਰਕਸ਼ਾਪਾਂ ਵਿੱਚ ਕਲਾਕਾਰ ਮੂਰਤੀਆਂ ਦੀ ਰੰਗਾਈ, ਸ਼ਿੰਗਾਰ ਅਤੇ ਪੁਸ਼ਾਕਾਂ ਨੂੰ ਅੰਤਿਮ ਰੂਪ ਦਿੰਦੇ ਹੋਏ ਨਜ਼ਰ ਆਏ। ਜਨਮ ਅਸ਼ਟਮੀ ਦੇ ਪਾਵਨ ਦਿਹਾੜੇ ਨੂੰ ਮਨਾਉਣ ਲਈ ਮੰਦਰਾਂ ਅਤੇ ਘਰਾਂ ਵਿੱਚ ਸਥਾਪਨਾ ਵਾਸਤੇ ਸ਼ਰਧਾਲੂਆਂ ਵੱਲੋਂ





ਮੂਰਤੀਆਂ ਦੀ ਅਗਾਊਂ ਬੁਕਿੰਗ ਅਤੇ ਖ਼ਰੀਦਦਾਰੀ ਤੇਜ਼ ਕਰ ਦਿੱਤੀ ਗਈ ਹੈ।

**ਮੂਰਤੀਆਂ ਨੂੰ ਅੰਤਿਮ ਛੋਹਾਂ:** ਨਾਗਪੁਰ ਦੇ ਕਲਾਕਾਰ ਭਗਵਾਨ ਕ੍ਰਿਸ਼ਨ ਦੇ ਬਾਲ ਰੂਪ (ਲੱਡੂ ਗੋਪਾਲ) ਸਮੇਤ ਵੱਖ-ਵੱਖ ਮਨਮੋਹਕ ਸਰੂਪਾਂ ਦੀਆਂ ਮੂਰਤੀਆਂ ਨੂੰ ਬੜੀ ਸ਼ਰਧਾ ਅਤੇ ਕਲਾਤਮਕ ਸੂਝ-ਬੂਝ ਨਾਲ ਅੰਤਿਮ ਰੂਪ ਦੇ ਰਹੇ ਹਨ।

**ਈਕੋ-ਫਰੈਂਡਲੀ ਮੂਰਤੀਆਂ ਦੀ ਮੰਗ:** ਵਾਤਾਵਰਨ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਕਈ ਕਾਰੀਗਰਾਂ ਵੱਲੋਂ ਮਿੱਟੀ ਅਤੇ ਕੁਦਰਤੀ ਰੰਗਾਂ ਨਾਲ ਤਿਆਰ ਕੀਤੀਆਂ ਜਾਣ ਵਾਲੀਆਂ ਈਕੋ-ਫਰੈਂਡਲੀ ਮੂਰਤੀਆਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜਿਨ੍ਹਾਂ ਨੂੰ ਖ਼ਰੀਦਦਾਰਾਂ ਵੱਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।

**ਤਿਉਹਾਰ ਨੂੰ ਲੈ ਕੇ ਉਤਸ਼ਾਹ:** ਜਨਮ ਅਸ਼ਟਮੀ ਨੂੰ ਲੈ ਕੇ ਸ਼ਹਿਰ ਦੇ ਪ੍ਰਮੁੱਖ ਕ੍ਰਿਸ਼ਨ ਮੰਦਰਾਂ ਵਿੱਚ ਸਜਾਵਟ ਅਤੇ ਵਿਸ਼ੇਸ਼ ਪੂਜਾ-ਅਰਚਨਾ ਦੀਆਂ ਤਿਆਰੀਆਂ ਆਰੰਭ ਹੋ ਚੁੱਕੀਆਂ ਹਨ। ਬਾਜ਼ਾਰਾਂ ਵਿੱਚ ਪੂਜਾ ਸਮੱਗਰੀ, ਬਾਲ ਗੋਪਾਲ ਦੇ ਝੂਲੇ ਅਤੇ ਸ਼ਿੰਗਾਰ ਦੇ ਸਾਮਾਨ ਦੀ ਭਾਰੀ ਮੰਗ ਦੇਖਣ ਨੂੰ ਮਿਲ ਰਹੀ ਹੈ।

# ਅੰਮ੍ਰਿਤਸਰ ਦੇ ਸਕੂਲ 'ਚ ਜਨਮ ਅਸ਼ਟਮੀ ਦੀ ਧੂਮ: ਬਾਲ-ਗੋਪਾਲ ਦੇ ਰੂਪ 'ਚ ਸਜੇ ਨੰਨ੍ਹੇ ਬੱਚਿਆਂ ਨੇ ਪੇਸ਼ ਕੀਤੇ ਮਨਮੋਹਕ ਪ੍ਰੋਗਰਾਮ















ਅੰਮ੍ਰਿਤਸਰ : ਅੰਮ੍ਰਿਤਸਰ ਦੇ ਸਨ ਵੈਲੀ ਪਬਲਿਕ ਹਾਈ ਸਕੂਲ ਵਿੱਚ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਛੋਟੇ-ਛੋਟੇ ਬੱਚੇ ਭਗਵਾਨ ਸ਼੍ਰੀ ਕ੍ਰਿਸ਼ਨ ਅਤੇ ਰਾਧਾ ਰਾਣੀ ਦੀਆਂ ਮਨਮੋਹਕ ਪੁਸ਼ਾਕਾਂ ਪਹਿਨ ਕੇ ਸਕੂਲ ਪੁੱਜੇ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਭਗਵਾਨ ਕ੍ਰਿਸ਼ਨ ਦੇ ਜੀਵਨ ਨਾਲ ਸੰਬੰਧਿਤ ਸੁੰਦਰ ਨਾਚ ਅਤੇ ਧਾਰਮਿਕ ਗੀਤ ਪੇਸ਼ ਕਰਕੇ ਸਾਰਿਆਂ ਦਾ ਮਨ ਮੋਹ ਲਿਆ।

ਸਮਾਗਮ ਦੌਰਾਨ ਬੱਚਿਆਂ ਵੱਲੋਂ ਦਹੀਂ ਹਾਂਡੀ ਤੋੜਨ ਦੀ ਰਵਾਇਤੀ ਰਸਮ ਵੀ ਨਿਭਾਈ ਗਈ, ਜਿਸ ਵਿੱਚ ਨੰਨ੍ਹੇ ਬੱਚਿਆਂ ਦੇ ਉਤਸ਼ਾਹ ਨੇ ਪੂਰੇ ਮਾਹੌਲ ਨੂੰ ਕ੍ਰਿਸ਼ਨ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਨੇ ਬੱਚਿਆਂ ਨੂੰ ਭਗਵਾਨ ਕ੍ਰਿਸ਼ਨ ਦੀਆਂ ਸਿੱਖਿਆਵਾਂ ਬਾਰੇ ਦੱਸਦਿਆਂ ਹਮੇਸ਼ਾ ਸੱਚ ਅਤੇ ਧਰਮ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ।

# ਵਿੱਤ ਮੰਤਰੀ ਨਿਰਮਲਾ ਸੀਤਾਰਮਨ ਤੇ ਅਮਰੀਕੀ ਖ਼ਜ਼ਾਨਾ ਸਕੱਤਰ ਸਕੌਟ ਬੇਸੈਂਟ ਵਿਚਾਲੇ ਅਹਿਮ ਬੈਠਕ; ਭਾਰਤੀ ਕੰਪਨੀਆਂ ਨੇ ਅਮਰੀਕਾ 'ਚ ਕੀਤਾ $40 ਬਿਲੀਅਨ ਦਾ ਨਿਵੇਸ਼

## ਨੌਰਥ ਕੈਰੋਲੀਨਾ 'ਚ G20 ਵਿੱਤ ਮੰਤਰੀਆਂ ਦੀ ਬੈਠਕ ਦੌਰਾਨ ਹੋਈ ਦੁਵੱਲੀ ਵਾਰਤਾ; ਅਮਰੀਕਾ ਅੰਦਰ 70,000 ਤੋਂ ਵੱਧ ਸਿੱਧੇ ਰੁਜ਼ਗਾਰ ਪੈਦਾ ਕਰ ਰਹੀਆਂ ਨੇ ਭਾਰਤੀ ਕੰਪਨੀਆਂ







ਐਸ਼ਵਿਲੇ (ਨੌਰਥ ਕੈਰੋਲੀਨਾ, ਅਮਰੀਕਾ): ਭਾਰਤ ਦੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਅਮਰੀਕਾ ਦੇ ਖ਼ਜ਼ਾਨਾ ਸਕੱਤਰ (U.S. Treasury Secretary) ਸਕੌਟ ਬੇਸੈਂਟ (Scott Bessent) ਦਰਮਿਆਨ ਨੌਰਥ ਕੈਰੋਲੀਨਾ ਦੇ ਐਸ਼ਵਿਲੇ ਵਿਖੇ ਇੱਕ ਸਫ਼ਲ ਅਤੇ ਅਹਿਮ ਦੁਵੱਲੀ ਮੀਟਿੰਗ ਹੋਈ। ਇਹ ਮੁਲਾਕਾਤ G20 ਦੇ ਵਿੱਤ ਮੰਤਰੀਆਂ ਅਤੇ ਕੇਂਦਰੀ ਬੈਂਕ ਗਵਰਨਰਾਂ (FMCBG) ਦੀ ਉੱਚ-ਪੱਧਰੀ ਕਾਨਫ਼ਰੰਸ ਦੇ ਮੌਕੇ ਵੱਖਰੇ ਤੌਰ 'ਤੇ ਹੋਈ।

ਇਸ ਦੌਰਾਨ ਦੋਵਾਂ ਦੇਸ਼ਾਂ ਦੇ ਵਿੱਤੀ ਮੁਖੀਆਂ ਨੇ ਭਾਰਤ-ਅਮਰੀਕਾ ਵਿਚਕਾਰ ਵਪਾਰਕ ਭਾਈਵਾਲੀ, ਆਰਥਿਕ ਸਹਿਯੋਗ ਅਤੇ ਸਪਲਾਈ ਚੇਨ ਦੀ ਮਜ਼ਬੂਤੀ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਬੈਠਕ ਵਿੱਚ ਇਹ ਤੱਥ ਉੱਭਰ ਕੇ ਸਾਹਮਣੇ ਆਇਆ ਕਿ ਭਾਰਤੀ ਕੰਪਨੀਆਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਹੁਣ ਤੱਕ 40 ਬਿਲੀਅਨ ਡਾਲਰ (ਲਗਭਗ 3.3 ਲੱਖ ਕਰੋੜ ਰੁਪਏ) ਤੋਂ ਵੱਧ ਦਾ ਵੱਡਾ ਨਿਵੇਸ਼ ਕੀਤਾ ਹੈ, ਜਿਸ ਰਾਹੀਂ ਅਮਰੀਕਾ ਵਿੱਚ 70,000 ਤੋਂ ਵੱਧ ਸਿੱਧੀਆਂ ਨੌਕਰੀਆਂ (Direct American Jobs) ਪੈਦਾ ਹੋਈਆਂ ਹਨ।

ਖ਼ਬਰ ਦੇ ਮੁੱਖ ਵੇਰਵੇ (Key Highlights):

**G20 FMCBG ਦੀ ਬੈਠਕ ਦੌਰਾਨ ਮੁਲਾਕਾਤ:** ਐਸ਼ਵਿਲੇ ਵਿੱਚ 1 ਸਤੰਬਰ ਨੂੰ ਹੋਈ ਇਸ ਬੈਠਕ ਵਿੱਚ ਦੋਵਾਂ ਆਗੂਆਂ ਨੇ ਵਿਸ਼ਵ ਅਰਥਚਾਰੇ ਦੀ ਮੌਜੂਦਾ ਸਥਿਤੀ, ਮਹਿੰਗਾਈ ਕੰਟਰੋਲ, ਨਿਵੇਸ਼ ਨੀਤੀਆਂ ਅਤੇ ਦੁਵੱਲੇ ਵਿੱਤੀ ਸਹਿਯੋਗ ਨੂੰ ਅੱਗੇ ਵਧਾਉਣ 'ਤੇ ਗੱਲਬਾਤ ਕੀਤੀ।

**ਅਮਰੀਕਾ 'ਚ ਭਾਰਤੀ ਕੰਪਨੀਆਂ ਦਾ ਵੱਡਾ ਨਿਵੇਸ਼:** ਅੰਕੜਿਆਂ ਮੁਤਾਬਕ ਭਾਰਤੀ ਉਦਯੋਗਾਂ ਵੱਲੋਂ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿੱਚ ਆਈ.ਟੀ., ਨਿਰਮਾਣ, ਸਿਹਤ ਸੰਭਾਲ ਅਤੇ ਊਰਜਾ ਖੇਤਰਾਂ ਵਿੱਚ £40 ਬਿਲੀਅਨ ਦਾ ਪੂੰਜੀ ਨਿਵੇਸ਼ ਕੀਤਾ ਗਿਆ ਹੈ, ਜਿਸ ਨਾਲ ਅਮਰੀਕੀ ਨਾਗਰਿਕਾਂ ਲਈ ਵੱਡੇ ਪੱਧਰ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਹਨ।

**ਆਰਥਿਕ ਸਬੰਧਾਂ ਨੂੰ ਮਿਲੇਗਾ ਨਵਾਂ ਹੁਲਾਰਾ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਅਤੇ ਖ਼ਜ਼ਾਨਾ ਸਕੱਤਰ ਸਕੌਟ ਬੇਸੈਂਟ ਨੇ ਦੋਵਾਂ ਲੋਕਤੰਤਰਾਂ ਦਰਮਿਆਨ ਦੁਵੱਲੇ ਨਿਵੇਸ਼ ਢਾਂਚੇ ਨੂੰ ਹੋਰ ਸੁਖਾਲਾ ਬਣਾਉਣ ਅਤੇ ਨਵੀਨਤਾ (Innovation) ਤੇ ਗਲੋਬਲ ਚੁਣੌਤੀਆਂ ਨਾਲ ਨਜਿੱਠਣ ਲਈ ਸਾਂਝੇ ਯਤਨ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੈਲਜੀਅਮ ਦੇ ਪ੍ਰਧਾਨ ਮੰਤਰੀ ਬਾਰਟ ਡੀ ਵੇਵਰ ਨਾਲ ਕੀਤੀ ਮੁਲਾਕਾਤ; ਹੈਦਰਾਬਾਦ ਹਾਊਸ ਵਿਖੇ ਹੋਇਆ ਨਿੱਘਾ ਸਵਾਗਤ

## ਭਾਰਤ ਅਤੇ ਬੈਲਜੀਅਮ ਵਿਚਾਲੇ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ 'ਤੇ ਚਰਚਾ; ਵਪਾਰ, ਨਿਵੇਸ਼, ਤਕਨਾਲੋਜੀ ਅਤੇ ਆਪਸੀ ਹਿੱਤਾਂ ਦੇ ਅਹਿਮ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ







ਨਵੀਂ ਦਿੱਲੀ, (ਏ.ਐੱਨ.ਆਈ.) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀਰਵਾਰ ਨੂੰ ਨਵੀਂ ਦਿੱਲੀ ਸਥਿਤ ਇਤਿਹਾਸਕ ਹੈਦਰਾਬਾਦ ਹਾਊਸ ਵਿਖੇ ਬੈਲਜੀਅਮ ਦੇ ਪ੍ਰਧਾਨ ਮੰਤਰੀ ਬਾਰਟ ਡੀ ਵੇਵਰ (Bart De Wever) ਨਾਲ ਇੱਕ ਉੱਚ-ਪੱਧਰੀ ਦੁਵੱਲੀ ਬੈਠਕ ਕੀਤੀ ਗਈ।

ਦੋਵਾਂ ਦੇਸ਼ਾਂ ਦੇ ਮੁਖੀਆਂ ਨੇ ਆਪਸੀ ਮੁਲਾਕਾਤ ਦੌਰਾਨ ਨਿੱਘਾ ਹੱਥ ਮਿਲਾਇਆ ਅਤੇ ਭਾਰਤ-ਬੈਲਜੀਅਮ ਦਰਮਿਆਨ ਸਦੀਆਂ ਪੁਰਾਣੇ ਦੋਸਤਾਨਾ ਸੰਬੰਧਾਂ ਨੂੰ ਨਵੇਂ ਮੁਕਾਮ 'ਤੇ ਲਿਜਾਣ ਦੀ ਵਚਨਬੱਧਤਾ ਦੁਹਰਾਈ। ਇਸ ਅਹਿਮ ਮੀਟਿੰਗ ਦੌਰਾਨ ਦੁਵੱਲੇ ਵਪਾਰਕ ਸਬੰਧਾਂ, ਨਵਿਆਉਣਯੋਗ ਊਰਜਾ, ਡਿਜੀਟਲ ਤਕਨਾਲੋਜੀ ਅਤੇ ਕੌਮਾਂਤਰੀ ਸਹਿਯੋਗ ਦੇ ਕਈ ਅਹਿਮ ਪਹਿਲੂਆਂ 'ਤੇ ਵਿਸਥਾਰਪੂਰਵਕ ਗੱਲਬਾਤ ਹੋਈ।

**ਹੈਦਰਾਬਾਦ ਹਾਊਸ ਵਿਖੇ ਰਸਮੀ ਸਵਾਗਤ:** ਬੈਲਜੀਅਮ ਦੇ ਪ੍ਰਧਾਨ ਮੰਤਰੀ ਦੇ ਭਾਰਤ ਪਹੁੰਚਣ 'ਤੇ ਨਵੀਂ ਦਿੱਲੀ ਵਿਖੇ ਰਸਮੀ ਸਵਾਗਤ ਕੀਤਾ ਗਿਆ, ਜਿਸ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਾਰਟ ਡੀ ਵੇਵਰ ਵਿਚਕਾਰ ਵਫ਼ਦ ਪੱਧਰੀ ਬੈਠਕਾਂ ਦਾ ਦੌਰ ਸ਼ੁਰੂ ਹੋਇਆ।

**ਵਪਾਰ ਅਤੇ ਆਰਥਿਕ ਭਾਈਵਾਲੀ 'ਤੇ ਜ਼ੋਰ:** ਦੋਵਾਂ ਆਗੂਆਂ ਨੇ ਭਾਰਤ ਅਤੇ ਯੂਰਪੀ ਸੰਘ (EU) ਵਿਚਾਲੇ ਚੱਲ ਰਹੇ ਵਪਾਰਕ ਸੰਦਰਭਾਂ ਦੇ ਨਾਲ-ਨਾਲ ਭਾਰਤ ਤੇ ਬੈਲਜੀਅਮ ਵਿਚਕਾਰ ਹੀਰਾ ਉਦਯੋਗ, ਪੋਰਟ ਮੈਨੇਜਮੈਂਟ, ਲੌਜਿਸਟਿਕਸ ਅਤੇ ਗ੍ਰੀਨ ਹਾਈਡ੍ਰੋਜਨ ਦੇ ਖੇਤਰਾਂ ਵਿੱਚ ਆਪਸੀ ਭਾਈਵਾਲੀ ਨੂੰ ਹੋਰ ਹੁਲਾਰਾ ਦੇਣ 'ਤੇ ਸਹਿਮਤੀ ਜਤਾਈ।



**ਗਲੋਬਲ ਅਤੇ ਖੇਤਰੀ ਮੁੱਦਿਆਂ 'ਤੇ ਸਹਿਮਤੀ:** ਮੀਟਿੰਗ ਦੌਰਾਨ ਦੋਵਾਂ ਮੁਲਕਾਂ ਨੇ ਵਿਸ਼ਵ ਸ਼ਾਂਤੀ, ਜਲਵਾਯੂ ਪਰਿਵਰਤਨ ਦੀਆਂ ਚੁਣੌਤੀਆਂ ਅਤੇ ਸਪਲਾਈ ਚੇਨ ਦੀ ਮਜ਼ਬੂਤੀ ਸਮੇਤ ਸਾਂਝੇ ਹਿੱਤਾਂ ਦੇ ਕੌਮਾਂਤਰੀ ਮੁੱਦਿਆਂ 'ਤੇ ਆਪਸੀ ਤਾਲਮੇਲ ਵਧਾਉਣ ਦਾ ਅਹਿਦ ਲਿਆ।

# ਪੰਜਾਬ 'ਚ ਕਿਸਾਨ ਅੰਦੋਲਨ ਦਾ ਨਵਾਂ ਪੜਾਅ: ਅਮਰੀਕਾ-ਭਾਰਤ ਵਪਾਰ ਸਮਝੌਤੇ ਅਤੇ ਕਾਨੂੰਨੀ MSP ਖ਼ਿਲਾਫ਼ 43 ਦਫ਼ਤਰਾਂ ਮੂਹਰੇ ਪੱਕੇ ਡੇਰੇ

## ਟਰੈਕਟਰ-ਟਰਾਲੀਆਂ ਤੇ ਰਾਸ਼ਨ ਲੈ ਕੇ ਸੜਕਾਂ 'ਤੇ ਉੱਤਰੇ ਕਿਸਾਨ; ਜੋਗਿੰਦਰ ਸਿੰਘ ਉਗਰਾਹਾਂ ਤੇ ਝੰਡਾ ਸਿੰਘ ਜੇਠੂਕੇ ਵੱਲੋਂ ਕਾਰਪੋਰੇਟ ਨੀਤੀਆਂ ਤੇ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਆਰ-ਪਾਰ ਦੀ ਚਿਤਾਵਨੀ





ਸੰਗਰੂਰ / ਚੰਡੀਗੜ੍ਹ: ਕੇਂਦਰ ਸਰਕਾਰ ਵੱਲੋਂ ਅਮਰੀਕਾ ਸਮੇਤ ਹੋਰ ਮੁਲਕਾਂ ਨਾਲ ਉਲੀਕੇ ਜਾ ਰਹੇ ਮੁਫ਼ਤ ਵਪਾਰ ਸਮਝੌਤਿਆਂ (US-India Free Trade Agreement) ਅਤੇ ਕਿਸਾਨੀ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਵਿੱਚ ਇੱਕ ਵਾਰ ਫਿਰ ਵੱਡਾ ਲੋਕ-ਉਭਾਰ ਦੇਖਣ ਨੂੰ ਮਿਲ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਸੱਦੇ 'ਤੇ ਪੰਜਾਬ ਭਰ ਦੇ ਜ਼ਿਲ੍ਹਾ ਪੱਧਰੀ ਡਿਪਟੀ ਕਮਿਸ਼ਨਰ (DC) ਦਫ਼ਤਰਾਂ ਦੇ ਬਾਹਰ ਅਣਮਿੱਥੇ ਸਮੇਂ ਲਈ ਪੱਕੇ ਮੋਰਚੇ ਸ਼ੁਰੂ ਕਰ ਦਿੱਤੇ ਗਏ ਹਨ।

ਸੰਗਰੂਰ, ਬਠਿੰਡਾ, ਪਟਿਆਲਾ, ਮੋਗਾ ਸਮੇਤ ਸਮੁੱਚੇ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਕਿਸਾਨ ਆਪਣੀਆਂ ਟਰੈਕਟਰ-ਟਰਾਲੀਆਂ, ਬਿਸਤਰੇ, ਰਾਸ਼ਨ-ਪਾਣੀ ਅਤੇ ਲੰਗਰ ਦੇ ਸਾਜ਼ੋ-ਸਾਮਾਨ ਨਾਲ ਡੀ.ਸੀ. ਦਫ਼ਤਰਾਂ ਦੇ ਬਾਹਰ ਡਟ ਗਏ ਹਨ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਇਹ ਅੰਤਰਰਾਸ਼ਟਰੀ ਵਪਾਰ ਸਮਝੌਤੇ ਦਰਅਸਲ ਰੱਦ ਕੀਤੇ ਜਾ ਚੁੱਕੇ ਤਿੰਨ ਖੇਤੀ ਕਾਨੂੰਨਾਂ ਨੂੰ ਪਿਛਲੇ ਦਰਵਾਜ਼ਿਓਂ ਲਾਗੂ ਕਰਨ ਦੀ ਡੂੰਘੀ ਸਾਜ਼ਿਸ਼ ਹਨ, ਜਿਸ ਨਾਲ ਖੇਤੀ ਖੇਤਰ, ਛੋਟੀ ਕਿਸਾਨੀ ਅਤੇ ਸਥਾਨਕ ਕਾਰੋਬਾਰ ਮੁਕੰਮਲ ਤੌਰ 'ਤੇ ਕਾਰਪੋਰੇਟ ਘਰਾਣਿਆਂ ਦੇ ਗ਼ੁਲਾਮ ਹੋ ਜਾਣਗੇ।

| ਕਿਸਾਨ ਮੋਰਚੇ ਦੇ ਮੁੱਖ ਚਾਰਟਰ ਆਫ਼ ਡਿਮਾਂਡਜ਼ | | |
|---|---|---|
| ਲੜੀ ਨੰਬਰ | ਮੁੱਖ ਮੰਗ | ਮੁੱਖ ਮੰਗ ਪ੍ਰਭਾਵ/ਪਿਛੋਕੜ |
| 1. | ਮੁਫ਼ਤ ਵਪਾਰ ਸਮਝੌਤੇ (FTA) ਰੱਦ ਕਰਨਾ | ਖੇਤੀ ਅਤੇ ਡੇਅਰੀ ਖੇਤਰ ਨੂੰ ਵਿਦੇਸ਼ੀ ਕਾਰਪੋਰੇਟਾਂ ਦੇ ਕੰਟਰੋਲ ਤੋਂ ਬਚਾਉਣਾ |
| 2. | ਕਾਨੂੰਨੀ MSP ਗਾਰੰਟੀ (32 + 50%) | ਕਿਸਾਨਾਂ ਨੂੰ ਫ਼ਸਲਾਂ ਦੀ ਲਾਗਤ ਅਨੁਸਾਰ ਵਾਜਬ ਅਤੇ ਗਾਰੰਟੀਸ਼ੁਦਾ ਮੁਨਾਫ਼ਾ |
| 3. | ਮੁਕੰਮਲ ਕਰਜ਼ਾ ਮੁਕਤੀ | ਕਰਜ਼ੇ ਦੇ ਬੋਝ ਹੇਠ ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ-ਮਜ਼ਦੂਰਾਂ ਨੂੰ ਰਾਹਤ |
| 4. | ਲੈਂਡ ਪੂਲਿੰਗ ਪਾਲਿਸੀ ਦੀ ਵਾਪਸੀ | ਕਿਸਾਨਾਂ ਦੀ ਉਪਜਾਊ ਜ਼ਮੀਨ ਜ਼ਬਰੀ ਅਕਵਾਇਰ ਹੋਣ ਤੋਂ ਰੋਕਣਾ |

ਅਮਰੀਕਾ-ਭਾਰਤ ਮੁਫ਼ਤ ਵਪਾਰ ਸਮਝੌਤੇ (US FTA) ਦਾ ਤਿੱਖਾ ਵਿਰੋਧ:
ਜਥੇਬੰਦੀ ਅਨੁਸਾਰ ਕੇਂਦਰ ਸਰਕਾਰ ਵੱਲੋਂ ਵਿਦੇਸ਼ੀ ਬਹੁ-ਕੌਮੀ ਕੰਪਨੀਆਂ ਅਤੇ ਦੇਸੀ-ਵਿਦੇਸ਼ੀ ਕਾਰਪੋਰੇਟਾਂ ਦੇ ਮੁਨਾਫ਼ੇ ਲਈ ਕੀਤੇ ਜਾ ਰਹੇ ਵਪਾਰਕ ਸਮਝੌਤੇ ਭਾਰਤ ਦੇ ਖੇਤੀਬਾੜੀ ਸੈਕਟਰ, ਡੇਅਰੀ ਉਦਯੋਗ ਅਤੇ ਮੰਡੀਕਰਨ ਪ੍ਰਣਾਲੀ ਨੂੰ ਤਹਿਸ-ਨਹਿਸ ਕਰ ਦੇਣਗੇ।

**ਸਵਾਮੀਨਾਥਨ ਫ਼ਾਰਮੂਲੇ ਅਨੁਸਾਰ ਕਾਨੂੰਨੀ MSP ਤੇ ਮੁਕੰਮਲ ਕਰਜ਼ਾ ਮੁਕਤੀ:** ਮੋਰਚੇ ਦੇ ਮੰਚਾਂ ਤੋਂ ਡਾ. ਐੱਮ.ਐੱਸ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੇ '32+50%' ਫ਼ਾਰਮੂਲੇ ਤਹਿਤ ਸਾਰੀਆਂ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ (MSP) ਦੀ ਪੱਕੀ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਦੁਹਰਾਈ ਗਈ। ਇਸ ਦੇ ਨਾਲ ਹੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਸਿਰ ਚੜ੍ਹੇ ਸਮੁੱਚੇ ਸਰਕਾਰੀ, ਗ਼ੈਰ-ਸਰਕਾਰੀ ਤੇ ਆੜ੍ਹਤੀਆ ਕਰਜ਼ਿਆਂ 'ਤੇ ਪੂਰਨ ਲਕੀਰ ਮਾਰਨ (ਕੁੱਲ ਕਰਜ਼ਾ ਮੁਕਤੀ) ਦਾ ਮਤਾ ਪਾਸ ਕੀਤਾ ਗਿਆ।

**ਲੈਂਡ ਪੂਲਿੰਗ ਪਾਲਿਸੀ ਰੱਦ ਕਰਨ ਤੇ ਮੁਆਵਜ਼ੇ ਦੀ ਮੰਗ:** ਪੰਜਾਬ ਸਰਕਾਰ ਵੱਲੋਂ ਸ਼ਹਿਰੀਕਰਨ ਅਤੇ ਪ੍ਰੋਜੈਕਟਾਂ ਦੇ ਨਾਂ 'ਤੇ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਨੀਤੀ (Land Pooling Policy) ਨੂੰ ਤੁਰੰਤ ਰੱਦ ਕਰਨ, ਬੇਜ਼ਮੀਨੇ ਮਜ਼ਦੂਰਾਂ ਤੇ ਗ਼ਰੀਬ ਪਰਿਵਾਰਾਂ ਨੂੰ ਰਿਹਾਇਸ਼ੀ ਪਲਾਟ ਅਤੇ ਜ਼ਮੀਨੀ ਮਾਲਕੀ ਹੱਕ ਦੇਣ, ਅਤੇ ਹਾਲ ਹੀ ਵਿੱਚ ਹੜ੍ਹਾਂ ਕਾਰਨ ਤਬਾਹ ਹੋਈਆਂ ਫ਼ਸਲਾਂ ਦਾ ਬਣਦਾ ਪੂਰਾ ਮੁਆਵਜ਼ਾ ਜਾਰੀ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।



**ਲੰਮੇ ਸੰਘਰਸ਼ ਦਾ ਐਲਾਨ:** ਬੀਕੇਯੂ (ਏਕਤਾ ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਐਲਾਨ ਕੀਤਾ ਕਿ ਕਿਸਾਨ ਪੂਰੇ ਸਾਧਨਾਂ ਨਾਲ ਲੰਬੀ ਲੜਾਈ ਲੜਨ ਲਈ ਆਏ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਲੋਕ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਵਾਪਸ ਨਹੀਂ ਲਈਆਂ ਜਾਂਦੀਆਂ, ਉਦੋਂ ਤੱਕ ਇਹ ਪੱਕੇ ਧਰਨੇ ਨਿਰੰਤਰ ਜਾਰੀ ਰਹਿਣਗੇ।

ਪੰਜਾਬ ਭਰ ਵਿੱਚ ਸ਼ੁਰੂ ਹੋਏ ਇਨ੍ਹਾਂ ਪੱਕੇ ਮੋਰਚਿਆਂ ਨੇ ਸੂਬਾ ਅਤੇ ਕੇਂਦਰ ਸਰਕਾਰ ਦੋਵਾਂ 'ਤੇ ਸਿਆਸੀ ਤੇ ਪ੍ਰਸ਼ਾਸਨਿਕ ਦਬਾਅ ਵਧਾ ਦਿੱਤਾ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਇਹ ਅੰਦੋਲਨ ਹੋਰ ਤਿੱਖਾ ਰੂਪ ਧਾਰਨ ਕਰ ਸਕਦਾ ਹੈ।

ਡਿਸਕਲੇਮਰ (Disclaimer):
ਇਹ ਰਿਪੋਰਟ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਵੱਲੋਂ ਜਾਰੀ ਪ੍ਰੈੱਸ ਬਿਆਨਾਂ, ਕਿਸਾਨ ਆਗੂਆਂ ਦੇ ਭਾਸ਼ਣਾਂ ਅਤੇ ਜ਼ਿਲ੍ਹਾ ਪੱਧਰੀ ਧਰਨਿਆਂ ਦੀ ਜ਼ਮੀਨੀ ਕਾਰਵਾਈ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਅਤੇ ਲੋਕ-ਮੁੱਦਿਆਂ ਦੇ ਵਿਸ਼ਲੇਸ਼ਣ ਲਈ ਇਹ ਸਮੱਗਰੀ ਪ੍ਰਕਾਸ਼ਿਤ ਕਰ ਰਿਹਾ ਹੈ।

# ਹਿਮਾਚਲ ਪ੍ਰਦੇਸ਼: IIT ਮੰਡੀ ਦੀ ਜਲਵਾਯੂ ਸੰਕਟ 'ਤੇ ਗੰਭੀਰ ਚਿਤਾਵਨੀ; ਹਿਮਾਲਿਆ ਦੀਆਂ 9 ਤੋਂ 12 ਗਲੇਸ਼ੀਅਲ ਝੀਲਾਂ ਬਣੀਆਂ 'ਟਾਈਮ ਬੰਬ'

## 2,000 ਤੋਂ ਵੱਧ ਝੀਲਾਂ ਦੇ ਸਰਵੇਖਣ ਮਗਰੋਂ ਵੱਡਾ ਖ਼ੁਲਾਸਾ; ਅੰਨ੍ਹੇਵਾਹ ਸੈਰ-ਸਪਾਟੇ ਤੇ ਕਾਲੇ ਕਾਰਬਨ ਕਾਰਨ ਤੇਜ਼ੀ ਨਾਲ ਪਿਘਲ ਰਹੇ ਨੇ ਗਲੇਸ਼ੀਅਰ, ਪਰਮਾਫ੍ਰੌਸਟ ਖੁਰਨ ਨਾਲ ਪਹਾੜਾਂ ਦੀ ਸਥਿਰਤਾ ਖ਼ਤਰੇ 'ਚ

ਮੰਡੀ (ਹਿਮਾਚਲ ਪ੍ਰਦੇਸ਼), 2 ਸਤੰਬਰ ਹਿਮਾਲੀਅਨ ਖੇਤਰ ਵਿੱਚ ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ ਦੇ ਘਾਤਕ ਅਸਰਾਂ ਨੂੰ ਲੈ ਕੇ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (IIT) ਮੰਡੀ ਦੇ ਖੋਜਕਰਤਾਵਾਂ ਨੇ ਇੱਕ ਬੇਹੱਦ ਚਿੰਤਾਜਨਕ ਅਧਿਐਨ ਰਿਪੋਰਟ ਜਨਤਕ ਕੀਤੀ ਹੈ। ਆਈ.ਆਈ.ਟੀ. ਮੰਡੀ ਵੱਲੋਂ ਸੂਬੇ ਦੇ ਉੱਚ-ਪਹਾੜੀ ਖੇਤਰਾਂ ਵਿੱਚ ਮੌਜੂਦ 2,000 ਤੋਂ ਵੱਧ ਗਲੇਸ਼ੀਅਲ ਝੀਲਾਂ (Glacial Lakes) ਦੀ ਸੈਟੇਲਾਈਟ ਤੇ ਜ਼ਮੀਨੀ ਪੜਤਾਲ ਤੋਂ ਬਾਅਦ 9 ਤੋਂ 12 ਝੀਲਾਂ ਨੂੰ ਅਤਿ-ਸੰਵੇਦਨਸ਼ੀਲ ਅਤੇ ਖ਼ਤਰਨਾਕ ਸ਼੍ਰੇਣੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਝੀਲਾਂ ਕਿਸੇ ਵੀ ਵੇਲੇ ਫਟ ਕੇ ਹੇਠਲੇ ਮੈਦਾਨੀ ਤੇ ਪਹਾੜੀ ਇਲਾਕਿਆਂ ਵਿੱਚ ਤਬਾਹੀ ਮਚਾ ਸਕਦੀਆਂ ਹਨ। ਆਈ.ਆਈ.ਟੀ. ਮੰਡੀ ਦੇ ਸਕੂਲ ਆਫ਼ ਸਿਵਲ ਐਂਡ ਐਨਵਾਇਰਨਮੈਂਟਲ ਇੰਜੀਨੀਅਰਿੰਗ ਦੇ ਐਸੋਸੀਏਟ ਪ੍ਰੋਫ਼ੈਸਰ ਡਾ. ਡੇਰਿਕਸ ਪੀ. ਸ਼ੁਕਲਾ ਨੇ ਖ਼ੁਲਾਸਾ ਕੀਤਾ ਕਿ ਬੇਲੋੜੇ ਸੈਰ-ਸਪਾਟੇ, ਵਾਹਨਾਂ ਦੇ ਨਿਕਾਸ, ਸੁਰੰਗਾਂ ਦੇ ਨਿਰਮਾਣ ਅਤੇ ਧੂੜ ਕਾਰਨ ਗਲੇਸ਼ੀਅਰਾਂ ਦੀ ਸਫ਼ੈਦ ਬਰਫ਼ 'ਤੇ ਕਾਲੇ ਕਾਰਬਨ (Black Carbon) ਦੀ ਮੋਟੀ ਪਰਤ ਜੰਮ ਰਹੀ ਹੈ। ਇਹ ਕਾਲੀ ਪਰਤ ਸੂਰਜ ਦੀ ਗਰਮੀ ਨੂੰ ਆਮ ਨਾਲੋਂ ਕਈ ਗੁਣਾ ਵੱਧ ਸੋਖ ਰਹੀ ਹੈ, ਜਿਸ ਕਾਰਨ ਗਲੇਸ਼ੀਅਰ ਅਤੇ ਸਦੀਆਂ ਪੁਰਾਣੀ ਜੰਮੀ ਸਦੀਵੀ ਬਰਫ਼ (Permafrost) ਤੇਜ਼ੀ ਨਾਲ ਪਿਘਲ ਕੇ ਪਹਾੜੀ ਢਲਾਣਾਂ ਦੀ ਕੁਦਰਤੀ ਪਕੜ ਨੂੰ ਖ਼ਤਮ ਕਰ ਰਹੀ ਹੈ।



**ਗਲੇਸ਼ੀਅਲ ਝੀਲਾਂ ਦੇ ਜਲ-ਭੰਡਾਰ 'ਚ 30 ਤੋਂ 60% ਤੱਕ ਉਛਾਲ:** ਰਿਪੋਰਟ ਮੁਤਾਬਕ ਪਿਛਲੇ ਇੱਕ ਦਹਾਕੇ ਅੰਦਰ ਤਾਪਮਾਨ ਵਧਣ ਕਾਰਨ ਹਿਮਾਚਲ ਦੀਆਂ ਗਲੇਸ਼ੀਅਲ ਝੀਲਾਂ ਦੇ ਰਕਬੇ ਅਤੇ ਪਾਣੀ ਦੇ ਆਇਤਨ ਵਿੱਚ 30 ਤੋਂ 60 ਫ਼ੀਸਦੀ ਦਾ ਬੇਤਹਾਸ਼ਾ ਵਾਧਾ ਹੋਇਆ ਹੈ। ਨੈਸ਼ਨਲ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ (NDMA) ਵੱਲੋਂ ਪਹਿਲਾਂ ਜਿੱਥੇ 4 ਝੀਲਾਂ ਨੂੰ ਨਿਗਰਾਨੀ ਹੇਠ ਰੱਖਿਆ ਗਿਆ ਸੀ, ਉੱਥੇ ਹੀ IIT ਮੰਡੀ ਦੇ ਤਾਜ਼ਾ ਡਾਟਾ ਨੇ ਸੂਬੇ ਅੰਦਰ 9 ਤੋਂ 12 ਝੀਲਾਂ ਨੂੰ 'ਤੁਰੰਤ ਖ਼ਤਰਾ' ਘੋਸ਼ਿਤ ਕੀਤਾ ਹੈ।

**ਸਭ ਤੋਂ ਵੱਧ ਖ਼ਤਰਨਾਕ ਝੀਲਾਂ ਦੀ ਸ਼ਨਾਖ਼ਤ:** ਵਿਗਿਆਨੀਆਂ ਦੀ ਟੀਮ ਅਨੁਸਾਰ ਆਮ ਆਬਾਦੀ, ਡੈਮਾਂ ਅਤੇ ਹਾਈਡ੍ਰੋਪਾਵਰ ਪ੍ਰੋਜੈਕਟਾਂ ਲਈ ਘੇਪਨ ਝੀਲ (Ghepan Lake), ਯੋਚੇ (Yoche) ਅਤੇ ਕਾਲੀ ਕੁੰਡ (Kali Kund) ਸਭ ਤੋਂ ਨਾਜ਼ੁਕ ਮੋੜ 'ਤੇ ਹਨ। ਇਨ੍ਹਾਂ ਦੇ ਪਾਣੀ ਦੀ ਮਾਤਰਾ ਵਿੱਚ ਹਰ ਸਾਲ ਰਿਕਾਰਡ ਵਾਧਾ ਦਰਜ ਹੋ ਰਿਹਾ ਹੈ। ਇਸ ਤੋਂ ਇਲਾਵਾ ਵਾਸੂਕੀ ਝੀਲ ਦਾ ਢਾਂਚਾ ਵੀ ਲਗਾਤਾਰ ਅਸਥਿਰ ਹੋ ਰਿਹਾ ਹੈ।

**ਨੇਪਾਲ ਤ੍ਰਾਸਦੀ ਨਾਲ ਸਿੱਧਾ ਤੁਲਨਾਤਮਕ ਸਬੰਧ:** ਖੋਜਕਰਤਾਵਾਂ ਨੇ ਧਿਆਨ ਦਿਵਾਇਆ ਕਿ ਇਹ ਖ਼ਤਰਾ ਕਾਲਪਨਿਕ ਨਹੀਂ ਹੈ। 26 ਅਗਸਤ ਨੂੰ ਨੇਪਾਲ ਵਿੱਚ ਆਈ ਭਿਆਨਕ ਤਬਾਹੀ ਇਸੇ ਪਰਮਾਫ੍ਰੌਸਟ ਦੇ ਪਿਘਲਣ ਅਤੇ ਭੋਟੇਕੋਸ਼ੀ ਦੀ ਸਹਾਇਕ ਨਦੀ (ਲਹੇਂਦੇ ਖੋਲਾ) ਦੇ ਉੱਪਰਲੇ ਗਲੇਸ਼ੀਅਰ ਦੇ ਖਿਸਕਣ ਕਾਰਨ ਵਾਪਰੀ ਸੀ। ਹਿਮਾਚਲ ਦੀਆਂ ਇਹ ਝੀਲਾਂ ਵੀ ਬਿਲਕੁਲ ਉਸੇ ਭੂਗੋਲਿਕ ਖ਼ਤਰੇ ਦੇ ਮੁਹਾਨੇ 'ਤੇ ਖੜ੍ਹੀਆਂ ਹਨ।

| ਹਿਮਾਚਲ ਦੀਆਂ ਸਭ ਤੋਂ ਸੰਵੇਦਨਸ਼ੀਲ ਗਲੇਸ਼ੀਅਲ ਝੀਲਾਂ ਦੀ ਸਥਿਤੀ | | | |
|---|---|---|---|
| ਝੀਲ ਦਾ ਨਾਂ | ਖ਼ਤਰੇ ਦਾ ਪੱਧਰ | ਮੁੱਖ ਕਾਰਨ | ਪ੍ਰਭਾਵਿਤ ਹੋਣ ਵਾਲੇ ਸੰਭਾਵਿਤ ਖੇਤਰ |
| ਘੇਪਨ ਝੀਲ (Ghepan Lake) | ਅਤਿ-ਗੰਭੀਰ | ਆਕਾਰ ਵਿੱਚ ਤੇਜ਼ੀ ਨਾਲ ਵਿਸਥਾਰ ਤੇ ਬਰਫ਼ੀਲਾ ਦਬਾਅ | ਲਾਹੌਲ ਘਾਟੀ ਤੇ ਹੇਠਲੀਆਂ ਬਸਤੀਆਂ |
| ਯੋਚੇ ਝੀਲ (Yoche Lake) | ਬੇਹੱਦ ਨਾਜ਼ੁਕ | ਮੋਰੇਨ ਡੈਮ ਦੀ ਕਮਜ਼ੋਰ ਭੂਗੋਲਿਕ ਪਕੜ | ਹਾਈਡ੍ਰੋਪਾਵਰ ਪ੍ਰੋਜੈਕਟ ਤੇ ਸੰਪਰਕ ਮਾਰਗ |
| ਕਾਲੀ ਕੁੰਡ (Kali Kund) | ਉੱਚ ਸੰਵੇਦਨਸ਼ੀਲ | ਪਰਮਾਫ੍ਰੌਸਟ ਪਿਘਲਣ ਕਾਰਨ ਪਾਣੀ ਦੀ ਭਾਰੀ ਆਮਦ | ਦਰਿਆਈ ਕੰਢੇ ਵਸੇ ਰਿਹਾਇਸ਼ੀ ਪਿੰਡ |
| ਵਾਸੂਕੀ ਝੀਲ (Vasuki Lake) | ਨਿਗਰਾਨੀ ਅਧੀਨ | ਆਕਾਰ ਵਿੱਚ ਸਾਲਾਨਾ ਅਸੰਤੁਲਿਤ ਵਾਧਾ | ਹੇਠਲੇ ਜੰਗਲਾਤ ਤੇ ਵਾਦੀ ਖੇਤਰ |

**ਅਨਿਯੰਤਰਿਤ ਸੈਰ-ਸਪਾਟੇ 'ਤੇ ਤੁਰੰਤ ਲਗਾਮ ਕੱਸਣ ਦਾ ਸੱਦਾ:** ਵਾਤਾਵਰਣ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਪਹਾੜਾਂ ਦੀ ਸੀਮਤ ਸਮਰੱਥਾ ਤੋਂ ਵੱਧ ਹੋ ਰਹੇ ਸੈਰ-ਸਪਾਟੇ, ਵਾਹਨਾਂ ਦੇ ਬੇਹਿਸਾਬ ਪ੍ਰਦੂਸ਼ਣ ਅਤੇ ਅੰਨ੍ਹੇਵਾਹ ਕੰਕਰੀਟ ਵਿਕਾਸ ਨੂੰ ਤੁਰੰਤ ਕਾਨੂੰਨੀ ਦਾਇਰੇ ਵਿੱਚ ਲਿਆਉਣਾ ਹੋਵੇਗਾ, ਨਹੀਂ ਤਾਂ ਗਲੇਸ਼ੀਅਲ ਝੀਲ ਫਟਣ ਕਾਰਨ ਆਉਣ ਵਾਲੇ ਹੜ੍ਹ (GLOF - Glacial Lake Outburst Floods) ਭਾਰੀ ਜਾਨੀ-ਮਾਲੀ ਤਬਾਹੀ ਦਾ ਕਾਰਨ ਬਣਨਗੇ।

ਡਿਸਕਲੇਮਰ (Disclaimer): ਇਹ ਖ਼ਬਰ ਆਈ.ਆਈ.ਟੀ. ਮੰਡੀ (IIT Mandi) ਦੇ ਸਿਵਲ ਅਤੇ ਵਾਤਾਵਰਣ ਵਿਗਿਆਨੀਆਂ ਵੱਲੋਂ ਜਾਰੀ ਕੀਤੀ ਗਈ ਅਧਿਕਾਰਕ ਖੋਜ ਰਿਪੋਰਟ, ਨਿਊਜ਼ ਏਜੰਸੀ ANI ਅਤੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (NDMA) ਦੇ ਤੱਥਾਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਅਤੇ ਹਿਮਾਲੀਅਨ ਵਾਤਾਵਰਣ ਸੰਕਟ ਪ੍ਰਤੀ ਜਾਗਰੂਕਤਾ ਲਈ ਇਹ ਵਿਸ਼ੇਸ਼ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।

# ਬਕਾਇਆ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਖ਼ਿਲਾਫ਼ ਸੜਕਾਂ 'ਤੇ ਉੱਤਰੇ ਕਿਸਾਨ; ਮੁੱਖ ਮਾਰਗ ਜਾਮ ਕਰਕੇ ਕੀਤੀ ਜ਼ੋਰਦਾਰ ਨਾਅਰੇਬਾਜ਼ੀ

## ਸੂਬਾ ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦਾ ਲਾਇਆ ਦੋਸ਼; ਆਵਾਜਾਈ ਪ੍ਰਭਾਵਿਤ ਹੋਣ ਕਾਰਨ ਲੱਗੇ ਲੰਬੇ ਜਾਮ, ਮਸਲੇ ਹੱਲ ਨਾ ਹੋਣ 'ਤੇ ਸੂਬਾ ਪੱਧਰੀ ਸੰਘਰਸ਼ ਵਿੱਢਣ ਦੀ ਚਿਤਾਵਨੀ





ਪਟਿਆਲਾ (ਪੰਜਾਬ) : ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦਾ ਕੋਈ ਠੋਸ ਹੱਲ ਨਾ ਨਿਕਲਣ ਦੇ ਰੋਸ ਵਜੋਂ ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ ਪਟਿਆਲਾ ਵਿਖੇ ਵਿਸ਼ਾਲ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀ ਕਿਸਾਨਾਂ ਨੇ ਸੋਮਵਾਰ ਨੂੰ ਜ਼ਿਲ੍ਹੇ ਦੇ ਮੁੱਖ ਆਵਾਜਾਈ ਮਾਰਗਾਂ 'ਤੇ ਧਰਨਾ ਲਾ ਕੇ ਚੱਕਾ ਜਾਮ ਕਰ ਦਿੱਤਾ, ਜਿਸ ਕਾਰਨ ਸੜਕੀ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ।

ਵੱਡੀ ਗਿਣਤੀ ਵਿੱਚ ਪਹੁੰਚੇ ਕਿਸਾਨਾਂ ਨੇ ਸੂਬਾ ਸਰਕਾਰ ਦੀਆਂ ਕਥਿਤ ਕਿਸਾਨ-ਵਿਰੋਧੀ ਨੀਤੀਆਂ ਅਤੇ ਲਾਰੇਬਾਜ਼ੀ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕੀਤੀ। ਮੁੱਖ ਮਾਰਗ ਜਾਮ ਹੋਣ ਕਾਰਨ ਦੋਵੇਂ ਪਾਸੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ ਅਤੇ ਆਮ ਰਾਹਗੀਰਾਂ ਨੂੰ ਭਾਰੀ ਖੱਜਲ-ਖ਼ੁਆਰੀ ਦਾ ਸਾਹਮਣਾ ਕਰਨਾ ਪਿਆ। ਸਥਿਤੀ ਨੂੰ ਸੰਭਾਲਣ ਲਈ ਪੁਲਿਸ ਪ੍ਰਸ਼ਾਸਨ ਨੇ ਵਾਹਨਾਂ ਨੂੰ ਬਦਲਵੇਂ ਰੂਟਾਂ ਰਾਹੀਂ ਕੱਢਣ ਦੀ ਕੋਸ਼ਿਸ਼ ਕੀਤੀ।

**ਮੁੱਖ ਮਾਰਗਾਂ 'ਤੇ ਚੱਕਾ ਜਾਮ:** ਕਿਸਾਨਾਂ ਨੇ ਆਪਣੇ ਟਰੈਕਟਰਾਂ ਅਤੇ ਗੱਡੀਆਂ ਨਾਲ ਪਟਿਆਲਾ ਦੇ ਪ੍ਰਮੁੱਖ ਰੂਟਾਂ 'ਤੇ ਆਵਾਜਾਈ ਰੋਕ ਦਿੱਤੀ। ਕਿਸਾਨ ਆਗੂਆਂ ਨੇ ਦੋਸ਼ ਲਾਇਆ ਕਿ ਸਰਕਾਰ ਵੱਲੋਂ ਮਸਲਿਆਂ ਦੇ ਹੱਲ ਲਈ ਸਿਰਫ਼ ਬਿਆਨਬਾਜ਼ੀ ਕੀਤੀ ਜਾ ਰਹੀ ਹੈ, ਜਦਕਿ ਜ਼ਮੀਨੀ ਹਕੀਕਤ ਇਸ ਦੇ ਬਿਲਕੁਲ ਉਲਟ ਹੈ।

**ਅਣਸੁਲਝੀਆਂ ਬਕਾਇਆ ਮੰਗਾਂ:** ਧਰਨਾਕਾਰੀ ਆਗੂਆਂ ਨੇ ਮੰਗ ਕੀਤੀ ਕਿ ਕੁਦਰਤੀ ਆਫ਼ਤਾਂ ਕਾਰਨ ਖ਼ਰਾਬ ਹੋਈਆਂ ਫ਼ਸਲਾਂ ਦਾ ਬਣਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ, ਖੇਤੀ ਕਰਜ਼ਿਆਂ 'ਤੇ ਰਾਹਤ ਦਿੱਤੀ ਜਾਵੇ, ਨਹਿਰੀ ਪਾਣੀ ਟੇਲਾਂ ਤੱਕ ਯਕੀਨੀ ਬਣਾਇਆ ਜਾਵੇ ਅਤੇ ਗੰਨੇ ਸਮੇਤ ਹੋਰ ਫ਼ਸਲਾਂ ਦੇ ਰੁਕੇ ਹੋਏ ਬਕਾਏ ਤੁਰੰਤ ਕਲੀਅਰ ਕੀਤੇ ਜਾਣ।

**ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼:** ਕਿਸਾਨ ਨੁਮਾਇੰਦਿਆਂ ਨੇ ਕਿਹਾ ਕਿ ਪਿਛਲੀਆਂ ਮੀਟਿੰਗਾਂ ਦੌਰਾਨ ਉੱਚ ਅਧਿਕਾਰੀਆਂ ਅਤੇ ਸਰਕਾਰ ਵੱਲੋਂ ਦਿੱਤੇ ਗਏ ਭਰੋਸੇ ਹਵਾ-ਹਵਾਈ ਸਾਬਤ ਹੋਏ ਹਨ। ਮੰਗਾਂ ਦੀ ਲਗਾਤਾਰ ਅਣਦੇਖੀ ਕਾਰਨ ਹੀ ਉਨ੍ਹਾਂ ਨੂੰ ਮੁੜ ਸੜਕਾਂ 'ਤੇ ਉੱਤਰਨ ਲਈ ਮਜਬੂਰ ਹੋਣਾ ਪਿਆ ਹੈ।

**ਸੂਬਾ ਪੱਧਰੀ ਸੰਘਰਸ਼ ਦੀ ਚਿਤਾਵਨੀ:** ਆਗੂਆਂ ਨੇ ਦੋ-ਟੂਕ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਲੈ ਕੇ ਤੁਰੰਤ ਕਾਰਵਾਈ ਨਾ ਕੀਤੀ, ਤਾਂ ਇਹ ਰੋਸ ਪ੍ਰਦਰਸ਼ਨ ਸਿਰਫ਼ ਪਟਿਆਲਾ ਤੱਕ ਸੀਮਤ ਨਹੀਂ ਰਹੇਗਾ, ਸਗੋਂ ਆਉਣ ਵਾਲੇ ਦਿਨਾਂ ਵਿੱਚ ਪੂਰੇ ਪੰਜਾਬ ਅੰਦਰ ਵਿਆਪਕ ਰੋਸ ਲਹਿਰ ਖੜ੍ਹੀ ਕੀਤੀ ਜਾਵੇਗੀ।

ਡਿਸਕਲੇਮਰ (Disclaimer):
ਇਹ ਖ਼ਬਰ ਨਿਊਜ਼ ਏਜੰਸੀ ANI, ਪ੍ਰਦਰਸ਼ਨਕਾਰੀ ਕਿਸਾਨ ਆਗੂਆਂ ਦੇ ਜਨਤਕ ਬਿਆਨਾਂ ਅਤੇ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਦੇ ਵੇਰਵਿਆਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।

# ਪਟਿਆਲਾ ਦੇ ਡੀ.ਸੀ. ਦਫ਼ਤਰ ਮੂਹਰੇ BKU ਵੱਲੋਂ 'ਪੱਕਾ ਮੋਰਚਾ' ਸ਼ੁਰੂ; ਸੜਕ 'ਤੇ ਟੈਂਟ ਤੇ ਟਰੈਕਟਰ-ਟਰਾਲੀਆਂ ਗੱਡ ਕੇ ਆਵਾਜਾਈ ਕੀਤੀ ਠੱਪ

## ਪੰਜਾਬ ਸਰਕਾਰ ਵਿਰੁੱਧ ਕਿਸਾਨਾਂ ਦਾ ਜ਼ੋਰਦਾਰ ਹੱਲਾਬੋਲ; ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ, ਮੰਗਾਂ ਦਾ ਲਿਖਤੀ ਹੱਲ ਹੋਣ ਤੱਕ ਡਟੇ ਰਹਿਣ ਦਾ ਐਲਾਨ




ਪਟਿਆਲਾ (ਪੰਜਾਬ), (ਏ.ਐੱਨ.ਆਈ.): ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਦੀ ਅਣਦੇਖੀ ਤੋਂ ਖ਼ਫ਼ਾ ਭਾਰਤੀ ਕਿਸਾਨ ਯੂਨੀਅਨ (BKU) ਦੇ ਕਾਰਕੁੰਨਾਂ ਨੇ ਪੰਜਾਬ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ ਪਟਿਆਲਾ ਵਿਖੇ ਡਿਪਟੀ ਕਮਿਸ਼ਨਰ (DC) ਦਫ਼ਤਰ ਦੇ ਬਾਹਰ ਅਣਮਿੱਥੇ ਸਮੇਂ ਲਈ 'ਪੱਕਾ ਮੋਰਚਾ' ਲਗਾ ਦਿੱਤਾ ਹੈ।

ਕਿਸਾਨਾਂ ਨੇ ਸੋਮਵਾਰ ਨੂੰ ਡੀ.ਸੀ. ਦਫ਼ਤਰ ਦੇ ਸਾਹਮਣੇ ਮੁੱਖ ਸੜਕ 'ਤੇ ਟਰੈਕਟਰ-ਟਰਾਲੀਆਂ ਖੜ੍ਹੀਆਂ ਕਰਕੇ ਅਤੇ ਪੱਕਾ ਟੈਂਟ ਲਗਾ ਕੇ ਸੜਕੀ ਆਵਾਜਾਈ ਮੁਕੰਮਲ ਤੌਰ 'ਤੇ ਠੱਪ ਕਰ ਦਿੱਤੀ। ਜਥੇਬੰਦੀ ਦੇ ਝੰਡੇ ਹੱਥਾਂ ਵਿੱਚ ਫੜ ਕੇ ਵੱਡੀ ਗਿਣਤੀ ਕਿਸਾਨਾਂ ਨੇ ਸੂਬਾ ਸਰਕਾਰ ਦੀਆਂ ਕਿਸਾਨ-ਵਿਰੋਧੀ ਨੀਤੀਆਂ ਅਤੇ ਲਾਰੇਬਾਜ਼ੀ ਵਿਰੁੱਧ ਤਿੱਖੀ ਨਾਅਰੇਬਾਜ਼ੀ ਕਰਦਿਆਂ ਵਾਅਦਾਖ਼ ?ਲਾਫ਼ੀ ਦੇ ਗੰਭੀਰ ਦੋਸ਼ ਲਾਏ।

**ਸੜਕ 'ਤੇ ਪੱਕਾ ਡੇਰਾ ਤੇ ਆਵਾਜਾਈ ਪ੍ਰਭਾਵਿਤ:** ਬੀ.ਕੇ.ਯੂ. ਆਗੂ ਅਤੇ ਵਰਕਰ ਆਪਣੇ ਟਰੈਕਟਰਾਂ ਸਮੇਤ ਰਾਸ਼ਨ-ਪਾਣੀ, ਲੰਗਰ ਦਾ ਸਮਾਨ ਅਤੇ ਬਿਸਤਰੇ ਲੈ ਕੇ ਪਹੁੰਚੇ ਹਨ। ਸੜਕ ਦੇ ਵਿਚਕਾਰ ਪੱਕਾ ਟੈਂਟ ਗੱਡ ਦਿੱਤੇ ਜਾਣ ਕਾਰਨ ਪ੍ਰਸ਼ਾਸਨਿਕ ਕੰਪਲੈਕਸ ਦੇ ਆਸ-ਪਾਸ ਟਰੈਫ਼ਿਕ ਵਿਵਸਥਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ ਅਤੇ ਆਮ ਰਾਹਗੀਰਾਂ ਨੂੰ ਬਦਲਵੇਂ ਰਸਤਿਆਂ ਦੀ ਵਰਤੋਂ ਕਰਨੀ ਪੈ ਰਹੀ ਹੈ।

**ਅਣਸੁਲਝੀਆਂ ਮੰਗਾਂ ਨੂੰ ਲੈ ਕੇ ਰੋਸ:** ਕਿਸਾਨ ਨੁਮਾਇੰਦਿਆਂ ਨੇ ਸਪੱਸ਼ਟ ਕੀਤਾ ਕਿ ਕੁਦਰਤੀ ਮਾਰ ਕਾਰਨ ਖ਼ਰਾਬ ਹੋਈਆਂ ਫ਼ਸਲਾਂ ਦਾ ਬਕਾਇਆ ਮੁਆਵਜ਼ਾ, ਕਿਸਾਨਾਂ-ਮਜ਼ਦੂਰਾਂ ਲਈ ਕਰਜ਼ਾ ਰਾਹਤ, ਨਵੇਂ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਅਤੇ ਮੰਡੀਆਂ ਦੇ ਪ੍ਰਬੰਧਾਂ ਸਮੇਤ ਖੇਤੀ ਨਾਲ ਜੁੜੇ ਬੁਨਿਆਦੀ ਮਸਲੇ ਲੰਮੇ ਸਮੇਂ ਤੋਂ ਠੰਢੇ ਬਸਤੇ ਵਿੱਚ ਪਏ ਹਨ।

ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦਾ ਦੋਸ਼: ਧਰਨਾਕਾਰੀਆਂ ਨੇ ਦੋਸ਼ ਲਾਇਆ ਕਿ ਸਰਕਾਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਕਈ ਗੇੜਾਂ ਦੀਆਂ ਮੀਟਿੰਗਾਂ ਦੌਰਾਨ ਸਿਰਫ਼ ਖੋਖਲੇ ਭਰੋਸੇ ਹੀ ਮਿਲੇ ਹਨ, ਜਦਕਿ ਜ਼ਮੀਨੀ ਪੱਧਰ 'ਤੇ ਲੋੜੀਂਦੇ ਸਰਕਾਰੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੇ ਗਏ। ਸਰਕਾਰ ਦੀ ਇਸ ਬੇਰੁਖ਼ੀ ਕਾਰਨ ਹੀ ਅੰਨਦਾਤੇ ਨੂੰ ਮੁੜ ਸੜਕਾਂ 'ਤੇ ਉੱਤਰਨ ਲਈ ਮਜਬੂਰ ਹੋਣਾ ਪਿਆ ਹੈ।

ਆਰ-ਪਾਰ ਦੀ ਲੜਾਈ ਦੀ ਚਿਤਾਵਨੀ: ਯੂਨੀਅਨ ਆਗੂਆਂ ਨੇ ਦੋ-ਟੂਕ ਐਲਾਨ ਕੀਤਾ ਹੈ ਕਿ ਇਹ ਮੋਰਚਾ ਉਦੋਂ ਤੱਕ ਖ਼ਤਮ ਨਹੀਂ ਹੋਵੇਗਾ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਹੱਕੀ ਮੰਗਾਂ ਦਾ ਠੋਸ ਅਤੇ ਲਿਖਤੀ ਰੂਪ ਵਿੱਚ ਨਿਪਟਾਰਾ ਨਹੀਂ ਕਰਦੀ। ਮੰਗਾਂ ਦੀ ਪੂਰਤੀ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ ਦਾ ਘੇਰਾ ਹੋਰ ਜ਼ਿਲ੍ਹਿਆਂ ਤੱਕ ਵਧਾਉਣ ਦੀ ਚਿਤਾਵਨੀ ਵੀ ਦਿੱਤੀ ਗਈ ਹੈ।

ਡਿਸਕਲੇਮਰ (Disclaimer): ਇਹ ਰਿਪੋਰਟ ਨਿਊਜ਼ ਏਜੰਸੀ ANI, ਧਰਨਾਕਾਰੀ ਕਿਸਾਨ ਆਗੂਆਂ ਦੇ ਜਨਤਕ ਬਿਆਨਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮਿਲੇ ਵੇਰਵਿਆਂ 'ਤੇ ਆਧਾਰਿਤ ਹੈ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਲਈ ਇਹ ਰਿਪੋਰਟ ਪ੍ਰਕਾਸ਼ਿਤ ਕਰ ਰਿਹਾ ਹੈ।

# ਅਮਰੀਕਾ-ਈਰਾਨ ਜੰਗ ਦੀ ਮੁੜ ਭੜਕੀ ਅੱਗ ਨੇ ਹਿਲਾਇਆ ਭਾਰਤੀ ਬਾਜ਼ਾਰ, ਤੇਲ 95 ਡਾਲਰ ਪਾਰ ਰੁਪਏ 'ਤੇ ਦਬਾਅ, ਸੋਨਾ-ਚਾਂਦੀ ਵੀ ਡਿੱਗੇ; ਆਈ.ਟੀ., ਆਟੋ, ਪੇਂਟ, ਟਾਇਰ ਤੇ ਏਅਰਲਾਈਨ ਕੰਪਨੀਆਂ 'ਤੇ ਪਿਆ ਤੁਰੰਤ ਅਸਰ

ਚੰਡੀਗੜ੍ਹ : ਅਮਰੀਕਾ-ਈਰਾਨ ਵਿਚਾਲੇ ਮੁੜ ਭੜਕੀ ਜੰਗ ਨੇ ਭਾਰਤੀ ਅਰਥਵਿਵਸਥਾ ਲਈ ਖਤਰੇ ਦੀ ਘੰਟੀ ਵਜਾ ਦਿੱਤੀ ਹੈ। ਹੋਰਮੁਜ਼ ਜਲਡਮਰੂ 'ਤੇ ਸੰਕਟ ਦੀ ਆਹਟ ਨੇ ਕੱਚੇ ਤੇਲ ਨੂੰ 95 ਡਾਲਰ ਪ੍ਰਤੀ ਬੈਰਲ ਨੇੜੇ ਪਹੁੰਚਾ ਦਿੱਤਾ ਹੈ ਜਦਕਿ ਭਾਰਤੀ ਸ਼ੇਅਰ ਬਾਜ਼ਾਰ, ਰੁਪਏ ਤੇ ਉਦਯੋਗਾਂ 'ਤੇ ਤੁਰੰਤ ਦਬਾਅ ਦਿਖਾਈ ਦੇਣ ਲੱਗਾ ਹੈ। 31 ਅਗਸਤ ਦੇ ਮੁਕਾਬਲੇ ਦੋ ਦਿਨਾਂ 'ਚ ਬ੍ਰੈਂਟ ਦੀ ਕੀਮਤ ਕਰੀਬ 5.5 ਤੋਂ 5.7 ਫੀਸਦੀ ਚੜ੍ਹੀ ਹੈ। ਬੁੱਧਵਾਰ ਨੂੰ ਬਾਜ਼ਾਰ ਖੁੱਲ੍ਹਦੇ ਹੀ ਨਿਵੇਸ਼ਕਾਂ ਨੇ ਜੋਖਮ ਤੋਂ ਪਿੱਛੇ ਹਟਣਾ ਸ਼ੁਰੂ ਕਰ ਦਿੱਤਾ ਹੈ। ਸੈਂਸੈਕਸ 750 ਤੋਂ 800 ਅੰਕ ਤੱਕ ਟੁੱਟ ਕੇ 76,200 ਨੇੜੇ ਆ ਗਿਆ ਹੈ ਜਦਕਿ ਨਿਫਟੀ 'ਚ ਦਬਾਅ ਤੋਂ ਬਾਅਦ ਕੁਝ ਸੁਧਾਰ ਵੇਖਣ ਨੂੰ ਮਿਲਿਆ। ਟਾਇਰ ਤੇ ਪੇਂਟ ਕੰਪਨੀਆਂ ਲਈ ਕੱਚਾ ਮਾਲ ਮਹਿੰਗਾ ਹੋਣ ਦਾ ਖਤਰਾ ਬਣ ਗਿਆ ਹੈ ਜਦਕਿ ਏਅਰਲਾਈਨਾਂ ਲਈ ਜੈੱਟ ਫਿਊਲ ਦੀ ਵਧਦੀ ਕੀਮਤ ਮੁਨਾਫ਼ੇ 'ਤੇ ਸਿੱਧਾ ਅਸਰ ਪਾਵੇਗੀ। ਤੇਲ ਤੇ ਗੈਸ ਦੀ ਮਹਿੰਗਾਈ ਦਾ ਅਸਰ ਸੀ.ਐੱਨ.ਜੀ. 'ਤੇ ਵੀ ਪੈਣਾ ਲਾਜ਼ਮੀ ਹੈ। ਦਿੱਲੀ 'ਚ ਆਈ.ਜੀ.ਐੱਲ. ਨੇ 29 ਅਗਸਤ ਤੋਂ ਸੀ.ਐੱਨ.ਜੀ. 83.09 ਤੋਂ ਵਧਾ ਕੇ 86.98 ਰੁਪਏ ਪ੍ਰਤੀ ਕਿਲੋ ਕਰ ਦਿੱਤੀ ਗਈ ਹੈ। ਮੁੰਬਈ 'ਚ ਐੱਮ.ਜੀ.ਐੱਲ. ਨੇ 1 ਸਤੰਬਰ ਤੋਂ ਕੀਮਤ 2 ਰੁਪਏ ਵਧਾ ਕੇ 88 ਰੁਪਏ ਪ੍ਰਤੀ ਕਿਲੋ ਕਰ ਦਿੱਤੀ। ਜੇ ਹੋਰਮੁਜ਼ ਸੰਕਟ ਲੰਮਾ ਖਿੱਚਿਆ ਤਾਂ ਹੋਰ ਸ਼ਹਿਰਾਂ 'ਚ ਵੀ ਮਹਿੰਗਾਈ ਦਾ ਅਸਰ ਵੇਖਣ ਨੂੰ ਮਿਲ ਸਕਦਾ ਹੈ। ਮਹਿੰਗੇ ਤੇਲ ਤੇ ਮਜ਼ਬੂਤ ਡਾਲਰ ਨੇ ਰੁਪਏ ਨੂੰ ਵੀ ਦਬਾਅ ਹੇਠ ਰੱਖਿਆ ਹੈ। ਹਾਲਾਂਕਿ ਆਰ.ਬੀ.ਆਈ. ਦੀ ਦਖ਼ਲਅੰਦਾਜ਼ੀ ਨੇ ਗਿਰਾਵਟ ਨੂੰ ਥੋੜਾ ਰੋਕਿਆ ਹੈ, ਪਰ ਲੰਬੇ ਸਮੇਂ ਤੱਕ ਮਹਿੰਗਾ ਤੇਲ ਆਯਾਤ ਬਿੱਲ ਵਧਾ ਕੇ ਰੁਪਏ ਲਈ ਨਵੀਂ ਮੁਸੀਬਤ ਖੜ੍ਹੀ ਕਰ ਸਕਦਾ ਹੈ। 729 ਅਰਬ ਡਾਲਰ ਤੋਂ ਵੱਧ ਦੇ ਵਿਦੇਸ਼ੀ ਮੁਦਰਾ ਭੰਡਾਰ ਫਿਲਹਾਲ ਕੁਝ ਸੁਰੱਖਿਆ ਜ਼ਰੂਰ ਦਿੰਦੇ ਹਨ। ਜੰਗੀ ਤਣਾਅ ਦੇ ਬਾਵਜੂਦ ਸੋਨੇ-ਚਾਂਦੀ 'ਚ ਵੀ ਗਿਰਾਵਟ ਆਈ ਹੈ।



# ਨੇਪਾਲ ਤੋਂ ਬਾਅਦ ਯੂਪੀ ਬਿਹਾਰ ਦਾ ਬੁਰਾ ਹਾਲ ਪਾਣੀ ਮਚਾ ਰਿਹਾ ਚਾਰੇ ਪਾਸੇ ਹਾਹਾਕਾਰ

## ਕਿਸ਼ਤੀਆਂ ਦੇ ਸਹਾਰੇ ਆਵਾਜਾਈ ਕਰਨ ਲਈ ਮਜਬੂਰ ਹੋਏ ਲੋਕ, ਪ੍ਰਸ਼ਾਸਨ ਵੱਲੋਂ ਨਿਗਰਾਨੀ ਤੇਜ਼









ਪਟਨਾ (ਬਿਹਾਰ): ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਗੰਗਾ ਨਦੀ ਦੇ ਲਗਾਤਾਰ ਵਧ ਰਹੇ ਜਲ ਪੱਧਰ ਨੇ ਆਮ ਲੋਕਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਦਰਿਆ ਵਿੱਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਵੱਲ ਵਧਣ ਕਾਰਨ ਪਟਨਾ ਦੇ ਨੀਵੇਂ ਰਿਹਾਇਸ਼ੀ ਇਲਾਕਿਆਂ ਅਤੇ ਹਜ਼ਾਰਾਂ ਏਕੜ ਖੇਤੀਬਾੜੀ ਵਾਲੀ ਜ਼ਮੀਨ ਵਿੱਚ ਹੜ੍ਹ ਦਾ ਪਾਣੀ ਦਾਖ਼ਲ ਹੋ ਗਿਆ ਹੈ।

ਵੀਰਵਾਰ ਨੂੰ ਸਾਹਮਣੇ ਆਏ ਦ੍ਰਿਸ਼ਾਂ ਵਿੱਚ ਰਿਹਾਇਸ਼ੀ ਬਸਤੀਆਂ ਅਤੇ ਖੇਤ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬੇ ਹੋਏ ਦਿਖਾਈ ਦਿੱਤੇ। ਪਾਣੀ ਦੇ ਤੇਜ਼ ਵਹਾਅ ਅਤੇ ਜਲ-ਥਲ ਵਾਲੀ ਸਥਿਤੀ ਕਾਰਨ ਆਵਾਜਾਈ ਦੇ ਸਾਰੇ ਰਸਤੇ ਬੰਦ ਹੋ ਚੁੱਕੇ ਹਨ ਅਤੇ ਸਥਾਨਕ ਲੋਕ ਆਪਣੀਆਂ ਰੋਜ਼ਾਨਾ ਲੋੜਾਂ ਤੇ ਸੁਰੱਖਿਅਤ ਥਾਵਾਂ ’ਤੇ ਪਹੁੰਚਣ ਲਈ ਕਿਸ਼ਤੀਆਂ ਦਾ ਸਹਾਰਾ ਲੈ ਰਹੇ ਹਨ।

**ਰਿਹਾਇਸ਼ੀ ਬਸਤੀਆਂ ਤੇ ਖੇਤਾਂ ’ਚ ਭਰਿਆ ਪਾਣੀ:** ਗੰਗਾ ਦੇ ਵਧੇ ਪਾਣੀ ਨੇ ਦੀਯਾਰਾ ਖੇਤਰ ਅਤੇ ਨਾਲ ਲੱਗਦੀਆਂ ਬਸਤੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਦਰਜਨਾਂ ਘਰਾਂ ਵਿੱਚ ਪਾਣੀ ਵੜ ਜਾਣ ਕਾਰਨ ਲੋਕਾਂ ਨੂੰ ਆਪਣੇ ਜ਼ਰੂਰੀ ਸਾਮਾਨ ਸਮੇਤ ਉੱਚੇ ਸਥਾਨਾਂ ਵੱਲ ਹਿਜਰਤ ਕਰਨੀ ਪੈ ਰਹੀ ਹੈ।

**ਫ਼ਸਲਾਂ ਦਾ ਭਾਰੀ ਨੁਕਸਾਨ:** ਖੇਤੀਬਾੜੀ ਅਧੀਨ ਆਉਂਦੀਆਂ ਜ਼ਮੀਨਾਂ ਪਾਣੀ ਵਿੱਚ ਡੁੱਬ ਜਾਣ ਕਾਰਨ ਹਰੀਆਂ ਸਬਜ਼ੀਆਂ, ਮੱਕੀ ਅਤੇ ਝੋਨੇ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋਣ ਦਾ ਖ਼ਦਸ਼ਾ ਬਣ ਗਿਆ ਹੈ, ਜਿਸ ਨਾਲ ਸਥਾਨਕ ਕਿਸਾਨਾਂ ਨੂੰ ਵੱਡਾ ਆਰਥਿਕ ਝਟਕਾ ਲੱਗਾ ਹੈ।

**ਕਿਸ਼ਤੀਆਂ ਹੀ ਬਣੀਆਂ ਆਵਾਜਾਈ ਦਾ ਮੁੱਖ ਸਾਧਨ:** ਪ੍ਰਭਾਵਿਤ ਖੇਤਰਾਂ ਵਿੱਚ ਜ਼ਮੀਨੀ ਰਸਤੇ ਕੱਟੇ ਜਾਣ ਕਾਰਨ ਲੋਕ ਪਾਣੀ ਦੇ ਕਿਨਾਰਿਆਂ ’ਤੇ ਕਿਸ਼ਤੀਆਂ ਰਾਹੀਂ ਸਫ਼ਰ ਕਰਨ ਲਈ ਮਜਬੂਰ ਹਨ। ਪ੍ਰਸ਼ਾਸਨ ਵੱਲੋਂ ਐਨ.ਡੀ.ਆਰ.ਐਫ਼. (NDRF) ਅਤੇ ਐਸ.ਡੀ.ਆਰ.ਐਫ਼. (SDRF) ਦੀਆਂ ਟੀਮਾਂ ਨੂੰ ਚੌਕਸ ਰਹਿਣ ਦੇ ਆਦੇਸ਼ ਦਿੱਤੇ ਗਏ ਹਨ।









# ਧਾਰਮਿਕ ਪਛਾਣ ਨੂੰ ਰਾਸ਼ਟਰ ਦੀ ਪਛਾਣ ਬਣਾਉਣਾ ਸਹੀ ਨਹੀਂ

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ



ਦੇਸ਼ ਸਿਰਫ਼ ਧਰਤੀ ਦਾ ਇਕ ਟੁਕੜਾ ਨਹੀਂ ਹੁੰਦਾ, ਦੇਸ਼ ਇਕ ਸਾਂਝੀ ਕਲਪਨਾ ਹੁੰਦੀ ਹੈ-ਸਾਡੇ ਇਤਿਹਾਸ, ਸਾਂਝੀਆਂ ਯਾਦਾਂ, ਸਾਂਝੀਆਂ ਸੰਸਥਾਵਾਂ ਤੇ ਸਭ ਤੋਂ ਵੱਧ ਇਕ ਸਾਂਝੇ ਭਵਿੱਖ ਬਾਰੇ, ਪਰ ਇਸ ਸਾਂਝੀ ਕਲਪਨਾ ਦੇ ਸਾਹਮਣੇ ਇਕ ਖ਼ਤਰਨਾਕ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਦੇਸ਼/ਰਾਸ਼ਟਰ ਦੀ ਪਰਿਭਾਸ਼ਾ ਨਾਗਰਿਕਤਾ ਦੀ ਬਜਾਏ ਧਰਮ, ਨਸਲ, ਜਾਤੀ ਜਾਂ ਸੰਪਰਦਾਇ ਦੇ ਆਧਾਰ 'ਤੇ ਹੋਣ ਲੱਗਦੀ ਹੈ। ਫਿਰ ਸਵਾਲ ਇਹ ਨਹੀਂ ਰਹਿੰਦਾ: 'ਤੁਸੀਂ ਇਸ ਦੇਸ਼ ਦੇ ਨਾਗਰਿਕ ਹੋ' ਸਗੋਂ ਸਵਾਲ ਬਦਲ ਕੇ ਇਹ ਹੋ ਜਾਂਦਾ ਹੈ: 'ਤੁਸੀਂ ਸਾਡੇ ਵਰਗੇ ਹੋ?' ਇਹੀ ਬਦਲਾਅ ਸੰਪਰਦਾਇਕ ਰਾਸ਼ਟਰਵਾਦ ਦੀ ਸਭ ਤੋਂ ਵੱਡੀ ਪਛਾਣ ਹੈ। ਆਰ. ਐਸ. (ਸੰਘ), ਬੋਧੀਆਂ, ਜੈਨੀਆਂ ਤੇ ਸਿੱਖਾਂ ਨੂੰ ਹਿੰਦੂਆਂ ਦਾ ਇਕ ਹਿੱਸਾ ਮੰਨਦੀ ਆ ਰਹੀ ਹੈ। ਅਜਿਹੀ ਵਿਚਾਰਧਾਰਾ ਅਨੁਸਾਰ 'ਦੇਸ਼ ਤੇ ਬਹੁਗਿਣਤੀ ਭਾਈਚਾਰੇ' ਵਿਚਕਾਰ ਹੌਲੀ-ਹੌਲੀ ਮਿਟਣ ਲੱਗ ਪੈਂਦੀ ਹੈ। ਬਹੁਗਿਣਤੀ ਦੀ ਧਾਰਮਿਕ ਪਛਾਣ ਨੂੰ ਦੇਸ਼ ਦੀ ਅਸਲੀ ਪਛਾਣ ਮੰਨਦਿਆਂ ਬਾਕੀ ਭਾਈਚਾਰਿਆਂ ਨੂੰ ਸਿਰਫ਼ ਇਕ ਦੇਸ਼ ਦੇ ਬਰਾਬਰ ਅਧਿਕਾਰਾਂ ਵਾਲੇ ਨਾਗਰਿਕਾਂ ਦੀ ਬਜਾਏ ਮਹਿਮਾਨ, ਵਿਦੇਸ਼ੀ ਮੂਲ ਦੇ ਘੱਟ ਮਹੱਤਵ ਵਾਲੇ ਨਾਗਰਿਕ ਜਾਂ ਸ਼ੱਕੀ ਨਜ਼ਰ ਨਾਲ ਦੇਖੇ ਜਾਣ ਵਾਲੇ ਸਮੂਹ ਵਜੋਂ ਦੇਖਣ ਦਾ ਰੁਝਾਨ ਪੈਦਾ ਹੋ ਜਾਂਦਾ ਹੈ। ਇਹੀ ਉਹ ਥਾਂ ਹੈ, ਜਿੱਥੇ ਰਾਸ਼ਟਰਵਾਦ ਲੋਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਾਲੀ ਇਕ ਤਾਕਤ ਤੋਂ ਲੋਕਾਂ ਨੂੰ ਵੰਡਣ ਵਾਲੀ ਸ਼ਕਤੀ ਬਣ ਜਾਂਦਾ ਹੈ।

ਧਰਮ ਤੇ ਰਾਜਨੀਤੀ ਦਾ ਸੰਬੰਧ ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਦੁਨੀਆ ਵਿਚ ਸੰਪਰਦਾਇਕ ਰਾਸ਼ਟਰਵਾਦ ਸਿਰਫ਼ ਕਿਸੇ ਇਕ ਦੇਸ਼ ਜਾਂ ਕੌਮ ਵਿਚ ਹੀ ਨਹੀਂ ਮਿਲਦਾ। ਪਰ ਅਜੋਕਾ ਰਾਸ਼ਟਰਵਾਦ 18ਵੀਂ ਤੇ 19ਵੀਂ ਸਦੀ ਦੌਰਾਨ ਯੂਰਪ ਅੰਦਰ ਨਵੇਂ ਰੂਪ 'ਚ ਉਭਰਿਆ, ਇਸ ਦੌਰ ਵਿਚ ਭਾਸ਼ਾ, ਸੱਭਿਆਚਾਰ, ਨਸਲ ਤੇ ਧਰਮ ਨੂੰ ਰਾਸ਼ਟਰੀ ਪਛਾਣ ਦੇ ਆਧਾਰ ਵਜੋਂ ਵਰਤਿਆ ਜਾਣ ਲੱਗ ਪਿਆ ਸੀ। 19ਵੀਂ ਸਦੀ ਦੇ ਯੂਰਪ ਵਿਚ ਕੈਥੋਲਿਕ ਰਾਸ਼ਟਰਵਾਦ ਸਮੇਤ ਕਈ ਧਾਰਮਿਕ ਰਾਸ਼ਟਰਵਾਦੀ ਧਾਰਾਵਾਂ ਨੇ ਇਹ ਸਵਾਲ ਖੜ੍ਹਾ ਕੀਤਾ ਕਿ, ਕੀ ਧਾਰਮਿਕ ਭਾਈਚਾਰਾ ਹੀ ਰਾਸ਼ਟਰ ਦੀ ਬੁਨਿਆਦ ਬਣ ਸਕਦਾ ਹੈ, ਇਸ ਲਈ ਸੰਪਰਦਾਇਕ ਰਾਸ਼ਟਰਵਾਦ ਇਕ ਅਜਿਹੀ ਧਾਰਾ ਹੈ, ਜਿਸ ਵਿਚ ਧਾਰਮਿਕ ਜਾਂ ਨਸਲੀ ਪਛਾਣ ਨੂੰ ਰਾਸ਼ਟਰੀ ਪਹਿਚਾਣ ਨਾਲ ਜੋੜ ਦਿੱਤਾ ਜਾਂਦਾ ਹੈ। ਸੰਪਰਦਾਇਕ ਰਾਸ਼ਟਰਵਾਦ ਦੇ ਖ਼ਤਰੇ ਨੂੰ ਸਮਝਣ ਲਈ 20ਵੀਂ ਸਦੀ ਦਾ ਜਰਮਨੀ ਦਾ ਨਾਜ਼ੀਵਾਦ ਸਭ ਤੋਂ ਭਿਆਨਕ ਉਦਾਹਰਨਾਂ 'ਚੋਂ ਇਕ ਹੈ। ਇਥੇ ਇਕ ਸਪੱਸ਼ਟੀਕਰਨ ਦੇਣਾ ਜ਼ਰੂਰੀ ਹੈ-ਨਾਜ਼ੀਵਾਦ ਸਿਰਫ਼ ਇਕ ਧਾਰਮਿਕ ਸੰਪਰਦਾਇਕਤਾ ਨਹੀਂ ਸੀ, ਇਹ ਨਸਲੀ ਰਾਸ਼ਟਰਵਾਦ, ਯਹੂਦੀ ਵਿਰੋਧ, ਤਾਨਾਸ਼ਾਹੀ ਤੇ ਵਿਸਥਾਰਵਾਦ ਦਾ ਮਿਲਗੋਭਾ ਸੀ।

ਨਾਜ਼ੀਆਂ ਨੇ ਜਰਮਨ ਸਮਾਜ ਨੂੰ ਕਥਿਤ 'ਨਸਲੀ ਸ਼ੁੱਧਤਾ' ਦੇ ਵਿਚਾਰ ਨਾਲ ਜੋੜਦਿਆਂ ਯਹੂਦੀਆਂ ਨੂੰ ਸਿਰਫ਼ ਇਕ ਧਾਰਮਿਕ ਭਾਈਚਾਰਾ ਨਹੀਂ, ਸਗੋਂ ਜਰਮਨ ਰਾਸ਼ਟਰ ਦੇ ਕਥਿਤ ਦੁਸ਼ਮਣਾਂ ਵਜੋਂ ਪੇਸ਼ ਕੀਤਾ। 1933 ਵਿਚ ਹਿਟਲਰ ਦੇ ਸੱਤਾ 'ਚ ਆਉਣ ਤੋਂ ਬਾਅਦ ਸਰਕਾਰ ਨੇ ਯਹੂਦੀਆਂ ਨੂੰ ਜਰਮਨ ਸਮਾਜ 'ਚੋਂ ਕਾਨੂੰਨੀ, ਸਮਾਜਿਕ ਤੇ ਆਰਥਿਕ ਤੌਰ 'ਤੇ ਬਾਹਰ ਧੱਕਣਾ ਸ਼ੁਰੂ ਕਰ ਦਿੱਤਾ। ਇਹ ਪ੍ਰਕਿਰਿਆ 1935 ਦੇ ਨਾਗਰਿਕਤਾ ਸੰਬੰਧੀ ਕਾਨੂੰਨ (ਭਾਵ ਨਾਗਰਿਕਤਾ ਕਿਵੇਂ ਮਿਲੇਗੀ ਤੇ ਕਿਹੜੀ ਸਥਿਤੀ 'ਚ ਖ਼ਤਮ ਕੀਤੀ ਜਾ ਸਕਦੀ ਹੈ) ਤੋਂ ਬਾਅਦ ਵਿਚ ਇਹ ਯਹੂਦੀਆਂ ਦੇ ਅੱਤਿਆਚਾਰਾਂ ਤੱਕ ਜਾ ਪਹੁੰਚੀ। ਆਖ਼ਰਕਾਰ 1941 ਤੋਂ 1945 ਦੇ ਦਰਮਿਆਨ ਇਹ ਨੀਤੀ ਆਖ਼ਰੀ ਹੱਲ ਦੇ ਰੂਪ 'ਚ ਸੰਗਠਿਤ ਤੇ ਸਮੂਹਿਕ ਕਤਲੇਆਮ ਵਿਚ ਬਦਲ ਗਈ। ਲਗਭਗ 60 ਲੱਖ ਯਹੂਦੀ ਮਾਰੇ ਗਏ ਅਤੇ ਨਾਜ਼ੀਆਂ ਨੇ ਰੋਮਾਨੀ, ਅਪਾਹਜ ਲੋਕਾਂ, ਪੋਲਿਸ਼ ਨਾਗਰਿਕਾਂ ਤੇ ਸੋਵੀਅਤ ਜੰਗੀ ਕੈਦੀਆਂ ਨੂੰ ਵੀ

ਵੱਡੇ ਪੱਧਰ 'ਤੇ ਨਿਸ਼ਾਨਾ ਬਣਾਇਆ। ਇਸ ਦੌਰਾਨ ਨਾਜ਼ੀ ਸਰਕਾਰ ਨੇ ਯਹੂਦੀਆਂ ਦਾ ਕਤਲੇਆਮ ਕਰਨ ਲਈ ਫ਼ੌਜ, ਅਦਾਲਤਾਂ, ਪੁਲਿਸ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਰੇਲਵੇ ਤੇ ਪ੍ਰਸ਼ਾਸਨ ਵਰਗੀਆਂ ਸਭ ਆਧੁਨਿਕ ਸੰਸਥਾਵਾਂ ਦਾ ਇਸਤੇਮਾਲ ਯਹੂਦੀਆਂ ਨੂੰ ਘਟੀਆ ਜਾਂ ਦੇਸ਼ ਵਿਰੋਧੀ ਸਾਬਤ ਕਰਨ ਲਈ ਕੀਤਾ। ਅਜਿਹਾ ਹੀ ਵਰਤਾਰਾ 90ਵੇਂ ਦਹਾਕੇ ਦੌਰਾਨ ਸਿੱਖਾਂ ਨਾਲ ਵੀ ਵਾਪਰਿਆ ਸੀ, ਜਦੋਂ ਕਿਸੇ ਨਾਗਰਿਕ ਦੀ ਕੀਮਤ ਉਸ ਦੀ ਇਨਸਾਨੀਅਤ ਦੀ ਬਜਾਏ ਉਸ ਦੀ ਪਛਾਣ ਨਾਲ ਤੈਅ ਹੋਣ ਲੱਗੇ ਤਾਂ ਵਧੀਕੀਆਂ ਲਈ ਰਸਤੇ ਖੁੱਲ੍ਹ ਜਾਂਦੇ ਹਨ।

ਭਾਰਤ 'ਚ ਵੀ ਚਲਾਕ ਤੇ ਸੌੜੀ ਮਾਨਸਿਕਤਾ ਵਾਲੇ ਲੋਕਾਂ ਨੇ ਸਦੀਆਂ ਤੱਕ ਬਹੁਗਿਣਤੀ ਲੋਕਾਂ ਨੂੰ ਜਾਤ-ਪਾਤ ਦੇ ਜੰਗਲ ਨਾਲ ਬੰਨ੍ਹ ਕੇ ਜੋ ਜ਼ੁਲਮਾਂ ਦਾ ਸ਼ਿਕਾਰ ਬਣਾਇਆ, ਉਸ ਦੀ ਮਿਸਾਲ ਦੁਨੀਆ ਦੇ ਇਤਿਹਾਸ 'ਚ ਕਿਤੇ ਵੀ ਨਹੀਂ ਮਿਲਦੀ। ਜੇ ਆਧੁਨਿਕ ਭਾਰਤ ਵਿਚ ਸੰਪਰਦਾਇਕ ਰਾਸ਼ਟਰਵਾਦ ਦੀ ਗੱਲ ਕਰੀਏ ਤਾਂ ਭਾਰਤ ਅੰਦਰ ਸਦੀਆਂ ਤੋਂ ਹਿੰਦੂ, ਮੁਸਲਮਾਨ, ਸਿੱਖ, ਜੈਨ, ਬੋਧ, ਇਸਾਈ ਤੇ ਹੋਰ ਭਾਈਚਾਰੇ ਇਕੱਠੇ ਰਹਿ ਰਹੇ ਸਨ। ਬ੍ਰਿਟਿਸ਼ ਰਾਜ ਦੌਰਾਨ ਧਾਰਮਿਕ ਪਛਾਣ ਹੌਲੀ-ਹੌਲੀ ਰਾਜਨੀਤਿਕ ਪ੍ਰਤੀਨਿਧਤਾ ਦਾ ਆਧਾਰ ਬਣਨ ਲੱਗੀ। 1909 'ਚ ਅੰਗਰੇਜ਼ਾਂ ਵਲੋਂ ਮਾਰਲੇ-ਮਿੰਟੋ ਦੇ ਨਾਂਅ 'ਤੇ ਕਥਿਤ ਸੁਧਾਰਾਂ ਦਾ ਕਾਨੂੰਨ ਲਿਆਂਦਾ, ਮੁਸਲਮਾਨਾਂ ਲਈ ਵੱਖਰੀ ਚੋਣ ਪ੍ਰਣਾਲੀ ਦੀ ਵਿਵਸਥਾ ਕੀਤੀ ਗਈ, ਇਹ ਵਿਵਸਥਾ ਇਸ ਪ੍ਰਕਿਰਿਆ ਦਾ ਇਕ ਅੰਤਿਮ ਮੋੜ ਸੀ। ਇਸ ਨਾਲ ਧਾਰਮਿਕ ਭਾਈਚਾਰਾ ਸਿਰਫ਼ ਸਮਾਜਿਕ ਪਛਾਣ ਹੀ ਨਹੀਂ, ਸਗੋਂ ਰਾਜਨੀਤਕ ਪ੍ਰਤੀਨਿਧਤਾ ਦੀ ਇਕਾਈ ਵੀ ਬਣਨ ਲੱਗਿਆ। ਪਰ ਸਿਰਫ ਬਰਤਾਨੀਆ ਦੀ ਇਹ ਪਾਲਸੀ ਹੀ ਫਿਰਕਾਪ੍ਰਸਤੀ ਲਈ ਜ਼ਿੰਮੇਵਾਰ ਨਹੀਂ ਸੀ, ਇਸ ਲਈ ਕਈ ਹੋਰ ਤੱਤਾਂ ਦੀ ਵੀ ਭੂਮਿਕਾ ਸੀ।

ਭਾਰਤੀ ਸੰਪਰਦਾਇਕ ਰਾਸ਼ਟਰਵਾਦ ਦੇ ਇਤਿਹਾਸ ਵਿਚ ਵਿਨਾਇਕ ਦਮੋਦਰ ਸਾਵਰਕਰ ਦਾ ਨਾਂਅ ਵੀ ਕੇਂਦਰੀ ਮਹੱਤਤਾ ਰੱਖਦਾ ਹੈ। ਇਸ ਨੇ ਆਪਣੀ 1923 ਵਿਚ ਪ੍ਰਕਾਸ਼ਿਤ ਕਿਤਾਬ-ਹਿੰਦੂਤਵ: ਹਿੰਦੂ ਕੌਣ? ਵਿਚ ਹਿੰਦੂ ਨੂੰ ਸਿਰਫ਼ ਇਕ ਧਾਰਮਿਕ ਸ਼੍ਰੇਣੀ ਦੀ ਬਜਾਏ ਇਕ ਵੱਡੀ ਸੱਭਿਆਚਾਰਕ ਤੇ ਰਾਸ਼ਟਰੀ ਪਛਾਣ ਵਜੋਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ। ਸਾਵਰਕਰ ਦੀ ਸੋਚ ਦਾ ਮੁੱਖ ਤੱਤ ਭਾਰਤ ਨੂੰ ਪਿਤ੍ਰ-ਭੂਮੀ ਤੇ

ਪੁੰਨਯ-ਭੂਮੀ ਦੇ ਰੂਪ ਵਿਚ ਦੇਖਣਾ ਸੀ। ਇਸ ਵਿਚਾਰ ਨੇ ਰਾਸ਼ਟਰ ਦੀ ਪਰਿਭਾਸ਼ਾ ਨੂੰ ਨਾਗਰਿਕਤਾ ਤੋਂ ਹਟਾ ਕੇ ਧਾਰਮਿਕ ਪਛਾਣ ਨਾਲ ਜੋੜਨ ਦੀ ਕੋਸ਼ਿਸ਼ ਕੀਤੀ।

ਇੱਥੇ ਇਹ ਫਰਕ ਕਰਨਾ ਬਹੁਤ ਜ਼ਰੂਰੀ ਹੈ, ਕਿ ਹਿੰਦੂ ਇਕ ਧਰਮ ਹੈ, ਜਦਕਿ ਹਿੰਦੂਤਵ ਇਕ ਰਾਜਨੀਤਕ ਸੰਕਲਪ ਹੈ। ਇਹ ਦੋਵੇਂ ਇਕ ਨਹੀਂ ਹਨ, ਅੱਗੇ ਚੱਲ ਕੇ ਸੰਘ ਪ੍ਰਮੁੱਖ ਐਮ. ਐਸ. ਗੋਲਵਾਲਕਰ ਨੇ ਇਸ ਦੀ ਹੋਰ ਸਖ਼ਤ ਪਰਿਭਾਸ਼ਾ ਦਿੰਦਿਆਂ ਆਪਣੀ 1939 ਵਿਚ ਛਪੀ ਕਿਤਾਬ (We or Our Nationhood Defined) ਵਿਚ ਰਾਸ਼ਟਰ ਦੀ ਸੱਭਿਆਚਾਰਕ ਇਕਾਈ ਵਜੋਂ ਵਿਆਖਿਆ ਕੀਤੀ। ਉਸ ਦੀ ਵਿਚਾਰਧਾਰਾ ਅਨੁਸਾਰ ਜਿਹੜੇ ਲੋਕ ਹਿੰਦੂ ਨਸਲ, ਹਿੰਦੂ ਸੱਭਿਆਚਾਰ, ਹਿੰਦੂਆਂ ਦੀ ਭਾਸ਼ਾ ਤੇ ਹਿੰਦੂ ਧਰਮ ਦੀ ਪਰਿਭਾਸ਼ਾ ਤੋਂ ਬਾਹਰ ਹਨ, ਉਨ੍ਹਾਂ



ਲਈ ਭਾਰਤ ਦੀ ਧਰਤੀ 'ਤੇ ਰਹਿੰਦਾ ਰਾਸ਼ਟਰ ਦਾ ਮੈਂਬਰ ਬਣਨਾ ਸੰਭਵ ਨਹੀਂ, ਜਦੋਂ ਤੱਕ ਉਹ ਆਪਣੀ ਵੱਖਰੀ ਪਛਾਣ ਨੂੰ ਹਿੰਦੂਆਂ ਨਾਲ ਰਲਗੱਡ ਨਹੀਂ ਕਰ ਲੈਂਦੇ। ਹੁਣ ਸਵਾਲ ਇਹ ਹੈ, ਕੀ ਇਸ ਦੇਸ਼ ਦਾ ਨਾਗਰਿਕ ਹੋਣ ਲਈ ਬਹੁਗਿਣਤੀ ਦੇ ਸੱਭਿਆਚਾਰ 'ਚ ਪੂਰੀ ਤਰ੍ਹਾਂ ਰਲ ਜਾਣਾ ਲਾਜ਼ਮੀ ਹੋਣਾ ਚਾਹੀਦਾ ਹੈ? ਦੂਜੇ ਪਾਸੇ ਨੂੰ ਵੀ ਪੂਰੀ ਗੰਭੀਰਤਾ ਨਾਲ ਦੇਖਣਾ ਲਾਜ਼ਮੀ ਹੈ। ਜੇ ਸੰਘ ਨੇ ਭਾਰਤ ਨੂੰ ਹਿੰਦੂ ਰਾਸ਼ਟਰ ਦੇ ਨਜ਼ਰੀਏ ਨਾਲ ਦੇਖਣ ਦੀ ਕੋਸ਼ਿਸ਼ ਕੀਤੀ ਤਾਂ ਮੁਸਲਿਮ ਲੀਗ ਦੀ ਰਾਜਨੀਤੀ ਵਿਚ ਵੀ ਮੁਸਲਿਮ ਰਾਜਨੀਤਕ ਪਛਾਣ ਹੌਲੀ-ਹੌਲੀ ਇਕ ਵੱਖਰੇ ਰਾਸ਼ਟਰੀ ਦਾਅਵੇ ਵੱਲ ਵਧੀ। ਜਦੋਂ 23 ਮਾਰਚ 1940 ਨੂੰ ਮੁਸਲਿਮ ਲੀਗ ਨੇ ਲਾਹੌਰ ਮਤਾ ਪਾਸ ਕਰ ਕੇ ਬਹੁਗਿਣਤੀ ਮੁਸਲਿਮ ਖੇਤਰ ਲਈ ਵੱਖਰੇ ਦੇਸ਼ ਦੀ ਮੰਗ ਨੂੰ ਰਾਜਨੀਤਕ ਰੂਪ ਦਿੱਤਾ ਤਾਂ ਇਸ ਨਾਲ ਸਿੱਖਾਂ ਸਮੇਤ ਹੋਰ ਘੱਟ-ਗਿਣਤੀਆਂ 'ਚ ਅਸੁਰੱਖਿਆ ਦਾ ਭਾਵਨਾ ਪੈਦਾ ਹੋਈ। ਜਦੋਂ ਵੱਡੀਆਂ ਰਾਜਨੀਤਕ ਧਾਰਾਵਾਂ ਲੋਕਾਂ ਨੂੰ ਪਹਿਲਾਂ 'ਭਾਈਚਾਰੇ' ਤੇ ਬਾਅਦ ਵਿਚ 'ਭਾਰਤੀ' ਵਜੋਂ ਦੇਖਣ ਲੱਗਣ ਤਾਂ ਸਾਂਝੇ ਭਾਰਤੀ ਰਾਸ਼ਟਰਵਾਦ ਦਾ ਕਮਜ਼ੋਰ ਹੋਣਾ ਸੁਭਾਵਿਕ ਹੈ।

ਦੇਸ਼ ਦੀ ਵੰਡ ਨੇ ਭਾਰਤ ਤੇ ਪਾਕਿਸਤਾਨ ਨੂੰ ਜਨਮ ਦਿੱਤਾ, ਇਸ ਦੌਰਾਨ ਇਤਿਹਾਸ ਦੀਆਂ ਸਭ ਤੋਂ ਵੱਡੀਆਂ ਹਿਜਰਤਾਂ 'ਚੋਂ ਇਕ ਹਿਜਰਤ ਹੋਈ। ਪੰਜਾਬ ਦੀ ਤ੍ਰਾਸਦੀ ਤਾਂ ਹੋਰ ਵੀ ਡੂੰਘੀ ਸੀ, ਪੰਜਾਬ ਦੇ ਲੱਖਾਂ ਲੋਕਾਂ ਦਾ ਉਜਾੜਾ ਤੇ ਮੌਤਾਂ ਹੋਈਆਂ। ਇਸ ਤ੍ਰਾਸਦੀ ਦੌਰਾਨ ਪੰਜਾਬੀਆਂ ਨੇ ਆਪਣੇ ਘਰ, ਜ਼ਮੀਨਾਂ, ਪਿੰਡ, ਪਰਿਵਾਰ, ਯਾਦਾਂ ਤੇ ਆਪਣੀ ਪੂਰੀ ਪਛਾਣ ਦਾ ਭੂਗੋਲ ਹੀ ਗੁਆ ਲਿਆ। ਜੇਕਰ ਸੰਪਰਦਾਇਕਤਾ ਦੀ ਹੁੰਮਸ ਨਾਲ ਭਰੇ ਰਾਸ਼ਟਰ ਬਣਾਉਣ ਲਈ ਮਨੁੱਖਾਂ ਨੂੰ ਆਪਣੇ ਘਰ ਛੱਡਣੇ ਪੈਣ ਤਾਂ ਕੀ ਅਸੀਂ ਉਸ ਰਾਸ਼ਟਰ ਦੀ ਕੀਮਤ ਨੂੰ ਸਿਰਫ਼ ਨਕਸ਼ੇ 'ਤੇ ਬਣੀ ਨਵੀਂ ਸਰਹੱਦ ਨਾਲ ਮਾਪ ਸਕਦੇ ਹਾਂ? ਦੋ-ਕੌਮੀ ਰਾਜਨੀਤੀ 'ਚ ਫਸੀ ਸਿੱਖ ਪਛਾਣ ਸਿੱਖਾਂ ਦੀ ਆਪਣੀ ਧਾਰਮਿਕ, ਇਤਿਹਾਸਕ ਤੇ ਰਾਜਨੀਤਕ ਵਿਕਾਸ ਯਾਤਰਾ ਹੈ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਅਤੇ ਖ਼ਾਲਸਾ ਰਾਜ ਦੀ ਸਥਾਪਨਾ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਅਤੇ ਬਾਅਦ ਦੀ ਸਿੱਖ ਰਾਜਨੀਤੀ ਤੱਕ ਫੈਲੀ ਹੋਈ ਹੈ। ਇਸ ਲਈ ਜਦੋਂ ਕਿਸੇ ਵਿਚਾਰਧਾਰਾ ਨੇ ਭਾਰਤ ਦੀ ਸਾਰੀ ਧਾਰਮਿਕ ਵੰਨ-ਸੁਵੰਨਤਾ ਨੂੰ ਸਿਰਫ਼ 'ਹਿੰਦੂ ਬਨਾਮ ਮੁਸਲਿਮ' ਵਿਚ ਸਮੇਟ ਦਿੱਤਾ ਤਾਂ ਸਿੱਖ ਇਤਿਹਾਸ ਦੀ ਆਪਣੀ ਵਿਲੱਖਣਤਾ ਵੀ ਪਿੱਛੇ ਧੱਕੀ ਗਈ। ਇਹ ਸਿਰਫ਼ ਸਿੱਖਾਂ ਦਾ ਸਵਾਲ ਨਹੀਂ, ਇਹ ਭਾਰਤ ਦੀ ਬਹੁ-ਪਛਾਣ ਵਾਲੀ ਹਕੀਕਤ ਦਾ ਵੀ ਸਵਾਲ ਹੈ।

ਸੰਪਰਦਾਇਕ ਰਾਸ਼ਟਰਵਾਦ ਦੀ ਸਭ ਤੋਂ ਵੱਡੀ ਤਾਕਤ ਇਤਿਹਾਸ ਦੀ ਵਿਆਖਿਆ ਹੈ। ਇਤਿਹਾਸ, ਸਮਾਜ ਨੂੰ ਆਪਣੇ ਅਤੀਤ ਤੋਂ ਸਿੱਖਣ ਵਿਚ ਮਦਦ ਕਰਦਾ ਹੈ। ਪਰ ਜੇ ਇਤਿਹਾਸ ਨੂੰ ਰਾਜਨੀਤਕ ਪਛਾਣ ਬਣਾਉਣ ਲਈ ਵਰਤਿਆ ਜਾਵੇ, ਤਾਂ ਉਹ ਬਦਲਾ ਲੈਣ ਦੀ ਤੜਪ ਵੀ ਬਣ ਸਕਦਾ ਹੈ। ਭਾਰਤ ਵਿਚ ਸੰਪਰਦਾਇਕ ਇਤਿਹਾਸਕਾਰੀ ਨੇ ਮੱਧ ਕਾਲੀਨ ਇਤਿਹਾਸ ਨੂੰ ਹਿੰਦੂ ਬਨਾਮ ਮੁਸਲਿਮ ਟਕਰਾਅ ਵਜੋਂ ਪੇਸ਼ ਕੀਤਾ। ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਇਤਿਹਾਸ ਵਿਚ ਕਿਸੇ ਧਰਮ ਦੇ ਸ਼ਾਸਕ ਵੱਲੋਂ ਕੀਤਾ ਜ਼ੁਲਮ ਉਸ ਧਰਮ ਦੇ ਮੌਜੂਦਾ ਵਿਅਕਤੀਆਂ ਦਾ ਜ਼ੁਰਮ ਨਹੀਂ ਬਣ ਸਕਦਾ ਅਤੇ ਨਾ ਹੀ ਕਿਸੇ ਧਰਮ ਦੇ ਚੰਗੇ ਵਿਅਕਤੀ ਵੱਲੋਂ ਕੀਤਾ ਗਿਆ ਕੋਈ ਮਹਾਨ ਕੰਮ ਉਸ ਧਰਮ ਦੇ ਹਰ ਵਿਅਕਤੀ ਦੀ ਵਿਅਕਤੀਗਤ ਮਹਾਨਤਾ ਦਾ ਸਬੂਤ ਬਣ ਸਕਦਾ ਹੈ। ਅਸਲ 'ਚ ਸਮੱਸਿਆ ਉਦੋਂ ਪੈਦਾ ਹੁੰਦੀ ਹੈ, ਜਦੋਂ ਧਾਰਮਿਕ ਪਛਾਣ ਰਾਜ ਦੀਆਂ ਸੰਸਥਾਵਾਂ ਤੋਂ ਉੱਪਰ ਹੋ ਜਾਵੇ। ਉਸ ਵੇਲੇ ਇਹ ਲਾਜ਼ਮੀ ਤੌਰ 'ਤੇ ਆਰਥਿਕ ਤਬਾਹੀ ਤੇ ਸਮਾਜਿਕ ਬਰਬਾਦੀ ਲਿਆਉਂਦਾ ਹੈ। ਆਧੁਨਿਕ ਦੇਸ਼ ਦੀ ਤਰੱਕੀ ਲਈ ਕਾਨੂੰਨ ਦੀ ਬਰਾਬਰ ਪਾਲਣਾ, ਨਾਗਰਿਕਾਂ ਵਿਚ ਭਰੋਸਾ, ਵਿਗਿਆਨਕ ਸੋਚ, ਗੁਣਵੱਤਾ ਵਾਲੀ ਸਿੱਖਿਆ, ਸੰਸਥਾਵਾਂ ਦੀ ਨਿਰਪੱਖਤਾ, ਨਿਵੇਸ਼ ਤੇ ਆਰਥਿਕ ਸਥਿਰਤਾ, ਸਮਾਜਿਕ ਸਹਿਯੋਗ ਤੇ ਇਹ ਭਰੋਸਾ ਜ਼ਰੂਰੀ ਹੈ, ਕਿ ਅੱਜ ਵੀ ਮੇਰੇ ਅਧਿਕਾਰ ਸੁਰੱਖਿਅਤ ਹਨ ਤੇ ਕਲ੍ਹ ਵੀ ਰਹਿਣਗੇ। ਜੇ ਕਿਸੇ ਨਾਗਰਿਕ ਨੂੰ ਇਹ ਡਰ ਹੋਵੇ ਕਿ ਉਸ ਦੀ ਨੌਕਰੀ, ਕਾਰੋਬਾਰ, ਸਿੱਖਿਆ, ਸੁਰੱਖਿਆ ਜਾਂ ਨਾਗਰਿਕ ਅਧਿਕਾਰ ਉਸ ਦੀ ਧਾਰਮਿਕ ਪਛਾਣ ਦੇ ਆਧਾਰ 'ਤੇ ਬਦਲ ਸਕਦੇ ਹਨ ਤਾਂ ਸਮਾਜ 'ਚ ਭਰੋਸਾ ਘਟਣ ਨਾਲ ਵਿਸ਼ਵਾਸ ਤੋਂ ਬਿਨਾਂ ਕੋਈ ਦੇਸ਼ ਲੰਮੇ ਸਮੇਂ ਤੱਕ ਮਜ਼ਬੂਤ ਨਹੀਂ ਰਹਿ ਸਕਦਾ। ਧਰਮ, ਮਨੁੱਖੀ ਸਮਾਜ ਦੀ ਸਮੱਸਿਆ ਨਹੀਂ ਹੈ, ਧਰਮ ਨੇ ਮਨੁੱਖੀ ਇਤਿਹਾਸ 'ਚ ਸੇਵਾ, ਦਇਆ, ਦਾਨ, ਨੈਤਿਕਤਾ, ਤਿਆਗ ਤੇ ਮਨੁੱਖੀ ਭਾਈਚਾਰੇ ਦੀਆਂ ਅਨੇਕਾਂ ਪਰੰਪਰਾਵਾਂ ਪੈਦਾ ਕੀਤੀਆਂ ਹਨ। ਸਮੱਸਿਆ ਉਸ ਵੇਲੇ ਪੈਦਾ ਹੁੰਦੀ ਹੈ, ਜਦੋਂ ਧਰਮ ਨੂੰ ਰਾਜਨੀਤਕ ਵਫ਼ਾਦਾਰੀ ਦਾ ਸਰਟੀਫਿਕੇਟ ਬਣਾ ਦਿੱਤਾ ਜਾਵੇ, ਫਿਰ ਧਾਰਮਿਕ ਵਿਸ਼ਵਾਸ ਇਕ ਨਿੱਜੀ ਜਾਂ ਸਮਾਜਿਕ ਆਸਥਾ ਨਹੀਂ ਰਹਿੰਦਾ, ਉਹ ਨਾਗਰਿਕ ਦੀ ਦੇਸ਼-ਭਗਤੀ ਮਾਪਣ ਦਾ ਪੈਮਾਨਾ ਬਣ ਜਾਂਦਾ ਹੈ।

ਭਾਰਤ ਦੀ ਇਕ ਵੱਡੀ ਇਤਿਹਾਸਕ ਉਪਲਬਧੀ ਇਹ ਹੈ ਕਿ ਸੰਵਿਧਾਨ ਨੇ ਨਾਗਰਿਕਤਾ ਨੂੰ ਕਿਸੇ ਇਕ ਧਰਮ ਨਾਲ ਨਹੀਂ ਜੋੜਿਆ। ਸੰਵਿਧਾਨ ਅਨੁਸਾਰ ਭਾਰਤ ਕਿਸੇ ਇਕ ਧਰਮ ਦੇ ਲੋਕਾਂ ਦੀ ਜਾਇਦਾਦ ਨਹੀਂ, ਇਹ ਇਸ ਦੇ ਸਾਰੇ ਨਾਗਰਿਕਾਂ ਦਾ ਸਾਂਝਾ ਰਾਜਨੀਤਿਕ ਘਰ ਹੈ। ਇਕ ਦੇਸ਼ ਦੀ ਮਹਾਨਤਾ ਇਸ ਗੱਲ ਨਾਲ ਨਹੀਂ ਮਾਪੀ ਜਾਂਦੀ ਹੈ ਕਿ ਉਸ ਦੇ ਕਿੰਨੇ ਲੋਕ ਇਕੋ ਧਰਮ ਨੂੰ ਮੰਨਦੇ ਹਨ। ਇਹ ਇਸ ਗੱਲ ਨਾਲ ਮਾਪੀ ਜਾਂਦੀ ਹੈ, ਕਿ ਵੱਖੋ-ਵੱਖਰੇ ਵਿਸ਼ਵਾਸਾਂ ਵਾਲੇ ਲੋਕ ਇਕੋ ਦੇਸ਼ ਨੂੰ ਆਪਣਾ ਮੰਨ ਸਕਦੇ ਹਨ ਜਾਂ ਨਹੀਂ। ਪਰ ਜਦੋਂ ਮੇਰੇ ਵਰਗੇ ਘੱਟ-ਗਿਣਤੀ ਨਾਲ ਸੰਬੰਧਿਤ ਵਿਅਕਤੀ ਨੂੰ ਸਰਕਾਰ ਅੱਗੇ ਇਹ ਗੱਲ ਸਾਬਤ ਕਰਨੀ ਪਵੇ ਕਿ, ਮੈਂ ਅੱਤਵਾਦੀ ਨਹੀਂ ਹਾਂ ਤਾਂ ਸਮਝੋ ਸਮੱਸਿਆ ਮੇਰੀ ਨਹੀਂ, ਸਗੋਂ ਸਰਕਾਰ ਚਲਾ ਰਹੀ ਪਾਰਟੀ ਵੱਲੋਂ ਕੀਤੀ ਰਾਸ਼ਟਰਵਾਦ ਦੀ ਵਿਆਖਿਆ ਦੀ ਹੈ। ਜੇ ਦੇਸ਼ ਮਨੁੱਖ ਲਈ ਹੈ ਤਾਂ ਰਾਸ਼ਟਰਵਾਦ ਦਾ ਮਕਸਦ ਮਨੁੱਖ ਦੀ ਆਜ਼ਾਦੀ, ਸੁਰੱਖਿਆ, ਇੱਜ਼ਤ ਤੇ ਸਾਂਝੀ ਖ਼ੁਸ਼ਹਾਲੀ ਹੋਣਾ ਚਾਹੀਦਾ ਹੈ। ਪਰ ਜੇ ਮਨੁੱਖ ਨੂੰ ਦੇਸ਼ ਦੀ ਇਕ ਇਕਸਾਰ ਧਾਰਮਿਕ ਜਾਂ ਨਸਲੀ ਪਰਿਭਾਸ਼ਾ 'ਚ ਫਿੱਟ ਕਰਨਾ ਰਾਸ਼ਟਰਵਾਦ ਦਾ ਮਕਸਦ ਬਣ ਜਾਵੇ ਤਾਂ ਜੋ ਵਿਅਕਤੀ ਉਸ ਪਰਿਭਾਸ਼ਾ 'ਚ ਫਿੱਟ ਨਹੀਂ ਹੁੰਦਾ, ਉਸ ਦੀ ਨਾਗਰਿਕਤਾ ਹੀ ਸ਼ੱਕ ਦੇ ਘੇਰੇ 'ਚ ਆ ਜਾਂਦੀ ਹੈ ਤੇ ਲਿਆਂਦੀ ਜਾ ਰਹੀ ਹੈ। ਜਦੋਂ 'ਅਸੀਂ' ਦੀ ਪਰਿਭਾਸ਼ਾ ਇੰਨੀ ਸੌੜੀ ਹੋ ਜਾਵੇ ਕਿ 'ਉਹ' ਦੇਸ਼ ਦੇ ਬਰਾਬਰ ਦੇ ਹੱਕਦਾਰ ਨਾ ਰਹਿਣ ਤਾਂ ਰਾਸ਼ਟਰਵਾਦ ਮਨੁੱਖੀ ਏਕਤਾ ਦੀ ਥਾਂ ਮਨੁੱਖੀ ਵੰਡ ਦਾ ਸਾਧਨ ਬਣ ਸਕਦਾ ਹੈ।

ਆਖ਼ਰ ਵਿਚ ਕਿਸੇ ਵੀ ਦੇਸ਼ ਦੀ ਅਸਲ ਪਛਾਣ ਉਸ ਦੇ ਝੰਡੇ, ਸਰਹੱਦਾਂ ਜਾਂ ਬਹੁਗਿਣਤੀ ਧਰਮ ਨਾਲ ਨਹੀਂ ਹੁੰਦੀ। ਉਸ ਦੀ ਅਸਲ ਪਛਾਣ ਇਸ ਗੱਲ ਨਾਲ ਹੁੰਦੀ ਹੈ, ਕਿ ਉਹ ਆਪਣੇ ਨਾਲ ਅਸਹਿਮਤ, ਆਪਣੇ ਤੋਂ ਵੱਖਰੇ ਤੇ ਆਪਣੇ ਤੋਂ ਘੱਟ-ਗਿਣਤੀ ਵਾਲੇ ਲੋਕਾਂ ਨਾਲ ਕਿਹੋ ਜਿਹਾ ਵਿਹਾਰ ਕਰਦਾ ਹੈ। ਕੀ ਅਸੀਂ ਅਜਿਹਾ ਦੇਸ਼ ਬਣਾਉਣਾ ਚਾਹੁੰਦੇ ਹਾਂ, ਜਿਸ ਵਿਚ ਲੋਕ ਇੱਕੋ ਜਿਹੇ ਹੋਣ ਜਾਂ ਫਿਰ ਅਜਿਹਾ ਜਿਸ ਵਿਚ ਵੱਖਰੇ ਹੋ ਕੇ ਵੀ ਸਾਰੇ ਬਰਾਬਰ ਹੋਣ। ਜੇ ਦੇਸ਼ ਦੀ ਨੀਂਹ ਮਨੁੱਖੀ ਬਰਾਬਰੀ 'ਤੇ ਹੈ ਤਾਂ ਵਿਭਿੰਨਤਾ ਉਸ ਦੀ ਤਾਕਤ ਹੈ। ਪਰ ਜੇ ਦੇਸ਼ ਦੀ ਨੀਂਹ ਸੰਪਰਦਾਇਕ ਉੱਚਤਾ 'ਤੇ ਹੈ ਤਾਂ ਵਿਭਿੰਨਤਾ ਉਸ ਨੂੰ ਖ਼ਤਰਾ ਦਿਸਣ ਲੱਗਦੀ ਹੈ। ਜਿਹੜਾ ਦੇਸ਼ ਆਪਣੀ ਵਿਭਿੰਨਤਾ ਤੋਂ ਡਰਨ ਲੱਗੇ, ਉਹ ਬਾਹਰੀ ਦੁਸ਼ਮਣ ਤੋਂ ਪਹਿਲਾਂ ਆਪਣੇ ਅੰਦਰੋਂ ਕਮਜ਼ੋਰ ਹੋਣਾ ਸ਼ੁਰੂ ਹੋ ਜਾਂਦਾ ਹੈ।

**ਸਿੰਘ ਸਾਹਿਬ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਦੇ ਸੋਸ਼ਲ ਮੀਡੀਆ ਤੋਂ ਧੰਨਵਾਦ ਸਹਿਤ**

**ਈਮੇਲ: : harpreet25177@hotmail.com**

# ਈ-ਕਾਮਰਸ ਜਗਤ 'ਚ ਵੱਡਾ ਫੇਰਬਦਲ: ਐਮਾਜ਼ੋਨ ਵੱਲੋਂ ਮੁਫ਼ਤ ਰਿਟਰਨ ਨੀਤੀ ਸੀਮਤ; UPS ਸਟੋਰਾਂ 'ਤੇ ਵਾਪਸੀ ਲਈ $1 ਫ਼ੀਸ ਲਾਗੂ, ਗਾਹਕਾਂ 'ਚ ਛਿੜੀ ਨਵੀਂ ਬਹਿਸ

## ਪ੍ਰਾਈਮ ਮੈਂਬਰਸ਼ਿਪ ਦੀ ਉਪਯੋਗਤਾ 'ਤੇ ਉੱਠੇ ਸਵਾਲ; ਵਧਦੇ ਖ਼ਰਚਿਆਂ ਤੋਂ ਬਚਣ ਲਈ ਖ਼ਰੀਦਦਾਰਾਂ ਨੇ ਕੀਮਤਾਂ ਦੀ ਤੁਲਨਾ ਕਰਨ ਵਾਲੇ ਸਮਾਰਟ ਟੂਲਜ਼ ਤੇ ਕੂਪਨ ਐਕਸਟੈਂਸ਼ਨਾਂ ਵੱਲ ਕੀਤਾ ਰੁਖ਼

ਗਲੋਬਲ ਬਿਜ਼ਨਸ ਡੈਸਕ:

ਵਿਸ਼ਵ ਦੀ ਸਭ ਤੋਂ ਵੱਡੀ ਈ-ਕਾਮਰਸ ਕੰਪਨੀ ਐਮਾਜ਼ੋਨ (Amazon) ਨੇ ਆਪਣੀ ਰਿਟਰਨ ਪਾਲਿਸੀ ਵਿੱਚ ਵੱਡਾ ਬਦਲਾਅ ਕਰਦਿਆਂ ਮੁਫ਼ਤ ਰਿਟਰਨ (Free Returns) ਦੀ ਸੁਵਿਧਾ ਨੂੰ ਸੀਮਤ ਕਰਨਾ ਸ਼ੁਰੂ ਕਰ ਦਿੱਤਾ ਹੈ। ਨਵੇਂ ਨਿਯਮਾਂ ਤਹਿਤ, ਜੇਕਰ ਗਾਹਕ ਕਿਸੇ ਅਜਿਹੇ ਇਲਾਕੇ ਵਿੱਚ ਰਹਿੰਦੇ ਹਨ ਜਿੱਥੇ ਹੋਰ ਮੁਫ਼ਤ ਡਰੌਪ-ਆਫ਼ ਬਦਲ (ਜਿਵੇਂ ਹੋਲ ਫੂਡਜ਼, ਐਮਾਜ਼ੋਨ ਫਰੈੱਸ਼ ਜਾਂ ਕੋਹਲਜ਼) ਨੇੜੇ ਉਪਲਬਧ ਹਨ, ਪਰ ਉਹ ਸਮਾਨ UPS ਸਟੋਰਾਂ 'ਤੇ ਵਾਪਸ ਕਰਦੇ ਹਨ, ਤਾਂ ਉਨ੍ਹਾਂ ਕੋਲੋਂ ਪ੍ਰਤੀ ਆਈਟਮ $1 ਦੀ ਵਾਪਸੀ ਫ਼ੀਸ ਵਸੂਲੀ ਜਾ ਰਹੀ ਹੈ।

ਐਮਾਜ਼ੋਨ ਦੇ ਇਸ ਕਦਮ ਨੇ ਆਨਲਾਈਨ ਖ਼ਰੀਦਦਾਰਾਂ ਅਤੇ ਕਾਰੋਬਾਰੀ ਹਲਕਿਆਂ ਵਿੱਚ ਤਿੱਖੀ ਚਰਚਾ ਛੇੜ ਦਿੱਤੀ ਹੈ। ਬਾਜ਼ਾਰ ਵਿਸ਼ਲੇਸ਼ਕਾਂ ਅਤੇ ਗਾਹਕਾਂ ਵੱਲੋਂ ਇਹ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ ਕਿ ਸਾਲਾਨਾ ਮਹਿੰਗੀ ਪ੍ਰਾਈਮ (Amazon Prime) ਮੈਂਬਰਸ਼ਿਪ ਫ਼ੀਸ ਦੇਣ ਦੇ ਬਾਵਜੂਦ ਰਿਟਰਨ ਪ੍ਰਕਿਰਿਆ ਨੂੰ ਖ਼ਰਚੀਲਾ ਬਣਾਉਣਾ ਕਿੱਥੋਂ ਤੱਕ ਜਾਇਜ਼ ਹੈ।

ਮੁੱਖ ਵੇਰਵੇ (Key Highlights)

**ਮੁਫ਼ਤ ਰਿਟਰਨ ਦੇ ਸੁਨਹਿਰੀ ਦੌਰ ਦਾ ਅੰਤ ?:**



(Photo Credit) SADE LOK AI-

ਲੌਜਿਸਟਿਕਸ ਲਾਗਤਾਂ, ਵਾਹਨਾਂ ਦੇ ਤੇਲ ਖ਼ਰਚੇ ਅਤੇ ਉਤਪਾਦਾਂ ਦੀ ਵਾਪਸੀ ਸੰਭਾਲਣ (Reverse Logistics) ਵਿੱਚ ਆ ਰਹੇ ਭਾਰੀ ਖ਼ਰਚਿਆਂ ਨੂੰ ਕੰਟਰੋਲ ਕਰਨ ਲਈ ਕੰਪਨੀਆਂ ਹੁਣ ਖ਼ਪਤਕਾਰਾਂ 'ਤੇ ਬੋਝ ਪਾ ਰਹੀਆਂ ਹਨ। ਰਿਟੇਲ ਮਾਹਿਰਾਂ ਅਨੁਸਾਰ ਈ-ਕਾਮਰਸ ਕੰਪਨੀਆਂ ਵੱਲੋਂ ਸਾਲਾਂ ਤੋਂ ਦਿੱਤੀ ਜਾ ਰਹੀ ਬਿਨਾਂ ਸ਼ਰਤ ਮੁਫ਼ਤ ਵਾਪਸੀ ਦਾ ਦੌਰ ਹੁਣ ਹੌਲੀ-ਹੌਲੀ ਖ਼ਤਮ ਹੋਣ ਵੱਲ ਵਧ ਰਿਹਾ ਹੈ।

**ਖ਼ਰੀਦਦਾਰਾਂ ਲਈ ਬੱਚਤ ਦੇ ਡਿਜੀਟਲ ਬਦਲ:** ਆਨਲਾਈਨ ਖ਼ਰੀਦਦਾਰੀ ਦੌਰਾਨ ਵਾਧੂ ਖ਼ਰਚਿਆਂ ਦੀ ਭਰਪਾਈ ਲਈ ਉਪਭੋਗਤਾ ਹੁਣ ਬ੍ਰਾਊਜ਼ਰ ਐਕਸਟੈਂਸ਼ਨਾਂ ਅਤੇ ਆਟੋਮੈਟਿਕ ਡਿਸਕਾਊਂਟ ਟੂਲਜ਼ ਦਾ ਸਹਾਰਾ ਲੈ ਰਹੇ ਹਨ। ਇਨ੍ਹਾਂ ਵਿੱਚੋਂ 'ਕੈਪੀਟਲ ਵਨ ਸ਼ਾਪਿੰਗ' (Capital One Shopping) ਵਰਗੇ ਮੁਫ਼ਤ ਟੂਲਜ਼ ਕਾਫ਼ੀ ਮਕਬੂਲ ਹੋ ਰਹੇ ਹਨ, ਜੋ ਚੈੱਕਆਊਟ ਵੇਲੇ ਵੈੱਬ 'ਤੇ ਮੌਜੂਦ ਸਾਰੇ ਕੰਮ ਕਰਨ ਵਾਲੇ ਪ੍ਰੋਮੋ ਕੋਡਾਂ ਅਤੇ ਕੂਪਨਾਂ ਨੂੰ ਸਕਿੰਟਾਂ ਵਿੱਚ ਲਾਗੂ ਕਰ ਦਿੰਦੇ ਹਨ।

**ਕੀਮਤਾਂ ਦੀ ਸਵੈ-ਚਾਲਿਤ ਤੁਲਨਾ:** ਇਹ ਸ਼ਾਪਿੰਗ ਐਕਸਟੈਂਸ਼ਨਾਂ ਗਾਹਕ ਨੂੰ ਐਮਾਜ਼ੋਨ 'ਤੇ ਖ਼ਰੀਦਦਾਰੀ ਦੌਰਾਨ ਹੀ ਅਲਰਟ ਕਰ ਦਿੰਦੀਆਂ ਹਨ ਜੇਕਰ ਉਹੀ ਉਤਪਾਦ ਟਾਰਗੇਟ, ਵਾਲਮਾਰਟ, ਬੈਸਟ ਬਾਏ ਜਾਂ ਹੋਰ ਰਿਟੇਲਰਾਂ ਕੋਲ ਟੈਕਸ ਅਤੇ ਸ਼ਿਪਿੰਗ ਸਮੇਤ ਘੱਟ ਕੀਮਤ 'ਤੇ ਉਪਲਬਧ ਹੋਵੇ। ਪਿਛਲੇ ਸਾਲਾਂ ਦੇ ਅੰਕੜੇ ਦਰਸਾਉਂਦੇ ਹਨ ਕਿ ਅਜਿਹੀਆਂ ਐਪਾਂ ਨੇ ਗਾਹਕਾਂ ਦੇ ਕਰੋੜਾਂ ਡਾਲਰ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

**ਖ਼ਪਤਕਾਰਾਂ ਦੇ ਰਵੱਈਏ 'ਚ ਤਬਦੀਲੀ:** ਈ-ਕਾਮਰਸ ਪਲੇਟਫਾਰਮਾਂ 'ਤੇ ਲੱਗ ਰਹੀਆਂ ਨਵੀਆਂ ਫ਼ੀਸਾਂ ਕਾਰਨ ਗਾਹਕ ਹੁਣ ਸਿਰਫ਼ ਇੱਕ ਹੀ ਬ੍ਰਾਂਡ ਜਾਂ ਵੈੱਬਸਾਈਟ ਦੇ ਵਫ਼ਾਦਾਰ ਰਹਿਣ ਦੀ ਬਜਾਏ ਕੀਮਤਾਂ ਦੀ ਨਿਰਪੱਖ ਤੁਲਨਾ ਕਰਨ ਉਪਰੰਤ ਹੀ ਆਰਡਰ ਕਰਨ ਨੂੰ ਤਰਜੀਹ ਦੇ ਰਹੇ ਹਨ।

ਈ-ਕਾਮਰਸ ਰਿਟਰਨ ਨੀਤੀਆਂ ਦਾ ਤੁਲਨਾਤਮਕ ਵਿਸ਼ਲੇਸ਼ਣ

| ਪਹਿਲੂ | ਪੁਰਾਣੀ ਨੀਤੀ | ਨਵੀਂ ਨੀਤੀ / ਮੌਜੂਦਾ ਰੁਝਾਨ |
|---|---|---|
| ਰਿਟਰਨ ਫ਼ੀਸ | ਸਾਰੇ ਮੁੱਖ ਡਰੌਪ-ਆਫ਼ ਕੇਂਦਰਾਂ 'ਤੇ ਮੁਫ਼ਤ | UPS ਸਟੋਰਾਂ 'ਤੇ $1 ਫ਼ੀਸ (ਜੇ ਨੇੜੇ ਹੋਰ ਮੁਫ਼ਤ ਕੇਂਦਰ ਹੋਣ) |
| ਮੁਫ਼ਤ ਵਾਪਸੀ ਵਿਕਲਪ | ਬਿਨਾਂ ਸ਼ਰਤ ਘਰੋਂ ਪਿਕ-ਅੱਪ ਜਾਂ ਡਰੌਪ-ਆਫ਼ | Whole Foods, Amazon Fresh, Kohl's ਵਰਗੇ ਨਿਰਧਾਰਿਤ ਪੁਆਇੰਟ |
| ਕੰਪਨੀ ਦਾ ਉਦੇਸ਼ | ਗਾਹਕਾਂ ਦਾ ਵਿਸ਼ਵਾਸ ਤੇ ਵਿਕਰੀ ਵਧਾਉਣਾ | ਲੌਜਿਸਟਿਕਸ ਘਾਟੇ ਘਟਾਉਣਾ ਤੇ ਕੰਪਨੀ ਸਟੋਰਾਂ 'ਤੇ ਫੁੱਟਫਾਲ ਵਧਾਉਣਾ |
| ਗਾਹਕ ਪ੍ਰਤੀਕਿਰਿਆ | ਸਹਿਜ ਤੇ ਤਣਾਅ-ਮੁਕਤ ਖ਼ਰੀਦਦਾਰੀ | ਪ੍ਰਾਈਮ ਮੈਂਬਰਸ਼ਿਪ ਦੀ ਕੀਮਤ 'ਤੇ ਅਸੰਤੋਸ਼ ਤੇ ਬਦਲਵੇਂ ਟੂਲਜ਼ ਦੀ ਵਰਤੋਂ |

ਡਿਸਕਲੇਮਰ (Disclaimer):

ਇਹ ਰਿਪੋਰਟ ਐਮਾਜ਼ੋਨ ਦੀਆਂ ਅਧਿਕਾਰਕ ਸ਼ਰਤਾਂ, ਗਲੋਬਲ ਈ-ਕਾਮਰਸ ਅੰਕੜਿਆਂ ਅਤੇ ਰਿਟੇਲ ਵਿਸ਼ਲੇਸ਼ਕਾਂ ਦੇ ਸਰਵੇਖਣਾਂ 'ਤੇ ਆਧਾਰਿਤ ਹੈ। ਨਿਯਮ ਅਤੇ ਫ਼ੀਸਾਂ ਗਾਹਕ ਦੇ ਭੂਗੋਲਿਕ ਖੇਤਰ ਅਤੇ ਨੇੜਲੇ ਡਰੌਪ-ਆਫ਼ ਸੈਂਟਰਾਂ ਦੀ ਦੂਰੀ ਮੁਤਾਬਕ ਵੱਖ-ਵੱਖ ਹੋ ਸਕਦੀਆਂ ਹਨ। ਸਾਡਾ ਅਦਾਰਾ ਸਿਰਫ਼ ਪਾਠਕਾਂ ਦੀ ਜਾਣਕਾਰੀ ਅਤੇ ਆਰਥਿਕ ਜਾਗਰੂਕਤਾ ਲਈ ਇਹ ਸਮੱਗਰੀ ਪ੍ਰਕਾਸ਼ਿਤ ਕਰ ਰਿਹਾ ਹੈ।

# ਪੋਰਤੋ ਰੀਕੋ 'ਚ ਸੰਘੀ ਏਜੰਸੀਆਂ ਦਾ ਵੱਡਾ ਐਕਸ਼ਨ: ਹਿੰਸਕ ਡਰੱਗ ਸਿੰਡੀਕੇਟ 'ਲਾਸ ਬਾਜਾ ਦਿਓ' ਦੇ 81 ਮੈਂਬਰਾਂ ਖ਼ਿਲਾਫ਼ ਦੋਸ਼ ਆਇਦ, 70 ਗ੍ਰਿਫ਼ਤਾਰ

## 'ਟੇਕਿੰਗ ਬੈਕ ਵੈਸਟ' ਅਪਰੇਸ਼ਨ ਤਹਿਤ SWAT ਟੀਮਾਂ ਤੇ ਹੈਲੀਕਾਪਟਰਾਂ ਰਾਹੀਂ ਛਾਪੇਮਾਰੀ; $4.97 ਕਰੋੜ ਦੀ ਨਸ਼ਾ ਕਮਾਈ ਜ਼ਬਤ ਕਰਨ ਦੀ ਕਵਾਇਦ, ਦੋਸ਼ੀਆਂ ਨੂੰ ਹੋ ਸਕਦੀ ਹੈ ਉਮਰ ਕੈਦ

ਸਾਨ ਹੁਆਨ (ਪੋਰਤੋ ਰੀਕੋ): ਅਮਰੀਕੀ ਨਿਆਂ ਵਿਭਾਗ (DOJ) ਅਤੇ ਸੰਘੀ ਹੋਮਲੈਂਡ ਸਕਿਓਰਿਟੀ ਟਾਸਕ ਫੋਰਸ (HSTF) ਦੀ ਅਗਵਾਈ ਹੇਠ ਪੱਛਮੀ ਪੋਰਤੋ ਰੀਕੋ ਵਿੱਚ ਸਰਗਰਮ ਇੱਕ ਬੇਹੱਦ ਖ਼ਤਰਨਾਕ ਅਤੇ ਸੰਗਠਿਤ ਡਰੱਗ ਸਿੰਡੀਕੇਟ ਖ਼ਿਲਾਫ਼ ਵੱਡੇ ਪੱਧਰ 'ਤੇ ਕਾਨੂੰਨੀ ਸ਼ਿਕੰਜਾ ਕੱਸਿਆ ਗਿਆ ਹੈ। ਸੰਘੀ ਜਾਂਚ ਏਜੰਸੀਆਂ ਨੇ 'ਲਾਸ ਬਾਜਾ ਦਿਓ' (Los Baja Deo - LBD) ਨਾਮੀ ਹਿੰਸਕ ਗੈਂਗ ਨਾਲ ਸੰਬੰਧਿਤ 81 ਕਥਿਤ ਮੈਂਬਰਾਂ ਖ਼ਿਲਾਫ਼ ਨਸ਼ਾ ਤਸਕਰੀ, ਅਗਵਾ ਅਤੇ ਗ਼ੈਰ-ਕਾਨੂੰਨੀ ਹਥਿਆਰਾਂ ਦੀ ਵਰਤੋਂ ਵਰਗੀਆਂ ਗੰਭੀਰ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਹਨ।

**ਅਪਰੇਸ਼ਨ 'ਟੇਕਿੰਗ ਬੈਕ ਵੈਸਟ' ਤਹਿਤ ਭਾਰੀ ਛਾਪੇਮਾਰੀ :** ਇਸ ਵਿਸ਼ਾਲ ਸਾਂਝੀ ਮੁਹਿਮ ਨੂੰ 'ਟੇਕਿੰਗ ਬੈਕ ਵੈਸਟ' (Taking Back West) ਦਾ ਕੋਡ-ਨੇਮ ਦਿੱਤਾ ਗਿਆ ਸੀ। FBI (San Juan), ਪੋਰਤੋ ਰੀਕੋ ਪੁਲਿਸ, ATF, DEA ਅਤੇ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ (HSI) ਦੀਆਂ ਸਾਂਝੀਆਂ ਟੀਮਾਂ ਨੇ ਅਸਮਾਨੀ ਨਿਗਰਾਨੀ ਲਈ ਹੈਲੀਕਾਪਟਰਾਂ ਅਤੇ ਜ਼ਮੀਨੀ ਕਾਰਵਾਈ ਲਈ 13 ਸਵੈਟ (SWAT) ਟੀਮਾਂ ਨੂੰ ਮੈਦਾਨ ਵਿੱਚ ਉਤਾਰਿਆ। ਇਸ ਤਾਲਮੇਲ ਵਾਲੀ ਕਾਰਵਾਈ ਵਿੱਚ ਇੱਕੋ ਦਿਨ ਅੰਦਰ 70 ਸ਼ੱਕੀ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ, ਜਦਕਿ ਬਾਕੀ ਰਹਿੰਦੇ ਮੈਂਬਰਾਂ ਦੀ ਭਾਲ ਲਈ ਵੱਡੇ ਪੱਧਰ 'ਤੇ ਛਾਪੇ ਮਾਰੇ ਜਾ ਰਹੇ ਹਨ।




**ਜਨਤਕ ਹਾਊਸਿੰਗ ਪ੍ਰੋਜੈਕਟਾਂ 'ਚ ਦਹਿਸ਼ਤ ਦਾ ਨੈੱਟਵਰਕ:** ਸੰਘੀ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਹ ਗਿਰੋਹ ਸਾਲ 2021 ਤੋਂ ਮਾਯਾਗੁਏਜ਼ (Mayagüez) ਇਲਾਕੇ ਦੇ ਕਈ ਸਰਕਾਰੀ ਰਿਹਾਇਸ਼ੀ ਕੰਪਲੈਕਸਾਂ—ਜਿਵੇਂ ਕਿ ਸਾਬਾਲੋ ਗਾਰਡਨਜ਼, ਕੁਏਸਤਾ ਲਾਸ ਪੀਏਦਰਾਸ, ਅਤੇ ਯਾਗੁਏਜ਼—ਵਿੱਚ ਆਪਣਾ ਕੰਟਰੋਲ ਕਾਇਮ ਕਰਕੇ ਨਸ਼ਿਆਂ ਦਾ ਕਾਰੋਬਾਰ ਚਲਾ ਰਿਹਾ ਸੀ। ਗੈਂਗ ਵੱਲੋਂ ਫੈਂਟਾਨਿਲ, ਕੋਕੀਨ, ਕਰੈਕ, ਹੈਰੋਇਨ ਅਤੇ ਮਾਰਿਜੁਆਨਾ ਵਰਗੇ ਘਾਤਕ ਨਸ਼ੀਲੇ ਪਦਾਰਥਾਂ ਦੀ ਸਪਲਾਈ ਕੀਤੀ ਜਾਂਦੀ ਸੀ। ਇਲਾਕੇ ਵਿੱਚ ਆਪਣਾ ਦਬਦਬਾ ਬਣਾਈ ਰੱਖਣ ਅਤੇ ਵਿਰੋਧੀ ਧੜਿਆਂ ਨੂੰ ਦਬਾਉਣ ਲਈ ਮੁਲਜ਼ਮਾਂ ਨੇ ਅਗਵਾ, ਅੰਨ੍ਹੇਵਾਹ ਗੋਲੀਬਾਰੀ ਅਤੇ ਕਤਲ ਵਰਗੀਆਂ ਖ਼ੂਨੀ ਵਾਰਦਾਤਾਂ ਨੂੰ ਅੰਜਾਮ ਦਿੱਤਾ।

**$4.97 ਕਰੋੜ (49.7 ਮਿਲੀਅਨ ਡਾਲਰ) ਦੀ ਗ਼ੈਰ-ਕਾਨੂੰਨੀ ਕਮਾਈ:** ਜਾਂਚ ਅਧਿਕਾਰੀਆਂ ਦੇ ਮੁਲਾਂਕਣ ਅਨੁਸਾਰ ਸਿੰਡੀਕੇਟ ਨੇ ਘੱਟੋ-ਘੱਟ 340 ਕਿਲੋਗ੍ਰਾਮ ਫੈਂਟਾਨਿਲ ਅਤੇ 2,200 ਕਿਲੋਗ੍ਰਾਮ ਕੋਕੀਨ ਦੀ ਤਸਕਰੀ ਕਰਕੇ ਲਗਭਗ $4.97 ਕਰੋੜ ਦੀ ਕਾਲੀ ਕਮਾਈ ਕੀਤੀ। ਸਰਕਾਰੀ ਵਕੀਲਾਂ ਨੇ ਅਦਾਲਤ ਤੋਂ ਇਸ ਸਮੁੱਚੀ ਜਾਇਦਾਦ ਅਤੇ ਨਕਦੀ ਨੂੰ ਜ਼ਬਤ (Forfeiture) ਕਰਨ ਦੀ ਮੰਗ ਕੀਤੀ ਹੈ। ਕਾਰਵਾਈ ਦੌਰਾਨ ATF ਨੇ ਗਿਰੋਹ ਦੇ ਕਬਜ਼ੇ ਵਿੱਚੋਂ 21 ਗ਼ੈਰ-ਕਾਨੂੰਨੀ ਆਧੁਨਿਕ ਹਥਿਆਰ ਵੀ ਬਰਾਮਦ ਕੀਤੇ ਹਨ।

**ਉਮਰ ਕੈਦ ਤੱਕ ਦੀਆਂ ਸਖ਼ਤ ਸਜ਼ਾਵਾਂ ਦਾ ਸਾਹਮਣਾ:** ਜੇਕਰ ਅਦਾਲਤ ਵਿੱਚ ਇਹ ਦੋਸ਼ ਸਾਬਤ ਹੁੰਦੇ ਹਨ, ਤਾਂ ਸਿਰਫ਼ ਨਸ਼ਾ ਤਸਕਰੀ ਦੀ ਸਾਜ਼ਿਸ਼ ਤਹਿਤ ਦੋਸ਼ੀਆਂ ਨੂੰ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਤੋਂ ਇਲਾਵਾ, ਜਿਨ੍ਹਾਂ 20 ਤੋਂ ਵੱਧ ਕਾਰਕੁੰਨਾਂ 'ਤੇ ਨਸ਼ਾ ਤਸਕਰੀ ਦੌਰਾਨ ਘਾਤਕ ਹਥਿਆਰ ਰੱਖਣ ਅਤੇ ਚਲਾਉਣ ਦੇ ਵੱਖਰੇ ਦੋਸ਼ ਲੱਗੇ ਹਨ, ਉਨ੍ਹਾਂ ਨੂੰ ਘੱਟੋ-ਘੱਟ 15 ਸਾਲ ਦੀ ਲਾਜ਼ਮੀ ਕੈਦ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

ਨਿਸ਼ਾਨਾਬੱਧ ਸਿੰਡੀਕੇਟ : 'ਲਾਸ ਬਾਜਾ ਦਿਓ' (Los Baja Deo - LBD)

ਦੋਸ਼ ਆਇਦ / ਗ੍ਰਿਫ਼ਤਾਰੀਆਂ :81 ਖ਼ਿਲਾਫ਼ ਦੋਸ਼; 70 ਕਾਬੂ (ਬਾਕੀ ਫ਼ਰਾਰ)

ਸ਼ਾਮਲ ਏਜੰਸੀਆਂ : DOJ, FBI, HSI, ATF, DEA ਅਤੇ ਪੋਰਤੋ ਰੀਕੋ ਪੁਲਿਸ (AC SWAT ਟੀਮਾਂ)

ਬਰਾਮਦਗੀ ਤੇ ਤਸਕਰੀ : 340 ਕਿਲੋ ਫੈਂਟਾਨਿਲ, 2,200 ਕਿਲੋ ਕੋਕੀਨ, 21 ਹਥਿਆਰ

ਕੁੱਲ ਜ਼ਬਤੀ ਰਕਮ : ਕਰੀਬ $4.97 ਕਰੋੜ (US Dollars)

ਡਿਸਕਲੇਮਰ (Disclaimer): ਇਹ ਰਿਪੋਰਟ ਅਮਰੀਕੀ ਨਿਆਂ ਵਿਭਾਗ (U.S. Department of Justice), ਐਫ.ਬੀ.ਆਈ. (FBI San Juan) ਅਤੇ ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਜ਼ ਵੱਲੋਂ ਜਾਰੀ ਅਧਿਕਾਰਕ ਦੋਸ਼-ਪੱਤਰ (Indictment) ਅਤੇ ਪ੍ਰੈੱਸ ਬਿਆਨਾਂ 'ਤੇ ਆਧਾਰਿਤ ਹੈ। ਸਾਰੇ ਮੁਲਜ਼ਮ ਅਦਾਲਤੀ ਸੁਣਵਾਈ ਅਧੀਨ ਹਨ ਅਤੇ ਜਦੋਂ ਤੱਕ ਕਾਨੂੰਨੀ ਤੌਰ 'ਤੇ ਦੋਸ਼ ਸਾਬਤ ਨਹੀਂ ਹੁੰਦੇ, ਉਨ੍ਹਾਂ ਨੂੰ ਨਿਰਦੋਸ਼ ਮੰਨਿਆ ਜਾਵੇਗਾ।

### 5 ਸਤੰਬਰ : ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਸ਼ਹੀਦ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ

**'ਸਾਡੀ ਹੁੰਦੀ ਨਾ ਕਦੇ, ਕੈਨੇਡਾ ਵਿਚ ਸ਼ਾਨ।**
**ਭਾਗ ਸਿੰਘ ਪ੍ਰਧਾਨ ਜੀ, ਜੇ ਨਾ ਦਿੰਦੇ ਜਾਨ।'**

ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਭਾਗ ਸਿੰਘ ਭਿਖੀਵਿੰਡ ਕੈਨੇਡਾ ਵਿੱਚ ਸ਼ਹੀਦ ਹੋਣ ਵਾਲੇ, ਮੋਢੀ ਸਿੱਖ ਹਨ। ਸ਼ਹੀਦ ਭਾਈ ਭਾਗ ਸਿੰਘ ਪਿੰਡ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ ਦਾ ਜਨਮ ਸੰਨ 1872 ਵਿਚ ਸ. ਨਰਾਇਣ ਸਿੰਘ ਸੰਧੂ ਦੇ ਘਰ ਮਾਤਾ ਮਾਨ ਕੌਰ ਦੀ ਕੁੱਖੋਂ ਹੋਇਆ। ਆਪ ਚਾਰ ਭੈਣ ਭਰਾਵਾਂ 'ਚੋਂ ਸਭ ਤੋਂ ਛੋਟੇ ਸਨ। ਆਪ ਨੇ ਕਰੀਬ 20 ਸਾਲ ਦੀ ਉਮਰ 'ਚ ਫੌਜ ਵਿੱਚ ਨੌਕਰੀ ਕੀਤੀ। ਪੰਜ ਸਾਲਾਂ ਮਗਰੋਂ ਆਪ ਫੌਜੀ ਨੌਕਰੀ ਛੱਡ ਕੇ, ਹਾਂਗਕਾਂਗ ਚਲੇ ਗਏ, ਜਿੱਥੇ ਪੁਲਿਸ ਵਿੱਚ ਮੁਲਾਜ਼ਮ ਰਹੇ। ਫਿਰ ਚੀਨ ਦੇ ਸ਼ਹਿਰ ਸ਼ੰਘਾਈ ਚਲੇ ਗਏ ਅਤੇ ਉਥੇ ਵੀ ਕੁਝ ਸਮਾਂ ਪੁਲਿਸ 'ਚ ਸੇਵਾਵਾਂ ਦਿੱਤੀਆਂ। ਸੰਨ 1906 ਵਿੱਚ ਭਾਈ ਭਾਗ ਸਿੰਘ ਕੈਨੇਡਾ ਆ ਗਏ ਅਤੇ ਇਥੇ ਭਾਈ ਸੁੰਦਰ ਸਿੰਘ ਜੀ ਦੇ ਪ੍ਰਭਾਵ ਅਧੀਨ ਸਿੱਖੀ ਜੀਵਨ-ਜਾਚ ਨਾਲ ਇੱਕ-ਮਿਕ ਹੋ ਗਏ। ਆਪ ਜੀ 22 ਜੁਲਾਈ 1906 ਨੂੰ ਕੈਨੇਡਾ ਵਿੱਚ ਬਣਾਈ ਗਈ ਖਾਲਸਾ ਦੀਵਾਨ ਸੁਸਾਇਟੀ ਦੇ ਸੇਵਾਦਾਰ ਬਣੇ। 28 ਜੂਨ 1908 ਨੂੰ ਅੰਮ੍ਰਿਤ ਛਕਿਆ ਅਤੇ ਪੂਰਨ ਸਿੰਘ ਸਜ ਗਏ। 13 ਮਾਰਚ 1909 ਨੂੰ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਰਜਿਸਟਰਡ ਹੋਈ, ਜਿਸ ਦਾ ਸੰਵਿਧਾਨ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਲਿਖਿਆ। ਸੰਵਿਧਾਨ ਅਨੁਸਾਰ ਅੰਮ੍ਰਿਤਧਾਰੀ ਤੇ ਨਸ਼ਾ ਮੁਕਤ ਜੀਵਨ ਵਾਲੇ ਗੁਰਸਿੱਖ ਹੀ ਸੁਸਾਇਟੀ ਦੇ ਪ੍ਰਬੰਧਕ ਬਣ ਸਕਦੇ ਸਨ। ਅੰਮ੍ਰਿਤਧਾਰੀ ਸਿੰਘ ਭਾਈ ਭਾਗ ਸਿੰਘ ਪਹਿਲਾਂ ਸੁਸਾਇਟੀ ਦੇ ਮੁੱਖ ਸਕੱਤਰ ਅਤੇ ਖ਼ਜ਼ਾਨਚੀ ਰਹੇ ਅਤੇ ਮਗਰੋਂ 1910 ਵਿੱਚ ਆਪ ਇਸ ਸੰਸਥਾ ਦੇ ਪ੍ਰਧਾਨ ਬਣੇ।

ਭਾਈ ਭਾਗ ਸਿੰਘ ਜੀ ਨੇ ਕੈਨੇਡਾ ਦੀ ਮੋਢੀ ਸਿੱਖ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪ੍ਰਧਾਨ ਹੁੰਦਿਆਂ, ਅਨੇਕਾਂ ਇਤਿਹਾਸਕ ਕਾਰਜ ਕੀਤੇ, ਜਿਹਨਾਂ ਵਿੱਚ ਕੈਨੇਡਾ ਵਿੱਚ ਨਸਲਵਾਦ ਖਿਲਾਫ਼ ਲੜਾਈ, ਭਾਰਤ ਅੰਦਰ ਬ੍ਰਿਟਿਸ਼ ਬਸਤੀਵਾਦ ਖ਼ਿਲਾਫ਼ ਸੰਘਰਸ਼, ਕੈਨੇਡਾ 'ਚ ਪਰਿਵਾਰਾਂ ਨੂੰ ਲਿਆਉਣ ਲਈ ਰਾਹ ਖੋਲ੍ਹਣੇ ਅਤੇ 'ਗੁਰੂ ਨਾਨਕ ਜਹਾਜ਼' ਦੇ ਮੁਸਾਫਰਾਂ ਲਈ ਆਖ਼ਰੀ ਦਮ ਤੱਕ ਜੱਦੋ-ਜਹਿਦ ਕਰਨੀ। ਬ੍ਰਿਟਿਸ਼ ਇੰਡੀਆ ਸਰਕਾਰ ਦੇ ਖ਼ੁਫ਼ੀਆ ਏਜੰਟ ਵਿਲੀਅਮ ਹਾਪਕਿਨਸਨ ਨੇ, ਆਪਣੇ ਸੂਹੀਏ ਬੇਲਾ ਝੁੱਟੀ, ਪਿੰਡ ਜਿਆਣ ਰਾਹੀਂ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਸੁਸਾਇਟੀ, ਸੈਕਿੰਡ ਐਵਿਨਿਊ ਵੈਨਕੂਵਰ 'ਚ ਭਾਈ ਭਾਗ ਸਿੰਘ ਨੂੰ 5 ਸਤੰਬਰ 1914 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰਵਾ ਦਿੱਤਾ, ਕਿਉਂਕਿ ਭਾਈ ਸਾਹਿਬ ਬ੍ਰਿਟਿਸ਼ ਇੰਡੀਅਨ ਹਕੂਮਤ ਲਈ ਕੈਨੇਡਾ ਵਿੱਚ ਸਭ ਤੋਂ ਵੱਡਾ ਖ਼ਤਰਾ ਸਨ।

ਕੈਨੇਡਾ ਦੇ ਮੋਢੀ ਸਿੱਖ ਆਗੂ ਭਾਈ ਭਾਗ ਸਿੰਘ ਦੀ ਧਰਮ-ਪਤਨੀ ਬੀਬੀ ਹਰਨਾਮ ਕੌਰ ਸੂਝਵਾਨ ਸਿੱਖ ਇਸਤਰੀ ਆਗੂ ਸਨ। ਆਪ ਦਾ 1911 'ਚ ਭਾਈ ਭਾਗ ਸਿੰਘ ਨਾਲ ਵਿਆਹ ਹੋਇਆ। ਪੰਜਾਬ ਤੋਂ ਕੈਨੇਡਾ ਆਉਂਦਿਆਂ ਰਸਤੇ ਵਿੱਚ ਹਾਂਗਕਾਂਗ ਵਿਖੇ ਬੀਬੀ ਹਰਨਾਮ ਕੌਰ ਨੇ 1911 'ਚ ਪੁੱਤਰ ਜੋਗਿੰਦਰ ਸਿੰਘ ਨੂੰ ਜਨਮ ਦਿੱਤਾ। ਬੀਬੀ ਜੀ ਪਰਿਵਾਰ ਵਜੋਂ ਕੈਨੇਡਾ ਪੁੱਜਣ ਵਾਲੀਆਂ ਪਹਿਲੀਆਂ ਦੋ ਸਿੱਖ ਬੀਬੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਨਸਲਵਾਦ ਖਿਲਾਫ਼ ਆਵਾਜ਼ ਬੁਲੰਦ ਕੀਤੀ;

**'ਭਾਗ ਸਿੰਘ ਦੀ ਸਿੰਘਣੀ, ਆਗੂ ਬੜੀ ਦਲੇਰ।**
**ਸਿਰੜੀ ਸੀ ਹਰਨਾਮ ਕੌਰ, ਚਾੜ੍ਹੀ ਨਵੀਂ ਸਵੇਰ।'**

ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਕਰਮ ਕੌਰ ਨੂੰ ਜਨਮ ਦਿੱਤਾ, ਜੋ ਕੈਨੇਡਾ ਦੀ ਧਰਤੀ 'ਤੇ ਪੈਦਾ ਹੋਣ ਵਾਲੀ ਪਹਿਲੀ ਸਿੱਖ, ਪੰਜਾਬੀ ਧੀ ਹੈ। ਵਾਹਿਗੁਰੂ ਦੇ ਹੁਕਮ ਅਨੁਸਾਰ ਜਣੇਪੇ ਮਗਰੋਂ ਇਲਾਜ ਦੌਰਾ ਬੀਬੀ ਹਰਨਾਮ ਕੌਰ 30 ਜਨਵਰੀ 1914 ਨੂੰ ਅਕਾਲ ਚਲਾਣਾ ਕਰ ਗਏ। ਛੇਤੀ ਮਗਰੋਂ 3 ਸਾਲ ਦੇ ਪੁੱਤ ਜੋਗਿੰਦਰ ਸਿੰਘ ਤੇ 6 ਮਹੀਨੇ ਦੀ ਧੀ ਕਰਮ ਕੌਰ ਨੂੰ ਕੌਮ ਦੇ ਲੇਖੇ ਲਾ ਕੇ, ਭਾਈ ਭਾਗ ਸਿੰਘ ਸ਼ਹੀਦ ਹੋ ਗਏ। ਇਸ ਮਹਾਨ ਸਿੱਖ ਜੋੜੇ ਦਾ ਨਾਂ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਹੋਇਆ ਹੈ।

**ਸਿੱਖ ਭਾਈ ਨੂੰ ਬਚਾਉਣ ਲਈ ਜਾਨ ਵਾਰਨ ਵਾਲੇ ਯੋਧੇ ਸ਼ਹੀਦ ਭਾਈ ਬਤਨ ਸਿੰਘ ਜੀ ਦਲੇਲ ਸਿੰਘ ਵਾਲਾ :**

ਕੈਨੇਡਾ ਦੇ ਸਿੱਖ ਇਤਿਹਾਸ ਵਿੱਚ ਭਾਈ ਬਤਨ ਸਿੰਘ ਜੀ ਅਜਿਹੇ ਬਹਾਦਰ ਯੋਧੇ ਹੋਏ ਹਨ, ਜਿਹਨਾਂ ਨੇ ਕੌਮ ਦੇ ਆਗੂ ਭਾਈ ਭਾਗ ਸਿੰਘ ਜੀ ਭਿੱਖੀਵਿੰਡ, ਪ੍ਰਧਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੀ ਜਾਨ ਬਚਾਉਣ ਲਈ ਆਪਣੀ ਛਾਤੀ ਵਿੱਚ ਗੋਲੀਆਂ ਖਾਧੀਆਂ ਖਾਦੀਆਂ ਅਤੇ ਸ਼ਹਾਦਤ ਦਾ ਰੁਤਬਾ ਹਾਸਲ ਕੀਤਾ। ਉਹ ਸਦਾ ਹੀ ਸਿੱਖੀ ਪ੍ਰੇਮ, ਭਾਈਚਾਰਕ ਸਾਂਝ ਅਤੇ ਇੱਕ ਦੂਜੇ ਖ਼ਾਤਰ ਜਾਨਾਂ ਵਾਰਨ ਲਈ ਪ੍ਰੇਰਨਾ ਸਰੋਤ ਬਣੇ ਰਹਿਣਗੇ। ਕਈ ਇਤਿਹਾਸਕਾਰਾਂ ਨੇ ਆਪ ਦਾ ਨਾਂ ਬਦਨ ਸਿੰਘ ਲਿਖਿਆ ਹੈ, ਜਦ ਕਿ ਕੁਝ ਨੇ ਨਾਂ ਬਤਨ ਸਿੰਘ, (ਭਾਵ ਵਤਨ, ਦੇਸ) ਲਿਖਿਆ ਹੈ। ਭਾਈ ਬਤਨ ਸਿੰਘ ਪਿੰਡ ਦਲੇਲ ਸਿੰਘ ਵਾਲਾ, ਮਾਨਸਾ ਦਾ ਜਨਮ ਸ. ਮਿਠਾ ਸਿੰਘ ਦੇ ਘਰ ਮਾਤਾ ਜਿਉਣੀ ਦੀ ਕੁੱਖੋਂ ਸੰਨ 1864 ਈ. ਨੂੰ ਹੋਇਆ। ਕੁਝ ਸਮੇਂ ਫੌਜ ਦੀ ਨੌਕਰੀ ਮਗਰੋਂ ਆਪ 1907 'ਚ ਕੈਨੇਡਾ ਆ ਗਏ, ਜਿਥੇ ਮਿੱਲ 'ਚ ਸਖਤ ਮਿਹਨਤ ਦੇ ਨਾਲ-ਨਾਲ ਆਪ ਜੀ ਪ੍ਰੋਫੈਸਰ ਸੰਤ ਤੇਜਾ ਸਿੰਘ ਦੀ ਅਗਵਾਈ 'ਚ ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਦੇ ਡਾਇਰੈਕਟਰ ਬਣੇ। ਭਾਈ ਸਾਹਿਬ ਕੈਨੇਡਾ ਤੋਂ ਪੰਜਾਬ ਦੀ ਧਰਤੀ ਤੇ ਸਿੱਖ ਬੀਬੀਆਂ ਦੀਆਂ ਵਿਦਿਅਕ ਸੰਸਥਾਵਾਂ ਅਤੇ ਹੋਰਨਾਂ ਮਾਨਵੀ ਕਾਰਜਾਂ ਲਈ ਦਿਲ ਖੋਲ੍ਹ ਕੇ ਸੇਵਾ ਭੇਜਦੇ ਰਹੇ ਅਤੇ ਸਿੱਖਿਆ ਅਤੇ ਸਮਾਜ ਸੇਵਾ ਦੀਆਂ ਸੰਸਥਾਵਾਂ ਚਲਾਉਂਦੇ ਰਹੇ।

ਕੈਨੇਡਾ ਦੀ ਸਮਕਾਲੀ ਨਸਲਵਾਦੀ ਸਰਕਾਰ ਨੇ 23 ਜੁਲਾਈ 1914 ਨੂੰ, ਜਦੋਂ ਗੁਰੂ ਨਾਨਕ ਜਹਾਜ਼ ਕੈਨੇਡਾ ਤੋਂ ਜਬਰੀ ਮੋੜ ਦਿੱਤਾ, ਤਾਂ ਭਾਈਚਾਰੇ ਅੰਦਰ ਇਸ ਨਸਲਵਾਦੀ ਘਟਨਾ ਕਰ ਕੇ ਡੂੰਘਾ ਰੋਸ ਪੈਦਾ ਹੋ ਗਿਆ। 4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ, ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗ਼ਦਰੀ ਭਾਰਤ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਾ ਕੀਤਾ। ਇਹ ਘਟਨਾ 5 ਸਤੰਬਰ 1914 ਈਸਵੀ ਦੀ ਹੈ। ਸਥਾਨ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦਾ ਸੈਕਿੰਡ ਐਵੀਨਿਊ 'ਤੇ ਬਣਿਆ ਪਹਿਲਾ ਗੁਰਦੁਆਰਾ ਸੀ। ਸਮਾਂ ਸ਼ਾਮ ਦੇ ਕਰੀਬ ਸੱਤ ਵੱਜਣ 'ਚ ਕੁਝ ਕੁ ਮਿੰਟ ਬਾਕੀ ਸਨ। ਅਰਜਨ ਸਿੰਘ ਨਾਂ ਦੇ ਇੱਕ ਵਿਅਕਤੀ ਦੇ ਸਸਕਾਰ ਮਗਰੋਂ ਪਾਠ ਦਾ ਭੋਗ ਪੈ ਚੁੱਕਾ ਸੀ। ਅਰਜਨ ਸਿੰਘ ਬੇਲਾ ਜਿਆਣ ਦੇ ਧੜੇ ਦਾ ਬੰਦਾ ਸੀ, ਜੋ ਕਿ ਅੰਗਰੇਜ਼ ਸਰਕਾਰ ਦੇ ਟਾਊਟ ਸਨ ਅਤੇ ਸਰਕਾਰ ਤੋਂ ਬਾਗੀ ਸਿੱਖ ਆਗੂਆਂ ਦੇ ਖਿਲਾਫ ਭੁਗਤਦੇ ਸਨ। ਬੇਲਾ ਤੇ ਉਸਦੇ ਸਾਥੀ ਸਮਝਦੇ ਸਨ ਕਿ ਭਾਈ ਭਾਗ ਸਿੰਘ ਅਤੇ ਉਹਨਾਂ ਦੇ ਧੜੇ ਵੱਲੋਂ ਅਰਜਨ ਸਿੰਘ ਦਾ ਕਤਲ ਕੀਤਾ ਗਿਆ ਹੈ। ਜਦੋਂ ਹੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਅਰਦਾਸ ਹੋਣ ਲੱਗੀ, ਤਾਂ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਭਿੱਖੀਵਿੰਡ ਦੇ ਪਿੱਛੇ ਬੈਠੇ ਗ਼ੱਦਾਰ ਬੇਲੇ ਜਿਆਣ ਨੇ ਦੋਵਾਂ ਹੱਥਾਂ 'ਚ ਪਿਸਤੌਲ ਫੜ ਲਈ ਅਤੇ ਭਾਈ ਭਾਗ ਸਿੰਘ ਦੀ ਪਿੱਠ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ।

ਇਹ ਵੇਖਦਿਆਂ ਸਾਰ ਹੀ ਅਰਦਾਸ 'ਚ ਖੜ੍ਹੇ ਯੋਧੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਜਾਨ ਦੀ ਪ੍ਰਵਾਹ ਨਾ ਕਰਦਿਆਂ, ਹਤਿਆਰੇ ਨੂੰ ਧੌਣੋਂ ਜਾ ਦਬੋਚਿਆ। ਬੇਲਾ ਜਿਆਣ ਨੇ ਆਪਣਾ ਪਿਸਤੌਲ ਭਾਈ ਬਤਨ ਸਿੰਘ ਵੱਲ ਕਰ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ 'ਚੋਂ ਚਾਰ ਗੋਲ਼ੀਆਂ ਬਤਨ ਸਿੰਘ ਦੇ ਲੱਗੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਬਚਾਉਂਦਿਆਂ, ਭਾਈ ਬਤਨ ਸਿੰਘ ਵੀ ਗੰਭੀਰ ਜ਼ਖਮੀ ਹੋ ਗਏ ਅਤੇ ਦੋਵੇਂ ਸਿੱਖ ਯੋਧੇ ਅਗਲੇ ਦਿਨ ਭਾਵ 6 ਸਤੰਬਰ 1914 ਨੂੰ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿਹਨਾਂ ਵਿੱਚ ਭਾਈ ਦਲੀਪ ਸਿੰਘ ਫਾਹਲਾ, ਭਾਈ ਬਲਵੰਤ ਸਿੰਘ ਖੁਰਦਪੁਰ ਦਾ ਸਨਬੰਧੀ ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ, ਭਾਈ ਬਤਨ ਸਿੰਘ ਕਾਹਰੀ, ਸੋਹਣ ਲਾਲ ਪਿੰਡ ਔਲਕ ਤੇ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਸਿੱਖ ਸ਼ਾਮਿਲ ਸਨ। ਜੇਕਰ ਭਾਈ ਬਤਨ ਸਿੰਘ ਅਗਾਂਹ ਹੋ ਕੇ ਆਪਣੇ ਸੀਨੇ ਚ ਗੋਲੀਆਂ ਨਾ ਖਾਂਦੇ, ਤਾਂ ਦੁਸ਼ਟ ਬੇਲੇ ਨੇ ਗੋਲੀਬਾਰੀ ਕਰਦਿਆਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਦੀਆਂ ਜਾਨਾਂ ਲੈ ਲੈਣੀਆਂ ਸਨ। ਭਾਈ ਸਾਹਿਬ ਦਾ ਨਾਂ ਸਿੱਖ ਭਾਈਆਂ ਦੀ ਪ੍ਰੇਮ ਵਿੱਚ ਜਾਨ ਵਾਰਨ ਦੀ ਮਿਸਾਲ ਵਜੋਂ ਚੇਤੇ ਕੀਤਾ ਜਾਂਦਾ ਰਹੇਗਾ।

**'ਬਤਨ ਸਿੰਘ ਜੀ ਸੂਰਮੇ, ਚੇਤਨ ਸੁਘੜ-ਸੁਜਾਨ।**
**ਭਾਗ ਸਿੰਘ ਆਗੂ ਲਈ, ਵਾਰ ਗਏ ਸੀ ਜਾਨ।'**




ਡਾ. ਗੁਰਵਿੰਦਰ ਸਿੰਘ
604 825 1550


ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਲਹੂ ਭਿੱਜਿਆ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਹਤਿਆਰੇ ਬੇਲੇ ਜਿਆਣ ਨੂੰ ਚਾਹੇ ਗ੍ਰਿਫ਼ਤਾਰ ਵੀ ਕਰ ਲਿਆ, ਪਰ ਮਗਰੋਂ ਸਰਕਾਰੀ ਮੁਖ਼ਬਰ ਹੋਣ ਕਰ ਕੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਸਿਤਮਜ਼ਰੀਫੀ ਇਸ ਗੱਲ ਦੀ ਸੀ ਕਿ ਵੈਨਕੂਵਰ ਦੀ ਅਦਾਲਤ ਵਿੱਚ 3 ਨਵੰਬਰ ਤੋਂ 6 ਨਵੰਬਰ, 1914 ਤੱਕ ਚੱਲੀ ਸੁਣਵਾਈ ਦੁਆਰਾ ਜੱਜ ਆਇਲੇ ਮੌਰੀਸਨ ਨੇ ਜਿਊਰੀ ਨੂੰ ਕਿਹਾ ਕਿ ਮੁਜਰਿਮ ਬੇਲਾ ਜਿਆਣਾ ਬਰੀ ਹੋਣਾ ਚਾਹੀਦਾ ਹੈ, ਕਿਉਂਕਿ ਉਸ ਨੇ 'ਆਤਮ ਰੱਖਿਆ' ਲਈ ਗੋਲੀ ਚਲਾਈ। ਕੈਨੇਡਾ ਦੀ ਅਦਾਲਤ ਦੇ ਜੱਜ ਲਈ ਇਸ ਤੋਂ ਸ਼ਰਮਨਾਕ ਗੱਲ ਕੀ ਹੋ ਸਕਦੀ ਸੀ! ਜਿਊਰੀ ਨੇ ਬੇਲੇ ਜਿਆਣ ਨੂੰ ਬੇਕਸੂਰ ਕਰਾਰ ਦੇ ਕੇ ਬਰੀ ਕਰ ਦਿੱਤਾ। ਉਧਰ ਸਿੱਖਾਂ ਅੰਦਰ ਇਸ ਗੱਲ ਦਾ ਭਾਰੀ ਰੋਸ ਸੀ ਅਤੇ ਇਸ ਦੌਰਾਨ ਸਿੱਖ ਯੋਧੇ ਭਾਈ ਜਗਤ ਸਿੰਘ ਮਹਿਰਾ ਭੂਤਵਿੰਡ ਨੇ ਵੈਨਕੂਵਰ ਦੀ ਗ੍ਰੈਨਵਿਲ ਸਟਰੀਟ 'ਤੇ ਹਿੰਦੂ ਸਟੋਰ ਵਿੱਚ ਦੁਸ਼ਟ ਬੇਲਾ ਜਿਆਣ ਅਤੇ ਉਹਦੇ ਸਾਥੀਆਂ 'ਤੇ ਗੋਲੀਆਂ ਚਲਾਈਆਂ। ਬੇਲਾ ਤਾਂ ਬਚ ਗਿਆ, ਪਰ ਉਸ ਦਾ ਇਕ ਸਾਥੀ ਰਤਨ ਉਰਫ ਪ੍ਰਤਾਪ ਕੋਟਲੀ ਮਾਰਿਆ ਗਿਆ, ਜਦਕਿ ਦੂਸਰਾ ਜ਼ਖਮੀ ਹੋ ਗਿਆ। ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਨੂੰ ਸ਼ਹੀਦ ਕਰਨ ਵਾਲਾ ਬੇਲਾ ਜਿਆਣ ਡਰ ਦਾ ਮਾਰਿਆ 1 ਜੂਨ 1916 ਨੂੰ ਭਾਰਤ ਭੱਜ ਗਿਆ, ਜਿੱਥੇ 17 ਸਾਲ ਮਗਰੋਂ ਬੱਬਰ ਅਕਾਲੀ ਭਾਈ ਹਰੀ ਸਿੰਘ ਸੂੰਢ ਨੇ ਸਾਥੀਆਂ ਸਮੇਤ, ਦੁਸ਼ਟ ਗੱਦਾਰ ਬੇਲਾ ਜਿਆਣ ਉਸ ਦੇ ਜੱਦੀ ਪਿੰਡ ਨੇੜੇ ਹੀ 9 ਦਸੰਬਰ 1933 ਨੂੰ ਸੋਧਿਆ।

ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦੀ ਸ਼ਹਾਦਤ ਵੇਲੇ ਵਿਸ਼ਵਾਸੀ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ। ਭਾਈ ਮੇਵਾ ਸਿੰਘ ਨੇ 21 ਅਕਤੂਬਰ 1914 ਨੂੰ ਵੈਨਕੂਵਰ ਦੀ ਕਚਹਿਰੀ 'ਚ ਭਾਈਚਾਰੇ ਦੇ ਦੁਸ਼ਮਣ ਵਿਲੀਅਮ ਹਾਪਕਿਨਸਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਭਾਈ ਭਾਗ ਸਿੰਘ ਅਤੇ ਭਾਈ ਬਦਨ ਸਿੰਘ ਨੂੰ ਸ਼ਹੀਦ ਕਰਨ ਲਈ ਮੁੱਖ ਜ਼ਿੰਮੇਵਾਰ ਦੁਸ਼ਟ ਨੂੰ ਸੋਧਣ ਕਰਕੇ ਗ੍ਰਿਫਤਾਰ ਕੀਤੇ ਗਏ ਭਾਈ ਮੇਵਾ ਸਿੰਘ ਖਿਲਾਫ 30 ਅਕਤੂਬਰ 1914 ਨੂੰ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਬਣਾਈ ਗਈ, ਜਿਨ੍ਹਾਂ ਨੇ ਭਾਈ ਸਾਹਿਬ ਨੂੰ ਦੋਸ਼ੀ ਠਹਿਰਾਇਆ ਅਤੇ 11 ਜਨਵਰੀ 1915 ਨੂੰ ਭਾਈ ਮੇਵਾ ਸਿੰਘ ਲੋਪੋਕੇ ਹੱਸਦਿਆਂ ਫਾਂਸੀ ਚੜ੍ਹ ਕੇ, ਸ਼ਹੀਦੀ ਪਾ ਗਏ।

**'ਨਫਰਤ, ਜ਼ੁਲਮ ਮਿਟਾਉਣ ਲਈ, ਸੋਧਿਆ ਨਸਲੀ ਸਾਨ੍ਹ।**
**ਕਾਤਲ ਨਹੀਂ, 'ਸ਼ਹੀਦ' ਹਨ, ਮੇਵਾ ਸਿੰਘ ਮਹਾਨ।'**

ਕੈਨੇਡਾ ਦੀ ਧਰਤੀ ਤੇ ਸ਼ਹੀਦ ਹੋਣ ਵਾਲੇ ਪਹਿਲੇ ਸਿੱਖ ਯੋਧੇ ਭਾਗ ਸਿੰਘ ਭਿਖੀਵਿੰਡ, ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ, ਭਾਈ ਮੇਵਾ ਸਿੰਘ ਲੋਪੋਕੇ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਕੈਨੇਡਾ ਦੀ ਧਰਤੀ ਤੇ ਆ ਕੇ ਦੌਲਤ-ਸ਼ੋਹਰਤ ਕਮਾਉਣ ਦੀ ਥਾਂ ਦੇਸ-ਕੌਮ ਦੀ ਸੇਵਾ ਨੂੰ ਪਹਿਲ ਦਿੱਤੀ। ਇਨ੍ਹਾਂ ਸ਼ਹੀਦਾਂ ਨੇ ਘਰ-ਬਾਰ ਉਜਾੜ ਕੇ, ਕੌਮੀ ਘਰ ਬਣਾਉਣ ਲਈ ਹਰ ਕੁਰਬਾਨੀ ਦਿੱਤੀ। ਅੱਜ 'ਕੈਨੇਡਾ-ਅਮਰੀਕਾ' ਅੰਦਰ ਅਸੀਂ ਜਿਸ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਸ ਦੇ ਸੰਘਰਸ਼ ਪਿੱਛੇ ਇਨ੍ਹਾਂ ਯੋਧਿਆਂ ਦਾ ਡੁੱਲ੍ਹਿਆ ਲਹੂ ਹੀ ਹੈ। ਦੂਜੇ ਪਾਸੇ ਭਾਰਤ ਵਿੱਚੋਂ ਫਿਰੰਗੀਆਂ ਨੂੰ ਕੱਢਣ ਲਈ ਜਿਹਨਾਂ ਨੇ ਖ਼ੂਨ ਦਾ ਕਤਰਾ-ਕਤਰਾ ਵਹਾ ਦਿੱਤਾ, ਉਹ ਇਹੀ ਗ਼ਦਰੀ ਯੋਧੇ ਅਤੇ ਸ਼ਹੀਦ ਸਨ, ਹਾਲਾਂਕਿ ਇਨ੍ਹਾਂ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਅੱਜ ਦੇ ਫਾਸ਼ੀਵਾਦੀ ਹਾਕਮਾਂ ਨੇ ਮੂਲੋਂ ਹੀ ਵਿਸਾਰ ਦਿੱਤਾ ਹੈ। ਅੱਜ ਪੰਜਾਬ 'ਚ ਖਾਸ ਕਰਕੇ ਅਤੇ ਭਾਰਤ 'ਚ ਆਮ ਕਰਕੇ ਇਨ੍ਹਾਂ ਸ਼ਹੀਦਾਂ ਬਾਰੇ ਲੋਕਾਂ ਨੂੰ ਇਤਿਹਾਸਕ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਕਿਸੇ ਵੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ 'ਚ ਇਨ੍ਹਾਂ ਦੀਆਂ ਜੀਵਨੀਆਂ ਬਾਰੇ ਪੜ੍ਹਾਇਆ ਨਹੀਂ ਜਾਂਦਾ। ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ 'ਚ ਇਨ੍ਹਾਂ ਨਾਲ ਸੰਬੰਧਤ ਪਾਠਕ੍ਰਮ ਸ਼ਾਮਲ ਨਹੀਂ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕਿਤਾਬਾਂ 'ਚ ਉਚੇਰੇ ਰੂਪ 'ਚ ਮੋਢੀ ਸਿੱਖ ਸ਼ਹੀਦਾਂ ਦੀਆਂ ਬਾਹਰਲੇ ਦੇਸ਼ਾਂ 'ਚ ਕੀਤੀਆਂ ਕੁਰਬਾਨੀਆਂ ਬਾਰੇ ਜ਼ਿਕਰ ਹਲਕਾ ਜਿਹਾ ਹੀ ਮਿਲਦਾ ਹੈ। ਪੰਜਾਬ ਸਰਕਾਰ ਨੇ ਮਹਾਨ ਗ਼ਦਰੀ ਯੋਧਿਆਂ ਦੀਆਂ ਸ਼ਹੀਦੀਆਂ ਦੇ ਦਿਹਾੜੇ ਮਨਾਉਣ ਦਾ ਕਦੇ ਸੰਕਲਪ ਲਿਆ ਹੀ ਨਹੀਂ। ਉਕਤ ਸਾਰੇ ਵਿਚਾਰਾਂ ਦਾ ਜਵਾਬ 'ਨਾਂਹ' ਵਿੱਚ ਹੈ ਤੇ ਭਾਰਤ ਜਾਂ ਪੰਜਾਬ ਦੀਆਂ ਸਰਕਾਰਾਂ, ਕੇਂਦਰੀ ਸਿੱਖ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਨਾਂ ਵੇਚਣ ਵਾਲੀਆਂ ਅਖੌਤੀ ਸੱਭਿਆਚਾਰਕ ਸੰਸਥਾਵਾਂ ਆਦਿ ਸਾਰੇ ਦੋਸ਼ੀ ਹਨ। ਅਫ਼ਸੋਸ ਇਸ ਗੱਲ ਦਾ ਵੀ ਹੈ ਕਿ ਜਿਸ ਅਸਥਾਨ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ 'ਸੈਕਿੰਡ ਐਵਨਿਊ' ਵੈਨਕੂਵਰ ਵਿਖੇ, ਇਨ੍ਹਾਂ ਸਿੱਖ ਸੂਰਬੀਰਾਂ ਦੀ ਸ਼ਹੀਦੀ ਹੋਈ, ਉਸ ਇਤਿਹਾਸਕ ਜਗ੍ਹਾ ਨੂੰ ਵੀ ਗ਼ੈਰ-ਜ਼ਿੰਮੇਵਾਰ ਪ੍ਰਬੰਧਕਾਂ ਨੇ ਸੱਤਰਵਿਆਂ ਵਿੱਚ ਵੇਚ ਛੱਡਿਆ। ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਇਤਿਹਾਸ ਉਸ ਮੌਕੇ ਦੇ ਗੁੰਮਰਾਹ ਆਗੂਆਂ ਦੀ ਇਸ ਗੁਸਤਾਖੀ ਲਈ, ਉਨ੍ਹਾਂ ਨੂੰ ਸਦਾ ਲਾਹਨਤਾਂ ਪਾਉਂਦਾ ਰਹੇਗਾ।

ਮਹਾਨ ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੇ ਸਥਾਪਤੀ ਖ਼ਿਲਾਫ਼ ਸ਼ਹੀਦੀਆਂ ਪਾਈਆਂ। ਅੱਜ ਦਾ ਸਮਾਂ ਉਸ ਤੋਂ ਵੀ ਭਿਆਨਕ ਹੈ, ਕਿਉਂਕਿ ਅੱਜ ਦੀ ਸਰਕਾਰ ਫਾਸ਼ੀਵਾਦ ਅਤੇ ਮਨੂਵਾਦ ਦੇ ਢਹੇ ਚੜ੍ਹ ਕੇ, ਘੱਟ ਗਿਣਤੀਆਂ 'ਤੇ ਜ਼ੁਲਮ ਢਾਹ ਰਹੀ ਹੈ। ਇਸੇ ਕਾਰਨ ਲੋਕਾਂ ਅੰਦਰ ਆਰਐਸਐਸ ਦੇ ਮੁਖੀ ਮੋਹਨ ਭਾਗਵਤ ਦੀ ਕੈਨੇਡਾ ਤੇ ਅਮਰੀਕਾ ਦੀ ਫੇਰੀ ਦੌਰਾਨ ਵਿਰੋਧ ਹੋਇਆ ਹੈ। ਫਾਸ਼ੀਵਾਦ ਅਤੇ ਮਨੂਵਾਦ ਖ਼ਿਲਾਫ਼ ਮਹਾਨ ਯੋਧਿਆਂ ਦੀ ਸੋਚ ਅਪਣਾਉਂਦਿਆਂ ਸੰਘਰਸ਼ ਕਰਨਾ, ਹਰ ਸੁਚੇਤ ਵਿਅਕਤੀ ਦਾ ਫਰਜ਼ ਬਣਦਾ ਹੈ ;

**'ਭੁਲੀਏ ਨਾ ਕੁਰਬਾਨੀਆਂ, ਰੱਖੀਏ ਹਿਰਦੇ ਧਾਰ।**
**ਮਿਲੀਆਂ ਨੇ ਸਰਦਾਰੀਆਂ, ਯੋਧਿਆਂ ਦੇ ਉਪਕਾਰ।'**

(ਗ਼ਦਰ ਮੈਮੋਰੀਅਲ ਸੁਸਾਇਟੀ ਆਫ਼ ਕੈਨੇਡਾ)



ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ
ਪ੍ਰਧਾਨ, ਗੁਰਦੁਆਰਾ ਖਾਲਸਾ ਦੀਵਾਨ
ਸੁਸਾਇਟੀ ਵੈਨਕੂਵਰ



ਸ਼ਹੀਦ ਭਾਈ ਬਤਨ ਸਿੰਘ ਜੀ
ਦਲੇਲ ਸਿੰਘ ਵਾਲਾ



ਸ਼ਹੀਦ ਭਾਈ ਭਾਗ ਸਿੰਘ, ਸ਼ਹੀਦ ਭਾਈ ਬਤਨ ਸਿੰਘ ਅਤੇ ਪਰਿਵਾਰ ਦੀ ਤਸਵੀਰ 'ਚ ਭਾਈ ਭਾਗ ਸਿੰਘ, ਉਹਨਾਂ ਦੀ ਸਪਤਨੀ ਬੀਬੀ ਹਰਨਾਮ ਕੌਰ ਅਤੇ ਬਾਲਕ ਜੋਗਿੰਦਰ ਸਿੰਘ

# ਪੰਜਾਬ ਨੂੰ ਨਵੇਂ ਰਾਜਨੀਤਕ ਢਾਂਚੇ ਅਤੇ ਸੋਚ ਦੀ ਲੋੜ

ਅਰਮਿੰਦਰ ਸਿੰਘ ਮਾਨ



***ਪੰਜਾਬ ਦਾ ਅਸਲ ਸੰਕਟ ਕਿਸੇ ਇੱਕ ਪਾਰਟੀ ਦੀ ਸੱਤਾ ਨਹੀਂ, ਸਗੋਂ ਲੰਬੀ ਮਿਆਦ ਵਾਲੀ ਨੀਤੀ ਦੀ ਕਮੀ ਹੈ। ਚੋਣਾਂ ਦੌਰਾਨ ਬੇਰੁਜ਼ਗਾਰੀ, ਨਸ਼ਾ, ਖੇਤੀ ਸੰਕਟ, ਪਰਵਾਸ, ਕਰਜ਼ਾ, ਉਦਯੋਗ ਅਤੇ ਸਿੱਖਿਆ ਹਰ ਪਾਰਟੀ ਦੇ ਏਜੰਡੇ ਦਾ ਹਿੱਸਾ ਬਣਦੇ ਹਨ, ਪਰ ਚੋਣਾਂ ਤੋਂ ਬਾਅਦ ਬਹਿਸ ਅਕਸਰ ਦੋਸ਼-ਪ੍ਰਤੀਦੋਸ਼ ਅਤੇ ਤੁਰੰਤ ਰਾਜਨੀਤਕ ਲਾਭ ਤੱਕ ਸੀਮਤ ਰਹਿ ਜਾਂਦੀ ਹੈ। ਇਸ ਨਾਲ ਰਾਜਨੀਤੀ ਦਾ ਕੇਂਦਰ 'ਨੀਤੀ' ਤੋਂ ਹਟ ਕੇ 'ਨੈਰੇਟਿਵ' ਯਾਨੀ ਬਿਰਤਾਂਤ ਬਣ ਜਾਂਦਾ ਹੈ।***

ਹਰ ਸਮਾਜ ਆਪਣੀ ਰਾਜਨੀਤੀ ਦੇ ਸੁਭਾਅ ਨਾਲ ਪਛਾਣਿਆ ਜਾਂਦਾ ਹੈ। ਕਿਤੇ ਰਾਜਨੀਤੀ ਵਿਕਾਸ ਦਾ ਸਾਧਨ ਬਣਦੀ ਹੈ, ਕਿਤੇ ਸੱਤਾ ਦਾ ਸੰਘਰਸ਼ ਅਤੇ ਕਿਤੇ ਸਮਾਜ ਦੀਆਂ ਆਸਾਂ-ਨਿਰਾਸ਼ਾਵਾਂ ਦਾ ਦਰਪਣ। ਪੰਜਾਬ ਦੀ ਰਾਜਨੀਤੀ ਵਿੱਚ ਇਹ ਤਿੰਨੇ ਪੱਖ ਇਕੱਠੇ ਨਜ਼ਰ ਆਉਂਦੇ ਹਨ। ਇਹ ਉਹ ਧਰਤੀ ਹੈ ਜਿਸ ਨੇ ਹਰੀ ਕ੍ਰਾਂਤੀ ਰਾਹੀਂ ਦੇਸ਼ ਦੀ ਖੁਰਾਕ ਸੁਰੱਖਿਆ ਮਜ਼ਬੂਤ ਕੀਤੀ, ਉਦਯੋਗ ਅਤੇ ਪਰਵਾਸ ਰਾਹੀਂ ਆਪਣੀ ਵਿਲੱਖਣ ਪਛਾਣ ਬਣਾਈ ਅਤੇ ਕਈ ਸੰਕਟਾਂ ਦਾ ਸਾਹਮਣਾ ਕਰਕੇ ਹਰ ਵਾਰ ਨਵੇਂ ਹੌਸਲੇ ਨਾਲ ਉੱਠ ਖੜ੍ਹੀ ਹੋਈ, ਪਰ ਅੱਜ ਦਾ ਪੰਜਾਬ ਇੱਕ ਅਜਿਹੇ ਦੌਰ ਵਿੱਚ ਖੜ੍ਹਾ ਹੈ ਜਿੱਥੇ ਚੁਣੌਤੀਆਂ ਵੀ ਨਵੀਆਂ ਹਨ ਅਤੇ ਉਮੀਦਾਂ ਵੀ।

ਪੰਜਾਬ ਦੀ ਰਾਜਨੀਤੀ ਨੂੰ ਸਮਝਣਾ ਸਿਰਫ਼ ਚੋਣ ਨਤੀਜਿਆਂ ਜਾਂ ਸਰਕਾਰਾਂ ਦੇ ਬਦਲਣ ਨੂੰ ਸਮਝਣਾ ਨਹੀਂ ਹੈ। ਇਹ ਇਤਿਹਾਸ, ਧਰਮ, ਖੇਤੀਬਾੜੀ, ਸੰਘੀ ਢਾਂਚੇ, ਭਾਸ਼ਾ, ਸਰਹੱਦੀ ਸੁਰੱਖਿਆ, ਪਰਵਾਸ, ਸਮਾਜਿਕ ਬਣਤਰ ਅਤੇ ਆਰਥਿਕ ਚੁਣੌਤੀਆਂ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਇਸੇ ਕਰਕੇ ਪੰਜਾਬ ਵਿੱਚ ਹੋਣ ਵਾਲਾ ਹਰ ਵੱਡਾ ਰਾਜਨੀਤਕ ਬਦਲਾਅ ਸਿਰਫ਼ ਸੂਬੇ ਦੀ ਸੱਤਾ ਦਾ ਸਵਾਲ ਨਹੀਂ ਹੁੰਦਾ, ਸਗੋਂ ਇਹ ਭਾਰਤੀ ਸੰਘੀ ਰਾਜਨੀਤੀ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਸਾਲ 1966 ਨੂੰ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਇੱਕ ਨਵੇਂ ਪ੍ਰਸ਼ਾਸਨਿਕ ਅਤੇ ਰਾਜਨੀਤਕ ਦੌਰ ਦੀ ਸ਼ੁਰੂਆਤ ਹੋਈ। ਇਸ ਤੋਂ ਬਾਅਦ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਰਾਜਨੀਤੀ ਦੇ ਦੋ ਪ੍ਰਮੁੱਖ ਕੇਂਦਰ ਰਹੇ। 1970 ਅਤੇ 1980 ਦੇ ਦਹਾਕਿਆਂ ਵਿੱਚ ਪੰਥਕ ਅਤੇ ਸੰਘੀ ਅਧਿਕਾਰਾਂ ਨਾਲ ਜੁੜੇ ਮੁੱਦਿਆਂ ਦਾ ਡੂੰਘਾ ਪ੍ਰਭਾਵ ਰਿਹਾ। ਇਸ ਦੌਰ ਦੀ ਉਥਲ-ਪੁਥਲ ਨੇ ਪੰਜਾਬ ਦੇ ਸਮਾਜ, ਪ੍ਰਸ਼ਾਸਨ ਅਤੇ ਆਰਥਿਕਤਾ ਨੂੰ ਵੀ ਪ੍ਰਭਾਵਿਤ ਕੀਤਾ। 1990 ਦੇ ਦਹਾਕੇ ਤੋਂ ਬਾਅਦ ਜਦੋਂ ਆਮ ਹਾਲਾਤ ਮੁੜ ਬਣੇ ਤਾਂ ਉਮੀਦ ਸੀ ਕਿ ਰਾਜਨੀਤੀ ਦਾ ਕੇਂਦਰ ਵਿਕਾਸ, ਉਦਯੋਗ, ਸਿੱਖਿਆ ਅਤੇ ਰੁਜ਼ਗਾਰ ਬਣੇਗਾ। ਇਸੇ ਦੌਰ ਵਿੱਚ ਭਾਰਤ ਦੀ ਆਰਥਿਕਤਾ ਵੀ ਬਦਲੀ। 1991 ਤੋਂ ਬਾਅਦ ਆਰਥਿਕ ਉਦਾਰੀਕਰਨ ਦੀ ਪ੍ਰਕਿਰਿਆ ਨਾਲ ਸਰਕਾਰੀ ਨਿਯੰਤਰਣਾਂ ਵਿੱਚ ਕਮੀ ਆਈ, ਨਿੱਜੀ ਨਿਵੇਸ਼ ਨੂੰ ਉਤਸ਼ਾਹ ਮਿਲਿਆ ਅਤੇ ਸੇਵਾ ਖੇਤਰ ਦਾ ਵਿਸਤਾਰ ਹੋਇਆ। ਕਈ ਰਾਜਾਂ ਨੇ ਇਨ੍ਹਾਂ ਨਵੀਆਂ ਆਰਥਿਕ ਸੰਭਾਵਨਾਵਾਂ ਦਾ ਲਾਭ ਚੁੱਕਿਆ। ਪੰਜਾਬ ਨੇ ਵੀ ਕੁਝ ਖੇਤਰਾਂ ਵਿੱਚ ਤਰੱਕੀ ਕੀਤੀ, ਪਰ ਉਸ ਦੀ ਆਰਥਿਕਤਾ ਵੱਡੇ ਪੱਧਰ 'ਤੇ ਖੇਤੀ ਕੇਂਦਰਿਤ ਰਹੀ। ਨਤੀਜੇ ਵਜੋਂ ਉਦਯੋਗਿਕ ਵਿਭਿੰਨਤਾ, ਉੱਚ ਮੁੱਲ ਵਾਲੇ ਰੁਜ਼ਗਾਰ ਅਤੇ ਤਕਨਾਲੋਜੀ ਆਧਾਰਿਤ ਵਿਕਾਸ ਦੀ ਰਫ਼ਤਾਰ ਉਮੀਦ ਅਨੁਸਾਰ ਨਹੀਂ ਰਹੀ।

ਸਮੇਂ ਦੇ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਵੀ ਵੱਡੇ ਬਦਲਾਅ ਆਏ। ਕਦੇ ਦੋ-ਧਿਰਾ ਮੁਕਾਬਲਾ ਰਿਹਾ, ਕਦੇ ਗੱਠਜੋੜਾਂ ਨੇ ਰੂਪ ਬਦਲਿਆ ਅਤੇ ਕਦੇ ਲੋਕਾਂ ਨੇ ਨਵੇਂ ਵਿਕਲਪਾਂ ਨੂੰ ਮੌਕਾ ਦਿੱਤਾ। ਪੰਜਾਬ ਦੇ ਵੋਟਰ ਨੇ ਵਾਰ-ਵਾਰ ਇਹ ਦਰਸਾਇਆ ਹੈ ਕਿ ਉਹ ਕਿਸੇ ਇੱਕ ਰਾਜਨੀਤਕ ਦਲ ਨੂੰ ਸਥਾਈ ਤੌਰ 'ਤੇ ਸੱਤਾ ਦਾ ਹੱਕਦਾਰ ਨਹੀਂ ਮੰਨਦਾ। ਜਦੋਂ ਲੋਕਾਂ ਨੂੰ ਲੱਗਦਾ ਹੈ ਕਿ ਉਮੀਦਾਂ ਪੂਰੀਆਂ ਨਹੀਂ ਹੋ ਰਹੀਆਂ ਤਾਂ ਉਹ ਬਦਲਾਅ ਦਾ ਰਾਹ ਚੁਣਦੇ ਹਨ।

ਇਸੇ ਪਿਛੋਕੜ ਵਿੱਚ 2022 ਦੀਆਂ ਵਿਧਾਨ ਸਭਾ ਚੋਣਾਂ ਇੱਕ ਮਹੱਤਵਪੂਰਨ ਰਾਜਨੀਤਕ ਮੋੜ ਸਨ। ਆਮ ਆਦਮੀ ਪਾਰਟੀ ਨੇ 117 ਵਿੱਚੋਂ 92 ਸੀਟਾਂ ਜਿੱਤ ਕੇ ਸਰਕਾਰ ਬਣਾਈ। ਇਹ ਸਿਰਫ਼ ਸਰਕਾਰ ਬਦਲਣ ਵਾਲਾ ਨਤੀਜਾ ਨਹੀਂ ਸੀ, ਸਗੋਂ ਇਸ ਨੇ ਪੰਜਾਬ ਦੀ ਰਾਜਨੀਤੀ ਦੇ ਤਾਕਤ-ਸੰਤੁਲਨ ਨੂੰ ਵੀ ਬਦਲ ਦਿੱਤਾ। ਭ੍ਰਿਸ਼ਟਾਚਾਰ ਵਿਰੋਧੀ ਅਕਸ, ਸਿੱਖਿਆ ਅਤੇ ਸਿਹਤ ਵਿੱਚ ਸੁਧਾਰ ਦੇ ਦਾਅਵੇ, ਲੋਕ-ਭਲਾਈ ਦੀਆਂ ਯੋਜਨਾਵਾਂ ਅਤੇ ਪ੍ਰਸ਼ਾਸਨਿਕ ਪਾਰਦਰਸ਼ਤਾ ਦੇ ਵਾਅਦਿਆਂ ਨੇ ਵੱਡੇ ਵਰਗ ਨੂੰ ਪ੍ਰਭਾਵਿਤ ਕੀਤਾ, ਪਰ ਕਿਸੇ ਵੀ ਸਰਕਾਰ ਲਈ ਅਸਲ ਇਮਤਿਹਾਨ ਚੋਣ ਜਿੱਤਣਾ ਨਹੀਂ, ਸਗੋਂ ਵੋਟਰਾਂ ਦੇ ਸਮਰਥਨ ਨੂੰ ਨਤੀਜਿਆਂ ਵਿੱਚ ਬਦਲਣਾ ਹੁੰਦਾ ਹੈ।

ਪੰਜਾਬ ਵਰਗੇ ਵਿੱਤੀ ਦਬਾਅ ਵਾਲੇ ਰਾਜ ਵਿੱਚ ਇਹ ਚੁਣੌਤੀ ਹੋਰ ਗੰਭੀਰ ਹੈ। ਸਰਕਾਰ ਨੂੰ ਰੁਜ਼ਗਾਰ, ਨਸ਼ਿਆਂ, ਉਦਯੋਗਿਕ ਨਿਵੇਸ਼, ਕਾਨੂੰਨ-ਵਿਵਸਥਾ, ਖੇਤੀਬਾੜੀ, ਸਿੱਖਿਆ, ਸਿਹਤ ਅਤੇ ਵਿੱਤੀ ਅਨੁਸ਼ਾਸਨ ਵਰਗੇ ਕਈ ਮੋਰਚਿਆਂ 'ਤੇ ਇੱਕੋ ਸਮੇਂ ਕੰਮ ਕਰਨਾ ਪੈਂਦਾ ਹੈ। ਇਸ ਲਈ 2027 ਵਿੱਚ ਸੱਤਾਧਾਰੀ ਪਾਰਟੀ ਲਈ ਸਭ ਤੋਂ ਵੱਡੀ ਕਸੌਟੀ ਇਹ ਹੋਵੇਗੀ ਕਿ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਿੰਨਾ ਦਿਖਾਈ ਦੇਣ ਵਾਲਾ ਬਦਲਾਅ ਮਹਿਸੂਸ ਹੋਇਆ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਸਭ ਤੋਂ ਪੁਰਾਣੀਆਂ ਅਤੇ ਇਤਿਹਾਸਕ ਰਾਜਨੀਤਕ ਪਾਰਟੀਆਂ ਵਿੱਚੋਂ ਇੱਕ ਹੈ। ਪੰਜਾਬੀ ਸੂਬਾ ਅੰਦੋਲਨ, ਸੰਘੀ ਅਧਿਕਾਰਾਂ, ਖੇਤੀਬਾੜੀ ਅਤੇ ਪੰਥਕ ਰਾਜਨੀਤੀ ਨਾਲ ਇਸ ਦੀ ਲੰਬੀ ਵਿਰਾਸਤ ਜੁੜੀ ਹੋਈ ਹੈ, ਪਰ ਵਿਰਾਸਤ ਆਪਣੇ ਆਪ ਵਿੱਚ ਭਵਿੱਖ ਦੀ ਗਾਰੰਟੀ ਨਹੀਂ ਹੁੰਦੀ। ਪਾਰਟੀ ਨੂੰ ਆਪਣੇ ਰਵਾਇਤੀ ਸਮਰਥਨ ਆਧਾਰ ਵਿੱਚ ਕਮੀ ਅਤੇ ਭਰੋਸੇ ਦੇ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਇਸ ਦੀ ਵੱਡੀ ਚੁਣੌਤੀ ਆਪਣੀ ਇਤਿਹਾਸਕ ਪਛਾਣ ਨੂੰ ਨਵੀਂ ਪੀੜ੍ਹੀ ਦੀਆਂ ਉਮੀਦਾਂ ਨਾਲ ਜੋੜ ਕੇ ਭਰੋਸਾ ਮੁੜ ਕਾਇਮ ਕਰਨਾ ਹੈ।

ਕਾਂਗਰਸ ਅਜੇ ਵੀ ਪੰਜਾਬ ਦੀ ਇੱਕ ਮਹੱਤਵਪੂਰਨ ਰਾਜਨੀਤਕ ਤਾਕਤ ਹੈ। ਇਸ ਕੋਲ ਤਜਰਬੇਕਾਰ ਆਗੂ, ਰਵਾਇਤੀ ਵੋਟਰ ਅਤੇ ਕਈ ਖੇਤਰਾਂ ਵਿੱਚ ਸੰਗਠਨਾਤਮਕ ਆਧਾਰ ਮੌਜੂਦ ਹੈ, ਪਰ ਅੰਦਰੂਨੀ ਖਿੱਚੋਤਾਣ ਅਤੇ ਲੀਡਰਸ਼ਿਪ ਦਾ ਸਵਾਲ ਇਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਜੇਕਰ ਪਾਰਟੀ ਆਪਣੇ ਸੰਗਠਨ ਨੂੰ ਮਜ਼ਬੂਤ ਕਰਦੀ ਹੈ, ਅੰਦਰੂਨੀ ਮਤਭੇਦਾਂ ਨੂੰ ਸੰਭਾਲਦੀ ਹੈ ਅਤੇ ਸਰਕਾਰ ਦੀ ਆਲੋਚਨਾ ਦੇ ਨਾਲ ਇੱਕ ਸਪੱਸ਼ਟ ਨੀਤੀਗਤ ਵਿਕਲਪ ਪੇਸ਼ ਕਰਦੀ ਹੈ ਤਾਂ ਉਹ ਮੁੜ ਮਜ਼ਬੂਤ ਚੁਣੌਤੀ ਬਣ ਸਕਦੀ ਹੈ।

ਭਾਜਪਾ ਲੰਬੇ ਸਮੇਂ ਤੱਕ ਅਕਾਲੀ ਦਲ ਦੀ ਸਾਥੀ ਰਹੀ। ਗਠਜੋੜ ਟੁੱਟਣ ਤੋਂ ਬਾਅਦ ਪਾਰਟੀ ਨੇ ਆਪਣੇ ਬਲਬੂਤੇ ਸੰਗਠਨ ਖੜ੍ਹਾ ਕਰਨ ਦੀ ਕੋਸ਼ਿਸ਼ ਤੇਜ਼ ਕੀਤੀ ਹੈ, ਪਰ ਪੰਜਾਬ ਵਿੱਚ ਇਸ ਲਈ ਸਭ ਤੋਂ ਵੱਡੀ ਚੁਣੌਤੀ ਵਿਆਪਕ ਸਮਾਜਿਕ ਅਤੇ ਖੇਤਰੀ ਸਵੀਕਾਰਤਾ ਹਾਸਲ ਕਰਨਾ ਹੈ। ਖੇਤੀਬਾੜੀ, ਕੇਂਦਰ-ਰਾਜ ਸਬੰਧ, ਧਾਰਮਿਕ-ਸੱਭਿਆਚਾਰਕ ਮੁੱਦੇ ਅਤੇ ਪੰਜਾਬ ਦੇ ਸਥਾਨਕ ਹਿੱਤਾਂ 'ਤੇ ਉਸ ਦੀ ਸਥਿਤੀ ਭਵਿੱਖ ਵਿੱਚ ਉਸ ਦੇ ਪ੍ਰਭਾਵ ਨੂੰ ਨਿਰਧਾਰਤ ਕਰੇਗੀ।

ਪੰਜਾਬ ਦੀ ਮੌਜੂਦਾ ਰਾਜਨੀਤੀ ਵਿੱਚ ਇੱਕ ਹੋਰ ਮਹੱਤਵਪੂਰਨ ਬਦਲਾਅ ਨਵੀਆਂ ਪੰਥਕ ਧਿਰਾਂ ਦਾ ਉਭਾਰ ਹੈ। ਖ਼ਾਸ ਤੌਰ 'ਤੇ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਵਾਰਿਸ ਪੰਜਾਬ ਦੇ ਦੀ ਸਿਆਸੀ ਸਰਗਰਮੀ ਅਤੇ ਇਸ ਨਾਲ ਜੁੜੇ ਪੰਥਕ ਰਾਜਨੀਤਕ ਉਭਾਰ ਨੇ ਪੰਜਾਬ ਦੀ ਪੰਥਕ ਸਿਆਸਤ ਨੂੰ ਮੁੜ ਚਰਚਾ ਦੇ ਕੇਂਦਰ ਵਿੱਚ ਲਿਆ ਦਿੱਤਾ ਹੈ। ਇਸ ਦੇ ਨਾਲ ਹੀ ਅਕਾਲੀ ਦਲ (ਪੁਨਰ ਸੁਰਜੀਤ) ਵਰਗੀਆਂ ਧਿਰਾਂ ਵੀ ਰਵਾਇਤੀ ਅਕਾਲੀ ਸਿਆਸਤ ਦੇ ਪੁਨਰ-ਨਿਰਮਾਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਪਰ ਪੰਥਕ ਧਿਰਾਂ ਵਿੱਚ ਏਕਤਾ ਦੀ ਕਮੀ ਇੱਕ ਵੱਡੀ ਚੁਣੌਤੀ ਹੈ। ਇਨ੍ਹਾਂ ਧਿਰਾਂ ਦਾ ਪ੍ਰਭਾਵ ਸਿਰਫ਼ ਇਸ ਗੱਲ ਨਾਲ ਨਹੀਂ ਮਾਪਿਆ ਜਾਵੇਗਾ ਕਿ ਉਹ ਕਿੰਨੀਆਂ ਸੀਟਾਂ ਜਿੱਤਦੀਆਂ ਹਨ, ਸਗੋਂ ਇਸ ਗੱਲ ਨਾਲ ਵੀ ਕਿ ਉਹ ਰਵਾਇਤੀ ਪੰਥਕ ਵੋਟ ਨੂੰ ਕਿੰਨਾ ਮੁੜ ਸੰਗਠਿਤ ਕਰ ਸਕਦੀਆਂ ਹਨ। ਜੇ ਇਹ ਧਿਰਾਂ ਵੱਖ-ਵੱਖ ਚੋਣ ਲੜਦੀਆਂ ਹਨ ਤਾਂ 2027 ਵਿੱਚ ਕਈ ਹਲਕਿਆਂ ਵਿੱਚ ਬਹੁ-ਕੋਣੀ ਮੁਕਾਬਲੇ ਬਣ ਸਕਦੇ ਹਨ।

ਪੰਜਾਬ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਅਕਸਰ ਇਸ ਸਵਾਲ ਤੱਕ ਸੀਮਤ ਰਹਿ ਜਾਂਦਾ ਹੈ ਕਿ ਕਿਹੜੀ ਪਾਰਟੀ ਜਿੱਤੀ, ਕਿਹੜੀ ਹਾਰੀ ਅਤੇ ਕਿਹੜੇ ਨੇਤਾ ਦਾ ਪ੍ਰਭਾਵ ਵਧਿਆ ਜਾਂ ਘਟਿਆ, ਪਰ ਪੰਜਾਬ ਨੂੰ ਇੱਕ ਰਾਜਨੀਤਕ-ਆਰਥਿਕ ਇਕਾਈ ਵਜੋਂ ਵੇਖਣ 'ਤੇ ਸਪੱਸ਼ਟ ਹੁੰਦਾ ਹੈ ਕਿ ਅਸਲ ਸੰਕਟ ਸਿਰਫ਼ ਸੱਤਾ ਪਰਿਵਰਤਨ ਦਾ ਨਹੀਂ, ਸਗੋਂ ਸ਼ਾਸਨ ਮਾਡਲ ਦਾ ਵੀ ਹੈ।

ਪਿਛਲੇ ਤਿੰਨ ਦਹਾਕਿਆਂ ਵਿੱਚ ਕਈ ਸਰਕਾਰਾਂ ਆਈਆਂ ਅਤੇ ਵੱਖ-ਵੱਖ ਪਾਰਟੀਆਂ ਨੂੰ ਲੋਕਾਂ ਨੇ ਭਾਰੀ ਬਹੁਮਤ ਦਿੱਤਾ। ਫਿਰ ਵੀ ਕਰਜ਼ਾ ਵਧਿਆ, ਖੇਤੀ ਸੰਕਟ ਡੂੰਘਾ ਹੋਇਆ, ਉਦਯੋਗ ਉਮੀਦਾਂ ਅਨੁਸਾਰ ਨਹੀਂ ਵਧੇ, ਨੌਜਵਾਨਾਂ ਦਾ ਪਰਵਾਸ ਜਾਰੀ ਰਿਹਾ ਅਤੇ ਨਸ਼ਾ ਵਾਰ-ਵਾਰ ਰਾਜਨੀਤਕ ਬਹਿਸ ਦਾ ਕੇਂਦਰ ਬਣਿਆ। ਇਹ ਦਰਸਾਉਂਦਾ ਹੈ ਕਿ ਸਮੱਸਿਆ ਸਿਰਫ਼ ਕਿਸੇ ਇੱਕ ਸਰਕਾਰ ਦੀ ਕਾਰਗੁਜ਼ਾਰੀ ਵਿੱਚ ਨਹੀਂ, ਸਗੋਂ ਉਸ ਢਾਂਚੇ ਵਿੱਚ ਵੀ ਹੈ ਜਿਸ ਅੰਦਰ ਰਾਜਨੀਤੀ ਕੰਮ ਕਰ ਰਹੀ ਹੈ।

ਪੰਜਾਬ ਦਾ ਅਸਲ ਸੰਕਟ ਕਿਸੇ ਇੱਕ ਪਾਰਟੀ ਦੀ ਸੱਤਾ ਨਹੀਂ, ਸਗੋਂ ਲੰਬੀ ਮਿਆਦ ਵਾਲੀ ਨੀਤੀ ਦੀ ਕਮੀ ਹੈ। ਚੋਣਾਂ ਦੌਰਾਨ ਬੇਰੁਜ਼ਗਾਰੀ, ਨਸ਼ਾ, ਖੇਤੀ ਸੰਕਟ, ਪਰਵਾਸ, ਕਰਜ਼ਾ, ਉਦਯੋਗ ਅਤੇ ਸਿੱਖਿਆ ਹਰ ਪਾਰਟੀ ਦੇ ਏਜੰਡੇ ਦਾ ਹਿੱਸਾ ਬਣਦੇ ਹਨ, ਪਰ ਚੋਣਾਂ ਤੋਂ ਬਾਅਦ ਬਹਿਸ ਅਕਸਰ ਦੋਸ਼-ਪ੍ਰਤੀਦੋਸ਼ ਅਤੇ ਤੁਰੰਤ ਰਾਜਨੀਤਕ ਲਾਭ ਤੱਕ ਸੀਮਤ ਰਹਿ ਜਾਂਦੀ ਹੈ। ਇਸ ਨਾਲ ਰਾਜਨੀਤੀ ਦਾ ਕੇਂਦਰ 'ਨੀਤੀ' ਤੋਂ ਹਟ ਕੇ 'ਨੈਰੇਟਿਵ' ਯਾਨੀ ਬਿਰਤਾਂਤ ਬਣ ਜਾਂਦਾ ਹੈ।

ਪੰਜਾਬ ਦੀ ਆਰਥਿਕਤਾ ਇਸ ਸਿਆਸੀ ਬਹਿਸ ਦਾ ਕੇਂਦਰੀ ਵਿਸ਼ਾ ਹੋਣੀ ਚਾਹੀਦੀ ਹੈ। ਸਰਕਾਰੀ ਆਮਦਨ ਅਤੇ ਖ਼ਰਚ ਵਿਚਲਾ ਫ਼ਰਕ, ਕਰਜ਼ਾ, ਸਬਸਿਡੀਆਂ, ਖੇਤੀਬਾੜੀ 'ਤੇ ਨਿਰਭਰਤਾ ਅਤੇ ਉਦਯੋਗਿਕ ਨਿਵੇਸ਼ ਦੀ ਕਮੀ ਲੰਬੇ ਸਮੇਂ ਦੇ ਸਵਾਲ ਹਨ। ਪੰਜਾਬ ਨੂੰ ਵਿੱਤੀ ਤੌਰ 'ਤੇ ਮਜ਼ਬੂਤ ਕਰਨ ਲਈ ਇਹ ਸਪੱਸ਼ਟ ਕਰਨਾ ਪਵੇਗਾ ਕਿ ਆਮਦਨ ਕਿਵੇਂ ਵਧੇਗੀ, ਨਿਵੇਸ਼ ਕਿਵੇਂ ਆਵੇਗਾ, ਉਦਯੋਗ ਕਿਵੇਂ ਖੜ੍ਹੇ ਹੋਣਗੇ ਅਤੇ ਨੌਜਵਾਨਾਂ ਲਈ ਰੁਜ਼ਗਾਰ ਕਿਵੇਂ ਪੈਦਾ ਹੋਵੇਗਾ। ਸਿਰਫ਼ ਲੋਕ-ਲੁਭਾਉਣੇ ਐਲਾਨ ਲੰਬੇ ਸਮੇਂ ਦਾ ਆਰਥਿਕ ਹੱਲ ਨਹੀਂ ਬਣ ਸਕਦੇ।

ਨਸ਼ੇ ਦਾ ਮੁੱਦਾ ਵੀ ਸਿਰਫ਼ ਚੋਣ ਨਾਅਰਿਆਂ ਨਾਲ ਹੱਲ ਨਹੀਂ ਹੋ ਸਕਦਾ। ਇਹ ਕਾਨੂੰਨ-ਵਿਵਸਥਾ ਦੇ ਨਾਲ ਜਨ ਸਿਹਤ, ਸਿੱਖਿਆ, ਪਰਿਵਾਰ, ਰੁਜ਼ਗਾਰ ਅਤੇ ਪੁਨਰਵਾਸ ਨਾਲ ਜੁੜਿਆ ਹੋਇਆ ਹੈ। ਨਸ਼ੇ ਦੇ ਵਪਾਰ ਵਿਰੁੱਧ ਸਖ਼ਤੀ ਦੇ ਨਾਲ ਨੌਜਵਾਨਾਂ ਲਈ ਸਿੱਖਿਆ, ਹੁਨਰ ਅਤੇ ਰੁਜ਼ਗਾਰ ਦੇ ਮੌਕੇ ਵਧਾਉਣੇ ਵੀ ਜ਼ਰੂਰੀ ਹਨ।

ਇਸੇ ਤਰ੍ਹਾਂ ਪੰਜਾਬ ਦੀ ਖੇਤੀਬਾੜੀ ਨੂੰ ਸਿਰਫ਼ ਐੱਮਐੱਸਪੀ ਅਤੇ ਫ਼ਸਲਾਂ ਦੀ ਖ਼ਰੀਦ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਫ਼ਸਲੀ ਵਿਭਿੰਨਤਾ, ਪ੍ਰੋਸੈਸਿੰਗ ਉਦਯੋਗ, ਕੋਲਡ-ਚੇਨ, ਨਿਰਯਾਤ, ਖੇਤੀਬਾੜੀ ਖੋਜ ਅਤੇ ਪਾਣੀ ਦੀ ਸੰਭਾਲ ਨੂੰ ਇੱਕ ਵੱਡੀ ਖੇਤੀ ਨੀਤੀ ਦਾ ਹਿੱਸਾ ਬਣਾਉਣਾ ਪਵੇਗਾ। ਜੇ ਪਾਣੀ ਅਤੇ ਮਿੱਟੀ ਦੀ ਸੰਭਾਲ ਨੂੰ ਅਣਡਿੱਠਾ ਕੀਤਾ ਗਿਆ ਤਾਂ ਕਿਸਾਨੀ ਸੰਕਟ ਭਵਿੱਖ ਵਿੱਚ ਹੋਰ ਗੰਭੀਰ ਹੋ ਸਕਦਾ ਹੈ।

ਪੰਜਾਬ ਵਿੱਚ ਚੋਣ ਵਿਹਾਰ ਸਿਰਫ਼ ਵਿਕਾਸ ਨਾਲ ਤੈਅ ਨਹੀਂ ਹੁੰਦਾ। ਧਾਰਮਿਕ ਭਾਵਨਾਵਾਂ, ਪੰਥਕ ਮੁੱਦੇ, ਜਾਤੀ ਸਮੀਕਰਨ, ਡੇਰਿਆਂ ਦਾ ਪ੍ਰਭਾਵ, ਖੇਤਰੀ ਸੰਤੁਲਨ ਅਤੇ ਸਥਾਨਕ ਸਮਾਜਿਕ ਬਣਤਰ ਵੀ ਵੋਟਿੰਗ ਨੂੰ ਪ੍ਰਭਾਵਿਤ ਕਰਦੇ ਹਨ। ਇਹ ਲੋਕਤੰਤਰ ਦਾ ਹਿੱਸਾ ਹਨ, ਪਰ ਜਦੋਂ ਪਛਾਣ ਦੀ ਰਾਜਨੀਤੀ ਨੀਤੀ-ਆਧਾਰਿਤ ਬਹਿਸ ਦੀ ਥਾਂ ਲੈ ਲੈਂਦੀ ਹੈ ਤਾਂ ਸ਼ਾਸਨ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ।

ਕੇਂਦਰ-ਰਾਜ ਸਬੰਧ ਵੀ ਪੰਜਾਬ ਦੀ ਰਾਜਨੀਤੀ ਦਾ ਮਹੱਤਵਪੂਰਨ ਪੱਖ ਹਨ। ਚੰਡੀਗੜ੍ਹ, ਦਰਿਆਈ ਪਾਣੀਆਂ, ਖੇਤੀਬਾੜੀ ਨੀਤੀ, ਸਰਹੱਦੀ ਸੁਰੱਖਿਆ ਅਤੇ ਵਿੱਤੀ ਹਿੱਸੇਦਾਰੀ ਵਰਗੇ ਮੁੱਦੇ ਸਮੇਂ-ਸਮੇਂ 'ਤੇ ਉੱਭਰਦੇ ਰਹੇ ਹਨ। ਇਨ੍ਹਾਂ ਦੇ ਟਿਕਾਊ ਹੱਲ ਲਈ ਸੰਵਿਧਾਨਕ ਪ੍ਰਕਿਰਿਆ, ਸੰਵਾਦ ਅਤੇ ਸਹਿਯੋਗੀ ਸੰਘਵਾਦ ਦੀ ਲੋੜ ਹੈ। ਲਗਾਤਾਰ ਟਕਰਾਅ ਵੀ ਹੱਲ ਨਹੀਂ ਅਤੇ ਹਰ ਮਾਮਲੇ ਵਿੱਚ ਬਿਨਾਂ ਸਵਾਲ ਕੀਤੇ ਸਮਝੌਤਾ ਕਰਨਾ ਵੀ ਨਹੀਂ।

ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਪੰਜਾਬ ਦੀ ਰਾਜਨੀਤੀ ਲਈ ਇੱਕ ਮਹੱਤਵਪੂਰਨ ਮੋੜ ਹੋ ਸਕਦੀਆਂ ਹਨ। ਇਸ ਵੇਲੇ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਕਿਹੜੀ ਪਾਰਟੀ ਜਿੱਤੇਗੀ। ਅਸਲ ਸਵਾਲ ਇਹ ਹੋਵੇਗਾ ਕਿ ਵੋਟਰ ਕਿਹੜੇ ਮੁੱਦਿਆਂ ਨੂੰ ਸਭ ਤੋਂ ਵੱਧ ਤਰਜੀਹ ਦਿੰਦਾ ਹੈ। ਕੀ ਰੁਜ਼ਗਾਰ ਅਤੇ ਆਰਥਿਕਤਾ ਚੋਣ ਦਾ ਕੇਂਦਰ ਬਣੇਗੀ ? ਕੀ ਖੇਤੀਬਾੜੀ ਅਤੇ ਪਾਣੀ ਦਾ ਮੁੱਦਾ ਵੱਡੀ ਭੂਮਿਕਾ ਨਿਭਾਏਗਾ ? ਕੀ ਪੰਥਕ ਅਤੇ ਪਛਾਣ-ਆਧਾਰਿਤ ਰਾਜਨੀਤੀ ਮੁੜ ਕੇਂਦਰ ਵਿੱਚ ਆਵੇਗੀ ? ਜਾਂ ਵੋਟਰ ਸਰਕਾਰ ਦੀ ਕਾਰਗੁਜ਼ਾਰੀ ਨੂੰ ਸਭ ਤੋਂ ਵੱਡੀ ਕਸੌਟੀ ਬਣਾਏਗਾ ?

ਸ਼ਾਇਦ ਪੰਜਾਬ ਨੂੰ ਅੱਜ ਨਵੇਂ ਨਾਅਰਿਆਂ ਨਾਲੋਂ ਵੱਧ ਨਵੇਂ ਰਾਜਨੀਤਕ ਢਾਂਚੇ ਅਤੇ ਨਵੀਂ ਰਾਜਨੀਤਕ ਸੋਚ ਦੀ ਲੋੜ ਹੈ। ਅਜਿਹੀ ਸੋਚ ਜੋ ਪੰਜ ਸਾਲਾਂ ਦੀ ਚੋਣ ਮਿਆਦ ਤੋਂ ਅੱਗੇ ਦੇਖ ਸਕੇ, 20-25 ਸਾਲਾਂ ਦੀ ਯੋਜਨਾ ਬਣਾ ਸਕੇ ਅਤੇ ਨੌਜਵਾਨਾਂ ਨੂੰ ਸਿਰਫ਼ ਵੋਟਰ ਨਹੀਂ, ਸਗੋਂ ਵਿਕਾਸ ਦੇ ਭਾਗੀਦਾਰ ਵਜੋਂ ਵੇਖੇ। ਖੇਤੀ, ਉਦਯੋਗ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਵਾਤਾਵਰਨ ਨੂੰ ਇੱਕ ਸਾਂਝੇ ਵਿਕਾਸ ਮਾਡਲ ਵਜੋਂ ਦੇਖਣ ਦੀ ਲੋੜ ਹੈ।

ਲੋਕਤੰਤਰ ਵਿੱਚ ਸਰਕਾਰਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਸੰਸਥਾਵਾਂ, ਨੀਤੀਆਂ ਅਤੇ ਜਨ-ਭਰੋਸਾ ਲੰਬੇ ਸਮੇਂ ਤੱਕ ਰਹਿੰਦੇ ਹਨ। ਪੰਜਾਬ ਦੀ ਅਸਲ ਤਾਕਤ ਕਿਸੇ ਇੱਕ ਪਾਰਟੀ ਦੀ ਜਿੱਤ ਵਿੱਚ ਨਹੀਂ, ਸਗੋਂ ਅਜਿਹੀ ਰਾਜਨੀਤਕ ਪਰੰਪਰਾ ਦੇ ਨਿਰਮਾਣ ਵਿੱਚ ਹੈ ਜੋ ਜਵਾਬਦੇਹੀ ਨੂੰ ਮਜ਼ਬੂਤ ਕਰੇ ਅਤੇ ਵਿਕਾਸ ਨੂੰ ਚੋਣ ਨਾਅਰੇ ਦੀ ਥਾਂ ਸ਼ਾਸਨ ਦਾ ਕੇਂਦਰ ਬਣਾਏ। ਅਖ਼ਿਰਕਾਰ, ਪੰਜਾਬ ਦੀ ਰਾਜਨੀਤੀ ਦਾ ਅਸਲ ਸਵਾਲ ਇਹ ਨਹੀਂ ਕਿ ਅਗਲੀ ਸਰਕਾਰ ਕੌਣ ਬਣਾਏਗਾ ? ਅਸਲ ਸਵਾਲ ਇਹ ਹੈ ਕਿ ਅਗਲਾ ਦਹਾਕਾ ਪੰਜਾਬ ਨੂੰ ਕਿਹੜੀ ਦਿਸ਼ਾ ਵਿੱਚ ਲੈ ਕੇ ਜਾਵੇਗਾ। ਜੇ ਰਾਜਨੀਤੀ ਚੋਣ ਜਿੱਤਣ ਦੀ ਕਲਾ ਤੋਂ ਅੱਗੇ ਵਧ ਕੇ ਨੀਤੀ, ਜਵਾਬਦੇਹੀ ਅਤੇ ਜਨ-ਭਰੋਸੇ ਨੂੰ ਆਪਣੀ ਤਾਕਤ ਬਣਾਉਂਦੀ ਹੈ ਤਾਂ ਪੰਜਾਬ ਇੱਕ ਨਵੇਂ ਆਰਥਿਕ ਅਤੇ ਸਮਾਜਿਕ ਦੌਰ ਵਿੱਚ ਦਾਖਲ ਹੋ ਸਕਦਾ ਹੈ। ਨਹੀਂ ਤਾਂ ਸੱਤਾ ਬਦਲਦੀ ਰਹੇਗੀ, ਪਰ ਲੋਕਾਂ ਦੇ ਮੁੱਢਲੇ ਸਵਾਲ ਉੱਥੇ ਹੀ ਖੜ੍ਹੇ ਰਹਿਣਗੇ ਅਤੇ ਰਾਜ ਦੀਆਂ ਢਾਂਚਾਗਤ ਸਮੱਸਿਆਵਾਂ ਆਪਣਾ ਰੂਪ ਬਦਲ ਕੇ ਮੁੜ ਸਾਹਮਣੇ ਆਉਂਦੀਆਂ ਰਹਿਣਗੀਆਂ।

# ਪਹਾੜ ਮਦਦ ਦੀ ਗੁਹਾਰ ਨਹੀਂ ਲਗਾ ਰਹੇ, ਉਹ ਸਾਡੇ ਲਈ ਰੋ ਰਹੇ ਹਨ!





ਪਹਾੜਾਂ ਨੂੰ ਢਹਿੰਦੇ ਹੋਏ ਦੇਖਣ ’ਚ ਕੁਝ ਬਹੁਤ ਹੀ ਹੈਰਾਨ ਕਰਨ ਵਾਲਾ ਹੈ। ਬਹੁਤ ਸਾਰੇ ਲੋਕਾਂ ਲਈ ਪਹਾੜ ਇਕ ਸੁੰਦਰ ਭੂ-ਦ੍ਰਿਸ਼ ਹੈ, ਇਕ ਅਜਿਹੀ ਜਗ੍ਹਾ, ਜਿੱਥੇ ਉਹ ਭੱਜ ਕੇ ਆ ਸਕਦੇ ਹਨ, ਤਾਜ਼ੀ ਹਵਾ ’ਚ ਸਾਹ ਲੈ ਸਕਦੇ ਹਨ, ਤਸਵੀਰਾਂ ਖਿੱਚ ਸਕਦੇ ਹਨ ਅਤੇ ਸ਼ਹਿਰਾਂ ਦੇ ਸ਼ੋਰ-ਸ਼ਰਾਬੇ ਤੋਂ ਦੂਰ, ਕੁਝ ਸ਼ਾਂਤੀਪੂਰਨ ਦਿਨ ਬਿਤਾ ਸਕਦੇ ਹਨ। ਸਾਡੇ ’ਚੋਂ ਜੋ ਪਹਾੜਾਂ ਤੋਂ ਆਉਂਦੇ ਹਨ, ਉਨ੍ਹਾਂ ਲਈ ਇਹ ਬਿਲਕੁਲ ਅੱਲਗ ਹੈ। ਇਹ ਸਾਡਾ ਘਰ ਹੈ। ਮੈਂ ਹਿਮਾਚਲ ਪ੍ਰਦੇਸ਼ ਤੋਂ ਆਉਂਦੀ ਹਾਂ। ਮੇਰੀਆਂ ਜੜ੍ਹਾਂ ਚੰਬਾ ’ਚ ਹਨ, ਇਕ ਅਜਿਹੀ ਜਗ੍ਹਾ, ਜਿੱਥੇ ਪਹਾੜ ਪਿਛੋਕੜ ’ਚ ਮਾਤਰ ਇਕ ਦ੍ਰਿਸ਼ ਨਹੀਂ ਹਨ, ਉਹ ਸਾਡੇ ਜੀਵਨ, ਸਾਡੀਆਂ ਯਾਦਾਂ ਅਤੇ ਸਾਡੀ ਪਛਾਣ ਦਾ ਹਿੱਸਾ ਹਨ। ਅਸੀਂ ਉਨ੍ਹਾਂ ਘੁਮਾਅਦਾਰ ਸੜਕਾਂ, ਉਨ੍ਹਾਂ ਖੜ੍ਹੀਆਂ ਘਾਟੀਆਂ, ਉਨ੍ਹਾਂ ਨਦੀਆਂ ਅਤੇ ਉਨ੍ਹਾਂ ਵਿਸ਼ਾਲ ਢਲਾਨਾਂ ਦੇ ਨਾਲ ਵੱਡੇ ਹੋਏ ਹਾਂ, ਜੋ ਇਕ ਹੀ ਸਮੇਂ ’ਚ ਵਿਸ਼ਾਲ ਅਤੇ ਭਿਆਨਕ ਦੋਵੇਂ ਲੱਗ ਸਕਦੀਆਂ ਹਨ। ਅਤੇ ਇਸ ਲਈ, ਜਦੋਂ ਮੈਂ ਹਿਮਾਲੀਆਈ ਖੇਤਰ ’ਚ ਇਕ ਹੋਰ ਤ੍ਰਾਸਦੀ ਵਾਪਰਦੇ ਦੇਖਦੀ ਹਾਂ, ਤਾਂ ਮੇਰੇ ਲਈ ਇਸ ਨੂੰ ਸਿਰਫ਼ ਇਕ ਹੋਰ ਸਮਾਚਾਰ ਦੇ ਰੂਪ ’ਚ ਦੇਖਣਾ ਅਸੰਭਵ ਹੋ ਜਾਂਦਾ ਹੈ।

ਪਿਛਲੇ ਸਾਲ, ਮੇਰੇ ਆਪਣੇ ਜੱਦੀ ਸ਼ਹਿਰ ਚੰਬਾ ’ਚ ਮੋਹਲੇਧਾਰ ਬਾਰਿਸ਼ ਦੇ ਕਹਿਰ ’ਚ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ। ਹਰ ਮੌਤ ਦੇ ਪਿੱਛੇ ਇਕ ਪਰਿਵਾਰ ਸੀ। ਕਿਸੇ ਦਾ ਪਤੀ। ਕਿਸੇ ਦੀ ਪਤਨੀ। ਕਿਸੇ ਦਾ ਬੱਚਾ। ਕਿਸੇ ਦੇ ਮਾਤਾ-ਪਿਤਾ। ਕੋਈ ਅਜਿਹਾ ਵਿਅਕਤੀ, ਜੋ ਇਕ ਹੋਰ ਆਮ ਦਿਨ ਦੀ ਉਮੀਦ ’ਚ ਸੌਣ ਗਿਆ ਸੀ ਅਤੇ ਕਦੇ ਉਸ ਦਿਨ ’ਚ ਜਾਗ ਨਹੀਂ ਸਕਿਆ। ਆਫ਼ਤਾਂ ਦੀ ਗੱਲ ਕਰਦੇ ਸਮੇਂ ਇਹ ਉਹ ਹਿੱਸਾ ਹੈ ਜਿਸ ਨੂੰ ਅਸੀਂ ਅਕਸਰ ਭੁੱਲ ਜਾਂਦੇ ਹਾਂ।ਅਸੀਂ ਅੰਕਾਂ ਦੀ ਗੱਲ ਕਰਦੇ ਹਾਂ ਪਰ ਜਦੋਂ ਇਹ ਤੁਹਾਡਾ ਆਪਣਾ ਪਰਿਵਾਰ ਹੁੰਦਾ ਹੈ, ਤਾਂ ਉਹ ਕੋਈ ਅੰਕ ਨਹੀਂ ਹੁੰਦਾ ਅਤੇ ਸ਼ਾਇਦ ਇਹੀ ਕਾਰਨ ਹੈ ਕਿ ਨੇਪਾਲ ਦੀ ਤ੍ਰਾਸਦੀ ਨੂੰ ਹਿਮਾਲੀਆਈ ਖੇਤਰ ਦੀ ਹਰ ਸਰਕਾਰ ਨੂੰ ਬਹੁਤ ਅਸਹਿਜ ਕਰ ਦੇਣਾ ਚਾਹੀਦਾ ਹੈ ਕਿਉਂਕਿ ਉੱਥੇ ਜੋ ਹੋ ਰਿਹਾ ਹੈ ਉਹ ਸਿਰਫ ਨੇਪਾਲ ਦੀ ਸਮੱਸਿਆ ਨਹੀਂ ਹੈ।



ਇਹ ਸਾਡੇ ਸਾਰਿਆਂ ਲਈ ਇਕ ਚਿਤਾਵਨੀ ਹੈ। ਹਿਮਾਲਿਆ ’ਤੇ ਭਾਰੀ ਦਬਾਅ ਹੈ। ਹਰ ਸਾਲ ਮਾਨਸੂਨ ਉਹੀ ਭਿਆਨਕ ਦ੍ਰਿਸ਼ ਲੈ ਕੇ ਆਉਂਦਾ ਹੈ-ਸੜਕਾਂ ਨੂੰ ਨਿਗਲਦੀਆਂ ਢਿੱਗਾਂ, ਪੁਲਾਂ ਅਤੇ ਘਰਾਂ ਨੂੰ ਵਹਾਅ ਕੇ ਲੈ ਜਾਂਦੀਆਂ ਠਾਠਾਂ ਮਾਰਦੀਆਂ ਨਦੀਆਂ, ਟਨਾਂ ਮਲਬੇ ਦੇ ਹੇਠਾਂ ਦੱਬੇ ਵਾਹਨ, ਫਸੇ ਹੋਏ ਸੈਲਾਨੀ ਅਤੇ ਦੇਸ਼ ਦੇ ਬਾਕੀ ਹਿੱਸਿਆਂ ਤੋਂ ਕੱਟੇ ਹੋਏ ਪਿੰਡ।

ਫਿਰ ਉਹੀ ਜਾਣੀ-ਪਛਾਣੀ ਪ੍ਰਤੀਕਿਰਿਆ ਆਉਂਦੀ ਹੈ। ਬਚਾਅ ਦਲ ਭੇਜੇ ਜਾਂਦੇ ਹਨ। ਸਿਰ ਦੇ ਉੱਪਰ ਹੈਲੀਕਾਪਟਰ ਉੱਡਦੇ ਹਨ। ਮੰਤਰੀ ਚਿੰਤਾ ਪ੍ਰਗਟ ਕਰਦੇ ਹਨ। ਮੁਆਵਜ਼ੇ ਦਾ ਐਲਾਨ ਕੀਤਾ ਜਾਂਦਾ ਹੈ। ਸੜਕਾਂ ਦੀ ਮੁਰੰਮਤ ਦਾ ਵਾਅਦਾ ਕੀਤਾ ਜਾਂਦਾ ਹੈ ਅਤੇ ਅੰਤ ’ਚ ਸੁਰਖੀਆਂ ਗਾਇਬ ਹੋ ਜਾਂਦੀਆਂ ਹਨ ਪਰ ਪਹਾੜ ਨਹੀਂ ਭੁੱਲਦੇ। ਪਰਿਵਾਰ ਨਹੀਂ ਭੁੱਲਦੇ ਅਤੇ ਅਗਲਾ ਮਾਨਸੂਨ ਆ ਜਾਂਦਾ ਹੈ। ਸਾਨੂੰ ਆਪਣੇ ਆਪ ਤੋਂ ਇਕ ਬਹੁਤ ਹੀ ਅਸਹਿਜ ਕਰਨ ਵਾਲਾ ਸਵਾਲ ਪੁੱਛਣਾ ਹੋਵੇਗਾ-ਇਸ ’ਚੋਂ ਅਸਲ ’ਚ ਕਿੰਨੀ ਕੁਦਰਤੀ ਆਫ਼ਤ ਹੈ ਅਤੇ ਕਿੰਨੀ ਅਸੀਂ ਖੁਦ ਪੈਦਾ ਕਰ ਰਹੇ ਹਾਂ?

ਇਸ ’ਚ ਕੋਈ ਸ਼ੱਕ ਨਹੀਂ ਕਿ ਸਿਖਲਰਾ ਮੌਸਮ ਹੋਰ ਅਪ੍ਰਤੱਖ ਹੁੰਦਾ ਜਾ ਰਿਹਾ ਹੈ ਅਤੇ ਜਲਵਾਯੂ ਤਬਦੀਲੀ ਨਾਜ਼ੁਕ ਪਰਬਤੀ ਵਾਤਾਵਰਣ ਪ੍ਰਣਾਲੀ ’ਤੇ ਵਾਧੂ ਦਬਾਅ ਪਾ ਰਹੀ ਹੈ ਪਰ ਅਸੀਂ ਕੁਝ ਬਹੁਤ ਹੀ ਖਤਰਨਾਕ ਵੀ ਕਰ ਰਹੇ ਹਾਂ। ਅਸੀਂ ਅਜਿਹੇ ਨਿਰਮਾਣ ਕਰ ਰਹੇ ਹਾਂ ਮੰਨੋ ਪਹਾੜ ਮੈਦਾਨ ਹੋਣ। ਅਸੀਂ ਹੋਟਲਾਂ ਨੂੰ ਅਜਿਹੀ ਮਨਜ਼ੂਰੀ ਦਿੰਦੇ ਹਾਂ ਮੰਨੋ ਜ਼ਮੀਨ ਕਦੇ ਹਿੱਲੇਗੀ ਹੀ ਨਹੀਂ। ਅਸੀਂ ਨਦੀਆਂ ਅਤੇ ਨਾਲਿਆਂ ਦੇ ਬਹੁਤ ਕਰੀਬ ਇਮਾਰਤਾਂ ਬਣਨ ਦਿੰਦੇ ਹਾਂ। ਅਸੀਂ ਗ਼ੈਰ-ਕਾਨੂੰਨੀ ਨਿਰਮਾਣ ਦੇਖਦੇ ਹਾਂ ਅਤੇ ਕਦੇ-ਕਦੇ ਅਣਦੇਖਾ ਕਰ ਦਿੰਦੇ ਹਾਂ। ਅਸੀਂ ਹਾਈਵੇਅ ਬਣਾਉਣ ਲਈ ਪਹਾੜਾਂ ਨੂੰ ਕੱਟਦੇ ਹਾਂ, ਅਕਸਰ ਜਲ ਨਿਕਾਸੀ, ਢਲਾਨ ਦੀ ਸਥਿਰਤਾ ਅਤੇ ਭੂ-ਭਾਗ ਦੇ ਭੂ-ਵਿਗਿਆਨਕ ਸਰੂਪ ’ਤੇ ਲੋੜੀਂਦੇ ਵਿਚਾਰ ਕੀਤੇ ਬਿਨਾਂ।

ਅਸੀਂ ਬੰਨ੍ਹ, ਸੁਰੰਗਾਂ ਅਤੇ ਸੜਕਾਂ ਬਣਾਉਂਦੇ ਹਾਂ ਕਿਉਂਕਿ ਉਹ ਨਿਵੇਸ਼, ਬਿਜਲੀ, ਕਨੈਕਟੀਵਿਟੀ ਅਤੇ ਨੌਕਰੀਆਂ ਲਿਆਉਂਦੇ ਹਨ। ਇਹ ਸਾਰੀਆਂ ਚੀਜ਼ਾਂ ਮਹੱਤਵਪੂਰਨ ਹਨ ਪਰ ਸਵਾਲ ਇਹ ਨਹੀਂ ਹੈ ਕਿ ਕੀ ਪਹਾੜ ਵਿਕਾਸ ਦੇ ਹੱਕਦਾਰ ਹਨ? ਬੇਸ਼ੱਕ ਉਹ ਹਨ। ਸਵਾਲ ਇਹ ਹੈ ਕਿ ਪਹਾੜ ਕਿਸ ਤਰ੍ਹਾਂ ਦੇ ਵਿਕਾਸ ਦੇ ਸੁਰੱਖਿਅਤ ਰੂਪ ਨੂੰ ਸਹਿੰਦੇ ਹਨ? ਵਿਕਾਸ ਅਤੇ ਅੰਨ੍ਹੇਵਾਹ ਨਿਰਮਾਣ ’ਚ ਜ਼ਮੀਨ-ਆਸਮਾਨ ਦਾ ਫਰਕ ਹੈ।

ਸੜਕ ਜ਼ਰੂਰੀ ਹੈ ਪਰ ਕੀ ਇਸ ਨੂੰ ਪਹਾੜ ਨੂੰ ਸਭ ਤੋਂ ਵਿਨਾਸ਼ਕਾਰੀ ਤਰੀਕੇ ਨਾਲ ਕੱਟ ਕੇ ਹੀ ਬਣਾਉਣਾ ਹੋਵੇਗਾ? ਇਕ ਹੋਟਲ ਰੁਜ਼ਗਾਰ ਪ੍ਰਦਾਨ ਕਰਦਾ ਹੈ ਪਰ ਕੀ ਉਸ ਨੂੰ ਕਿਸੇ ਕਮਜ਼ੋਰ ਢਲਾਨ ’ਤੇ ਜਾਂ ਨਦੀ ਦੇ ਖ਼ਤਰਨਾਕ ਰੂਪ ਨਾਲ ਨੇੜੇ ਖੜ੍ਹਾ ਕਰਨਾ ਜ਼ਰੂਰੀ ਹੈ? ਬਿਜਲੀ ਜ਼ਰੂਰੀ ਹੈ ਪਰ ਕੀ ਹਰ ਘਾਟੀ ਨੂੰ ਕਿਸੇ ਹੋਰ ਪ੍ਰਾਜੈਕਟ ਲਈ ਇਕ ਸੁਵਿਧਾਜਨਕ ਸਥਾਨ ਮੰਨਿਆ ਜਾ ਸਕਦਾ ਹੈ? ਇਹ ਵਿਕਾਸ ਵਿਰੋਧੀ ਸਵਾਲ ਨਹੀਂ ਹਨ। ਇਹ ਆਮ ਸਮਝ ਦੇ ਸਵਾਲ ਹਨ। ਬਦਕਿਸਮਤੀ ਨਾਲ, ਜਦੋਂ ਭਾਰੀ ਮਾਤਰਾ ’ਚ ਪੈਸਾ ਸ਼ਾਮਲ ਹੁੰਦਾ ਹੈ, ਤਾਂ ਆਮ ਸਮਝ ਗਾਇਬ ਹੁੰਦੀ ਦਿਖਾਈ ਦਿੰਦੀ ਹੈ। ਸਰਕਾਰਾਂ ਸੁਭਾਵਿਕ ਤੌਰ ’ਤੇ ਨਿਵੇਸ਼ ਚਾਹੁੰਦੀਆਂ ਹਨ। ਕਾਰੋਬਾਰ ਮੁਨਾਫ਼ਾ ਚਾਹੁੰਦੇ ਹਨ।

**ਦੇਵੀ ਚੇਰੀਅਨ**

ਸੈਲਾਨੀ ਬਿਹਤਰ ਸੜਕਾਂ ਅਤੇ ਵੱਧ ਰਿਹਾਇਸ਼ ਚਾਹੁੰਦੇ ਹਨ। ਰਾਜਨੇਤਾ ਅਜਿਹੇ ਵਿਕਾਸ ਪ੍ਰਾਜੈਕਟ ਚਾਹੁੰਦੇ ਹਨ ਜਿਨ੍ਹਾਂ ਨੂੰ ਉਹ ਦਿਖਾ ਸਕਣ ਪਰ ਜੋ ਲੋਕ ਉੱਥੇ ਰਹਿੰਦੇ ਹਨ, ਉਨ੍ਹਾਂ ਨੂੰ ਇਸ ਦੇ ਨਤੀਜਿਆਂ ਦੇ ਨਾਲ ਜਿਊਣਾ ਪੈਂਦਾ ਹੈ। ਮੌਸਮ ਖ਼ਰਾਬ ਹੋਣ ’ਤੇ ਇਕ ਸੈਲਾਨੀ ਹਿੱਲ ਸਟੇਸ਼ਨ ਛੱਡ ਕੇ ਜਾ ਸਕਦਾ ਹੈ। ਇਕ ਸਥਾਨਕ ਪਰਿਵਾਰ ਨਹੀਂ ਜਾ ਸਕਦਾ। ਸੜਕ ਟੁੱਟਣ ’ਤੇ ਸੈਲਾਨੀ ਘਰ ਪਰਤ ਸਕਦਾ ਹੈ। ਇਕ ਦੁਕਾਨਦਾਰ, ਜਿਸਦਾ ਕਾਰੋਬਾਰ ਤਬਾਹ ਹੋ ਗਿਆ ਹੈ, ਉਹ ਬਸ ਆਪਣਾ ਸਾਮਾਨ ਸਮੇਟ ਕੇ ਕਿਤੇ ਹੋਰ ਨਹੀਂ ਜਾ ਸਕਦਾ। ਇਕ ਠੇਕੇਦਾਰ ਪ੍ਰਾਜੈਕਟ ਪੂਰਾ ਕਰਕੇ ਦੂਜੀ ਜਗ੍ਹਾ ਜਾ ਸਕਦਾ ਹੈ, ਪਰਬਤੀ ਭਾਈਚਾਰਾ ਪਿੱਛੇ ਹੀ ਰਹਿੰਦਾ ਹੈ। ਇਹੀ ਕਾਰਨ ਹੈ ਕਿ ਸਥਾਨਕ ਲੋਕਾਂ ਦੀ ਆਵਾਜ਼ ਦਾ ਮਹੱਤਵ ਮੌਜੂਦਾ ਦੀ ਤੁਲਨਾ ’ਚ ਕਿਤੇ ਵੱਧ ਹੋਣਾ ਚਾਹੀਦਾ ਹੈ।

ਕਿਸੇ ਵੱਡੇ ਹੋਟਲ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ, ਕਿਸੇ ਪਹਾੜ ਨੂੰ ਕੱਟ ਕੇ ਹਾਈਵੇਅ ਬਣਾਉਣ ਤੋਂ ਪਹਿਲਾਂ, ਕਿਸੇ ਹੋਰ ਬੰਨ੍ਹ ਜਾਂ ਸੁਰੰਗ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ, ਸਰਕਾਰਾਂ ਨੂੰ ਇਕ ਸਿੱਧਾ ਸਵਾਲ ਪੁੱਛਣਾ ਹੋਵੇਗਾ-ਕੀ ਇਹ ਪਹਾੜ ਅਸਲ ’ਚ ਇਸ ਨੂੰ ਝੱਲ ਸਕਦਾ ਹੈ? ਅਤੇ ਉਨ੍ਹਾਂ ਨੂੰ ਇਸਦਾ ਜਵਾਬ ਸੁਤੰਤਰ ਭੂ-ਵਿਗਿਆਨੀਆਂ, ਵਾਤਾਵਰਣ ਮਾਹਿਰਾਂ ਅਤੇ ਸਭ ਤੋਂ ਮਹੱਤਵਪੂਰਨ, ਉਨ੍ਹਾਂ ਲੋਕਾਂ ਤੋਂ ਚਾਹੀਦਾ ਹੈ ਜੋ ਪੀੜ੍ਹੀਆਂ ਤੋਂ ਉੱਥੇ ਰਹਿ ਰਹੇ ਹਨ, ਨਾ ਕਿ ਸਿਰਫ ਉਨ੍ਹਾਂ ਲੋਕਾਂ ਤੋਂ, ਜਿਨ੍ਹਾਂ ਦਾ ਕੰਮ ਪ੍ਰਾਜੈਕਟ ਨੂੰ ਮਨਜ਼ੂਰੀ ਦਿਵਾਉਣਾ ਹੈ। ਵਾਤਾਵਰਣਕ ਮਨਜ਼ੂਰੀਆਂ ਸਿਰਫ ਕਾਗਜ਼ੀ ਕਸਰਤ ਨਹੀਂ ਬਣਨੀਆਂ ਚਾਹੀਦੀਆਂ। ਭਵਨ ਨਿਰਮਾਣ ਦੇ ਨਿਯਮ ਸਿਰਫ ਸਰਕਾਰੀ ਫਾਈਲਾਂ ’ਚ ਨਹੀਂ ਹੋਣੇ ਚਾਹੀਦੇ।

ਤ੍ਰਾਸਦੀ ਇਹ ਹੈ ਕਿ ਅਸੀਂ ਉਸੇ ਚੀਜ਼ ਨੂੰ ਨਸ਼ਟ ਕਰ ਰਹੇ ਹਾਂ, ਜੋ ਲੋਕਾਂ ਨੂੰ ਪਹਿਲੀ ਵਾਰ ’ਚ ਪਹਾੜਾਂ ਵੱਲ ਆਕਰਸ਼ਿਤ ਕਰਦੀ ਹੈ। ਲੋਕ ਹਿਮਾਚਲ ’ਚ ਇਸ ਦੇ ਜੰਗਲਾਂ, ਨਦੀਆਂ, ਸਾਫ਼ ਹਵਾ, ਘਾਟੀਆਂ ਅਤੇ ਸੁੰਦਰ ਦ੍ਰਿਸ਼ਾਂ ਲਈ ਆਉਂਦੇ ਹਨ। ਫਿਰ ਅਸੀਂ ਜੰਗਲਾਂ ਦੇ ਉੱਪਰ ਨਿਰਮਾਣ ਕਰਦੇ ਹਾਂ, ਸੜਕਾਂ ਨੂੰ ਆਵਾਜਾਈ ਨਾਲ ਜਾਮ ਕਰ ਦਿੰਦੇ ਹਾਂ, ਨਦੀਆਂ ’ਚ ਕਚਰਾ ਸੁੱਟਦੇ ਹਾਂ, ਢਲਾਨਾਂ ਨੂੰ ਕੰਕਰੀਟ ਨਾਲ ਢੱਕ ਦਿੰਦੇ ਹਾਂ ਅਤੇ ਸੋਚਦੇ ਹਾਂ ਕਿ ਪਹਾੜ ਅਸਥਿਰ ਕਿਉਂ ਹੋ ਰਹੇ ਹਨ। ਅਸੀਂ ਸੈਲਾਨੀ ਨੂੰ ਅਸਲ ’ਚ ਕੀ ਵੇਚ ਰਹੇ ਹਾਂ? ਬਿਨਾਂ ਪਹਾੜ ਦੇ ਇਕ ਪਹਾੜੀ ਛੁੱਟੀ? ਸਾਨੂੰ ਤਰੱਕੀ ਦੀ ਆਪਣੀ ਪਰਿਭਾਸ਼ਾ ’ਤੇ ਮੁੜ ਵਿਚਾਰ ਕਰਨ ਦੀ ਲੋੜ ਹੈ।

ਇਕ ਗੁਆਏ ਹੋਏ ਜੀਵਨ ਦਾ ਮੁੜ-ਨਿਰਮਾਣ ਕਿਸੇ ਸੜਕ ਦੀ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਕਿਸੇ ਪਰਿਵਾਰ ਨੂੰ ਮੁਆਵਜ਼ੇ ਦੇ ਚੈੱਕ ਨਾਲ ਦੁਬਾਰਾ ਨਹੀਂ ਵਸਾਇਆ ਜਾ ਸਕਦਾ। ਬੱਚੇ ਨੂੰ ਗੁਆਚੇ ਮਾਤਾ-ਪਿਤਾ ਵਾਪਸ ਨਹੀਂ ਮਿਲ ਜਾਂਦੇ ਕਿਉਂਕਿ ਸਰਕਾਰ ਨੇ ਰਾਹਤ ਦਾ ਐਲਾਨ ਕੀਤਾ ਹੈ। ਇਹੀ ਕਾਰਨ ਹੈ ਕਿ ਨੇਪਾਲ ਨੂੰ ਇਕ ਸਬਕ ਹੋਣਾ ਚਾਹੀਦਾ ਹੈ ਅਤੇ ਅਜਿਹਾ ਹੀ ਸਬਕ ਹਿਮਾਚਲ, ਉੱਤਰਾਖੰਡ ਅਤੇ ਹੋਰ ਹਿਮਾਲੀਆਈ ਖੇਤਰਾਂ ਦੀ ਹਰ ਤ੍ਰਾਸਦੀ ਨੂੰ ਵੀ ਹੋਣਾ ਚਾਹੀਦਾ ਹੈ। ਅਸੀਂ ਅਗਲੇ ਬੱਦਲ ਫਟਣ, ਅਗਲੀ ਢਿੱਗ ਡਿੱਗਣ, ਅਗਲੀ ਸੜਕ ਧੱਸਣ, ਅਗਲੇ ਪਿੰਡ ਦੇ ਵਹਿ ਜਾਣ ਦੀ ਉਡੀਕ ਨਹੀਂ ਕਰ ਸਕਦੇ। ਲੋਕਾਂ ਦੇ ਮਰਨ ਤੋਂ ਬਾਅਦ ਅਸੀਂ ਆਪਣੀਆਂ ਗ਼ਲਤੀਆਂ ਦੀ ਖੋਜ ਜਾਰੀ ਨਹੀਂ ਰੱਖ ਸਕਦੇ।

ਹਿਮਾਲਿਆ ਲੱਖਾਂ ਸਾਲਾਂ ਤੋਂ ਜੀਵਿਤ ਹੈ। ਉਸ ਨੂੰ ਸਾਨੂੰ ਬਚਾਉਣ ਦੀ ਲੋੜ ਨਹੀਂ ਹੈ। ਸਾਨੂੰ ਉਸ ਦੇ ਨਾਲ ਰਹਿਣਾ ਸਿੱਖਣ ਦੀ ਲੋੜ ਹੈ। ਇਸਦੇ ਲਈ ਸਰਕਾਰਾਂ ਨੂੰ ਕਦੇ-ਕਦੇ ਉਨ੍ਹਾਂ ਪ੍ਰਾਜੈਕਟਾਂ ਨੂੰ ‘ਨਾਂਹ’ ਕਹਿਣ ਦੀ ਲੋੜ ਹੈ ਜੋ ਪੈਸੇ ਅਤੇ ਨੌਕਰੀਆਂ ਦਾ ਵਾਅਦਾ ਕਰਦੇ ਹਨ ਪਰ ਅਸਵੀਕਾਰਯੋਗ ਖ਼ਤਰਾ ਲਿਆਉਂਦੇ ਹਨ।

## ਹਿਮਾਲਿਆਈ ਆਫ਼ਤ

ਨੇਪਾਲ ਵਿੱਚ ਅਚਾਨਕ ਆਏ ਹੜ੍ਹਾਂ ਕਾਰਨ ਹੋਈ ਤਬਾਹੀ ਨੇ ਹਿਮਾਲਿਆ ਖੇਤਰ ਵਿੱਚ ਵਧਦੇ ਜਲਵਾਯੂ ਜੋਖ਼ਮਾਂ ਅਤੇ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਦੀਆਂ ਤਿਆਰੀਆਂ ’ਚ ਗੰਭੀਰ ਖਾਮੀਆਂ ਨੂੰ ਉਜਾਗਰ ਕੀਤਾ ਹੈ। ਇਨ੍ਹਾਂ ਹੜ੍ਹਾਂ ਕਾਰਨ ਮਰਨ ਵਾਲੇ ਸਥਾਨਕ ਲੋਕਾਂ ਅਤੇ ਸੈਲਾਨੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਕਈ ਜ਼ਿਲ੍ਹਿਆਂ ਵਿੱਚ ਤਾਂ ਬੁਨਿਆਦੀ ਢਾਂਚਾ ਵੀ ਪਾਣੀ ਵਿੱਚ ਰੁੜ੍ਹ ਗਿਆ ਹੈ। ਇਹ ਆਫ਼ਤ ਦੱਖਣੀ ਏਸ਼ੀਆ ਅਤੇ ਇਸ ਤੋਂ ਅਗਾਂਹ ਤੱਕ ਇਕ ਗੰਭੀਰ ਚਿਤਾਵਨੀ ਹੈ। ਮੁੱਢਲੇ ਅਨੁਮਾਨਾਂ ਤੋਂ ਇਹ ਪਰਲੋ ਆਉਣ ਦਾ ਕਾਰਨ ਬਰਫ ਦੀਆਂ ਚਟਾਨਾਂ ਖਿਸਕਣਾ ਮੰਨਿਆ ਜਾ ਰਿਹਾ ਹੈ ਜਿਸ ਨੇ \2ਭੋਤੇਕੋਸ਼ੀ\2 ਨਦੀ ਦੀ ਸਹਾਇਕ ਨਦੀ \2ਲਹੇਂਦੇ\2 ਨੂੰ ਜਾਮ ਕਰ ਦਿੱਤਾ ਅਤੇ ਮਲਬਾ ਰੂਪੀ ਹੜ੍ਹ ਤੇਜ਼ੀ ਨਾਲ ਹੇਠਾਂ ਵੱਲ ਵਹਿ ਤੁਰਿਆ। ਭਾਵੇਂ ਇਹ ਹੜ੍ਹ ਗਲੇਸ਼ੀਅਰ ਦੇ ਪਿਘਲਣ ਜਾਂ ਪਹਾੜ ਖਿਸਕਣ ਕਾਰਨ ਆਏ ਹੋਣ ਪਰ ਅਹਿਮ ਤੱਥ ਇਹ ਹੈ ਕਿ ਨੇਪਾਲ ਦੇ ਪਹਾੜ ਤੇਜ਼ੀ ਨਾਲ ਖ਼ਤਰਨਾਕ ਹੁੰਦੇ ਜਾ ਰਹੇ ਹਨ।ਨੇਪਾਲ ਹਜ਼ਾਰਾਂ ਗਲੇਸ਼ੀਅਰਾਂ ਅਤੇ ਗਲੇਸ਼ੀਅਰ ਝੀਲਾਂ ਦਾ ਘਰ ਹੈ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਸੰਭਾਵੀ ਤੌਰ ’ਤੇ ਖ਼ਤਰਨਾਕ ਮੰਨਿਆ ਜਾ ਰਿਹਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਵਧਦੇ ਤਾਪਮਾਨ ਕਾਰਨ ਗਲੇਸ਼ੀਅਰ ਝੀਲਾਂ ਤੇਜ਼ੀ ਨਾਲ ਪਿਘਲਣ ਲੱਗੀਆਂ ਹਨ ਜਿਸ ਕਾਰਨ ਬਰਫਬਾਰੀ ਅਤੇ ਮੀਂਹ ਪੈਣ ਦਾ ਪੈਟਰਨ ਬਦਲ ਰਿਹਾ ਹੈ ਅਤੇ ਅਜਿਹੇ ਮੌਸਮ ਵਿੱਚ ਢਲਾਣਾਂ ਅਸਥਿਰ ਹੋ ਗਈਆਂ ਹਨ। ਖ਼ੈਰ, ਜਲਵਾਯੂ ਪਰਿਵਰਤਨ ਹਿਮਾਲਿਆ ਵਿੱਚ ਆਉਣ ਵਾਲੀ ਹਰ ਕੁਦਰਤੀ ਆਫ਼ਤ ਦਾ ਕਾਰਨ ਨਹੀਂ ਹੋ ਸਕਦਾ ਪਰ ਇਹ ਅਜਿਹੇ ਹਾਲਾਤ ਪੈਦਾ ਕਰ ਸਕਦਾ ਹੈ ਜਿਸ ਨਾਲ ਕੁਦਰਤੀ ਆਫ਼ਤਾਂ ਵਧ ਸਕਦੀਆਂ ਹਨ ਅਤੇ ਨੁਕਸਾਨ ਦਾ ਦਾਇਰਾ ਵਸੀਹ ਹੋ ਸਕਦਾ ਹੈ। ਇਸ ਲਈ ਹਾਲ ਹੀ ਵਿੱਚ ਆਈ ਕੁਦਰਤੀ ਆਫ਼ਤ ਨੂੰ ਵਿਆਪਕ ਅਤੇ ਤੇਜ਼ੀ ਨਾਲ ਵਧਦੇ ਖੇਤਰੀ ਰੁਝਾਨ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਅਜਿਹੇ ਵਿੱਚ ਸਭ ਤੋਂ ਪਹਿਲਾਂ ਅਗਾਊਂ ਚਿਤਾਵਨੀ ਪ੍ਰਣਾਲੀ ਸਿਸਟਮ ਨੂੰ ਮਜ਼ਬੂਤ ਕਰਨਾ ਪਵੇਗਾ। ਅਜਿਹੀ ਕੁਦਰਤੀ ਆਫ਼ਤ ਆਉਣ ਤੋਂ ਘੰਟਿਆਂ ਜਾਂ ਮਿੰਟਾਂ ਪਹਿਲਾਂ ਮਿਲੀ ਚਿਤਾਵਨੀ ਜੀਵਨ ਅਤੇ ਮੌਤ ਦੇ ਵਿਚਕਾਰ ਅਹਿਮ ਕੜੀ ਸਾਬਤ ਹੋ ਸਕਦੀ ਹੈ।

ਹਾਲਾਂਕਿ ਸਰਹੱਦ ਪਾਰ ਸਹਿਯੋਗ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਨਦੀਆਂ ਸਿਆਸੀ ਹੱਦਾਂ ਦਾ ਸਨਮਾਨ ਨਹੀਂ ਕਰਦੀਆਂ। ਇਸ ਲਈ ਨੇਪਾਲ ਅਤੇ ਚੀਨ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਪਹਾੜ ਖਿਸਕਣ, ਗਲੇਸ਼ੀਅਰ ਝੀਲਾਂ ਪਿਘਲਣ ਤੇ ਬਰਫ ਦੇ ਤੋਦੇ ਡਿੱਗਣ ਅਤੇ ਅਸਾਧਾਰਨ ਦਰਿਆਈ ਵਿਹਾਰ ਬਾਰੇ ਜਾਣਕਾਰੀ ਦਾ ਆਦਾਨ-ਪ੍ਰਦਾਨ ਛੇਤੀ ਅਤੇ ਖ਼ੁਦ ਕੀਤਾ ਜਾਵੇ। ਇਹ ਗੁਆਂਢੀ ਮੁਲਕਾਂ ਦੇ ਸਮੂਹ ਤੱਟਵਰਤੀ ਰਾਜਾਂ ਲਈ ਆਦਰਸ਼ ਹੋਣਾ ਚਾਹੀਦਾ ਹੈ। ਭਾਰਤ, ਜਿਸਨੇ 2013 ਵਿੱਚ ਕੇਦਾਰਨਾਥ ਦੀ ਭਿਆਨਕ ਤਰਾਸਦੀ ਆਪਣੇ ਪਿੰਡੇ ’ਤੇ ਹੰਢਾਈ ਹੈ, ਇਸ ਮਾਮਲੇ ਵਿੱਚ ਲਾਪਰਵਾਹੀ ਨਹੀਂ ਵਰਤ ਸਕਦਾ। ਤਕਨੀਕ ਤੇ ਜਲਵਾਯੂ ਪੱਖੀ ਬੁਨਿਆਦੀ ਢਾਂਚੇ ਅਤੇ ਭਾਈਚਾਰਕ ਭਾਗੀਦਾਰੀ ’ਤੇ ਵਧੇਰੇ ਜ਼ੋਰ ਦੇਣ ਨਾਲ ਐਮਰਜੈਂਸੀ ਹਾਲਾਤ ’ਚ ਨਜਿੱਠਣ ਲਈ ਕਾਫੀ ਸੁਧਾਰ ਕੀਤਾ ਜਾ ਸਕਦਾ ਹੈ। ਅਜਿਹੀ ਹਾਲਤ ਵਿੱਚ ਕੁਦਰਤੀ ਆਫ਼ਤ ਦੇ ਨੁਕਸਾਨ ਦਾ ਦਾਇਰਾ ਅਤੇ ਜਾਨੀ ਨੁਕਸਾਨ ਘਟਾਇਆ ਜਾ ਸਕਦਾ ਹੈ, ਉਦਾਹਰਣ ਵਜੋਂ ਜਪਾਨ ਨੇ ਵਾਰ-ਵਾਰ ਇਹ ਕਰਕੇ ਦਿਖਾਇਆ ਹੈ।

# ਆਜ਼ਾਦੀ ਦੇ ਸੰਵਿਧਾਨਕ ਨਿਆਂ ਤੋਂ ਅੱਜ ਵੀ ਸੱਖਣੇ ਨੇ ਵਿਮੁਕਤ ਤੇ ਘੁਮੰਤੂ ਕਬੀਲੇ

ਸਾਡੇ ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਹਰ ਨਾਗਰਿਕ ਲਈ 'ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ' ਦਾ ਪਵਿੱਤਰ ਵਾਅਦਾ ਕੀਤਾ ਗਿਆ ਹੈ। ਸੰਵਿਧਾਨ ਦੀ 42ਵੀਂ ਸੋਧ (1976) ਰਾਹੀਂ ਇਸ ਦੀ ਪ੍ਰਸਤਾਵਨਾ ਵਿੱਚ 'ਸਮਾਜਵਾਦੀ' ਸ਼ਬਦ ਜੋੜਿਆ ਗਿਆ ਸੀ। ਭਾਰਤੀ ਨਿਆਂਪਾਲਿਕਾ ਦੀ ਵਿਆਖਿਆ ਅਨੁਸਾਰ ਸਾਡੇ 'ਜਮਹੂਰੀ ਸਮਾਜਵਾਦ' ਦਾ ਮਤਲਬ ਹਰ ਕਿਸਮ ਦੇ ਸ਼ੋਸ਼ਣ ਤੋਂ ਮੁਕਤੀ, ਗ਼ਰੀਬੀ, ਅਗਿਆਨਤਾ, ਬਿਮਾਰੀਆਂ ਅਤੇ ਮੌਕਿਆਂ ਦੀ ਅਸਮਾਨਤਾ ਦਾ ਖ਼ਤਮ ਹੋਣਾ ਹੈ। ਸੰਵਿਧਾਨਕ ਆਰਥਿਕ ਤੇ ਸਮਾਜਿਕ ਨਿਆਂ ਦਾ ਮੁੱਖ ਮਕਸਦ ਇਹ ਹੈ ਕਿ ਅਮੀਰੀ ਤੇ ਗਰੀਬੀ ਦੇ ਪਾੜੇ ਨੂੰ ਮਿਟਾ ਕੇ ਆਰਥਿਕ ਤੇ ਸਮਾਜਿਕ ਅਸਮਾਨਤਾਵਾਂ ਨੂੰ ਘਟਾਉਣ ਦੇ ਇਮਾਨਦਾਰ ਯਤਨ ਕੀਤੇ ਜਾਣ ਤਾਂ ਜੋ ਹਰ ਨਾਗਰਿਕ ਨੂੰ ਤਰੱਕੀ ਤੇ ਵਿਕਾਸ ਦੇ ਬਰਾਬਰ ਮੌਕੇ ਮਿਲ ਸਕਣ।

ਪਰ ਅਫ਼ਸੋਸ ਦੀ ਗੱਲ ਹੈ ਕਿ ਆਜ਼ਾਦੀ ਦੇ ਅੱਠ ਦਹਾਕਿਆਂ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਦੇਸ਼ ਦੇ ਵਿਮੁਕਤ ਅਤੇ ਘੁਮੰਤੂ ਕਬੀਲੇ ਇਸ ਸੰਵਿਧਾਨਕ ਨਿਆਂ, ਸਮਾਜਵਾਦੀ ਭਾਵਨਾ ਅਤੇ ਮੌਲਿਕ ਹੱਕਾਂ ਤੋਂ ਵਾਂਝੇ ਹਨ। ਜੇਕਰ 'ਇਦਾਤੇ' ਕਮਿਸ਼ਨ (2018) ਦੀ ਰਿਪੋਰਟ 'ਤੇ ਨਜ਼ਰ ਮਾਰੀਏ ਤਾਂ ਦੇਸ਼ ਵਿੱਚ ਇਨ੍ਹਾਂ ਕਬੀਲਿਆਂ ਦੀਆਂ ਸਿਰਫ਼ 33-34 ਫ਼ੀਸਦੀ ਔਰਤਾਂ ਹੀ ਸਿੱਖਿਅਤ ਹਨ। ਇਨ੍ਹਾਂ ਦੇ ਹੱਕਾਂ ਦੀ ਪ੍ਰਾਪਤੀ ਵਿੱਚ ਦੇਰੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਉੱਚੇ ਸੰਵਿਧਾਨਕ ਜਾਂ ਪ੍ਰਸ਼ਾਸਕੀ ਅਹੁਦਿਆਂ 'ਤੇ ਇਨ੍ਹਾਂ ਦੀ ਆਵਾਜ਼ ਉਠਾਉਣ ਵਾਲਾ ਕੋਈ ਆਪਣਾ ਨੁਮਾਇੰਦਾ ਨਾ ਹੋਣ ਕਾਰਨ ਇਸ ਸਮਾਜ ਨੂੰ ਅਫ਼ਸਰਸ਼ਾਹੀ ਦੀ ਅਣਦੇਖੀ, ਉਦਾਸੀਨਤਾ ਅਤੇ ਰਾਜਨੀਤਿਕ ਬੇਰੁਖ਼ੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਨ੍ਹਾਂ ਦੀਆਂ ਮੰਗਾਂ ਅਤੇ ਹੱਕਾਂ ਨਾਲ ਜੁੜੇ ਦਸਤਾਵੇਜ਼ਾਂ ਨੂੰ ਸਰਕਾਰੀ ਦਫ਼ਤਰਾਂ ਦੀਆਂ ਮੇਜ਼ਾਂ ਹੇਠ ਦਬਾ ਕੇ ਰੱਖ ਦਿੱਤਾ ਜਾਂਦਾ ਹੈ।



ਜੇਕਰ ਅਸੀਂ ਇਤਿਹਾਸ ਦੇ ਪੰਨੇ ਫਰੋਲੀਏ ਤਾਂ ਦੇਸ਼ ਦੇ ਇਹ ਕਬੀਲੇ ਇਤਿਹਾਸਕ ਤੌਰ 'ਤੇ ਰਾਜਪੂਤ ਵੰਸ਼ ਨਾਲ ਸਬੰਧਿਤ ਸਨ। ਸੋਲ੍ਹਵੀਂ ਸਦੀ ਵਿੱਚ ਮੁਗ਼ਲ ਹਮਲਿਆਂ ਦੌਰਾਨ ਮੇਵਾੜ ਆਦਿ ਖੇਤਰਾਂ ਤੋਂ ਹਿਜਰਤ ਕਰਕੇ ਇਹ ਪੰਜਾਬ ਅਤੇ ਨਾਲ ਲਗਦੇ ਇਲਾਕਿਆਂ ਵਿੱਚ ਆ ਵਸੇ ਸਨ। ਜਦੋਂ ਅੰਗਰੇਜ਼ ਹਕੂਮਤ ਨੇ ਭਾਰਤ 'ਤੇ ਕਬਜ਼ਾ ਕੀਤਾ ਤਾਂ ਇਨ੍ਹਾਂ ਕਬੀਲਿਆਂ ਦੇ ਪੁਰਖਿਆਂ ਨੇ ਗ਼ੁਲਾਮੀ ਸਵੀਕਾਰ ਕਰਨ ਦੀ ਬਜਾਏ ਅੰਗਰੇਜ਼ਾਂ ਵਿਰੁੱਧ ਮੋਹਰੀ ਹੋ ਕੇ ਬਗ਼ਾਵਤ ਕੀਤੀ। ਇਸੇ ਰੰਜਿਸ਼ ਤਹਿਤ ਅੰਗਰੇਜ਼ੀ ਹਕੂਮਤ ਨੇ 1872 ਵਿੱਚ ਇੱਕ ਕਾਲਾ ਕਾਨੂੰਨ 'ਕ੍ਰਿਮੀਨਲ ਟ੍ਰਾਈਬਜ਼ ਐਕਟ' ਲਾਗੂ ਕਰਕੇ ਇਨ੍ਹਾਂ ਕਬੀਲਿਆਂ ਦੇ ਪੂਰੇ ਸਮਾਜ ਨੂੰ ਜਨਮ-ਜਾਤ ਅਪਰਾਧੀ ਘੋਸ਼ਿਤ ਕਰ ਦਿੱਤਾ ਸੀ।

ਆਜ਼ਾਦੀ ਤੋਂ ਬਾਅਦ 31 ਅਗਸਤ 1952 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਸਰਕਾਰ ਨੇ ਇਸ ਕਾਲੇ ਕਾਨੂੰਨ ਨੂੰ ਰੱਦ ਕਰਕੇ ਇਨ੍ਹਾਂ ਨੂੰ 'ਵਿਮੁਕਤ ਜਾਤੀਆਂ' ਦਾ ਦਰਜਾ ਤਾਂ ਦੇ ਦਿੱਤਾ ਸੀ ਪਰ ਜੋ ਅਨੁਸੂਚਿਤ ਕਬੀਲੇ ਦੇ ਸੰਵਿਧਾਨਕ ਹੱਕ ਇਨ੍ਹਾਂ ਨੂੰ ਮਿਲਣੇ ਚਾਹੀਦੇ ਸਨ, ਉਹ ਅੱਜ ਤੱਕ ਨਹੀਂ ਮਿਲ ਸਕੇ। ਭਾਵੇਂ ਅਨੇਕਾਂ ਕਮਿਸ਼ਨਾਂ ਨੇ ਆਪਣੀਆਂ ਸਿਫ਼ਾਰਸ਼ਾਂ ਇਨ੍ਹਾਂ ਕਬੀਲਿਆਂ ਦੇ ਹੱਕ ਵਿੱਚ ਦਿੱਤੀਆਂ ਹਨ ਤੇ ਇਨ੍ਹਾਂ ਦੀ ਇਹ ਮੰਗ ਕੋਈ ਗ਼ੈਰ-ਸੰਵਿਧਾਨਕ ਵੀ ਨਹੀਂ ਹੈ। ਦੇਸ਼ ਦੀਆਂ ਅਦਾਲਤਾਂ ਨੇ ਵੀ ਇਨ੍ਹਾਂ ਦੀ ਮੰਗ ਦੀ ਤਾਈਦ ਕੀਤੀ ਹੈ।

ਸਾਲ 1982 ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਅਜੀਤ ਸਿੰਘ ਬੈਂਸ ਨੇ ਸਿਵਲ ਰਿਟ ਪਟੀਸ਼ਨ ਨੰਬਰ 132/1975 (ਬੂਟਾ ਸਿੰਘ ਅਤੇ ਹੋਰ ਬਨਾਮ ਪੰਜਾਬ ਰਾਜ) ਵਿੱਚ ਸਪੱਸ਼ਟ ਅਤੇ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਆਖਿਆ ਸੀ ਕਿ ਇਨ੍ਹਾਂ ਵਿਮੁਕਤ ਜਾਤੀਆਂ ਨੂੰ ਅਨੁਸੂਚਿਤ ਜਾਤੀਆਂ ਦੀ ਸੂਚੀ ਵਿੱਚ ਗ਼ਲਤ ਸ਼ਾਮਲ ਕੀਤਾ ਗਿਆ ਹੈ ਕਿਉਂਕਿ ਇਹ ਮੂਲ ਰੂਪ ਵਿੱਚ ਕਬੀਲੇ ਹਨ। ਅਦਾਲਤ ਨੇ ਕਿਹਾ ਸੀ ਕਿ ਭਾਰਤ ਸਰਕਾਰ ਇਨ੍ਹਾਂ ਨੂੰ ਐੱਸ ਸੀ ਸੂਚੀ ਵਿੱਚੋਂ ਕੱਢ ਕੇ ਅਨੁਸੂਚਿਤ ਕਬੀਲੇ ਦੀ ਸੂਚੀ ਵਿੱਚ ਸ਼ਾਮਲ ਕਰਨ 'ਤੇ ਤੁਰੰਤ ਵਿਚਾਰ ਕਰੇ। ਹਾਈ ਕੋਰਟ ਦੇ ਇਨ੍ਹਾਂ ਹੁਕਮਾਂ ਤੋਂ ਬਾਅਦ

**ਬੂਟਾ ਰਾਮ ਧਨੌਲਾ**

ਪੰਜਾਬ ਸਰਕਾਰ ਵੱਲੋਂ ਵੀ ਕੇਂਦਰ ਸਰਕਾਰ ਨਾਲ ਲਗਾਤਾਰ ਪੱਤਰ-ਵਿਹਾਰ ਕੀਤਾ ਗਿਆ। ਸਾਲ 1979, 1996, 2005 ਅਤੇ 2010 ਦੇ ਸਰਕਾਰੀ ਪੱਤਰਾਂ ਰਾਹੀਂ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਅਤੇ ਜਨਜਾਤੀ ਮਾਮਲਿਆਂ ਦੇ ਮੰਤਰਾਲੇ ਨੂੰ ਲਿਖ਼ਤੀ ਸਿਫ਼ਾਰਸ਼ਾਂ ਭੇਜੀਆਂ ਗਈਆਂ ਸਨ ਕਿ ਇਨ੍ਹਾਂ ਕਬੀਲਿਆਂ ਨੂੰ ਪੰਜਾਬ ਵਿੱਚ ਐੱਸ ਟੀ ਘੋਸ਼ਿਤ ਕੀਤਾ ਜਾਵੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਏਥਨੋਗ੍ਰਾਫਿਕ ਸਟੱਡੀ ਕੀ ਕਹਿੰਦੀ ਹੈ: ਭਾਰਤ ਸਰਕਾਰ ਦੇ ਨਿਰਦੇਸ਼ਾਂ 'ਤੇ ਹੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਮਾਜ-ਵਿਗਿਆਨ ਵਿਭਾਗ ਵੱਲੋਂ ਇੱਕ ਵਿਗਿਆਨਕ ਏਥਨੋਗ੍ਰਾਫਿਕ ਸਟੱਡੀ ਕਰਵਾਈ ਗਈ ਸੀ। ਇਸ ਰਿਪੋਰਟ ਵਿੱਚ ਠੋਸ ਸਬੂਤਾਂ ਸਮੇਤ ਇਹ ਸਿੱਧ ਹੋਇਆ ਕਿ ਇਹ ਕਬੀਲੇ ਆਪਣੇ ਰਹਿਣ-ਸਹਿਣ, ਖਾਣ-ਪੀਣ, ਸੱਭਿਆਚਾਰਕ ਅਤੇ ਨਸਲੀ ਲੱਛਣਾਂ ਕਰਕੇ ਐੱਸ ਟੀ ਸ਼੍ਰੇਣੀ ਦੀਆਂ ਸਾਰੀਆਂ ਕਸੌਟੀਆਂ 'ਤੇ ਪੂਰੇ ਉਤਰਦੇ ਹਨ। ਕੇਂਦਰ ਸਰਕਾਰ ਵੱਲੋਂ ਗਠਿਤ ਕੀਤੇ ਗਏ ਉੱਚ-ਪੱਧਰੀ ਰਾਸ਼ਟਰੀ ਕਮਿਸ਼ਨਾਂ ਨੇ ਵੀ ਇਨ੍ਹਾਂ ਦੀ ਇਸ ਜਾਇਜ਼ ਮੰਗ 'ਤੇ ਮੋਹਰ ਲਗਾਈ ਹੈ। ਬਾਲਕ੍ਰਿਸ਼ਨ \2ਰੇਣਕੇ\2 ਦੀ ਅਗਵਾਈ ਹੇਠ ਬਣੇ ਰਾਸ਼ਟਰੀ ਕਮਿਸ਼ਨ (2005) ਨੇ ਸਿਫ਼ਾਰਸ਼ ਕੀਤੀ ਸੀ ਕਿ ਦੇਸ਼ ਦੇ ਕਰੋੜਾਂ ਘੁਮੰਤੂ ਅਤੇ ਵਿਮੁਕਤ ਕਬੀਲਿਆਂ ਨੂੰ ਅਨੁਸੂਚਿਤ ਕਬੀਲੇ ਦੀ ਸੂਚੀ ਵਿੱਚ ਸ਼ਾਮਲ ਕਰਕੇ 10 ਫ਼ੀਸਦੀ ਵਿਸ਼ੇਸ਼ ਰਾਖਵਾਂਕਰਨ, ਆਵਾਸ, ਵਿੱਦਿਅਕ ਅਤੇ ਸਮਾਜਿਕ ਸੁਰੱਖਿਆ ਮੁਹੱਈਆ ਕਰਵਾਈ ਜਾਵੇ।

**ਇਦਾਤੇ ਕਮਿਸ਼ਨ (2018):** ਕੇਂਦਰ ਦੀ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਭੀਖੂ ਰਾਮਜੀ ਇਦਾਤੇ ਦੀ ਪ੍ਰਧਾਨਗੀ ਹੇਠ ਬਣੇ ਰਾਸ਼ਟਰੀ ਕਮਿਸ਼ਨ ਨੇ ਸਾਲ 2018 ਵਿੱਚ ਆਪਣੀ ਰਿਪੋਰਟ ਸੌਂਪਦਿਆਂ ਸਿਫ਼ਾਰਸ਼ ਕੀਤੀ ਸੀ ਕਿ ਜਿਹੜੇ ਵਿਮੁਕਤ ਅਤੇ ਘੁਮੰਤੂ ਕਬੀਲੇ ਅਜੇ ਤੱਕ ਸਹੀ ਸ਼੍ਰੇਣੀ ਵਿੱਚ ਸ਼ਾਮਲ ਨਹੀਂ ਹਨ, ਉਨ੍ਹਾਂ ਨੂੰ ਫ਼ੌਰੀ ਅਨੁਸੂਚਿਤ ਕਬੀਲੇ ਜਾਂ ਹੋਰ ਬਣਦੇ ਸੰਵਿਧਾਨਕ ਦਾਇਰੇ ਵਿੱਚ ਸ਼ਾਮਲ ਕਰਕੇ ਇਨਸਾਫ਼ ਦਿੱਤਾ ਜਾਵੇ। ਪਰ ਅਫ਼ਸੋਸ ਕਿ ਇਨ੍ਹਾਂ ਕਬੀਲਿਆਂ ਨੂੰ ਅਜੇ ਤੱਕ ਸੰਵਿਧਾਨਕ ਹੱਕ ਨਸੀਬ ਨਹੀਂ ਹੋਏ। ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਪ੍ਰਧਾਨ ਮੰਤਰੀ ਨੇ ਬਿਨਾਂ ਮੰਗੇ 2018 ਵਿੱਚ ਈ ਡਬਲਯੂ ਐੱਸ ਕੋਟਾ (ਆਰਥਿਕ ਤੌਰ 'ਤੇ ਕਮਜ਼ੋਰ ਵਰਗ ਲਈ ਕੋਟਾ) ਦੇਣ ਵਰਗੇ ਕਈ ਇਤਿਹਾਸਕ ਫ਼ੈਸਲੇ ਲੈ ਕੇ ਸਮਾਜ ਦੇ ਵੱਖ-ਵੱਖ ਹਿੱਸਿਆਂ ਨੂੰ ਬਣਦਾ ਹੱਕ ਦਿੱਤਾ ਹੈ ਪਰ ਇਹ ਵਿਮੁਕਤ ਕਬੀਲੇ ਅਜੇ ਤੱਕ ਕਿਸੇ ਵੀ ਸਰਕਾਰ ਦੀ ਨਜ਼ਰ ਵਿੱਚ ਨਹੀਂ ਆਏ। ਹੁਣ ਸਮਾਂ ਆ ਗਿਆ ਹੈ ਕਿ ਹੋਰ ਵਕਤ ਗੁਆਏ ਬਗ਼ੈਰ ਦੇਸ਼ ਦੇ ਕਰੋੜਾਂ ਵਿਮੁਕਤ ਕਬੀਲਿਆਂ ਦੇ ਲੋਕ ਆਪਣੇ ਸੰਵਿਧਾਨਕ ਹੱਕਾਂ ਲਈ ਜ਼ੋਰਦਾਰ ਸੰਘਰਸ਼ ਵਾਸਤੇ ਲਾਮਬੰਦ ਹੋਣ।







# ਜੀਜਾ ਜੁੜ ਜਾ ਮੰਜੀ ਦੇ ਨਾਲ...



ਵਿਆਹ ਮੁੰਡੇ ਦਾ ਹੋਵੇ ਜਾਂ ਕੁੜੀ ਦਾ, ਪਰ ਵਿਆਹ ਵਿੱਚ ਪਰਿਵਾਰ, ਸ਼ਰੀਕਾ ਕਬੀਲਾ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਸਭ ਰੁੱਝ ਜਾਂਦੇ ਹਨ। ਇਹ ਸਬੰਧ ਅਜਿਹੇ ਹੁੰਦੇ ਹਨ ਜਿਨ੍ਹਾਂ ਤੋਂ ਬਿਨਾਂ ਵਿਆਹ ਵਰਗਾ ਕਾਰਜ ਸਫਲ ਨਹੀਂ ਮੰਨਿਆ ਜਾਂਦਾ। ਕੰਮ ਕਰਨ ਵਾਲਿਆਂ ਦੀ ਕਮੀ ਨਹੀਂ ਹੁੰਦੀ, ਪਰ ਇਨ੍ਹਾਂ ਸਬੰਧੀਆਂ ਨੂੰ ਕੰਮਾਂ ਦੀ ਜ਼ਿੰਮੇਵਾਰੀ ਸੌਂਪਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਹ ਵਿਆਹ ਵਿੱਚ ਹਿੱਸਾ ਲੈਣ ਵਾਲੇ ਵਿਸ਼ੇਸ਼ ਵਿਅਕਤੀ ਹਨ। ਇਸ ਲਈ ਸਾਰੇ ਰਲ-ਮਿਲ ਕੇ ਕੰਮ ਕਰਦੇ ਹਨ। ਸ਼ਰੀਕੇ ਕਬੀਲੇ ਨੂੰ ਵੱਖਰਾ ਚਾਅ ਚੜ੍ਹਿਆ ਹੋਇਆ ਹੁੰਦਾ ਹੈ। ਆਂਢੀਆਂ ਗੁਆਂਢੀਆਂ ਨੂੰ ਵੱਖਰਾ ਚਾਅ। ਰਿਸ਼ਤੇਦਾਰਾਂ ਦੀ ਆਪਣੀ ਅੱਡ ਖ਼ੁਸ਼ੀ। ਕੋਈ ਨਵੇਂ ਕੱਪੜੇ ਲਿਆਉਂਦਾ ਹੈ ਅਤੇ ਕੋਈ ਨਵੀਆਂ ਜੁੱਤੀਆਂ। ਲਾੜੇ ਅਤੇ ਲਾੜੀ ਦੀ ਦੋਵੇਂ ਪਾਸਿਓਂ ਚਾਂਦੀ। ਦੋਵਾਂ ਨੂੰ ਘਰਦਿਆਂ ਤੋਂ ਵੀ ਕੱਪੜੇ, ਜੁੱਤੇ ਅਤੇ ਗਹਿਣੇ ਅਤੇ ਸਹੁਰਿਆਂ ਵੱਲੋਂ ਵੀ। ਦੋਵਾਂ ਦੇ ਨਾਨਕਿਆਂ ਵੱਲੋਂ ਵੀ ਇਹ ਸਮਾਨ ਅਤੇ ਭੂਆ ਵੱਲੋਂ ਵੀ। ਬਾਕੀ ਰਿਸ਼ਤੇਦਾਰ ਵੀ ਕੱਪੜਾ ਲੀੜਾ ਲਿਆਉਂਦੇ ਹਨ। ਇਨ੍ਹਾਂ ਸਾਰਿਆਂ ਦਾ ਆਪਣਾ ਆਪਣਾ ਹੱਕ ਲੈਣ ਅਤੇ ਦੇਣ ਦਾ ਹੁੰਦਾ ਹੈ। ਜ਼ਿਆਦਾ ਦੂਰ ਦੇ ਰਿਸ਼ਤੇਦਾਰ ਪੈਸੇ ਵੀ ਦਿੰਦੇ ਹਨ। ਇਸ ਸਭ ਕੁਝ ਨੂੰ ਦਿਖਾਉਣ ਲਈ ਵਿਹੜੇ ਵਿੱਚ ਮੰਜਾ ਡਾਹ ਕੇ ਵਿਖਾਲਾ ਪਾਇਆ ਜਾਂਦਾ ਹੈ। ਇਸ ਨੂੰ ਦਿਖਾਉਣ ਲਈ ਘਰ ਵਿੱਚ ਕੰਮ ਕਰਦੇ ਲਾਗੀ ਨੂੰ ਸਭ ਘਰਾਂ ਵਿੱਚ ਸੱਦਾ ਦੇਣ ਲਈ ਭੇਜਿਆ ਜਾਂਦਾ ਹੈ। ਨਾਨਕਿਆਂ ਦਾ ਤਾਂ ਵਿਆਹ ਹੀ ਅੱਧਾ ਮੰਨਿਆ ਜਾਂਦਾ ਹੈ। ਆਪਣੇ ਆਪਣੇ ਕੱਪੜੇ ਤੇ ਗਹਿਣੇ ਦਿਖਾਉਣ ਲਈ ਜ਼ਿੰਮੇਵਾਰ ਔਰਤਾਂ ਥਾਲੀ ਵਿੱਚ ਗਹਿਣੇ ਲੈ ਕੇ ਬੈਠਦੀਆਂ ਹਨ ਅਤੇ ਵਿਖਾਲੇ ਬਾਰੇ ਜਾਣਕਾਰੀ ਦਿੰਦੀਆਂ ਹਨ। ਦਿੱਤੇ ਜਾਣ ਵਾਲੇ ਸੂਟਾਂ ਨੂੰ ਮੋਮੀ ਕਾਗਜ਼ ਦੇ ਲਿਫ਼ਾਫ਼ਿਆਂ ਵਿੱਚ ਪਾਇਆ ਜਾਂਦਾ ਹੈ ਅਤੇ ਇਨ੍ਹਾਂ ਸੂਟਾਂ ਵਿੱਚ ਪਰਚੀਆਂ ਲਿਖ ਕੇ ਪਾਈਆਂ ਹੁੰਦੀਆਂ ਹਨ ਜਿਵੇਂ ਮਾਂ ਦਾ ਸੂਟ, ਭੈਣ ਦਾ ਸੂਟ, ਭੂਆ ਅਤੇ ਦਾਦੀ-ਮਾਸੀ ਅਤੇ ਹੋਰਾਂ ਦੇ ਸੂਟਾਂ ਤੋਂ ਬਿਨਾਂ ਲਾਗੀਆ ਦੇ ਸੂਟ। ਲਾੜੇ ਅਤੇ ਲਾੜੀ ਦੇ ਲਈ ਸੂਟ, ਗਹਿਣੇ ਅਤੇ ਜੁੱਤੀਆਂ ਆਦਿ ਵੀ। ਇਸ ਤਰ੍ਹਾਂ ਇਹ ਰਿਵਾਜ ਆਪਸੀ ਰਿਸ਼ਤਿਆਂ ਵੱਲ ਸੰਕੇਤ ਕਰਦੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣਾ ਸਭ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਇਨ੍ਹਾਂ ਦੇ ਨਾਲ ਹੀ ਗੀਤਾਂ ਅਤੇ ਸਿੱਠਣੀਆਂ ਦੇ ਨਾਲ ਨਾਲ ਇੱਕ ਦੂਜੇ ਨੂੰ ਮਖੌਲ ਕਰਨ ਅਤੇ ਹੱਸਣ ਖੇਡਣ ਦਾ ਸਿਲਸਿਲਾ ਇਸ ਲਈ ਸ਼ੁਰੂ ਕੀਤਾ ਜਾਂਦਾ ਹੈ ਕਿ ਸਾਰੇ ਪਾਸੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਨਜ਼ਰ ਆਉਣ। ਸਿੱਠਣੀਆਂ ਵਿੱਚ ਨਾਨਕੀਆਂ, ਦਾਦਕੀਆਂ, ਵਿਚੋਲਾ, ਲਾਗੀ, ਜਾਨੀ, ਮੁੰਡੇ ਦਾ ਪਿਓ, ਮੁੰਡੇ ਦੀ ਮਾਂ, ਭੈਣ, ਭੂਆ, ਮੁੰਡੇ ਦੀਆਂ ਸਾਲੀਆਂ ਅਤੇ ਘਰ ਦੇ ਵੱਡੇ ਪ੍ਰਾਹੁਣਿਆਂ ਉੱਤੇ ਸਭਨਾਂ 'ਤੇ ਬਾਣ ਚਲਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਵਿੰਨ੍ਹ ?ਆ ਜਾਂਦਾ ਹੈ। ਸਭ ਤੋਂ ਵੱਧ ਮਹੱਤਵਪੂਰਨ ਸ਼ਖ਼ਸੀਅਤ ਲਾੜਾ ਹੈ ਜਿਸ ਨੂੰ ਉਸ ਦੀਆਂ ਸਾਲੀਆਂ ਵੱਲੋਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਭਾਵੇਂ ਕੁੜੀ ਦੇ ਵਿਆਹ ਵਿੱਚ ਵੈਰਾਗਮਈ ਗੀਤ ਗਾਏ ਜਾਂਦੇ ਹਨ, ਪਰ ਇਸ ਦੇ ਨਾਲ ਨਾਲ ਲਾੜੇ ਨੂੰ ਸੁੱਕਾ ਨਹੀਂ ਛੱਡਦੀਆਂ। ਸਾਡੇ ਸੱਭਿਆਚਾਰ ਮੁਤਾਬਿਕ ਬਰਾਤ ਚੜ੍ਹਨ ਤੋਂ ਪਹਿਲਾਂ ਲਾੜਾ ਜੰਡੀ ਵੱਢਦਾ ਹੈ ਤਾਂ ਉਸ ਸਮੇਂ ਭਰਜਾਈ ਹੀ ਸਿੱਠਣੀ ਨਾਲ ਉਸ ਦਾ ਸਵਾਗਤ ਕਰਦੀ ਹੈ ਭਾਵ ਉਸ ਨੂੰ ਵਿਅੰਗ ਕਸਦੀ ਹੈ;

**ਜੰਡੀ ਦੇ ਚੁਫ਼ੇਰੇ ਲਾੜਾ ਘੁੰਮਿਆ**
**ਤੇਰੇ ਗਲ ਵਿੱਚ ਪੈ ਗਈ ਬੇੜ**
**ਵੇ ਅਕਲ ਦਿਆ ਸੁੰਨਿਆ।**

ਇਹ ਸਿੱਠਣੀ ਉਦੋਂ ਦਿੱਤੀ ਜਾਂਦੀ ਹੈ ਜਦੋਂ ਲਾੜਾ ਸੱਤ ਵਾਰ ਜੰਡੀ ਦੁਆਲੇ ਚੱਕਰ ਕੱਟਦਾ ਹੈ ਅਤੇ ਸੱਤ ਵਾਰ ਹੀ ਜੰਡੀ 'ਤੇ ਸਫਾਜੰਗ (ਤਲਵਾਰ) ਨਾਲ ਟੱਕ ਲਾਉਂਦਾ ਹੈ। ਜਦੋਂ ਲਾੜਾ ਬਰਾਤ ਨਾਲ ਢੁੱਕਦਾ ਹੈ ਤਾਂ ਹਿੰਦੂ ਰੀਤੀ ਰਿਵਾਜਾਂ ਅਨੁਸਾਰ ਫੇਰਿਆਂ ਦੀ ਰਸਮ ਬੇਦੀ (ਕੇਲਿਆਂ ਦੇ ਦਰਖੱਤ ਨੂੰ ਵੱਢ ਕੇ ਉਸ ਨੂੰ ਚਾਰੇ ਪਾਸੇ ਲਾਉਣਾ) ਦੇ ਵਿਚਕਾਰ ਹੁੰਦੀ ਹੈ। ਇਸ ਰਸਮ ਨੂੰ ਨਿਭਾਉਣ ਸਮੇਂ ਲਾੜੇ ਅਤੇ ਲਾੜੀ ਦੋਵਾਂ ਨੂੰ ਹੀ ਨੀਵੇਂ ਹੋ ਕੇ ਤੁਰਨਾ ਪੈਂਦਾ ਹੈ। ਫੇਰਿਆਂ ਦੇ ਸਮੇਂ ਵੀ ਲਾੜੇ ਨੂੰ ਸਿੱਠਣੀਆਂ ਦੇਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ;

**ਬੇਦੀ ਲੰਮੀ ਐ ਬਥੇਰੀ ਵੇ**
**ਕੋਢਾ ਕੋਢਾ ਕਿਉਂ ਵੇ ਫਿਰੇਂ ?**
**ਘਰ ਭੈਣ ਵਛੇਰੀ ਵੇ**
**ਕੋਢਾ ਕੋਢਾ ਕਿਉਂ ਵੇ ਫਿਰੇਂ।**
**ਬੇਦੀ ਲੰਮੀ ਐ ਬਥੇਰੀ ਵੇ**
**ਕੋਢਾ ਕੋਢਾ ਕਿਉਂ ਵੇ ਫਿਰੇਂ ?**
**ਘਰ ਬੇਬੇ ਵਛੇਰੀ ਵੇ**
**ਕੋਢਾ ਕੋਢਾ ਕਿਉਂ ਵੇ ਫਿਰੇਂ ?**

ਇਸ ਤਰ੍ਹਾਂ ਲਾੜੇ ਦੀ ਭੈਣ, ਮਾਂ ਅਤੇ ਭੂਆ ਨਾਲ ਜੋੜ ਕੇ ਅਜਿਹੀਆਂ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਸਿੱਠਣੀਆਂ ਦੇਣ ਵੇਲੇ ਸ਼ਬਦਾਂ ਦੀ ਚੋਣ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ। ਸ਼ਬਦਾਂ ਦਾ ਆਪਸੀ ਮੇਲ ਬਣਾ ਕੇ ਹੀ ਸਿੱਠਣੀ ਜੋੜੀ ਜਾਂਦੀ ਹੈ। ਮਾਂ, ਭੈਣ ਅਤੇ ਭੂਆ ਨਾਲ ਸਬੰਧ ਜੋੜ ਕੇ ਗੀਤ ਗਾਉਣ ਦਾ ਮੁੱਖ ਮੰਤਵ ਉਨ੍ਹਾਂ ਨੂੰ ਕੱਚਾ ਕਰਨਾ ਜਾਂ ਬੇਸ਼ਰਮ ਕਰਨਾ ਹੁੰਦਾ ਹੈ। ਲਾੜੇ ਦੇ ਇਨ੍ਹਾਂ ਪ੍ਰਮੁੱਖ ਰਿਸ਼ਤਿਆਂ ਨੂੰ ਜਾਣ ਬੁੱਝ ਕੇ ਉਲਟੀਆਂ ਗੱਲਾਂ ਕਹਿ ਕੇ ਉਨ੍ਹਾਂ ਨੂੰ ਖਿਝਾਉਣਾ ਹੈ;

**ਲਾੜੇ ਦੀ ਭੈਣ ਕਿੱਲਾ ਪੁਟਾ ਗਈ**
**ਸੰਗਲ ਤੁੜਾ ਗਈ**
**ਕੱਟੇ ਨੇ ਮਾਰੀ ਵਗ੍ਹਾ ਕੇ**
**ਨੀਂ ਮੇਰੀ ਡੀਓ ਡੀਓ।**
**ਸੁਣ ਵੇ ਭਾਈ ਕੱਟੇ ਵਾਲਿਆ**
**ਕੱਟੇ ਨੂੰ ਰੱਖ ਸਮਝਾ ਕੇ**
**ਵੇ ਮੇਰੀ ਡੀਓ ਡੀਓ।**

ਮੇਲਣਾਂ ਕੋਲ ਸ਼ਬਦਾਂ ਦੀ ਕਮੀ ਨਹੀਂ। ਉਨ੍ਹਾਂ ਕੋਲ ਤਾਂ ਸ਼ਬਦਾਂ ਦਾ ਭੰਡਾਰ ਹੈ। ਉਨ੍ਹਾਂ ਨੂੰ ਤੁਕਬੰਦੀ ਦੇ ਨਾਲ ਨਾਲ ਸੁਰ ਤੇ ਲੈਅ ਦਾ ਵੀ ਗਿਆਨ ਹੈ। ਉਨ੍ਹਾਂ ਦੇ ਇਹ ਗੀਤ ਹਾਸੇ ਠੱਠੇ ਦੇ ਨਾਲ ਨਾਲ ਕੰਨਾਂ ਵਿੱਚ ਰਸ ਵੀ ਘੋਲਦੇ ਹਨ। ਸੁਣਨ ਵਾਲਿਆਂ ਦੇ ਦਿਲਾਂ ਨੂੰ ਛੂੰਹਦੇ ਹਨ। ਵਿਆਹ ਵਿੱਚ ਲਾਵਾਂ ਮਹੱਤਵਪੂਰਨ ਗੀਤ ਹੈ। ਫੇਰਿਆਂ ਵੇਲੇ ਲਾੜੇ ਅਤੇ ਲਾੜੀ ਦੋਵਾਂ ਦਾ ਆਪਸ ਵਿੱਚ ਸਿਰ ਜੋੜਿਆ ਜਾਂਦਾ ਰਿਹਾ ਹੈ। ਜੇਕਰ ਕੋਈ ਕਿਸੇ ਦੇ ਰਿਸ਼ਤੇ ਨੂੰ ਭਾਨੀ ਮਾਰਦਾ ਹੋਵੇ ਤਾਂ ਉਸ ਦੀ ਨਿੰਦਾ ਇਹ ਕਹਿ ਕੇ ਕੀਤੀ ਜਾਂਦੀ ਹੈ ਕਿ 'ਦੋ ਸਿਰ ਜੁੜਦਿਆਂ ਨੂੰ, ਚੰਦਰਾ ਭਾਨੀ ਮਾਰੇ।'

ਇਸ ਲਈ ਅਜਿਹੇ ਮੌਕੇ ਜਦੋਂ ਦੋਵਾਂ ਦੇ ਸਿਰ ਨਾਲ ਸਿਰ ਜੋੜਨ ਦਾ ਵੇਲਾ ਆਉਂਦਾ ਹੈ ਤਾਂ ਸਾਲੀਆਂ ਨਾ ਤਾਂ ਆਪ ਨਿਚਲੀਆਂ ਬੈਠਦੀਆਂ ਹਨ ਅਤੇ ਨਾ ਹੀ ਉਨ੍ਹਾਂ ਦੀ ਜ਼ੁਬਾਨ। ਉਹ ਮੌਕਾ ਤਾੜ ਕੇ ਇੰਜ ਸਿੱਠਣੀ ਦਿੰਦੀਆਂ ਹਨ;

**ਸਾਡੀ ਬੀਬੀ ਦੇ ਸਿਰ ਨਾਲ ਸਿਰ ਨਾ ਜੋੜਿਓ ਜੀ**
**ਏਸ ਲਾੜੇ ਦੇ ਜੂੰਆਂ।**

ਉੱਖਲੀ ਇੱਕ ਅਜਿਹਾ ਸਾਧਨ ਹੈ ਜਿਸ ਵਿੱਚ ਬਾਜਰੇ ਦੀ ਖਿਚੜੀ ਕੁੱਟੀ ਜਾਂਦੀ ਹੈ, ਦੁਧਾਰੂ ਪਸ਼ੂਆਂ ਲਈ ਛੋਲਿਆਂ ਦੀਆਂ ਬੱਕਲੀਆਂ ਕੁੱਟੀਆਂ

**ਜੋਗਿੰਦਰ ਕੌਰ ਅਗਨੀਹੋਤਰੀ**

ਜਾਂਦੀਆਂ ਹਨ। ਜੌਂਆਂ ਦੀ ਘਾਠ ਕੁੱਟੀ ਜਾਂਦੀ ਹੈ। ਪਹਿਲੇ ਸਮਿਆਂ ਵਿੱਚ ਮੈਦਾ ਬਣਾਉਣ ਲਈ ਵੀ ਕਣਕ ਨੂੰ ਪਾਣੀ ਪਾ ਕੇ ਉਸ ਨੂੰ ਚੰਗੀ ਤਰ੍ਹਾਂ ਕੁੱਟ ਕੇ ਉਸ ਦਾ ਛਿਲਕਾ ਉਤਾਰ ਕੇ ਮੈਦਾ ਵੀ ਬਣਾਇਆ ਜਾਂਦਾ ਸੀ। ਛੋਲੇ ਉਬਾਲ ਕੇ ਉਨ੍ਹਾਂ ਦੀਆਂ ਬੱਕਲੀਆਂ ਨੂੰ ਤੂੜੀ ਵਿੱਚ ਮਿਲਾ ਕੇ ਕੁੱਟਿਆ ਜਾਂਦਾ ਸੀ। ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਇਨ੍ਹਾਂ ਚੀਜ਼ਾਂ ਤੋਂ ਔਰਤਾਂ ਵਾਕਿਫ਼ ਹੁੰਦੀਆਂ ਸਨ। ਇਸ ਲਈ ਇਨ੍ਹਾਂ ਵਸਤਾਂ ਦੇ ਨਾਵਾਂ ਅਤੇ ਵਰਤੋਂ ਬਾਰੇ ਜਾਣਕਾਰੀ ਹੋਣ ਕਾਰਨ ਇਨ੍ਹਾਂ ਨੇ ਇਨ੍ਹਾਂ ਲੋਕ ਗੀਤਾਂ ਵਿੱਚ ਇਨ੍ਹਾਂ ਦੀ ਭਰਪੂਰ ਵਰਤੋਂ ਕੀਤੀ ਹੈ। ਲਾੜੇ ਨੂੰ ਸਿੱਠਣੀਆਂ ਦੇਣ ਵੇਲੇ ਉੱਖਲੀ ਦੇ ਭਾਗ ਵੀ ਖੁੱਲ੍ਹ ਗਏ;

**ਟੁੱਟ ਗਈ ਉੱਖਲੀ, ਖ਼ਰਾਬ ਹੋ ਗਏ ਦਾਣੇ**
**ਉਹਦੇ ਰੋਂਦੇ ਨਿੱਕੇ ਨਿਆਣੇ**
**ਨੀਂ ਗ਼ਰੀਬ ਦਾ, ਗ਼ਰੀਬ ਦਾ ਬਚੜਾ**
**ਬਿਰਾ ਦਾਰੀਏ, ਨੀਂ ਗ਼ਰੀਬ ਦਾ।**

ਇੱਥੇ ਹੀ ਬਸ ਨਹੀਂ। ਜੀਜੇ ਨੂੰ ਸਿੱਠਣ ਲਈ ਉਨ੍ਹਾਂ ਕੋਲ ਅਨੇਕਾਂ ਹੋਰ ਵੀ ਪ੍ਰਤੀਕ ਹਨ ਜਿਨ੍ਹਾਂ ਰਾਹੀਂ ਉਹ ਹੋਰ ਵੀ ਵਧੀਆ ਸ਼ਬਦਾਂ ਵਿੱਚ ਆਪਣੀ ਕਲਾ ਦੇ ਜੌਹਰ ਦਿਖਾਉਂਦੀਆਂ ਹਨ। ਉਹ ਆਪਣੇ ਅਤੇ ਦੂਜਿਆਂ ਦੇ ਮਨੋਰੰਜਨ ਦੇ ਨਾਲ ਨਾਲ ਜੀਜੇ ਦੀ ਸਹਿਣਸ਼ੀਲਤਾ ਵੀ ਪਕੇਰੀ ਕਰਦੀਆਂ ਹਨ। ਸਿੱਠਣੀਆਂ ਦੇਣ ਵਾਲੀਆਂ ਦਾ ਮੰਤਵ ਲਾੜੇ ਦੀ ਭੈਣ, ਮਾਂ ਅਤੇ ਭੂਆ ਨੂੰ ਗੀਤਾਂ ਰਾਹੀਂ ਭੰਡਣਾ ਹੀ ਹੈ। ਉਹ ਉਨ੍ਹਾਂ ਦਾ ਸਬੰਧ ਕਿਸੇ ਨਾਲ ਵੀ ਜੋੜ ਸਕਦੀਆਂ ਹਨ।

**ਨਿੱਕੀਏ ਕੋਠੜੀਏ, ਤੈਂ ਵਿੱਚ ਮੇਰਾ ਆਟਾ**
**ਲਾੜੇ ਦੀ ਮਾਂ ਉੱਧਲ ਚੱਲੀ**
**ਲੈ ਕੇ ਧੌਲਾ ਝਾਟਾ।**
**ਨੀਂ ਨਿੱਕੀਏ ਕੋਠੜੀਏ ਤੈਂ ਵਿੱਚ ਮੇਰਾ ਆਟਾ।**

ਲਾੜੇ ਦੇ ਨਜ਼ਦੀਕੀ ਸਬੰਧ ਮਾਂ, ਭੈਣ ਅਤੇ ਭੂਆ ਨਾਲ ਹੀ ਹੁੰਦੇ ਹਨ ਕਿਉਂਕਿ ਵਿਆਹ ਵਿੱਚ ਵੀ ਇਨ੍ਹਾਂ ਦੀ ਪ੍ਰਧਾਨਗੀ ਹੁੰਦਾ ਹੈ ਅਤੇ ਮੁੰਡੇ ਦੇ ਸਹੁਰਿਆਂ ਵੱਲੋਂ ਸਭ ਵੱਧ ਮਾਣ ਇਨ੍ਹਾਂ ਦਾ ਹੀ ਕੀਤਾ ਜਾਂਦਾ ਹੈ। ਸੋ ਸਿੱਠਣੀਆਂ ਦੇ ਗੱਫ਼ੇ ਵੀ ਇਨ੍ਹਾਂ ਨੂੰ ਹੀ ਮਿਲਦੇ ਹਨ। ਮੇਲਣਾਂ ਸਿੱਠਣੀਆਂ ਦੇਣ ਵਿੱਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੁੰਦੀਆਂ। ਇੱਕ ਤਾਂ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੀਆਂ ਹਨ ਅਤੇ ਦੂਜੇ ਪਾਸੇ ਉਹ ਆਪਣਾ ਮਨੋਰੰਜਨ ਕਰਦੀਆਂ ਹਨ।

ਸਿੱਠਣੀਆਂ ਦੇਣ ਵਾਲੀਆਂ ਹਾਜ਼ਰ ਜਵਾਬ ਹੁੰਦੀਆਂ ਹਨ। ਉਹ ਤੁਰੰਤ ਨਵਾਂ ਗੀਤ ਜੋੜਨ ਦੇ ਸਮਰੱਥ ਹੁੰਦੀਆਂ ਹਨ। ਜੋ ਚੀਜ਼ ਉਨ੍ਹਾਂ ਦੇ ਸਾਹਮਣੇ ਹੋਵੇ ਉਹ ਉਸ ਨੂੰ ਹੀ ਗੀਤਾਂ ਵਿੱਚ ਫਿੱਟ ਕਰ ਲੈਂਦੀਆਂ ਹਨ। ਘਰ ਵਿੱਚ ਮੰਜੇ ਆਰਾਮ ਕਰਨ ਦਾ ਸਾਧਨ ਹਨ, ਪਰ ਮੇਲਣਾਂ ਅਜਿਹੀਆਂ ਵਸਤਾਂ ਨੂੰ ਵੀ ਆਪਣੀ ਕਲਾ ਦਾ ਸ਼ਿੰਗਾਰ ਬਣਾ ਲੈਂਦੀਆਂ ਹਨ। ਉਦਾਹਰਣ ਦੇ ਤੌਰ 'ਤੇ ਦੇਖੋ;

**ਜੀਜਾ ਜੁੜ ਜਾ ਮੰਜੀ ਦੇ ਨਾਲ**
**ਮੰਜੀ ਤੇਰੀ ਕੀ ਲੱਗਦੀ ?**
**ਕਿਵੇਂ ਜੁੜ ਜਾ ਮੰਜੀ ਦੇ ਨਾਲ**
**ਮੰਜੀ ਮੇਰੀ ਮਾਂ ਲੱਗਦੀ।**

ਲਾਵਾਂ ਹੋਣ ਤੋਂ ਬਾਅਦ ਲਾੜੇ ਨੂੰ ਅੰਦਰ ਲਿਆਂਦਾ ਜਾਂਦਾ ਹੈ। ਉਸ ਸਮੇਂ ਕੁਝ ਰੀਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਅਜਿਹੀਆਂ ਰੀਤਾਂ ਪੂਰੀਆਂ ਕਰਨ ਵੇਲੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਜਦੋਂ ਲਾੜੇ ਨੂੰ ਮੱਠੀਆਂ ਖੁਆਈਆਂ ਜਾਂਦੀਆਂ ਹਨ ਉਦੋਂ ਇਸ ਤਰ੍ਹਾਂ ਸਿੱਠਣੀ ਦਿੰਦੀਆਂ ਹਨ;

**ਚੱਬ ਚੱਬ ਵੇ ਲਾੜਿਆ ਮੱਠੜੀ**
**ਵੇ ਤੇਰੀ ਮਾਂ ਵਿਕੇਂਦੀ ਹੱਟੜੀ।**
**ਚੱਬ ਚੱਬ ਵੇ ਲਾੜਿਆ ਮੱਠੜੀ**
**ਵੇ ਤੇਰੀ ਭੈਣ ਵਿਕੇਂਦੀ ਹੱਟੜੀ।**
**ਚੱਬ ਚੱਬ ਵੇ ਲਾੜਿਆ ਮੱਠੜੀ**
**ਵੇ ਤੇਰੀ ਭੂਆ ਵਿਕੇਂਦੀ ਹੱਟੜੀ।**

ਇਸ ਤਰ੍ਹਾਂ ਬਾਕੀ ਰੀਤੀ ਰਿਵਾਜ ਨਿਭਾਉਣ ਵੇਲੇ ਵੀ ਲਾੜੇ ਨੂੰ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਇਹ ਲੋਕ ਗੀਤਾਂ ਦੀ ਸਾਡੇ ਸਭਿਆਚਾਰ ਵਿੱਚ ਮਹੱਤਵਪੂਰਨ ਭੂਮਿਕਾ ਹੈ ਕਿਉਂਕਿ ਇਨ੍ਹਾਂ ਨਾਲ ਖ਼ੁਸ਼ੀ ਵਿੱਚ ਹੋਰ ਵਾਧਾ ਹੁੰਦਾ ਹੈ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366





TRUCK INSURANCE
TRUCK TAX
IFTA





Amarjit S Bir
amarjit@uscipp.org
Lic#0I15593CA
Ph: (925)318-1247

## ਇਕ ਰੂਹਾਨੀ ਆਤਮਾ

ਇਕ ਰੂਹਾਨੀ ਆਤਮਾ, ਮੈਨੂੰ ਦਿਸੀ ਵਿਚ ਹਨ੍ਹੇਰ,
ਮੇਰਾ ਤਨ ਮਨ ਸੁੱਚਾ ਹੋ ਗਿਆ, ਕਰ ਓਹਦੇ ਦੀਦਾਰ।

ਇਕ ਦਿੱਖ ਤੋਂ ਹਿੰਦ ਦੀ ਚਾਦਰ ਜਾਪੇ,
ਦੂਜੀ ਤੋਂ ਜਾਪੇ ਮਾਤਾ ਗੁਜਰੀ ਜਿਹਾ,
ਤੀਜੀ ਤੋਂ ਨਿੱਕੇ ਤੇ ਵੱਡੇ ਲਾਲ ਜਾਪੇ,
ਚੌਥੀ ਤੋਂ ਜਾਪੇ ਮੈਨੂੰ ਰੱਬ ਜਿਹਾ।

ਵੇਖ ਕੇ ਉਹਨੂੰ ਇੰਜ ਜਾਪੇ ,
ਓਹ ਥਕਿਆ ਰਾਹੀ ਸੀ ਮੁੱਦਤਾਂ ਤੋਂ,
ਮੇਰੀ ਅੱਖ ਰੋਈ ਮੇਰਾ ਦਿਲ ਫਟਿਆ,
ਜਦ ਵੇਖਿਆ ਮੈਂ ਉਹਨੂੰ ਲੀਰਾਂ ਚ ਸੀ ।

ਇਕ ਨੂਰ ਓਹਦੇ ਚਿਹਰੇ ਤੇ ਸੀ,
ਜੋ ਚਮਕੇ ਕੋਹਾਂ ਦੂਰ ਤੋਂ ,
ਮੇਰੀ ਹਿੱਕ ਤੇ ਸਿਰ ਰੱਖ ਸੌਂ ਗਿਆ ,
ਕੀ ਖ਼ਬਰ ਸੀ ਮੇਰੀਆਂ ਤਕਦੀਰਾਂ ਨੂੰ।

ਜੋ ਭਾਲ ਸੀ ਬੜਿਆਂ ਮੁਦਤਾਂ ਤੋਂ,
ਓਹ ਅੱਜ ਪੂਰੀ ਹੋ ਗਈ,
ਕਰ ਓਹਦੇ ਦੀਦਾਰ ,
ਮੈਂ ਓਹਦੇ ਵਿਚ ਖੋ ਗਈ।

ਹਨ੍ਹੇਰੇ ਵਿਚ ਸੁੱਤੀ ਰੂਹ ਓਹ,
ਜਦ ਹੋਰ ਵੀ ਦਗਦੀ ਸੀ,
ਸੁਧ ਬੁਧ ਨਾ ਰਹੀ ਕੋਈ ਮੈਨੂੰ,
ਲਗਦਾ ਮੈਂ ਵੀ ਕੋਈ ਓਹਦੀ ਲਗਦੀ ਸੀ ।

ਘਰ ਆਉਣ ਤੇ ਮੇਰੇ ਮਾਹੀ ਦੇ,
ਅੱਧੀ ਰਾਤ ਮੈਂ ਸ਼ਗਨ ਮਨਾਏ ਲੋਕੋ,
ਜਦ ਜਾਣ ਦੀ ਇਹਨੇ ਗੱਲ ਕੀਤੀ,
ਚੀਕ-ਚੀਕ ਵੈਣ ਮੈਂ ਪਾਏ ਲੋਕੋ,

ਮਖ਼ਮਲ ਦੇ ਬਿਸਤਰ ਤੇ ਸੌਣ ਵਾਲਾ,
ਅੱਜ ਕੰਡਿਆਂ ਦੀ ਸੇਜ ਤੇ ਸੌਂ ਗਿਆ,
ਅੱਜ ਕੰਡੇ ਵੀ ਉਹਨੂੰ ਫੁੱਲ ਜਾਪੇ,
ਲਗਦਾ ਜਿਵੇਂ ਕੋਈ ਪਿਆਰਾ ਉਹ ਤੋਂ ਖੋ ਗਿਆ।

ਜਿਸ ਥਾਂ ਤੇ ਗੁਰੂ ਨੇ ਪੈਰ ਪਾਏ,
ਅੱਜ 'ਚਰਨ ਕੰਵਲ' ਗੁਰੂਦੁਆਰਾ ਵਸਾਇਆ ਏ,
ਮਾਛੀਵਾੜੇ ਦੇ ਜੰਗਲ ਨੂੰ ਭਾਗ ਲਗੇ,
ਓਹਨੇ ਗੁਰੂ ਦੀ ਸੇਜ ਨੂੰ ਹੰਢਾਇਆ ਏ।

ਗੁਰਪ੍ਰੀਤ ਕੌਰ
7696209932

## ਸਰਕਸ

ਰਾਜਨੀਤੀ ਹੁਣ ਬਣ ਗਈ ਸਰਕਸ
ਨਿੱਤ ਨਵੇਂ ਮਦਾਰੀ ਆਉਂਦੇ ਨੇ

ਹੱਥਾਂ ਦੇ ਵਿਚ ਫੜ੍ਹਕੇ ਝੰਡੇ
ਵੇਖੋ ਕਿੰਜ ਖੇਡਾ ਪਾਉਂਦੇ ਨੇ

ਵੋਟਾਂ ਵੇਲੇ ਪੈਰੀਂ ਡਿੱਗਦੇ
ਮਗਰੋਂ ਪੈਰੀਂ ਹੱਥ ਲਵਾਉਂਦੇ ਨੇ

ਕੰਮ ਸਾਰੇ ਇਹ ਕਰਦੇ ਕਾਲੇ
ਪਰ ਕੁੜਤੇ ਚਿੱਟੇ ਪਾਉਂਦੇ ਨੇ

ਕਰਨਾ ਧਰਨਾ ਕੁਝ ਨਹੀਂ ਹੁੰਦਾ
ਗੱਲਾਂ ਦੇ ਮਹਿਲ ਬਣਾਉਂਦੇ ਨੇ

ਸੰਸਦ ਦੇ ਵਿਚ ਰੌਲਾ ਪਾਕੇ
ਖ਼ਾ ਪੀ ਕੇ ਘਰ ਮੁੜ ਆਉਂਦੇ ਨੇ

ਸਾਰੇ ਵਿਹਲੜ ਇੱਕਠੇ ਹੋਕੇ
ਕੁਰਸੀ ਨੂੰ ਜੱਫੀਆਂ ਪਾਉਂਦੇ ਨੇ

ਕਈ ਨਿਰੇ ਹੀ ਅੱਤ ਦੋਸਤੋ
ਚੁਟਕਲੇ ਖ਼ੂਬ ਸੁਣਾਉਂਦੇ ਨੇ

ਵੇਖ਼ ਕੇ ਨਿੱਤ ਹੀ ਚੋਜ ਨਿਰਾਲੇ
ਹਾਸੇ ਦੀਪ ਨੂੰ ਸੱਚੀਂ ਆਉਂਦੇ ਨੇ

ਅਮਨਦੀਪ ਕੌਰ

## ਸੁੰਨੀਆਂ ਪਈਆਂ ਸਬਾਤਾਂ

ਕਿਸ ਪਾਸੇ ਵੱਲ ਤੁਰ ਪਈ ਦੁਨੀਆਂ
ਪੈ ਗਈ ਅੱਜ ਕੁਰਾਹੇ
ਵੇਚ ਜਮੀਨਾਂ ਬੰਗਲੇ ਪਾ ਲਏ
ਅੱਡੀਆਂ ਚੁੱਕ ਲਏ ਫਾਹੇ
ਦਿਨੇ ਚੈਨ ਨਾ ਮਿਲਦਾ ਕਿਧਰੇ
ਨੀਂਦ ਨਾ ਆਵੇ ਰਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਕਰ ਕਰ ਖ਼ਰਚ ਕਰੋੜਾਂ ਇੱਥੇ
ਜਿੰਦੇ ਲਾ ਪਰਦੇਸੀ ਤੁਰਗੇ
ਬੁੱਢੇ ਮਾਪਿਆਂ ਨੇ ਜੋ ਦੇਖੇ
ਚਾਅ ਸਧਰਾਂ ਸਭ ਖੁਰਗੇ
ਲੰਘਿਆ ਸਮਾਂ ਸੁਧਾਰ ਨਾ ਹੋਣਾ
ਵਿਗੜੇ ਹੋਏ ਹਾਲਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਜਦ ਨਾਲ ਲਾਹੌਰੀ ਇੱਟਾਂ ਦੇ
ਦਰਵਾਜ਼ਾ ਕੋਈ ਬਣਾਉਂਦੇ ਸੀ
ਪਾ ਘੁੱਗੀਆਂ ਮੋਰ ਗਟਾਰਾਂ ਉੱਪਰ
ਦੁਲਹਨ ਵਾਂਗ ਸਜਾਉਂਦੇ ਸੀ
ਭਾਂਤ ਭਾਂਤ ਦੇ ਰੰਗਾਂ ਨਾਲ
ਸਜਾ ਦਿੰਦੇ ਸਨ ਡਾਟਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਰਿਸ਼ਤਿਆਂ ਦਾ ਸਨਮਾਨ ਸੀ ਕਰਦੇ
ਵੱਡੇ ਬਜ਼ੁਰਗਾਂ ਕੋਲੋਂ ਡਰਦੇ
ਸੀਨੇ ਵਿੱਚ ਦਬਾ ਲੈਂਦੇ ਸੀ
ਨਹੀ ਖੋਲ੍ਹਦੇ ਗੁੱਝੇ ਪਰਦੇ
ਵਿੱਚ ਘਰਾਂ ਸੁਲਝਾ ਲੈਂਦੇ ਸੀ
ਨਿੱਕੀਆਂ ਨਿੱਕੀਆਂ ਬਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਇੱਕ ਵਿਹੜੇ ਵਿੱਚ ਜੋੜ ਜੋੜਕੇ
ਮੰਜਿਆਂ ਨੂੰ ਡਾਹ ਲੈਂਦੇ ਸੀ
ਜਾਨ ਵਾਰਦੇ ਇੱਕ ਦੂਜੇ ਤੋ
ਸਾਹਾਂ ਵਿੱਚ ਸਾਹ ਲੈਂਦੇ ਸੀ
ਅੱਜ ਕੱਲ੍ਹ ਪੈਰਾਂ ਥੱਲੇ ਰੋਲੇ
ਹਰ ਕੋਈ ਜਜ਼ਬਾਤਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਹੁਣ ਤਾਂ ਪੱਲੇ ਹੈਂਕੜ ਰਹਿ ਗਈ
ਬੰਦਾ ਫਿਰਦਾ ਚੁੱਕੀ ਏ
'ਸੁਖਚੈਨ' ਰਹਿ ਗਈ ਨਫਰਤ ਇੱਥੇ
ਦਿਲੋ ਮੁੱਹਬਤ ਮੁੱਕੀ ਏ
ਖਤਮ ਹੋ ਗਏ ਰਿਸ਼ਤੇ ਨਾਤੇ
ਕੌਣ ਜਾਣੇ ਅੰਗ ਸਾਕਾਂ ਨੂੰ
ਰੋ ਪੈਂਦਾ ਦਿਲ ਦੇਖ ਪੁਰਾਣੀਆਂ
ਸੁੰਨੀਆਂ ਪਈਆਂ ਸਬਾਤਾਂ ਨੂੰ

ਸੁਖਚੈਨ ਸਿੰਘ ਚੰਦ ਨਵਾਂ

## ਮੁੱਦਾ

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਮਸਲਾ ਤਾਂ ਸੀ ਓਹਦੇ ਦਿਲ ਨੂੰ ਜਿੱਤਣ ਦਾ
ਅਸੀਂ ਤਾਂ ਆਪਣਾ ਦਿਲ ਹੀ ਹਾਰੀ ਫਿਰਦੇ ਹਾਂ!!

ਓਹਦੇ ਘਰ ਨੂੰ ਮਹਿਲਾਂ ਵਾਂਗ ਸਜਾਵਣ ਲਈ
ਅਸੀਂ ਤਾਂ ਆਪਣਾ ਆਪ ਓਜਾੜੀ ਫਿਰਦੇ ਹਾਂ!!

ਓਹ ਤਾਂ ਸਾਨੂੰ ਨਜ਼ਰ ਉਠਾ ਕੇ ਤੱਕਦਾ ਈ ਨਹੀਂ
ਅਸੀਂ ਫੇਰ ਵੀ ਉਸਤੋਂ ਆਪਾਂ ਵਾਰੀ ਫਿਰਦੇ ਹਾਂ!!

ਅੱਕਾ ਤੋਂ ਵੱਧ ਓਹਦੇ ਬੋਲ ਕੁਸੈਲੇ ਨੇ
ਅਸਾਂ ਤਾਂ ਇਸ਼ਕ ਦੀ ਚਾਹਣੀ ਕਾੜੀ ਫਿਰਦੇ ਹਾਂ!!

ਓਹਦੇ ਪੱਥਰ ਵਰਗੇ ਸੀਨੇ ਤੇ ਕੋਈ ਅਸਰ ਨਹੀਂ
ਅਸੀਂ ਹੰਜੂਆਂ ਦੇ ਨਾਲ ਚਿਹਰਾ ਖਾਰੀ ਫਿਰਦੇ ਹਾਂ!!

ਇੱਕ ਦਿਨ ਆਉਣਗੇ ਸਾਡੇ ਓਹ ਜਨਾਜੇ ਤੇ
ਚਲ ਇਹੀ ਸੋਚ ਕੇ ਆਂਦਰ ਠਾਰੀ ਫਿਰਦੇ ਹਾਂ!!

ਮੁੱਦੇ ਦੇ ਵਿੱਚ ਮੁੱਦਾ ਵਾੜੀ ਫਿਰਦੇ ਹਾਂ
ਅਸੀਂ ਤਾਂ ਐਵੇਂ ਆਪਾਂ ਸਾੜੀ ਫਿਰਦੇ ਹਾਂ!!

ਸਰਬਜੀਤ ਕੌਰ ਹਾਜੀਪੁਰ
ਸ਼ਾਹਕੋਟ

## ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਸਿੱਖੀ ਸੋਚ ਫੈਲਾਉਣ ਲਈ, ਬਹਿ ਮਤਾ ਪਕਾਇਆ।
'ਸਿੰਘ ਸਭਾ' ਬਣਾਉਣ ਦਾ, ਫੁਰਮਾਨ ਅਲਾਇਆ।

ਗੁਰਬਾਣੀ ਨੂੰ ਸਮਝਣਾ, ਇਤਿਹਾਸ ਵੀ ਲਿਖਣਾ।
ਮਨਮਤਿ ਕਿਵੇਂ ਤਿਆਗਣੀ, ਗੁਰੂਆਂ ਤੋਂ ਸਿੱਖਣਾ।

ਡੇਢ ਸਦੀ ਪਹਿਲਾਂ ਤਦੇ, ਸਿੰਘ ਅੱਗੇ ਆਏ।
ਲਹਿਰ ਚਲਾਈ ਸਿੰਘ ਸਭਾ, ਸਭ ਵੈਰ ਮੁਕਾਏ।

'ਮਹਾਂ-ਗਿਆਨੀ' ਦਿੱਤ ਸਿੰਘ, ਸੰਵਾਦ ਰਚਾਏ।
ਵਹਿਮ ਪਖੰਡ ਮਿਟਾਉਣ ਲਈ, ਲੱਖ ਕਸ਼ਟ ਉਠਾਏ।

'ਸਾਧੂ' ਦਿਆ ਨੰਦ ਜਦ, ਪੰਜਾਬ ਸੀ ਆਇਆ।
ਸਿੱਖਾਂ ਨੂੰ ਭਰਮਾਉਣ ਲਈ, ਉਸ ਝੂਠ ਫੈਲਾਇਆ।

ਧਨੀ ਕਲਮ ਦਾ ਦਿੱਤ ਸਿੰਘ, ਤਦ ਅੱਗੇ ਆਇਆ।
'ਵਿਪਰ ਨਹੀਂ", ਅਸੀਂ ਸਿੱਖ ਹਾਂ', ਇਹ ਸੱਚ ਸੁਣਾਇਆ।

'ਸਾਧੂ' ਨੂੰ ਵੰਗਾਰ ਕੇ, ਛੱਡਿਆ ਜੈਕਾਰਾ।
ਸਾਡਾ ਗੁਰੂ ਗ੍ਰੰਥ ਸਾਹਿਬ, ਤਾਰੇ ਸੰਸਾਰਾ।

"ਨਿੰਦਿਆ ਕਰੇਂ ਤੂੰ ਗੁਰੂ ਦੀ, ਊਂ ਰਿਸ਼ੀ ਕਹਾਵੇਂ।
ਘੜ ਸ਼ੁੱਧੀ ਦੀਆਂ ਸਾਜਿਸ਼ਾਂ, ਜਨਤਾ ਭਰਮਾਵੇਂ।

ਕਰ ਮੇਰੇ ਨਾਲ ਗੋਸ਼ਟੀ, ਜੇ ਸੱਚਾ ਸਾਧੂ।
ਛੱਡ ਭੜਕਾਉਣਾ ਨਹੀਂ ਤਾਂ, ਰੱਖ ਮੂੰਹ 'ਤੇ ਕਾਬੂ।"

ਰੀਸ ਗਿਆਨੀ 'ਹੰਸ' ਦੀ, ਕੀ ਕਰੂ 'ਟਟੀਹਰੀ'।
ਗਿੱਦੜ ਅਤੇ ਸ਼ੇਰ ਦੀ, ਨਾ ਹੋਏ ਸਕੀਰੀ।

ਦਿਆ ਨੰਦ ਦੀ ਸੋਚ ਸੀ, ਬੱਸ ਰੌਲਾ-ਗੌਲਾ।
ਦੋ ਲਫਜ਼ਾਂ ਵਿੱਚ ਸਿੰਘ ਨੇ, ਕਰ ਦਿੱਤਾ ਹੌਲਾ।



ਦਿੱਤ ਸਿੰਘ ਜੀ ਤਿੰਨ ਦਫਾ, ਕਰ ਗੋਸ਼ਟਿ ਜਿੱਤੇ।
'ਸਤਿਆਰਥ' ਦੇ ਕੁਫ਼ਰ ਸਭ, ਪਾ ਦਿੱਤੇ ਛਿੱਥੇ।

ਸਿੰਘ ਸਭੀਆਂ ਦੀ ਲੋੜ ਹੈ, ਅੱਜ ਮੁੜਕੇ ਭਾਈ।
ਜਿਨ੍ਹਾਂ ਗਾਫ਼ਿਲ ਨੀਂਦਰੋਂ, ਸਿੱਖ ਕੌਮ ਜਗਾਈ।

- ਭਾਈ ਹਰਪਾਲ ਸਿੰਘ ਲੱਖਾ

## ਮਜ਼੍ਹਬ

ਚਿੱਟੇ ਕੱਪੜੇ ਦਿਲ ਹੈ ਕਾਲਾ
ਹੱਥ ਖ਼ੂਨ ਨਾਲ ਰੰਗੇ ਨੇ
ਅੱਤਵਾਦੀ ਕੋਈ ਹੋਰ ਨਹੀਂ ਇੱਥੇ
ਆਪਣੇ ਹੀ ਕੁਝ ਬੰਦੇ ਨੇ

ਅੰਦਰੋਂ ਸੋਚ ਹੈਵਾਨਾਂ ਵਾਲੀ
ਉਪਰੋਂ ਕਿੰਨੇ ਚੰਗੇ ਨੇ
ਭੋਲੇ ਭਾਲੇ ਲੋਕ ਕੀ ਜਾਨਣ
ਫੁੱਲਾਂ ਹੇਠਾਂ ਕੰਡੇ ਨੇ

ਇਨਸਾਨੀਅਤ ਮਾਰ ਜ਼ਮੀਰ ਅਪਣੀ
ਮਜ਼੍ਹਬ ਜਾਲਮਾਂ ਵੰਡੇ ਨੇ
ਜਾਤਾਂ ਧਰਮਾਂ ਦੇ ਨਾਂ ਤੇ
ਕਰਵਾਉਂਦੇ ਏਹੀ ਦੰਗੇ ਨੇ

ਗੁਰੂ ਗ੍ਰੰਥ- ਗੀਤਾ- ਕੁਰਾਣ
ਨਾ ਬਾਈਬਲ ਸਮਝਿਆ ਬੰਦੇ ਨੇ
ਵੀਰਪਾਲ ਭੱਠਲ ਧਰਮ ਦੇ ਨਾਂ
ਤੇ ਹੀ ਚੱਲਦੇ ਇੱਥੇ ਧੰਦੇ ਨੇ

ਵੀਰਪਾਲ ਕੌਰ ਭੱਠਲ

## ਜੀਅ ਰਿਹਾ ਹੈ ਕੋਈ

ਆਜ ਹੈ ਦੂਰ ਲੇਕਿਨ, ਦਿਲ ਕੇ ਪਾਸ ਭੀ ਰਿਹਾ ਹੈ ਕੋਈ।
ਕੋਈ ਖ਼ੁਸ਼ ਹੈ ਕਹੀਂ ਪੇ, ਕਹੀਂ ਜ਼ਖਮ ਸੀਅ ਰਿਹਾ ਹੈ ਕੋਈ।

ਬਹੁਤੀ ਦੇਰ ਮਤ ਕਰਨਾ ਸਨਮ, ਮਰ ਨਾ ਜਾਏਂ ਕਹੀਂ,
ਯਾਦ ਰੱਖਣਾ ਆਪ ਕੇ ਇੰਤਜ਼ਾਰ ਮੇਂ ਜੀਅ ਰਿਹਾ ਹੈ ਕੋਈ।

ਖਾਮੋਸ਼ ਹੈ ਜ਼ੁਬਾਂ ਤੋ ਮਗਰ, ਆਂਖੇਂ ਕਹਿ ਰਹੀ ਹੈਂ ਕੁਛ ਤੋ,
ਨਜਰੇਂ ਮਤ ਚੁਰਾਣਾ, ਆਂਖੋਂ ਹੀ ਆਂਖੋਂ ਮੇਂ ਪੀ ਰਿਹਾ ਹੈ ਕੋਈ।

ਕੈਸੇ ਬਤਾਓ ਜਾਣ ਲੇ ਪਹਿਲੇ, ਕਿ ਮੁਹੱਬਤ ਹੈ ਜਾਂ ਨਹੀਂ,
ਬਿਨ ਮਤਲਵ ਬਦਨਾਮ ਕਰ ਤੋ ਨਈ ਰਿਹਾ ਹੈ ਕੋਈ।

ਹਮ ਨਾ ਜਾਣੇ 'ਪਾਲੀ' ਕਿ ਦਿਲ ਨੇ ਕਿਉਂ ਚਾਹਾ ਹੈ ਉਸੇ,
ਧੀਰੇ ਸੇ 'ਸ਼ੇਰੋਂ' ਵਾਲਿਆ ਕਰ ਹਲਚਲ ਸੀ ਰਿਹਾ ਹੈ ਕੋਈ।

-ਪਾਲੀ ਸ਼ੇਰੋਂ

## ਦਲਿਤ ਦੇਸ਼ ਦੇ ਉੱਚੇ ਲੋਗ

ਭਾਰਤ ਮਾਂ ਤੂੰ ਵੀ ਤਾਂ
ਦਲਿਤ ਅਬਲਾ ਔਰਤ ਜਾਪੇ
ਜਾਣਦੀ ਤੇਰੀ ਪੀੜਾ, ਹਰ ਜਾਗਦੀ ਔਰਤ
ਗਰੀਬ ਮਜਬੂਰ ,
ਸਮਾਜ ਦੀ ਲਤੜੀ ਹਰ ਔਰਤ ਕਹੇ
ਭਾਰਤ ਮਾਂ, ਤੇਰੀ ਪੀੜਾ ਮੇਰੀ ਪੀੜਾਂ ਜਾਪੇ
ਅਹਿਸਾਸ ਹੁੰਦਾ ਮੈਨੂੰ
ਇਹ ਦਰਦ ਤੇਰਾ, ਮੈਨੂੰ ਮੇਰਾ ਦਰਦ ਜਾਪੇ
ਕਿਤੇ ਭਾਵਨਾਵਾਂ ਤੇ ਤਾਨੇ,
ਕਿਤੇ ਰੂਹਾਂ ਤੇ ਵਾਰ
ਕਿਤੇ ਸ਼ਰੀਰੋਂ ਕਤਲ,
ਕਿਤੇ ਦਬਾਈ ਆਵਾਜ਼
ਅਬਲਾ ਤੂੰ ਤੇ ਅਬਲਾ ਮੈਂ,

ਤੇਰੀ ਹੱਦ ਅੰਦਰ ਸਭ ਤੇਰੇ ਪੁੱਤਰ
ਚਾਹੇ ਰਜਵਾੜੇ, ਸਰਦਾਰ,
ਮਜ਼ਦੂਰ ਕਿਸਾਨ ਝੂਠੇ ਸ਼ਾਸਕ,
ਸਮਾਜ ਸਹੀ ਨਿਰਣੇ ਲੈਣ ਨਾ ਦੇਣ ਦੱਲੇ ਲੋਕ,
ਸਭ ਤੇਰੇ ਨੇ ਪੁੱਤਰ
ਗਵਾਰ, ਅਗਿਆਨੀ, ਅਨਪੜ੍ਹ
ਇਲਮੀ, ਚਤੁਰ, ਗਿਆਨੀ, ਸਿਆਣੇ
ਸਭ ਤੇਰੇ ਹੀ ਤਾਂ ਪੁੱਤ ਨੇ
ਆਪਣੇ ਹੀ ਹੱਕ ਦਾ ਸਮਾਜ ਸਿਰਜਕੇ
ਖ਼ੁਦ ਨੂੰ ਉਸੇ ਚ ਲੁਕਾਉਣ
ਤਾਂਹੀਓਂ ਭਾਰਤ ਮਾਂ ਤੂੰ ਵੀ ਦਲਿਤ

ਪਾਈ ਭਸੂੜੀ ਸਭ ਤੇਰੇ ਹੀ ਬੇਹੁਦਰੇ ਪੁੱਤਰਾਂ
ਨਲਾਇਕ ਰਾਜੇ, ਸੁੱਤੀ ਪਰਜਾ।
ਮਰੀਆਂ ਜ਼ਮੀਰਾਂ, ਪੈਰ ਨਾ ਜਿਨ੍ਹਾਂ ਦੇ
ਤੇਰੀ ਗੁਲਾਮੀਂ ਦੀ ਬੇੜੀ ਗੰਢਣ 'ਚ ਵਿਅਸਥ ਸਾਰੇ
ਕਰਨਗੇ ਸਵੀਕਾਰ ਸੁੱਤੇ ਤੇ ਮੋਏ
ਕੋਈ ਬਾਹਰੀ ਅਧੀਨਤਾ,
ਤੂੰ ਗਰੀਬੜੀ ਦਲਿਤ ਘਰ ਜਿਹੀ
ਉਂਜ ਕੀਤੀ ਤੇਰੇ ਰਜਵਾੜੇ ਪੁੱਤਾਂ,
ਤਾਂਹੀਓਂ, ਭਾਰਤ ਮਾਂ ਤੂੰ ਵੀ ਦਲਿਤ ਅਬਲਾ

ਸ਼ਹੀਦ ਪੁੱਤਾਂ ਦੀ ਕੁਰਬਾਨੀ,
ਯਾਦ ਕਰ ਤੂੰ ਅੱਥਰੂ ਵਹਾਉਂਦੀ ਹੋਣੀ
ਉਹਨਾਂ ਹੀ ਪੁੱਤਰਾ ਦੀ,
ਵਾਪਸੀ ਤੂੰ ਚਾਹੁੰਦੀ ਹੋਣੀ
ਮਰਦ ਅਗੰਮੜੇ ਦੀ ਪਰਛਾਈ ਭਾਲਦੀ ਹੋਣੀ
ਮਜਬੂਰ ਅਬਲਾ ਵੀ ਤਾਂ
ਉਸੇ ਨੂੰ ਭਾਲਦੀ,
ਮਿਲੇ ਥਾਪਣਾ ਤਾਂ ਮਾਈ ਭਾਗੋ
ਬਨਣਾ ਜਾਣਦੀ
ਜਿਨ੍ਹਾਂ ਮਿਹਨਤਕਸ਼,
ਔਰਤਾਂ ਤੇ ਜਾਨਵਰ ਨੂੰ
ਇੱਕ ਜਗ੍ਹਾ ਦਿੱਤੀ
ਇਨਸਾਨੀਅਤ ਤੋਂ ਉਹਨਾਂ ਦੀ
ਭਰਮਾਰ ਹੋ ਗਈ
ਚਹੁੰ ਵਰਨਾਂ ਚ ਵੰਡੇ ਜੋ,
ਗਲ ਕਰਦੇਂ ਨਾ ਬਰਾਬਰਤਾ ਦੀ
ਬਾਜਾਂ ਵਾਲੇ ਦੇ ਫਰਮਾਨ ਭੁਲੇ,
ਲਾਉਣ ਕੌਰ ਸਿੰਘ ਮਗਰ
ਪੂੰਛ ਮਨੂੰ ਦੇ ਵਿਚਾਰ ਦੀ
ਕੀ ਕਰੀਏ ਸੁਧਾਰ ਤੂੰ ਤੇ ਮੈਂ
ਜਿਨ੍ਹਾਂ ਨਾਨਕ,
ਬੁੱਧ ਦੀ ਪੇਸ਼ ਨਾ ਜਾਣ ਦਿੱਤੀ
ਤਾਂਹੀਓਂ,
ਭਾਰਤ ਮਾਂ ਤੂੰ ਵੀ ਦਲਿਤ
ਅਬਲਾ ਔਰਤ ਜਾਪਦੀ

ਨਵਜੋਤਕੌਰ ਨਿਮਾਣੀ

# ਇੱਕ ਚਮਚ ਜੰਗਲ ਦੀ ਮਿੱਟੀ ਵਿੱਚ ਛੁਪੀ ਹੈ ਇੱਕ ਅਨੋਖੀ ਦੁਨੀਆ





ਵਿਜੈ ਗਰਗ
ਸਾਬਕਾ ਪ੍ਰਿੰਸੀਪਲ
ਸਿੱਖਿਆ ਕਾਲਮਨਵੀਸ
9465682110

ਜਦੋਂ ਅਸੀਂ ਕਿਸੇ ਜੰਗਲ ਵਿੱਚੋਂ ਲੰਘਦੇ ਹਾਂ, ਤਾਂ ਸਾਡਾ ਧਿਆਨ ਆਮ ਤੌਰ 'ਤੇ ਦਰੱਖਤਾਂ, ਪੰਛੀਆਂ, ਫੁੱਲਾਂ ਅਤੇ ਜਾਨਵਰਾਂ ਵੱਲ ਜਾਂਦਾ ਹੈ। ਪਰ ਸਾਡੇ ਪੈਰਾਂ ਹੇਠਾਂ ਇੱਕ ਹੋਰ ਦੁਨੀਆ ਮੌਜੂਦ ਹੈ—ਇੱਕ ਅਜਿਹੀ ਦੁਨੀਆ ਜੋ ਲਗਭਗ ਪੂਰੀ ਤਰ੍ਹਾਂ ਸਾਡੀਆਂ ਅੱਖਾਂ ਤੋਂ ਅਦ੍ਰਿਸ਼ ਹੈ। ਜੰਗਲ ਦੀ ਮਿੱਟੀ ਸਿਰਫ਼ ਖਣਿਜਾਂ ਅਤੇ ਗਲੀਆਂ-ਸੜੀਆਂ ਪੱਤੀਆਂ ਦਾ ਮਿਸ਼ਰਣ ਨਹੀਂ। ਇਹ ਇੱਕ ਜੀਵੰਤ ਪਰਿਸਥਿਤਕੀ ਤੰਤਰ ਹੈ, ਜਿਸ ਵਿੱਚ ਬੈਕਟੀਰੀਆ, ਫੰਗਸ, ਪ੍ਰੋਟਿਸਟ, ਨੇਮਾਟੋਡ ਅਤੇ ਹੋਰ ਅਣਗਿਣਤ ਜੀਵ ਵੱਸਦੇ ਹਨ।

ਸਿਹਤਮੰਦ ਮਿੱਟੀ ਦੀ ਬਹੁਤ ਥੋੜ੍ਹੀ ਜਿਹੀ ਮਾਤਰਾ ਵਿੱਚ ਵੀ ਹੈਰਾਨੀਜਨਕ ਗਿਣਤੀ ਵਿੱਚ ਜੀਵ ਮੌਜੂਦ ਹੋ ਸਕਦੇ ਹਨ। ਵਿਗਿਆਨਕ ਅਧਿਐਨਾਂ ਅਨੁਸਾਰ, ਇੱਕ ਗ੍ਰਾਮ ਮਿੱਟੀ ਵਿੱਚ ਲੱਖਾਂ ਬੈਕਟੀਰੀਆ ਅਤੇ ਹਜ਼ਾਰਾਂ ਵੱਖ-ਵੱਖ ਪ੍ਰਜਾਤੀਆਂ ਜਾਂ ਜੈਨੇਟਿਕ ਕਿਸਮਾਂ ਹੋ ਸਕਦੀਆਂ ਹਨ। ਇਸ ਲਈ ਇੱਕ ਚਮਚਾ ਮਿੱਟੀ ਵੀ ਇੱਕ ਛੋਟੇ ਜਿਹੇ ਜੀਵੰਤ ਸੰਸਾਰ ਵਰਗੀ ਹੈ।

**ਇੱਕ ਅਜਿਹੀ ਦੁਨੀਆ ਜੋ ਸਾਨੂੰ ਦਿਖਾਈ ਨਹੀਂ ਦਿੰਦੀ :** ਬੈਕਟੀਰੀਆ ਮਿੱਟੀ ਵਿੱਚ ਪਾਏ ਜਾਣ ਵਾਲੇ ਸਭ ਤੋਂ ਵੱਧ ਜੀਵਾਂ ਵਿੱਚ ਸ਼ਾਮਲ ਹਨ। ਇਹ ਜੈਵਿਕ ਪਦਾਰਥਾਂ ਨੂੰ ਤੋੜਨ ਅਤੇ ਕਾਰਬਨ, ਨਾਈਟ੍ਰੋਜਨ ਅਤੇ ਫਾਸਫੋਰਸ ਵਰਗੇ ਪੌਸ਼ਕ ਤੱਤਾਂ ਦੇ ਚੱਕਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕੁਝ ਬੈਕਟੀਰੀਆ ਪੌਦਿਆਂ ਦੀਆਂ ਜੜ੍ਹਾਂ ਦੇ ਨੇੜੇ ਰਹਿੰਦੇ ਹਨ ਅਤੇ ਪੌਦਿਆਂ ਤੇ ਫੰਗਸ ਨਾਲ ਮਿਲ ਕੇ ਪੌਸ਼ਕ ਤੱਤਾਂ ਨੂੰ ਪੌਦਿਆਂ ਲਈ ਉਪਲਬਧ ਕਰਵਾਉਣ ਵਿੱਚ ਮਦਦ ਕਰਦੇ ਹਨ।

ਫੰਗਸ ਵੀ ਇਸ ਭੂਮੀਗਤ ਸਮੁਦਾਇ ਦਾ ਇੱਕ ਵੱਡਾ ਹਿੱਸਾ ਹਨ। ਉਨ੍ਹਾਂ ਦੇ ਬਹੁਤ ਬਾਰੀਕ ਧਾਗੇ ਵਰਗੇ ਤੰਤੂ, ਜਿਨ੍ਹਾਂ ਨੂੰ ਹਾਈਫਾ (Hyphae) ਕਿਹਾ ਜਾਂਦਾ ਹੈ, ਮਿੱਟੀ ਵਿੱਚ ਫੈਲਦੇ ਹਨ ਅਤੇ ਪੌਦਿਆਂ ਦੀਆਂ ਜੜ੍ਹਾਂ ਨਾਲ ਸੰਬੰਧ ਬਣਾਉਂਦੇ ਹਨ। ਕਈ ਫੰਗਸ ਦਰੱਖਤਾਂ ਨੂੰ ਪਾਣੀ ਅਤੇ ਪੌਸ਼ਕ ਤੱਤ ਪ੍ਰਾਪਤ ਕਰਨ ਵਿੱਚ ਮਦਦ ਕਰਦੇ ਹਨ, ਜਦਕਿ ਕੁਝ ਸੁੱਕੀਆਂ ਪੱਤੀਆਂ ਅਤੇ ਲੱਕੜ ਵਰਗੇ ਪਦਾਰਥਾਂ ਨੂੰ ਤੋੜਦੇ ਹਨ।

ਇਸ ਤੋਂ ਇਲਾਵਾ ਪ੍ਰੋਟਿਸਟ ਅਤੇ ਨੇਮਾਟੋਡ ਵੀ ਮਿੱਟੀ ਦੇ ਮਹੱਤਵਪੂਰਨ ਵਸਨੀਕ ਹਨ। ਕੁਝ ਬੈਕਟੀਰੀਆ ਅਤੇ ਫੰਗਸ ਨੂੰ ਖਾਂਦੇ ਹਨ, ਜਦਕਿ ਕੁਝ ਮਿੱਟੀ ਦੇ ਖੁਰਾਕੀ ਜਾਲ ਵਿੱਚ ਹੋਰ ਪੱਧਰਾਂ 'ਤੇ ਆਪਣੀ ਭੂਮਿਕਾ ਨਿਭਾਉਂਦੇ ਹਨ। ਮਾਈਟਸ, ਸਪ੍ਰਿੰਗਟੇਲ, ਕੇਂਚੂਏ ਅਤੇ ਹੋਰ ਅਨੇਕਾਂ ਛੋਟੇ ਜੀਵ ਮਿਲ ਕੇ ਭੋਜਨ ਅਤੇ ਪਰਿਸਥਿਤਕੀ ਸੰਬੰਧਾਂ ਦਾ ਇੱਕ ਬਹੁਤ ਹੀ ਜਟਿਲ ਜਾਲ ਬਣਾਉਂਦੇ ਹਨ।

**ਕੁਦਰਤ ਦੀ ਰੀਸਾਈਕਲਿੰਗ ਪ੍ਰਣਾਲੀ :** ਹਰ ਸਾਲ ਜੰਗਲ ਦੀ ਜ਼ਮੀਨ 'ਤੇ ਵੱਡੀ ਮਾਤਰਾ ਵਿੱਚ ਸੁੱਕੀਆਂ ਪੱਤੀਆਂ, ਟਾਹਣੀਆਂ ਅਤੇ ਹੋਰ ਜੈਵਿਕ ਪਦਾਰਥ ਡਿੱਗਦੇ ਹਨ। ਜੋ ਚੀਜ਼ਾਂ ਸਾਨੂੰ ਮਰੀਆਂ ਹੋਈਆਂ ਦਿਖਾਈ ਦਿੰਦੀਆਂ ਹਨ, ਉਹੀ ਮਿੱਟੀ ਵਿੱਚ ਰਹਿਣ ਵਾਲੇ ਜੀਵਾਂ ਲਈ ਭੋਜਨ ਅਤੇ ਆਸਰਾ ਬਣ ਜਾਂਦੀਆਂ ਹਨ।

ਸੂਖਮ ਜੀਵ ਜਟਿਲ ਜੈਵਿਕ ਪਦਾਰਥਾਂ ਨੂੰ ਸਧਾਰਣ ਪਦਾਰਥਾਂ ਵਿੱਚ ਤਬਦੀਲ ਕਰਦੇ ਹਨ। ਮਿੱਟੀ ਦੇ ਛੋਟੇ ਜੀਵ ਜੈਵਿਕ ਪਦਾਰਥਾਂ ਨੂੰ ਛੋਟੇ ਟੁਕੜਿਆਂ ਵਿੱਚ ਵੰਡਦੇ ਹਨ ਅਤੇ ਸੂਖਮ ਜੀਵਾਂ ਨੂੰ ਭੋਜਨ ਵਜੋਂ ਵਰਤਦੇ ਹਨ। ਹੌਲੀ-ਹੌਲੀ ਪੌਸ਼ਕ ਤੱਤ ਮੁਕਤ ਹੁੰਦੇ ਹਨ ਅਤੇ ਮੁੜ ਪੌਦਿਆਂ ਲਈ ਉਪਲਬਧ ਹੋ ਜਾਂਦੇ ਹਨ। ਇਸ ਤਰ੍ਹਾਂ ਜੰਗਲ ਆਪਣੇ ਕੁਦਰਤੀ ਸਰੋਤਾਂ ਨੂੰ ਲਗਾਤਾਰ ਰੀਸਾਈਕਲ ਕਰਦਾ ਰਹਿੰਦਾ ਹੈ।

ਭੂਮੀਗਤ ਜੀਵਾਂ ਦੀ ਇਹ ਗਤੀਵਿਧੀ ਕਾਰਬਨ ਦੇ ਭੰਡਾਰ, ਪੌਸ਼ਕ ਤੱਤਾਂ ਦੇ ਚੱਕਰ, ਜੈਵਿਕ ਪਦਾਰਥਾਂ ਦੇ ਵਿਘਟਨ ਅਤੇ ਪੌਦਿਆਂ ਦੀ ਵਾਧ ਲਈ ਬਹੁਤ ਮਹੱਤਵਪੂਰਨ ਹੈ। ਇਸ ਲਈ ਮਿੱਟੀ ਦੀ ਜੈਵ-ਵਿਭਿੰਨਤਾ ਸਿਰਫ਼ ਛੋਟੇ-ਛੋਟੇ ਜੀਵਾਂ ਦਾ ਸਮੂਹ ਨਹੀਂ, ਸਗੋਂ ਪੂਰੇ ਪਰਿਸਥਿਤਕੀ ਤੰਤਰ ਦੇ ਸੁਚਾਰੂ ਕੰਮ ਕਰਨ ਦੀ ਬੁਨਿਆਦ ਹੈ।

**ਇੱਕ ਅਣਜਾਣ ਜੈਵਿਕ ਸੰਸਾਰ :** ਮਿੱਟੀ ਵਿੱਚ ਰਹਿਣ ਵਾਲੇ ਜੀਵਾਂ ਦੀ ਦੁਨੀਆ ਦਾ ਸਭ ਤੋਂ ਦਿਲਚਸਪ ਪੱਖ ਇਹ ਹੈ ਕਿ ਇਸ ਬਾਰੇ ਅਜੇ ਵੀ ਬਹੁਤ ਕੁਝ ਅਣਜਾਣ ਹੈ। ਆਧੁਨਿਕ DNA ਸੀਕਵੈਂਸਿੰਗ ਤਕਨੀਕਾਂ ਨੇ ਸੂਖਮ ਜੀਵਾਂ ਦੀ ਅਜਿਹੀ ਵਿਸ਼ਾਲ ਵਿਭਿੰਨਤਾ ਦਾ ਪਤਾ ਲਗਾਇਆ ਹੈ, ਜਿਸ ਦੀ ਪਛਾਣ ਰਵਾਇਤੀ ਤਰੀਕਿਆਂ ਨਾਲ ਕਰਨਾ ਸੰਭਵ ਨਹੀਂ ਸੀ। ਮਿੱਟੀ ਵਿੱਚ ਮਿਲਣ ਵਾਲੇ ਬਹੁਤ ਸਾਰੇ ਸੂਖਮ ਜੀਵਾਂ ਬਾਰੇ ਵਿਗਿਆਨੀਆਂ ਕੋਲ ਅਜੇ ਪ੍ਰਜਾਤੀ ਪੱਧਰ ਦੀ ਪੂਰੀ ਜਾਣਕਾਰੀ ਨਹੀਂ ਹੈ।

ਇਸਦਾ ਮਤਲਬ ਹੈ ਕਿ ਜੰਗਲ ਦੀ ਧਰਤੀ ਹੇਠਾਂ ਅਜਿਹੇ ਜੀਵ ਅਤੇ ਪਰਿਸਥਿਤਕੀ ਸੰਬੰਧ ਮੌਜੂਦ ਹੋ ਸਕਦੇ ਹਨ, ਜਿਨ੍ਹਾਂ ਨੂੰ ਵਿਗਿਆਨ ਨੇ ਅਜੇ ਪੂਰੀ ਤਰ੍ਹਾਂ ਪਛਾਣਿਆ ਜਾਂ ਸਮਝਿਆ ਨਹੀਂ।

ਕਿਸੇ ਪੁਰਾਣੇ ਦਰੱਖਤ ਹੇਠਲੀ ਮਿੱਟੀ ਨੂੰ ਇਸ ਲਈ ਇੱਕ ਜੀਵੰਤ ਲਾਇਬ੍ਰੇਰੀ ਵਾਂਗ ਸਮਝਿਆ ਜਾ ਸਕਦਾ ਹੈ—ਅਜਿਹੀ ਲਾਇਬ੍ਰੇਰੀ ਜਿਸ ਦੀਆਂ ਜ਼ਿਆਦਾਤਰ ਕਿਤਾਬਾਂ ਅਜੇ ਪੜ੍ਹੀਆਂ ਜਾਣੀਆਂ ਬਾਕੀ ਹਨ।

**ਜਦੋਂ ਜੰਗਲ ਪ੍ਰਭਾਵਿਤ ਹੁੰਦੇ ਹਨ :** ਮਿੱਟੀ ਦੀ ਇਹ ਅਦਿੱਖ ਦੁਨੀਆ ਵੀ ਬਹੁਤ ਸੰਵੇਦਨਸ਼ੀਲ ਹੈ। ਜੰਗਲਾਂ ਦੀ ਕਟਾਈ ਅਤੇ ਕੁਦਰਤੀ ਜੰਗਲਾਂ ਨੂੰ ਹੋਰ ਵਰਤੋਂ ਵਿੱਚ ਬਦਲਣ ਨਾਲ ਮਿੱਟੀ ਵਿੱਚ ਰਹਿਣ ਵਾਲੇ ਜੀਵਾਂ ਦੇ ਸਮੁਦਾਇ ਪ੍ਰਭਾਵਿਤ ਹੋ ਸਕਦੇ ਹਨ। ਇਸ ਨਾਲ ਕਾਰਬਨ ਦਾ ਭੰਡਾਰ, ਪੌਸ਼ਕ ਤੱਤਾਂ ਦਾ ਚੱਕਰ, ਜੈਵਿਕ ਪਦਾਰਥਾਂ ਦਾ ਵਿਘਟਨ ਅਤੇ ਪੌਦਿਆਂ ਤੇ ਮਿੱਟੀ ਵਿਚਕਾਰ ਸੰਬੰਧ ਵਰਗੀਆਂ ਮਹੱਤਵਪੂਰਨ ਪ੍ਰਕਿਰਿਆਵਾਂ ਪ੍ਰਭਾਵਿਤ ਹੋ ਸਕਦੀਆਂ ਹਨ।

ਇਸ ਲਈ ਜੰਗਲਾਂ ਦੀ ਰੱਖਿਆ ਦਾ ਅਰਥ ਸਿਰਫ਼ ਦਰੱਖਤਾਂ ਦੀ ਰੱਖਿਆ ਕਰਨਾ ਨਹੀਂ ਹੈ। ਇਸਦਾ ਅਰਥ ਉਸ ਵਿਸ਼ਾਲ ਭੂਮੀਗਤ ਸਮੁਦਾਇ ਦੀ ਰੱਖਿਆ ਕਰਨਾ ਵੀ ਹੈ, ਜੋ ਉੱਪਰ ਦਿਖਾਈ ਦੇਣ ਵਾਲੇ ਜੰਗਲ ਨੂੰ ਜੀਵੰਤ ਅਤੇ ਸਿਹਤਮੰਦ ਰੱਖਣ ਵਿੱਚ ਯੋਗਦਾਨ ਪਾਉਂਦਾ ਹੈ।

**ਹੇਠਾਂ ਦੇਖੋ ਅਤੇ ਇੱਕ ਬ੍ਰਹਿਮੰਡ ਖੋਜੋ :** ਅਗਲੀ ਵਾਰ ਜਦੋਂ ਅਸੀਂ ਕਿਸੇ ਜੰਗਲ ਵਿੱਚ ਚੱਲੀਏ, ਤਾਂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਹਰ ਕਦਮ ਦੇ ਹੇਠਾਂ ਅਣਗਿਣਤ ਜੀਵ ਸਰਗਰਮ ਹਨ। ਡਿੱਗੀਆਂ ਪੱਤੀਆਂ ਟੁੱਟ ਰਹੀਆਂ ਹਨ, ਪੌਸ਼ਕ ਤੱਤਾਂ ਦੀ ਮੁੜ ਵਰਤੋਂ ਹੋ ਰਹੀ ਹੈ, ਦਰੱਖਤਾਂ ਦੀਆਂ ਜੜ੍ਹਾਂ ਫੰਗਸ ਅਤੇ ਬੈਕਟੀਰੀਆ ਨਾਲ ਸੰਬੰਧ ਬਣਾ ਰਹੀਆਂ ਹਨ ਅਤੇ ਮਿੱਟੀ ਦੇ ਅੰਦਰ ਇੱਕ ਵਿਸ਼ਾਲ ਖੁਰਾਕੀ ਜਾਲ ਲਗਾਤਾਰ ਕੰਮ ਕਰ ਰਿਹਾ ਹੈ।

ਜੰਗਲ ਦੀ ਜ਼ਮੀਨ ਸ਼ਾਂਤ ਦਿਖਾਈ ਦੇ ਸਕਦੀ ਹੈ, ਪਰ ਇਹ ਬਿਲਕੁਲ ਵੀ ਨਿਰਜੀਵ ਨਹੀਂ ਹੈ।

ਇੱਕ ਮੁੱਠੀ ਸਿਹਤਮੰਦ ਮਿੱਟੀ ਸਾਨੂੰ ਕੁਦਰਤ ਦਾ ਇੱਕ ਅਦਭੁਤ ਸਬਕ ਸਿਖਾਉਂਦੀ ਹੈ—ਧਰਤੀ ਦੀ ਮਹਾਨ ਜੈਵ-ਵਿਭਿੰਨਤਾ ਦਾ ਇੱਕ ਵੱਡਾ ਹਿੱਸਾ ਸਾਡੇ ਸਾਹਮਣੇ ਨਹੀਂ, ਸਗੋਂ ਸਾਡੇ ਪੈਰਾਂ ਹੇਠਾਂ ਲੁਕਿਆ ਹੋਇਆ ਹੈ।

# ਭਾਰਤੀ ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਲਈ ਇਕ ਪ੍ਰਯੋਗਾਤਮਕ ਵਾਤਾਵਰਣ ਹੋਵੇ

ਜੀ. ਵੈਂਕਟੇਸ਼

ਮਸਨੂਈ ਬੁੱਧੀਮਤਾ (ਏ. ਆਈ.) ਦੇ ਵਧ ਰਹੇ ਖ਼ਤਰੇ ਨੇ ਉੱਚ ਸਿੱਖਿਆ ਦੇ ਰਵਾਇਤੀ ਵਾਅਦੇ ਨੂੰ ਪੂਰੀ ਤਰ੍ਹਾਂ ਤੋੜ ਦਿੱਤਾ ਹੈ—ਡਿਗਰੀ ਲਓ, ਨੌਕਰੀ ਪਾਓ। ਕਾਰਪੋਰੇਟ ਬਣਤਰ ਪਿਰਾਮਿਡ ਤੋਂ ਹੀਰੇ ਦੇ ਆਕਾਰ 'ਚ ਤੇਜ਼ੀ ਨਾਲ ਬਦਲ ਰਹੀ ਹੈ। ਸਭ ਤੋਂ ਹੇਠਲੇ ਪੱਧਰ 'ਤੇ, ਜਿੱਥੇ ਪਹਿਲਾਂ ਵੱਡੀ ਗਿਣਤੀ 'ਚ ਨਵੇਂ ਗ੍ਰੈਜੂਏਟ ਦਾਖ਼ਲਾ ਪੱਧਰ ਦੀਆਂ ਨੌਕਰੀਆਂ ਪਾਉਂਦੇ ਸਨ, ਕੰਪਨੀਆਂ ਹੁਣ ਮਨੁੱਖੀ ਕਰਮਚਾਰੀਆਂ ਦੀ ਲੋੜ ਖ਼ਤਮ ਕਰ ਸਕਦੀਆਂ ਹਨ ਅਤੇ ਕੰਮਾਂ ਨੂੰ ਸਵੈਚਾਲਤ ਕਰਨ ਲਈ ਏ. ਆਈ. ਦੀ ਵਰਤੋਂ ਕਰ ਸਕਦੀਆਂ ਹਨ। ਮੱਧ ਅਤੇ ਚੋਟੀ ਦੇ ਪੱਧਰ ਦੇ ਅਹੁਦਿਆਂ ਲਈ ਉੱਚ ਪੱਧਰੀ ਸੰਸ਼ਲੇਸ਼ਣ, ਰਚਨਾਤਮਕਤਾ ਅਤੇ ਅਨੁਕੂਲਤਾ ਦੀ ਲੋੜ ਹੁੰਦੀ ਹੈ। ਦਾਖ਼ਲਾ ਪੱਧਰ ਦੀਆਂ ਨੌਕਰੀਆਂ ਦੀ ਗਿਣਤੀ ਘੱਟ ਹੋਣ ਦੇ ਕਾਰਨ, ਭਾਰਤ 'ਚ ਹਰੇਕ ਵਿਦਿਆਰਥੀ ਅਤੇ ਮਾਪੇ ਨੂੰ ਕਾਲਜ ਚੁਣਨ ਸਮੇਂ ਇਕ ਅਸਹਿਜ ਸਵਾਲ ਪ੍ਰੇਸ਼ਾਨ ਕਰਦਾ ਹੈ—ਜੇਕਰ ਕੋਈ ਯੂਨੀਵਰਸਿਟੀ ਨੌਕਰੀ ਦੀ ਗਾਰੰਟੀ ਨਹੀਂ ਦਿੰਦੀ, ਤਾਂ ਉੱਥੇ ਕਿਉਂ ਜਾਈਏ?



ਇਸਦਾ ਦਾ ਉੱਤਰ ਹਾਸਲ ਕਰਨ ਲਈ ਸਾਨੂੰ ਉੱਚ ਸਿੱਖਿਆ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਨੂੰ ਪੂਰੀ ਤਰ੍ਹਾਂ ਬਦਲਣਾ ਹੋਵੇਗਾ। ਯੂਨੀਵਰਸਿਟੀ ਨੂੰ ਹੁਣ ਵਿਦਿਆਰਥੀ ਲਈ ਇਕ ਅਜਿਹਾ ਮੰਚ ਬਣਨਾ ਚਾਹੀਦਾ ਹੈ ਜਿੱਥੇ ਉਹ ਮੌਲਿਕ ਆਤਮ-ਖੋਜ, ਬੌਧਿਕ ਮੰਥਨ ਅਤੇ ਖੋਜ ਕਰ ਸਕੇ।

ਜਦੋਂ ਉਹ ਕਾਰਜਬਲ 'ਚ ਪ੍ਰਵੇਸ਼ ਕਰਦੇ ਹਨ ਤਾਂ ਨਿਸ਼ਚਿਤ ਤੌਰ 'ਤੇ ਉਹ ਇਸ ਨੂੰ ਸਮਝ ਨਹੀਂ ਪਾਉਂਦੇ।

ਜਦੋਂ ਤੱਕ ਇਕ ਨੌਜਵਾਨ ਨੂੰ ਨੌਕਰੀ ਮਿਲਦੀ ਹੈ, ਉਦੋਂ ਤੱਕ ਚੁਣੌਤੀਆਂ ਬਹੁਤ ਵਧ ਜਾਂਦੀਆਂ ਹਨ। ਉਨ੍ਹਾਂ ਨੂੰ ਬਿੱਲ ਚੁਕਾਉਣੇ ਹੁੰਦੇ ਹਨ, ਬੁੱਢੇ ਮਾਪਿਆਂ ਦਾ ਸਹਾਰਾ ਬਣਨਾ ਹੁੰਦਾ ਹੈ ਅਤੇ ਅੰਤ 'ਚ, ਆਪਣਾ ਪਰਿਵਾਰ ਵੀ ਸੰਭਾਲਣਾ ਹੁੰਦਾ ਹੈ। ਕਰੀਅਰ ਬਦਲਣ ਜਾਂ ਕੁਝ ਨਵਾਂ ਕਰਨ ਲਈ ਸਭ ਕੁਝ ਛੱਡਣ ਦੇ ਵਿੱਤੀ ਅਤੇ ਸਮਾਜਿਕ ਜੋਖਮ ਇੰਨੇ ਭਾਰੀ ਹੁੰਦੇ ਹਨ ਕਿ ਉਹ ਨਕਾਰਾ ਹੋ ਜਾਂਦੇ ਹਨ।

ਅਜਿਹੇ ਯੁੱਗ 'ਚ, ਜਿੱਥੇ ਮਸਨੂਈ ਬੁੱਧੀਮੱਤਾ ਭਵਿੱਖ ਨੂੰ ਪੂਰੀ ਤਰ੍ਹਾਂ ਅਨਿਸ਼ਚਿਤ ਬਣਾ ਦਿੰਦੀ ਹੈ, ਅਸੀਂ ਆਪਣੇ ਨੌਜਵਾਨਾਂ ਨੂੰ ਸਿਰਫ਼ ਲਚਕਤਾ ਹੀ ਦੇ ਸਕਦੇ ਹਾਂ। ਸਾਨੂੰ ਉਨ੍ਹਾਂ ਨੂੰ ਜੀਵਨ ਰੱਖਿਆ ਹੁਨਰ ਸਿਖਾਉਣਾ ਹੋਵੇਗਾ। ਸਾਨੂੰ ਉਨ੍ਹਾਂ ਨੂੰ ਉੱਦਮੀਆਂ ਵਾਂਗ ਸੋਚਣਾ ਸਿਖਾਉਣਾ ਹੋਵੇਗਾ, ਜ਼ਰੂਰੀ ਨਹੀਂ ਕਿ ਸਟਾਰਟਅੱਪ ਬਣਾਉਣਾ, ਸਗੋਂ ਅਨਿਸ਼ਚਿਤਤਾਵਾਂ ਨਾਲ ਨਜਿੱਠਣਾ ਸਿਖਾਉਣਾ ਹੋਵੇਗਾ।

ਮੌਜੂਦਾ ਸਮੇਂ 'ਚ, ਯੂਨੀਵਰਸਿਟੀਆਂ ਇਸ ਮਾਮਲੇ 'ਚ ਅਸਫ਼ਲ ਹੋ ਰਹੀਆਂ ਹਨ ਕਿਉਂਕਿ ਉਹ ਇਕ ਅਜਿਹੇ ਪ੍ਰਤੀਯੋਗੀ ਮਾਹੌਲ 'ਚ ਫਸੀਆਂ ਹੋਈਆਂ ਹਨ ਜਿੱਥੇ ਸਿਰਫ਼ ਰੈਂਕਿੰਗ ਦੇ ਆਧਾਰ 'ਤੇ ਹੀ ਮੁਲਾਂਕਣ ਕੀਤਾ ਜਾਂਦਾ ਹੈ। ਉਹ ਦਾਖ਼ਲ ਵਿਦਿਆਰਥੀਆਂ ਦੀ ਗਿਣਤੀ, ਅਧਿਆਪਕਾਂ ਦਾ ਅਨੁਪਾਤ, ਪ੍ਰਕਾਸ਼ਨ, ਸਮਝੌਤਾ ਮੈਮੋ ਅਤੇ ਦਰਜ ਪੇਟੈਂਟਾਂ ਦੀ ਗਿਣਤੀ ਦੇ ਆਧਾਰ 'ਤੇ ਹੀ ਆਪਣੀ ਯੋਗਤਾ ਦਾ ਆਕਲਨ ਕਰਦੀਆਂ ਹਨ।

ਇਹ ਸੰਸਥਾਗਤ ਸਖਤੀ ਉਸ ਸੱਭਿਆਚਾਰ ਦਾ ਨਤੀਜਾ ਹੈ, ਜਿਸ ਨੇ ਇਤਿਹਾਸਕ ਤੌਰ 'ਤੇ ਜੋਖਮ ਲੈਣ ਵਾਲਿਆਂ ਨੂੰ ਸਜ਼ਾ ਦਿੱਤੀ ਹੈ। ਜਦੋਂ ਡਾ. ਸੁਭਾਸ਼ ਮੁਖੋਪਾਧਿਆਏ ਨੇ 1978 'ਚ ਭਾਰਤ ਦਾ ਪਹਿਲਾ (ਅਤੇ ਦੁਨੀਆ ਦਾ ਦੂਜਾ) ਇਨ ਵਿਟਰੋ ਫਰਟੀਲਾਈਜ਼ੇਸ਼ਨ (ਆਈ. ਵੀ. ਐੱਫ.) ਬੱਚਾ ਪੈਦਾ ਕੀਤਾ, ਬ੍ਰਿਟੇਨ 'ਚ ਦੁਨੀਆ ਦੇ ਪਹਿਲੇ ਆਈ. ਵੀ. ਐੱਫ. ਦੇ ਠੀਕ 67 ਦਿਨ ਬਾਅਦ, ਤਾਂ ਉਨ੍ਹਾਂ ਨੂੰ ਮੋਹਰੀ ਵਜੋਂ ਸਨਮਾਨਿਤ ਨਹੀਂ ਕੀਤਾ ਗਿਆ। ਇਸ ਦੀ ਬਜਾਏ, ਉਨ੍ਹਾਂ ਨੂੰ ਇਕ ਬੇਰਹਿਮ ਸਰਕਾਰੀ ਜਾਂਚ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਉਨ੍ਹਾਂ ਨੂੰ ਆਤਮਹੱਤਿਆ ਕਰਨ ਲਈ ਮਜਬੂਰ ਕਰ ਦਿੱਤਾ। ਅੱਜ, ਤ੍ਰਾਸਦੀ ਇਹ ਹੈ ਕਿ ਭਾਰਤ ਦੁਨੀਆ 'ਚ ਆਈ. ਵੀ. ਐੱਫ. ਦਾ ਦੂਜਾ ਸਭ ਤੋਂ ਵੱਡਾ ਕੇਂਦਰ ਹੈ।

ਰਾਸ਼ਟਰੀ ਸਿੱਖਿਆ ਨੀਤੀ (ਐੱਨ. ਈ. ਪੀ.) 2020 ਨੇ ਪਹਿਲਾਂ ਹੀ ਇਕ ਖਾਕਾ ਤਿਆਰ ਕਰ ਦਿੱਤਾ ਹੈ। ਅਕਾਦਮਿਕ ਕ੍ਰੈਡਿਟ ਬੈਂਕ ਵਰਗੀਆਂ ਧਾਰਨਾਵਾਂ ਵਿਸ਼ੇਸ਼ ਤੌਰ 'ਤੇ ਇਸੇ ਉਦੇਸ਼ ਲਈ ਬਣਾਈਆਂ ਗਈਆਂ ਹਨ, ਤਾਂ ਜੋ ਵਿਦਿਆਰਥੀ ਇੱਥੇ ਪਾਈਥਨ ਕੋਡਿੰਗ ਦੀ ਕਲਾਸ ਲੈ ਸਕਣ, ਉੱਥੇ ਵਿਵਹਾਰ ਮਨੋਵਿਗਿਆਨ 'ਤੇ ਸੈਮੀਨਾਰ 'ਚ ਹਿੱਸਾ ਲੈ ਸਕਣ ਅਤੇ ਇਕ ਅਜਿਹਾ ਵਿਲੱਖਣ ਅਤੇ ਲਚਕੀਲਾ ਪ੍ਰੋਫਾਈਲ ਬਣਾ ਸਕਣ, ਜਿਸ ਨੂੰ ਏ. ਆਈ. ਆਸਾਨੀ ਨਾਲ ਦੁਹਰਾਅ ਨਾ ਸਕੇ ਪਰ ਇਸ ਦਾ ਅਮਲ ਅਜੇ ਵੀ ਅਧੂਰਾ ਹੈ। ਯੂਨੀਵਰਸਿਟੀਆਂ ਆਪਣੇ ਖੇਤਰ ਨੂੰ ਲੈ ਕੇ ਕਾਫ਼ੀ ਸੌੜੀ ਸੋਚ ਰੱਖਦੀਆਂ ਹਨ, ਹੋਰ ਤਰ੍ਹਾਂ ਅਰਜਿਤ ਕ੍ਰੈਡਿਟ ਸਵੀਕਾਰ ਕਰਨ ਜਾਂ ਅਸਲ ਅੰਤਰ-ਵਿਸ਼ੇਸ਼ ਆਜ਼ਾਦੀ ਦੇਣ 'ਚ ਝਿਜਕਦੀਆਂ ਹਨ।

ਮਨਸੂਈ ਬੁੱਧੀਮਤਾ ਦੇ ਯੁੱਗ ਦੀਆਂ ਚੁਣੌਤੀਆਂ ਵਿਭਾਗੀ ਸੀਮਾਵਾਂ ਦਾ ਸਨਮਾਨ ਨਹੀਂ ਕਰਦੀਆਂ—ਅੱਜ ਇਕ ਇੰਜੀਨੀਅਰ ਨੂੰ ਨੈਤਿਕਤਾ ਦੀ ਸਮਝ ਹੋਣੀ ਚਾਹੀਦੀ ਹੈ, ਠੀਕ ਉਸੇ ਤਰ੍ਹਾਂ ਜਿਵੇਂ ਇਕ ਅਰਥਸ਼ਾਸਤਰੀ ਨੂੰ ਡਾਟਾ ਸਾਇੰਸ ਦੀ। ਸਾਨੂੰ ਅਜਿਹੀਆਂ ਆਦਰਸ਼ ਯੂਨੀਵਰਸਿਟੀਆਂ ਦੀ ਲੋੜ ਹੈ ਜੋ ਇਨ੍ਹਾਂ ਰਵਾਇਤੀ ਸੀਮਾਵਾਂ ਨੂੰ ਤੋੜ ਕੇ ਪੂਰੀ ਤਰ੍ਹਾਂ ਨਵੀਆਂ ਸਮੱਸਿਆ-ਆਧਾਰਿਤ ਸਿੱਖਣ ਵਿਧੀਆਂ ਨਾਲ ਪ੍ਰਯੋਗ ਕਰਨ।

ਇਸ ਲਈ ਰੈਗੂਲੇਟਰੀ ਤੰਤਰ 'ਚ ਬਦਲਾਅ ਹੋਣਾ ਜ਼ਰੂਰੀ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ. ਜੀ. ਸੀ.) ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ.ਆਈ.ਸੀ.ਟੀ.ਈ.) ਵਰਗੀਆਂ ਸਰਕਾਰੀ ਸੰਸਥਾਵਾਂ ਨੂੰ ਇਸ ਕ੍ਰਾਂਤੀ ਦੇ ਸਰਪ੍ਰਸਤ ਦੀ ਬਜਾਏ ਇਸ ਦੇ ਸੂਤਰਧਾਰ ਵਜੋਂ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਸਖ਼ਤ ਪਾਲਣਾ ਲਾਗੂ ਕਰਨ ਦੀ ਬਜਾਏ ਨਵੀਨਤਾ ਕਰਨ ਦੀ ਹਿੰਮਤ ਦਿਖਾਉਣ ਵਾਲੇ ਸੰਸਥਾਨਾਂ ਨੂੰ ਸਰਗਰਮੀ ਨਾਲ ਪੁਰਸਕਾਰਿਤ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਭਾਰਤੀ ਯੂਨੀਵਰਸਿਟੀਆਂ ਦੇ ਸਾਹਮਣੇ ਇਕ ਮੁਸ਼ਕਿਲ ਅਤੇ ਅਟੱਲ ਬਦਲ ਹੈ—ਜਾਂ ਤਾਂ ਆਪਣੀਆਂ ਸੀਮਾਵਾਂ ਨੂੰ ਤੋੜ ਕੇ ਗਤੀਸ਼ੀਲ ਅਤੇ ਅੰਤਰ-ਵਿਸ਼ੇਸ਼ ਵਿੱਦਿਅਕ ਸੰਸਥਾਨ ਬਣਨ, ਜਿਨ੍ਹਾਂ ਦੀ ਸਾਡੇ ਨੌਜਵਾਨਾਂ ਨੂੰ ਜਿਊਂਦੇ ਰਹਿਣ ਲਈ ਸਖ਼ਤ ਲੋੜ ਹੈ, ਜਾਂ ਫਿਰ ਅਸੈਂਬਲੀ ਲਾਈਨ ਬਣ ਕੇ ਅਜਿਹੇ ਕਾਰਜਬਲ ਦਾ ਉਤਪਾਦਨ ਕਰਦੀਆਂ ਰਹਿਣ, ਜਿਸ ਦੀ ਭਵਿੱਖ 'ਚ ਮਨਸੂਈ ਬੁੱਧੀਮਤਾ ਵਲੋਂ ਮੁੜ ਲਿਖੀ ਗਈ ਵਿਵਸਥਾ 'ਚ ਸ਼ਾਇਦ ਲੋੜ ਹੀ ਨਾ ਰਹੇ।

Dosanjh Family
AUTO GROUP

Cadillac CHEVROLET INFINITI NISSAN BUICK
GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD